Reo-Bankowned Properties
From San Jose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY


Hardeep S. Rai Attorney-at-Law
ਇੰਮੀਗਰੇਸ਼ਨ ਵਕੀਲ
ਨੌਵੀਂ ਸਰਕਟ ਕੋਰਟ ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ਇਮੀਗ੍ਰੇਸ਼ਨ ਕੋਰਟ ਦੇ ਕੇਸ
ਡਿਪੋਰਟੇਸ਼ਨ ਦੇ ਕੇਸ ਫੈਮਲੀ ਪਟੀਸ਼ਨਾਂ ਲੇਬਰ ਦੇ ਕੇਸ ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 47, November 21, 2009
20451 N Plum Grove Rd. Palatine, IL 60074
Ph:847-359-0746, Fax:847-705-9388


## ਹੈਡਲੀ ਦੀ ਗ੍ਰਿਫਤਾਰੀ ਨੇ ਭਾਰਤੀ ਏਜੰਸੀਆਂ ਦੀ ਕਮਜ਼ੋਰੀ ਕੀਤੀ ਜੱਗ ਜ਼ਾਹਰ

**ਬਿੰਦਰ ਬਸਰਾ**

ਅਮਰੀਕਾ ਨੇ ਭਾਰਤ ਵਿਚ ਵੱਡੇ ਅਤਿਵਾਦੀ ਹਮਲੇ ਦੀ ਸਾਜ਼ਿਸ਼ ਰਚਣ ਦੇ ਕਥਿਤ ਦੋਸ਼ੀ ਲਸ਼ਕਰੇ-ਏ-ਤੋਇਬਾ ਨਾਲ ਸਬੰਧਤ ਡੇਵਿਡ ਕੋਲਮੈਨ ਹੈਡਲੀ ਅਤੇ ਉਸ ਦੇ ਸਾਥੀ ਤਹੱਵੁਰ ਹੁਸੈਨ ਰਾਣਾ ਨੂੰ ਗ੍ਰਿਫਤਾਰ ਕਰਕੇ ਤੇ ਉਸ ਵਿਰੁਧ ਕੇਸ ਦਰਜ ਕਰਕੇ, ਮਾਮਲੇ ਨਾਲ ਜੁੜੀਆਂ ਕੜੀਆਂ ਦਾ ਪਤਾ ਲਾਉਣ ਲਈ ਸਰਗਰਮੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੋਈ ਹੈ।

ਹੈਡਲੀ ਮਾਮਲੇ ਨੇ ਜਿੱਥੇ ਭਾਰਤ ਦੀਆਂ ਕੇਂਦਰੀ ਤੇ ਸੂਬਾਈ ਖੁਫੀਆ ਏਜੰਸੀਆਂ ਦੀ ਕਾਰਗੁਜਾਰੀ 'ਤੇ ਸਵਾਲੀਆ ਚਿੰਨ੍ਹ ਲਾਇਆ ਹੈ ਉਥੇ ਅਮਰੀਕਾ ਵਲੋਂ ਭਾਰਤ ਦੀਆਂ ਖੁਫੀਆ ਏਜੰਸੀਆਂ ਦੇ ਅਧਿਕਾਰੀਆਂ ਨੂੰ ਹੈਡਲੀ ਤੇ ਰਾਣਾ ਕੋਲੋਂ ਪੁੱਛਗਿੱਛ ਕਰਨ ਦੀ ਇਜਾਜ਼ਤ ਨਾ ਦਿੱਤੇ ਜਾਣ ਨੇ ਉਸ ਦੀ ਕੌਮਾਂਤਰੀ ਅਤਿਵਾਦ ਦੇ ਖਾਤਮੇ ਲਈ ਵਚਨਬੱਧਤਾ ਵੀ ਤਾਰ-ਤਾਰ ਕਰ ਦਿੱਤੀ ਹੈ। ਇਥੇ ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਨੇ ਅਤਿਵਾਦ ਦੀ ਰੋਕਥਾਮ ਬਾਰੇ ਕੌਮਾਂਤਰੀ ਭਾਈਚਾਰੇ ਨਾਲ ਹੋਏ ਇਕਰਾਰ ਮੁਤਾਬਕ ਅਮਰੀਕੀ ਖੁਫੀਆ ਏਜੰਸੀ ਐਫ.ਬੀ.ਆਈ. ਦੇ ਅਧਿਕਾਰੀਆਂ ਨੂੰ ਨਾ ਸਿਰਫ ਸਾਰੇ ਸਬੂਤ ਮੁਹੱਈਆ ਕਰਵਾਏ ਸਨ, ਬਲਕਿ ਇਕੋ-ਇਕ ਜ਼ਿੰਦਾ ਫੜੇ ਗਏ ਅਤਿਵਾਦੀ ਕਸਾਬ ਤੋਂ ਪੁੱਛਗਿੱਛ ਕਰਨ ਦਾ ਮੌਕਾ ਵੀ ਦਿੱਤਾ ਸੀ। ਅਮਰੀਕਾ ਦੇ ਇਸ ਵਿਹਾਰ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਹ ਆਪਣੀ ਵਚਨਬੱਧਤਾ ਤੋਂ ਪਿੱਛੇ ਹਟ ਰਿਹਾ ਹੈ। ਉਧਰ ਭਾਰਤੀ ਜਨਤਾ ਪਾਰਟੀ ਨੇ ਮੰਗ ਕੀਤੀ ਹੈ ਕਿ ਹੈਡਲੀ ਅਤੇ ਉਸਦੇ ਸਾਥੀ ਰਾਣਾ ਨੂੰ ਭਾਰਤ ਲਿਆਉਣ ਲਈ ਕਾਰਵਾਈ ਸ਼ੁਰੂ ਕੀਤੀ ਜਾਵੇ।

ਅਮਰੀਕਾ ਦੀ ਖੁਫੀਆ ਏਜੰਸੀ ਐਫ.ਬੀ.ਆਈ. ਨੇ ਲਸ਼ਕਰ-ਏ-ਤੋਇਬਾ ਨਾਲ ਜੁੜੇ ਪਾਕਿਸਤਾਨ 'ਚ ਜਨਮੇ ਅਮਰੀਕੀ ਨਾਗਰਿਕ ਡੇਵਿਡ ਹੈਡਲੀ ਨੂੰ ਗ੍ਰਿਫਤਾਰ ਕਰਕੇ ਇਸ ਭੇਦ ਦਾ ਖੁਲਾਸਾ ਕੀਤਾ ਹੈ ਕਿ ਹੈਡਲੀ ਤੇ ਉਸਦਾ ਸਾਥੀ ਰਾਣਾ ਭਾਰਤ ਅਤੇ ਡੈਨਮਾਰਕ 'ਤੇ ਦਹਿਸ਼ਤਗਰਦੀ ਹਮਲੇ ਦੀ ਯੋਜਨਾ ਬਣਾ ਰਹੇ ਸਨ। ਹੈਡਲੀ ਦੀ ਗ੍ਰਿਫਤਾਰੀ ਪਿਛੋਂ ਭਾਰਤ ਦੀਆਂ ਖੁਫੀਆ ਏਜੰਸੀਆਂ ਨੇ ਸਰਗਰਮੀ ਫੜੀ ਹੈ। ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਦੱਸਿਆ

(ਬਾਕੀ ਸਫਾ 6 ਉਤੇ)



ਭਾਰਤੀ ਦੌਰੇ 'ਤੇ ਗਏ ਕੈਨੇਡੀਅਨ ਪ੍ਰਧਾਨ ਮੰਤਰੀ ਸ੍ਰੀ ਸਟੀਫਨ ਹਾਰਪਰ ਮੰਗਲਵਾਰ ਨੂੰ ਦਿੱਲੀ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ

## ਕੈਨੇਡਾ ਤੇ ਭਾਰਤ ਵਿਚਾਲੇ ਊਰਜਾ ਸਮਝੌਤਾ ਸਹੀਬੰਦ

**ਨਵੀਂ ਦਿੱਲੀ:** ਆਪਣੇ ਸਬੰਧ ਹੋਰ ਮਜ਼ਬੂਤ ਕਰਨ ਲਈ ਭਾਰਤ ਅਤੇ ਕੈਨੇਡਾ ਨੇ ਮੰਗਲਵਾਰ ਇਕ ਊਰਜਾ ਸਮਝੌਤੇ 'ਤੇ ਦਸਤਖ਼ਤ ਕੀਤੇ ਅਤੇ ਗ਼ੈਰ ਫ਼ੌਜੀ ਪ੍ਰਮਾਣੂ ਸਮਝੌਤਾ ਕਰਨ ਦੇ ਫ਼ੈਸਲੇ ਦੇ ਨਾਲ ਵਿਆਪਕ ਆਰਥਿਕ ਭਾਈਵਾਲੀ ਸਬੰਧੀ ਢੁਕਵਾਂ ਅਧਿਐਨ ਵੀ ਸ਼ੁਰੂ ਕਰ ਦਿੱਤਾ ਹੈ। ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਇਸ ਮੁਲਾਕਾਤ ਦੌਰਾਨ ਪਾਕਿਸਤਾਨੀ ਮੂਲ ਦੇ ਅਤਿਵਾਦੀ ਕੈਨੇਡੀਅਨ ਨਾਗਰਿਕ ਤਾਹਾਵੁਰ ਰਾਣਾ ਬਾਰੇ ਵੀ ਵਿਚਾਰ ਕੀਤਾ।

ਡਾ. ਮਨਮੋਹਨ ਸਿੰਘ ਨੇ ਕੈਨੇਡਾ ਨੂੰ ਉਚ ਤਕਨਾਲੋਜੀ ਅਤੇ ਬੁਨਿਆਦੀ ਢਾਂਚੇ ਲਈ ਭਾਰਤ 'ਚ ਪੂੰਜੀ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਆਰਥਿਕ ਖੇਤਰ 'ਚ ਬਹੁਤ ਵਿਸ਼ਾਲ ਮੌਕੇ ਹਨ। ਦੋਵਾਂ ਵਿਚਾਲੇ ਇਕ ਘੰਟਾ ਚੱਲੀ ਬੈਠਕ ਦੌਰਾਨ ਪ੍ਰਧਾਨ ਮੰਤਰੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੋ-ਪੱਖੀ ਸਬੰਧਾਂ ਅਤੇ ਖੇਤਰ ਦੀ ਤਾਜ਼ਾ ਸਥਿਤੀ, ਖਾਸ ਕਰ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਬਾਰੇ ਸਲਾਹ ਮਸ਼ਵਰਾ ਕੀਤਾ। ਗੱਲਬਾਤ ਤੋਂ ਬਾਅਦ ਦੋਵਾਂ ਧਿਰਾਂ ਨੇ ਊਰਜਾ ਸਮਝੌਤੇ 'ਤੇ ਦਸਤਖ਼ਤ ਕੀਤੇ। ਪ੍ਰਧਾਨ ਮੰਤਰੀ ਅਤੇ ਸ੍ਰੀ ਹਾਰਪਰ ਨੇ ਕਿਹਾ ਜਲਦੀ ਹੀ ਗ਼ੈਰ ਫ਼ੌਜੀ ਪ੍ਰਮਾਣੂ ਸਮਝੌਤਾ ਵੀ ਸਿਰੇ ਚਾੜ ਲਿਆ ਜਾਵੇਗਾ ਕਿਉਂਕਿ ਕੈਨੇਡਾ ਵੱਡੀ ਮਾਤਰਾ 'ਚ ਯੂਰੇਨੀਅਮ ਬਰਾਮਦ ਕਰਨ ਵਾਲਾ ਦੇਸ਼ ਹੈ ਅਤੇ ਭਾਰਤ ਨੂੰ ਬਾਲਣ ਪ੍ਰਾਪਤ ਕਰਨ ਲਈ ਪ੍ਰਮਾਣੂ ਊਰਜਾ ਦੀ ਲੋੜ ਹੈ।

ਬਾਅਦ 'ਚ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ

(ਬਾਕੀ ਸਫਾ 4 ਉਤੇ)

## ਭਾਰਤੀ ਹਾਕੀ ਮੈਨੇਜਮੈਂਟ 'ਚ ਖਿਚੋਤਾਣ ਜਾਰੀ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਜਲੰਧਰ:** ਭਾਰਤੀ ਹਾਕੀ ਦੀ ਮੈਨੇਜਮੈਂਟ ਵਿਚ ਖਿੱਚੋਤਾਣ ਦਾ ਸਿਲਸਿਲਾ ਹਾਲੇ ਵੀ ਜਾਰੀ ਹੈ। ਭਾਵੇਂ ਕਿ ਕੇਂਦਰੀ ਖੇਡ ਮੰਤਰੀ ਸ੍ਰੀ ਐਮ. ਐਸ. ਗਿੱਲ ਹਾਕੀ ਦੀ ਖੇਡ ਨੂੰ ਲਾਈਨ ਉਪਰ ਲਿਆਉਣ ਲਈ ਸਿਰਤੋੜ ਕੋਸ਼ਿਸ਼ਾਂ ਕਰ ਰਹੇ ਹਨ ਅਤੇ ਇਸ ਮਕਸਦ ਲਈ ਕੌਮਾਂਤਰੀ ਹਾਕੀ ਫੈਡਰੇਸ਼ਨ ਵੀ ਉਨ੍ਹਾਂ ਦਾ ਸਾਥ ਨਿਭਾ ਰਹੀ ਹੈ ਪਰ ਭਾਰਤੀ ਹਾਕੀ ਦੀ ਮੈਨੇਜਮੈਂਟ ਵਿਚ ਰੁਝੀਆਂ ਇੰਡੀਅਨ ਓਲੰਪਿਕ ਐਸੋਸੀਏਸ਼ਨ ਅਤੇ ਹਾਕੀ ਇੰਡੀਆ ਆਪਸ ਵਿਚ ਜ਼ੋਰ ਨਾਲ ਗੁੱਥਮਗੁੱਥਾ ਹੋ ਰਹੀਆਂ ਹਨ।

ਵੱਖ-ਵੱਖ ਰਾਜਾਂ ਦੀਆਂ ਹਾਕੀ ਐਸੋਸੀਏਸ਼ਨਾਂ ਵੀ ਆਪਸ ਵਿਚ ਤਿੱਖੀ ਤਰ੍ਹਾਂ ਝਗੜ ਰਹੀਆਂ ਹਨ। ਪਿਛਲੇ ਕੁਝ ਸਮੇਂ ਤੋਂ ਭਾਰਤੀ ਹਾਕੀ ਮੈਨੇਜਮੈਂਟ ਉਪਰ ਕਬਜ਼ੇ ਲਈ ਬਹੁਤ ਸਾਰੀਆਂ ਧਿਰਾਂ ਫਸੀਆਂ ਹੋਈਆਂ ਹਨ। ਭੁਪਾਲ ਨਾਲ ਸੰਬੰਧਤ ਸਾਬਕਾ ਹਾਕੀ ਖਿਡਾਰੀ ਅਤੇ ਸਿਆਸਤਦਾਨ ਅਸਲਮ ਸ਼ੇਰ ਖ਼ਾਂ ਹਾਕੀ ਮੈਨੇਜਮੈਂਟ ਉਪਰ ਕਬਜ਼ੇ ਲਈ ਜ਼ੋਰਦਾਰ ਯਤਨ ਕਰ ਰਹੇ ਹਨ। ਪੰਜਾਬ, ਤਾਮਿਲਨਾਡੂ ਅਤੇ ਕਰਨਾਟਕਾ ਦੀਆਂ ਹਾਕੀ ਮੈਨੇਜਮੈਂਟਾਂ ਉਨ੍ਹਾਂ ਦਾ ਤਿੱਖਾ ਵਿਰੋਧ ਕਰ ਰਹੀਆਂ ਹਨ। ਅਸਲਮ ਨੇ

(ਬਾਕੀ ਸਫਾ 2 ਉਤੇ)


Delo
Mobil Delvac
GILL EXPRESS
WASH, TIRE & REPAIR

CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
WESTLEY @ HWY 5, JOE'S TRAVEL PLAZA
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ

Manpreet S. Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਤੋਂ ਗੱਡੀ ਵਾਪਸ ਲਈ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਪਾਸੋਂ ਉਨ੍ਹਾਂ ਨੂੰ ਦਿੱਤੀ ਸਕਾਰਪੀਓ ਗੱਡੀ ਵਾਪਸ ਲੈ ਲਈ ਹੈ। ਉਨ੍ਹਾਂ ਕੋਲ ਜਿਹੜੀ ਦੂਜੀ ਗੱਡੀ ਹੈ, ਉਹਦੇ ਲਈ ਆਦੇਸ਼ ਜਾਰੀ ਕੀਤੇ ਹਨ ਕਿ ਜਦੋਂ ਵੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟੀਕੇ ਸਬੰਧੀ ਕਿਸੇ ਵਿਦਵਾਨ ਨੂੰ ਮਿਲਣ ਲਈ ਕਿਤੇ ਜਾਣਾ ਚਾਹੁਣਗੇ ਤਾਂ ਉਹ ਇਸ ਗੱਡੀ ਦੀ ਵਰਤੋਂ ਕਰ ਸਕਦੇ ਹਨ।

ਭਰੋਸੇਯੋਗ ਸੂਤਰਾਂ ਅਨੁਸਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ 9 ਨਵੰਬਰ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਾਨਕਸ਼ਾਹੀ ਕੈਲੰਡਰ ਤੇ ਵਿਚਾਰ ਕਰਨ ਸਬੰਧੀ ਸੱਦੀ ਗਈ ਮੀਟਿੰਗ ਵਿਚ ਆਪਣੇ ਵਿਚਾਰ ਪੇਸ਼ ਕਰਨ ਲਈ ਸੱਦਿਆ ਗਿਆ ਸੀ। ਉਨ੍ਹਾਂ ਨੇ ਉਥੇ ਕਿਹਾ ਸੀ ਕਿ ਨਾਨਕਸ਼ਾਹੀ ਕੈਲੰਡਰ ਰੱਦ ਨਹੀਂ ਹੋ ਸਕਦਾ ਅਤੇ ਨਾ ਹੀ ਇਸ ਵਿਚ ਕੋਈ ਤਬਦੀਲੀ ਹੋ ਸਕਦੀ ਹੈ।

ਵਰਨਣਯੋਗ ਹੈ ਕਿ ਜਥੇਦਾਰ ਵੇਦਾਂਤੀ ਨੂੰ 5 ਅਗਸਤ 2008 ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਹਟਾਇਆ ਗਿਆ ਸੀ ਪਰ ਬਾਅਦ ਵਿਚ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਰਿਸਰਚ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਇਸ ਮੰਤਵ ਲਈ ਦੋ ਗੱਡੀਆਂ ਦਿੱਤੀਆਂ ਗਈਆਂ ਸਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਨਾਨਕਸ਼ਾਹੀ ਕੈਲੰਡਰ ਬਾਰੇ ਜਿਹੜੀ ਵਿਸ਼ੇਸ਼ ਮੀਟਿੰਗ 9 ਨਵੰਬਰ ਨੂੰ ਸੱਦੀ ਗਈ ਸੀ, ਉਸ ਵਿਚ ਜਥੇਦਾਰ ਵੇਦਾਂਤੀ ਨੇ ਇਹ ਗੱਲ ਸਪਸ਼ਟ ਕੀਤੀ ਸੀ ਕਿ 22 ਅਪ੍ਰੈਲ 2008 ਨੂੰ ਉਨ੍ਹਾਂ ਨੇ ਨਾਨਕਸ਼ਾਹੀ ਕੈਲੰਡਰ ਸਬੰਧੀ ਇਤਰਾਜ਼ਾਂ ਬਾਰੇ ਸਿੱਖ ਵਿਦਵਾਨਾਂ, ਸੰਪ੍ਰਦਾਵਾਂ ਅਤੇ ਹੋਰ ਪੰਥਕ ਜਥੇਬੰਦੀਆਂ ਪਾਸੋਂ ਇਤਰਾਜ ਅਤੇ ਸੁਝਾਅ ਮੰਗੇ ਗਏ ਸਨ ਅਤੇ ਕਿਹਾ ਗਿਆ ਸੀ ਕਿ 15 ਅਗਸਤ, 2008 ਤਕ ਇਸ ਸਬੰਧੀ ਆਪਣੇ ਵਿਚਾਰ ਭੇਜੇ ਜਾਣ। ਪਰ 5 ਅਗਸਤ, 2008 ਨੂੰ ਜਥੇਦਾਰ ਵੇਦਾਂਤੀ ਨੂੰ ਉਨ੍ਹਾਂ ਦੇ ਅਹੁਦੇ ਤੋਂ ਸ਼੍ਰੋਮਣੀ ਕਮੇਟੀ ਨੇ ਫਾਰਗ ਕਰ ਦਿੱਤਾ ਸੀ। ਇਸ ਮਗਰੋਂ ਵੱਖ-ਵੱਖ ਜਥੇਬੰਦੀਆਂ, ਸੰਸਥਾਵਾਂ ਵਲੋਂ ਆਏ ਵਿਚਾਰਾਂ ਨੂੰ ਕਿਸੇ ਨੇ ਵੀ ਜਾਨਣ ਦੀ ਜਾਂ ਉਨ੍ਹਾਂ 'ਤੇ ਵਿਚਾਰ ਕਰਨ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਇਥੇ ਇਹ ਵੀ ਵਰਨਣਯੋਗ ਹੈ ਕਿ 10 ਨਵੰਬਰ ਨੂੰ ਜਥੇਦਾਰ ਵੇਦਾਂਤੀ ਪਾਸੋਂ ਉਨ੍ਹਾਂ ਨੂੰ ਦਿੱਤੀ ਗਈ ਸਕਾਰਪੀਓ ਗੱਡੀ ਵਾਪਸ ਲੈ ਲਈ ਗਈ। ਸੂਤਰਾਂ ਅਨੁਸਾਰ (11 ਨਵੰਬਰ) ਸ਼ਾਮ ਨੂੰ ਜਥੇਦਾਰ ਵੇਦਾਂਤੀ ਨੇ ਕਿਸੇ ਧਾਰਮਿਕ ਸਮਾਗਮ ਲਈ ਅਜਨਾਲਾ ਜਾਣਾ ਸੀ, ਜਦੋਂ ਉਨ੍ਹਾਂ ਨੇ ਅਜਨਾਲੇ ਜਾਣ ਦਾ ਪ੍ਰੋਗਰਾਮ ਬਣਾਇਆ ਤਾਂ ਉਨ੍ਹਾਂ ਦੇ ਡਰਾਈਵਰ ਨੇ ਉਨ੍ਹਾਂ ਨੂੰ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਕਿਸੇ ਵੀ ਸਮਾਗਮ 'ਤੇ ਇਹ ਗੱਡੀ ਲਿਜਾਣ ਤੋਂ ਰੋਕ ਦਿੱਤਾ ਹੈ।ਡਰਾਈਵਰ ਨੇ ਉਨ੍ਹਾਂ ਨੂੰ ਦੱਸਿਆ ਕਿ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਹਰਜੀਤ ਸਿੰਘ ਨੇ ਆਦੇਸ਼ ਕੀਤੇ ਹਨ ਕਿ ਉਹ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੇ ਟੀਕੇ ਦੇ ਸਬੰਧ ਵਿਚ ਕਿਸੇ ਵਿਦਵਾਨ ਨੂੰ ਮਿਲਣ ਲਈ ਹੀ ਜਾ ਸਕਦੇ ਹਨ ਪਰ ਜੇਕਰ ਕਿਸੇ ਹੋਰ ਸਮਾਗਮ 'ਤੇ ਜਾਣਾ ਚਾਹੁੰਦੇ ਹਨ ਤਾਂ ਉਹ ਸ਼੍ਰੋਮਣੀ ਕਮੇਟੀ ਦੀ ਗੱਡੀ ਨਹੀਂ ਲਿਜਾ ਸਕਦੇ। ਜਥੇਦਾਰ ਵੇਦਾਂਤੀ ਦੇ ਨਿੱਜੀ ਸਹਾਇਕ ਨੇ ਜਦੋਂ ਇਸ ਬਾਰੇ ਪੀ.ਏ. ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਸਕੱਤਰ ਸ੍ਰੀ ਹਰਜੀਤ ਸਿੰਘ ਨਾਲ ਗੱਲ ਕਰ ਲਈ ਜਾਵੇ। ਉਨ੍ਹਾਂ ਅਨੁਸਾਰ ਜਦੋਂ ਉਨ੍ਹਾਂ ਸ੍ਰੀ ਹਰਜੀਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪ੍ਰਧਾਨ ਸਾਹਿਬ ਦੇ ਹੁਕਮਾਂ ਅਨੁਸਾਰ ਹੀ ਅਜਿਹਾ ਕੀਤਾ ਗਿਆ ਹੈ, ਇਸ ਵਿਚ ਉਹ ਕੁਝ ਨਹੀਂ ਕਰ ਸਕਦੇ।

ਜਥੇਦਾਰ ਵੇਦਾਂਤੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਵਤੀਰੇ 'ਤੇ ਦੁੱਖ ਪ੍ਰਗਟ ਕੀਤਾ ਹੈ। ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਜਥੇਦਾਰ ਵੇਦਾਂਤੀ ਇਹ ਵਿਚਾਰ ਕਰ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਦੇ ਵਤੀਰੇ ਨੂੰ ਮੱਦੇਨਜ਼ਰ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਰਿਸਰਚ ਕਮੇਟੀ ਦੇ ਚੇਅਰਮੈਨ ਦੇ ਅਹੁਦੇ 'ਤੇ ਰਹਿਣਾ ਚਾਹੀਦਾ ਹੈ ਜਾਂ ਨਹੀਂ।

ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੂੰ ਪੇਸ਼ਕਸ਼ ਕੀਤੀ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਤਿਆਰ ਕਰਨ ਲਈ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕੀਤੀ ਜਾਵੇਗੀ। ਇਹ ਵੀ ਪੇਸ਼ਕਸ਼ ਕੀਤੀ ਗਈ ਹੈ ਕਿ ਉਹ ਜਿਨ੍ਹਾਂ ਵਿਦਵਾਨਾਂ ਨੂੰ ਆਪਣੇ ਨਾਲ ਇਸ ਪ੍ਰਾਜੈਕਟ ਲਈ ਜੋੜਨਗੇ, ਉਨ੍ਹਾਂ ਦਾ ਖਰਚਾ ਅਤੇ ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਸਟਾਫ ਦਾ ਖਰਚਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇਵੇਗੀ। ਇਹ ਵੀ ਪੇਸ਼ਕਸ਼ ਕੀਤੀ ਗਈ ਹੈ ਕਿ ਉਹ ਜੇ ਚਾਹੁਣ ਤਾਂ ਆਪਣਾ ਦਫਤਰ ਅਤੇ ਸਟਾਫ ਅੰਮ੍ਰਿਤਸਰ ਵਿਚ ਰੱਖ ਸਕਦੇ ਹਨ ਅਤੇ ਇਥੇ ਰਹਿ ਕੇ ਹੀ ਆਪਣੇ ਪ੍ਰਾਜੈਕਟ ਨੂੰ ਨੇਪਰੇ ਚਾੜ੍ਹ ਸਕਦੇ ਹਨ। ਉਹ ਇਸ ਪੇਸ਼ਕਸ਼ ਤੇ ਵਿਚਾਰ ਕਰ ਰਹੇ ਹਨ।




## ਭਾਰਤੀ ਹਾਕੀ ਮੈਨੇਜਮੈਂਟ 'ਚ ਖਿਚੋਤਾਣ ਜਾਰੀ

ਕੁਝ ਸਮਾਂ ਪਹਿਲਾਂ ਸ੍ਰੀ ਮੱਟੂ ਨਾਲ ਮਿਲ ਕੇ ਹਾਕੀ ਇੰਡੀਆ ਰਜਿਸਟਰਡ ਕਰਵਾਈ ਸੀ ਅਤੇ ਇਸ ਨੂੰ ਕੌਮਾਂਤਰੀ ਹਾਕੀ ਫੈਡਰੇਸ਼ਨ ਵਲੋਂ ਵੀ ਮਾਨਤਾ ਦਿੱਤੀ ਗਈ ਸੀ। ਨਵੇਂ ਘਟਨਾਕ੍ਰਮ ਦੇ ਮੱਦੇਨਜ਼ਰ ਅਸਲਮ ਸ਼ੇਰ ਖਾਂ ਨੇ ਹਾਕੀ ਇੰਡੀਆ ਦੇ ਜਰਨਲ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।

ਇਸੇ ਸਮੇਂ ਦੌਰਾਨ ਕੌਮਾਂਤਰੀ ਹਾਕੀ ਫੈਡਰੇਸ਼ਨ ਅਤੇ ਭਾਰਤੀ ਖੇਡ ਮੰਤਰਾਲੇ ਨੇ 6 ਮਹੀਨੇ ਦੇ ਸਮੇਂ ਅੰਦਰ ਚੁਣੀ ਹੋਈ ਹਾਕੀ ਫੈਡਰੇਸ਼ਨ ਕਾਇਮ ਕਰਨ ਦਾ ਵੀ ਐਲਾਨ ਕੀਤਾ ਸੀ ਅਤੇ ਇਸ ਦੀ ਤਾਰੀਖ ਨਵੰਬਰ ਵਿਚ ਮਿੱਥੀ ਗਈ ਸੀ। ਮਿੱਥੀ ਤਾਰੀਖ ਹੁਣ ਗੁਜ਼ਰ ਚੁੱਕੀ ਹੈ। ਫਿਰ ਵੀ ਚੁਣੀ ਹੋਈ ਹਾਕੀ ਇੰਡੀਆ ਹੋਂਦ ਵਿਚ ਨਹੀਂ ਆਈ।

ਅਸਲਮ ਸ਼ੇਰ ਖਾਂ ਅਤੇ ਉਨ੍ਹਾਂ ਦੇ ਸਾਥੀ ਵਿਰੋਧੀ ਰਾਜਾਂ ਦੀਆਂ ਫੈਡਰੇਸ਼ਨਾਂ ਨੂੰ ਰਜਿਸਟਰ ਕਰਨ ਅਤੇ ਜਮਹੂਰੀ ਚੋਣਾਂ ਕਰਵਾਉਣ ਦੇ ਹੱਕ ਵਿਚ ਨਹੀਂ ਹਨ। ਇਸ ਮਕਸਦ ਲਈ ਉਹ ਕੇ.ਪੀ.ਐਸ. ਗਿੱਲ ਵਾਲੇ ਧੜੇ ਨਾਲ ਹੱਥ ਮਿਲਾਉਣ ਤੱਕ ਵੀ ਚਲੇ ਗਏ ਹਨ। ਇਸ ਸਾਰੇ ਅਮਲ ਨੂੰ ਵੇਖਦਿਆਂ ਕੇਂਦਰੀ ਖੇਡ ਮੰਤਰੀ ਵਲੋਂ ਮੌਜੂਦਾ ਰਜਿਸਟਰਡ ਸੰਸਥਾ, ਹਾਕੀ ਇੰਡੀਆ ਨੂੰ ਸਥਾਈ ਸੰਸਥਾ ਵਿਚ ਤਬਦੀਲ ਕਰਨ ਦੀਆਂ ਅਸਲਮ ਸ਼ੇਰ ਖਾਂ ਦੇ ਧੜੇ ਦੀਆਂ ਕੋਸ਼ਿਸ਼ਾਂ ਨੂੰ ਰੋਕ ਦਿੱਤਾ ਗਿਆ ਹੈ। ਫਰਵਰੀ ਤੱਕ ਚੁਣੀ ਹੋਈ ਹਾਕੀ ਇੰਡੀਆ ਸਥਾਪਤ ਕਰਨ ਲਈ ਚੋਣਾਂ ਨੂੰ ਮੁਕੰਮਲ ਕਰਨ ਦਾ ਐਲਾਨ ਕੀਤਾ ਗਿਆ ਹੈ। ਕੇਂਦਰੀ ਖੇਡ ਮੰਤਰੀ ਸ੍ਰੀ ਐਮ.ਐਸ. ਗਿੱਲ ਨੇ ਵੀ ਹਾਕੀ ਇੰਡੀਆ ਨੂੰ ਮਿੱਥੇ ਸਮੇਂ ਵਿਚ ਆਪਣੀ ਚੋਣ ਕਰਵਾਉਣ ਦਾ ਅਲਟੀਮੇਟਮ ਦੇ ਦਿੱਤਾ ਹੈ। ਇਨ੍ਹਾਂ ਚੋਣਾਂ ਦੌਰਾਨ ਖੇਡ ਮੰਤਰਾਲੇ ਅਤੇ ਕੌਮਾਂਤਰੀ ਹਾਕੀ ਫੈਡਰੇਸ਼ਨ ਵਲੋਂ ਆਪਣੇ ਨਿਰਪੱਖ ਅਬਜ਼ਰਵਰ ਨਿਯੁਕਤ ਕੀਤੇ ਜਾਣਗੇ।

ਖੇਡ ਮੰਤਰੀ ਅਨੁਸਾਰ ਇਹ ਚੋਣਾਂ ਨਿਰਪੱਖ ਅਤੇ ਪਾਰਦਰਸ਼ੀ ਹੋਣੀਆਂ ਚਾਹੀਦੀਆਂ ਹਨ। ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਖੇਡ ਮੰਤਰੀ ਆਪਣੇ ਆਸ਼ੇ ਵਿਚ ਕਾਮਯਾਬ ਹੁੰਦੇ ਹਨ ਜਾਂ ਨਹੀਂ। ਇਸ 'ਤੇ ਦੇਸ਼ ਦੀ ਹਾਕੀ ਦੀ ਖੇਡ ਦਾ ਭਵਿੱਖ ਮੁਨੱਸਰ ਕਰੇਗਾ।

## ਭਾਰਤੀ ਉਤੇ ਹਮਲਾ ਕਰਨ ਵਾਲੇ ਆਸਟਰੇਲੀਆਈ ਨੂੰ 6 ਸਾਲ ਦੀ ਕੈਦ

**ਮੈਲਬਾਰਨ :**ਆਸਟ੍ਰੇਲੀਆ ਦੀ ਕੋਰਟ ਨੇ ਪਿਛਲੇ ਸਾਲ ਭਾਰਤੀ ਟੈਕਸੀ ਡਰਾਈਵਰ ਜਲਵਿੰਦਰ ਸਿੰਘ (24) ਤੇ ਹਮਲਾ ਕਰਨ ਵਾਲੇ ਆਸਟ੍ਰੇਲੀਆਈ ਨਾਗਰਿਕ ਪੈਰਿਸ਼ ਚੇਲਸ (46) ਨੂੰ ਸਾਢੇ ਛੇ ਸਾਲ ਦੀ ਕੈਦ ਦੀ ਸਜਾ ਸੁਣਾਈ ਹੈ। ਕੋਰਟ ਨੇ ਕਿਹਾ ਕਿ ਉਨ੍ਹੇ ਡਰਾਈਵਰ ਤੇ ਹਮਲੇ ਦੇ ਲਈ ਪੈਂਟ ਵਿਚ ਚਾਕੂ ਲੁਕੋ ਰੱਖਿਆ ਸੀ। ਇਸਤੋਂ ਪਤਾ ਲਗਦਾ ਹੈ ਕਿ ਇਹ ਵਾਰਦਾਤ ਗੈਰ ਇਰਾਦਾਤਨ ਨਹੀਂ ਸੀ।

ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲ 29 ਅਪ੍ਰੈਲ ਨੂੰ ਹੋਏ ਇਸ ਹਮਲੇ ਵਿਚ ਸਿੰਘ ਨੂੰ ਸ਼ਰੀਰਕ ਅਤੇ ਮਾਨਸਿਕ ਧੱਕਾ ਲੱਗਾ ਹੈ ਅਤੇ ਉਸਦੀ ਜ਼ਿੰਦਗੀ ਤੇ ਖਾਸਾ ਅਸਰ ਪਿਆ ਹੈ। ਚੇਲਸ ਨੇ ਸਿੰਘ ਤੇ ਪੰਚ ਬਾਰ ਚਾਕੂ ਨਾਲ ਕੀਤੇ ਸਨ।







Visit us on the web: **punjabtimesusa.com**



# ਫਰਿਜ਼ਨੋ ਪੁਲਿਸ ਨੇ 27 ਲੱਖ ਡਾਲਰ ਦੀ ਡਰਗ ਫੜੀ, ਦੋ ਪੰਜਾਬੀ ਗ੍ਰਿਫਤਾਰ

**ਫਰਿਜ਼ਨੋ:** ਫਰਿਜ਼ਨੋ ਪੁਲਿਸ ਨੇ ਛਾਪਾ ਮਾਰ ਕੇ 27 ਲੱਖ ਡਾਲਰ ਦੀ ਡਰਗ ਕਾਬੂ ਕਰਨ ਅਤੇ ਇਸ ਸਬੰਧੀ ਹਰਜੀਤ ਲੌਂਗੀਆਂ ਤੇ ਰਣਵੀਰ ਗਿੱਲ ਨਾਂ ਦੇ ਦੋ ਮੁੰਡਿਆਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਦੋਵੇਂ ਮੁੰਡੇ 24 ਸਾਲ ਦੇ ਹਨ ਅਤੇ ਦੋਵੇਂ ਫਰਿਜ਼ਨੋ ਦੇ ਹਨ।

ਰਣਵੀਰ ਗਿੱਲ ਇਸ ਵੇਲੇ ਫਰਿਜ਼ਨੋ ਕਾਉਂਟੀ ਜੇਲ੍ਹ ਵਿਚ ਹੈ ਅਤੇ ਉਸ ਦੀ ਜ਼ਮਾਨਤ 11 ਲੱਖ ਡਾਲਰ ਰੱਖੀ ਗਈ ਹੈ। ਉਸ ਦੇ ਪਰਿਵਾਰ ਦਾ ਕਹਿਣਾ ਹੈ ਕਿ ਰਣਵੀਰ ਉਤੇ ਉਸ ਦੇ ਜੌੜੇ ਭਰਾ ਤਨਵੀਰ ਦੇ ਡਰਗ ਦੇ ਧੰਦੇ ਦਾ ਦੋਸ਼ ਲੱਗ ਰਿਹਾ ਹੈ।

ਪੁਲਿਸ ਸੂਤਰਾਂ ਅਨੁਸਾਰ ਪੱਛਮੀ ਕੇਂਦਰੀ ਫਰਿਜ਼ਨੋ ਦੇ ਇਕ ਘਰ ਵਿਚੋਂ ਤਲਾਸ਼ੀ ਦੌਰਾਨ 108,000 ਐਸਟੈਸੀ ਗੋਲੀਆਂ, ਇਕ ਕਿਲੋ ਕੋਕੀਨ ਅਤੇ 207,000 ਡਾਲਰ ਦੀ ਨਕਦ ਰਕਮ ਬਰਾਮਦ ਕੀਤੀ ਗਈ। ਫਰਿਜ਼ਨੋ ਪੁਲਿਸ ਦੇ ਇਤਿਹਾਸ ਵਿਚ ਐਸਟੈਸੀ ਫੜ੍ਹਨ ਦਾ ਇਹ ਸਭ ਤੋਂ ਵੱਡਾ ਕੇਸ ਹੈ। ਫਰਿਜ਼ਨੋ ਪੁਲਿਸ ਦੇ ਮੁਖੀ ਜੈਰੀ ਡਾਇਰ ਅਨੁਸਾਰ ਇਸ ਦਾ ਸਾਡੇ ਭਾਈਚਾਰੇ ਉਤੇ ਗੰਭੀਰ ਅਸਰ ਹੋਣ ਵਾਲਾ ਹੈ। ਪੁਲਿਸ ਦੀ ਇਸ ਕਾਮਯਾਬੀ ਨਾਲ ਐਸਟੈਸੀ ਦੀ ਵਿਕਰੀ ਤਾਂ ਖਤਮ ਨਹੀਂ ਹੋਣ ਲੱਗੀ ਪਰ ਇਸ ਨਾਲ ਫਰਿਜ਼ਨੋ ਵਿਚ ਐਸਟੈਸੀ ਦੀਆਂ ਕੀਮਤਾਂ ਕਾਫੀ ਵਧ ਜਾਣ ਦੀ ਸੰਭਾਵਨਾ ਹੈ।

ਪੁਲਿਸ ਸੂਤਰਾਂ ਅਨੁਸਾਰ ਅੰਡਰ ਕਵਰ ਪੁਲਿਸ ਅਫਸਰਾਂ ਨੇ ਕਲਿੰਟਨ ਅਤੇ ਵੈਬਰ ਸਟਰੀਟ ਦੇ ਕੋਨੇ ਉਤੇ ਇਕ ਕਨਵੀਨੀਐਂਸ ਸਟੋਰ ਦੇ ਪਾਰਕਿੰਗ ਲਾਟ ਵਿਚ 5000 ਐਸਟੈਸੀ ਗੋਲੀਆਂ ਦੀ ਖਰੀਦ ਕੀਤੀ। ਪੁਲਿਸ ਅਨੁਸਾਰ ਇਹ ਗੋਲੀਆਂ ਹਰਜੀਤ ਲੌਂਗੀਆਂ ਤੋਂ ਖਰੀਦੀਆਂ ਗਈਆਂ ਜੋ ਕਿ ਇਸੇ ਸਟੋਰ 'ਤੇ ਕੰਮ ਕਰਦਾ ਹੈ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਧੰਦੇ ਦਾ ਸਰਗਨਾ ਰਣਵੀਰ ਗਿੱਲ ਕੋਲ ਖੜ੍ਹੀ ਇਕ ਜੈਗੂਅਰ ਕਾਰ ਵਿਚ ਬੈਠਾ ਇਸ ਸੌਦੇ ਦੀ ਨਿਗਰਾਨੀ ਕਰ ਰਿਹਾ ਸੀ। ਪੁਲਿਸ ਮੁਖੀ ਡਾਇਰ ਨੇ ਆਖਿਆ ਕਿ ਅਸੀਂ ਇਹ ਨਹੀਂ ਕਹਿ ਰਹੇ ਕਿ ਗਿੱਲ ਲੌਂਗੀਆ ਨੂੰ ਐਸਟੈਸੀ ਸਪਲਾਈ ਕਰ ਰਿਹਾ ਸੀ। ਭਾਵੇਂ ਉਹ ਇਸ ਸੌਦੇ ਵਿਚ ਸ਼ਾਮਲ ਨਹੀਂ ਸੀ ਹੋਣਾ ਚਾਹੁੰਦਾ ਪਰ ਉਹ ਨਜ਼ਦੀਕ ਖੜ੍ਹਾ ਹੋ ਕੇ ਇਸ ਗੱਲ ਨੂੰ ਯਕੀਨੀ ਬਣਾਉਣਾ ਚਾਹੁੰਦਾ ਸੀ ਕਿ ਇਹ ਸੌਦਾ ਉਸੇ ਤਰ੍ਹਾਂ ਨੇਪਰੇ ਚੜ੍ਹੇ ਜਿਵੇਂ ਉਹ ਚਾਹੁੰਦਾ ਹੈ। ਇਨ੍ਹਾਂ ਦੋਹਾਂ ਮਸ਼ਕੂਕ ਵਿਅਕਤੀਆਂ ਦੀ ਮੁਖਬਰੀ ਸਿੱਖ ਭਾਈਚਾਰੇ ਦੇ ਹੀ ਇਕ ਮੈਂਬਰ ਨੇ ਕੀਤੀ ਜੋ ਸਮਝਦਾ ਹੈ ਕਿ ਇਸ ਧੰਦੇ ਨਾਲ ਸਿੱਖ ਭਾਈਚਾਰੇ ਦੀ ਵੱਡੀ ਬਦਨਾਮੀ ਹੁੰਦੀ ਹੈ। ਹੈਰੀ ਗਿੱਲ ਨਾਂ ਦਾ ਇਹ ਸ਼ਖ਼ਸ ਪੁਲਿਸ ਅਤੇ ਸਿੱਖ ਭਾਈਚਾਰੇ ਵਿਚਾਲੇ ਪੁਲ ਦਾ ਕੰਮ ਕਰਦਾ ਹੈ ਅਤੇ ਉਹ ਰਣਵੀਰ ਗਿੱਲ ਦਾ ਰਿਸ਼ਤੇਦਾਰ ਨਹੀਂ ਹੈ।

ਏ ਬੀ ਸੀ 30 ਟੈਲੀਵਿਜ਼ਨ ਅਨੁਸਾਰ ਰਣਵੀਰ ਗਿੱਲ ਦੀ ਮਾਂ ਨੇ ਪੱਤਰਕਾਰਾਂ ਕੋਲ ਇਹ ਦਾਅਵਾ ਕੀਤਾ ਕਿ ਰਣਵੀਰ ਗਿੱਲ ਉਤੇ ਆਪਣੇ ਜੌੜੇ ਭਰਾ ਤਨਵੀਰ ਵਲੋਂ ਕੀਤੇ ਗਏ ਡਰਗ ਦੇ ਧੰਦੇ ਦਾ ਨਾਜਾਇਜ਼ ਦੋਸ਼ ਲੱਗ ਰਿਹਾ ਹੈ। ਤਨਵੀਰ ਦੀ ਜੁਲਾਈ ਮਹੀਨੇ ਮੌਤ ਹੋ ਗਈ। ਉਸ ਨੂੰ ਉਸੇ ਜੈਗੂਅਰ ਗੱਡੀ ਵਿਚ ਡਰਗ ਜ਼ਿਆਦਾ ਖਾ ਜਾਣ ਕਾਰਨ ਮਰਿਆ ਪਾਇਆ ਗਿਆ ਸੀ ਜਿਸ ਵਿਚ ਕਿ ਰਣਵੀਰ ਗਿੱਲ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਰਣਵੀਰ ਗਿੱਲ ਦੀ ਮਾਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਬਰਾਮਦ ਕੀਤੀ ਗਈ 207,000 ਡਾਲਰ ਦੀ ਰਕਮ ਉਸ ਦੇ ਪਤੀ ਦੀ ਹੈ ਅਤੇ ਇਹ ਰਕਮ ਪਰਿਵਾਰ ਨੇ ਇਥੇ ਕੋਈ ਬਿਜਨਸ ਖੋਲ੍ਹਣ ਲਈ ਇੰਡੀਆ ਵਿਚ ਆਪਣੀ ਜਾਇਦਾਦ ਵੇਚ ਕੇ ਲਿਆਂਦੀ ਸੀ।

ਪੁਲਿਸ ਦਾ ਖਿਆਲ ਹੈ ਕਿ ਇਹ ਐਸਟੈਸੀ ਗੋਲੀਆਂ ਕੈਨੇਡਾ ਤੋਂ ਆਈਆਂ ਹਨ। ਇਨ੍ਹਾਂ ਵਿਚੋਂ ਕੁਝ ਉਤੇ ਨਾਈਕੀ ਜਾਂ ਸਕਾਰਪਿਓ ਦਾ ਨਿਸ਼ਾਨ ਹੈ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਨੇਡਾ ਨੂੰ ਕੋਕੀਨ ਸਮਗਲ ਕੀਤੇ ਜਾਣਾ ਆਮ ਗੱਲ ਹੈ ਅਤੇ ਇਸ ਦੇ ਬਦਲੇ ਵਿਚ ਉਥੋਂ ਐਸਟੈਸੀ ਮੰਗਵਾਈ ਜਾਂਦੀ ਹੈ।

ਇਥੇ ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਅੰਦਰ ਡਰਗ ਦੇ ਮਾਮਲੇ ਵਿਚ ਇਕੱਲੇ ਕੈਲੀਫੋਰਨੀਆ ਵਿਚ ਹੀ ਕਿੰਨੇ ਹੀ ਪੰਜਾਬੀ ਖੁਫੀਆ ਏਜੰਸੀਆਂ ਵਲੋਂ ਗ੍ਰਿਫਤਾਰ ਕੀਤੇ ਗਏ ਹਨ। ਇਨ੍ਹਾਂ ਵਿਚ ਸੈਕਰਾਮੈਂਟੋ ਦਾ ਬਲਬੀਰ ਸਿੰਘ ਧਾਮੀ ਅਤੇ ਸੋਖਾ ਭੋਪਾਲ ਵੀ ਸ਼ਾਮਲ ਹਨ।

## ਕੈਨੇਡਾ-ਭਾਰਤ ਵਿਚਾਲੇ ਊਰਜਾ ਸੰਧੀ

ਦੋਵਾਂ ਦੇਸ਼ਾਂ ਵਿਚਾਲੇ ਹੋਇਆ ਊਰਜਾ ਸਮਝੌਤਾ ਇਸ ਖੇਤਰ 'ਚ ਵੱਡਾ ਮਿਲਵਰਤਣ ਪੈਦਾ ਕਰੇਗਾ। ਉਨ੍ਹਾਂ ਕਿਹਾ ਕਿ ਵਿਆਪਕ ਆਰਥਿਕ ਭਾਈਵਾਲੀ ਨਾਲ ਜਿਥੇ ਪੂੰਜੀ ਨਿਵੇਸ਼ 'ਚ ਵਾਧਾ ਹੋਵੇਗਾ ਉਥੇ ਨਾਲ ਹੀ ਦੋਵਾਂ ਦੇਸ਼ਾਂ ਦੇ ਵਪਾਰ 'ਚ ਵਾਧਾ ਹੋਵੇਗਾ ਅਤੇ ਸਨਅਤਾਂ ਦੇ ਖਰਚੇ ਵੀ ਬਹੁਤ ਘੱਟ ਜਾਣਗੇ। ਇਸ ਮੌਕੇ ਸ੍ਰੀ ਹਾਰਪਰ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਛਾਏ ਆਰਥਿਕ ਮੰਦੇ ਨਾਲ ਨਜਿੱਠਣ ਲਈ ਦੋਵੇਂ ਦੇਸ਼ ਆਰਥਿਕ ਤੌਰ 'ਤੇ ਸਹਿਯੋਗ ਕਰਨਗੇ। ਉਨ੍ਹਾਂ ਕਿਹਾ ਕਿ ਕੈਨੇਡਾ ਕੋਲ ਪ੍ਰਮਾਣੂ ਊਰਜਾ ਦਾ ਬਹੁਤ ਭੰਡਾਰ ਹੈ ਅਤੇ ਭਾਰਤ ਨੂੰ ਬਾਲਣ ਪ੍ਰਾਪਤ ਕਰਨ ਲਈ ਇਸ ਊਰਜਾ ਦੀ ਲੋੜ ਹੈ। ਇਸ ਸਬੰਧ 'ਚ ਜਲਦੀ ਹੀ ਸਮਝੌਤਾ ਕਰ ਲਿਆ ਜਾਵੇਗਾ ਅਤੇ ਇਸ ਮੰਤਵ ਲਈ ਵਿਆਪਕ ਆਰਥਿਕ ਭਾਈਵਾਲੀ ਲਈ ਇਕ ਕਮੇਟੀ ਸਥਾਪਿਤ ਕੀਤੀ ਜਾ ਰਹੀ ਹੈ।

ਵਰਣਨਯੋਗ ਹੈ ਕਿ ਕੈਨੇਡੀਅਨ ਪ੍ਰਧਾਨ ਮੰਤਰੀ 15 ਨਵੰਬਰ ਨੂੰ ਭਾਰਤ ਆਏ ਸਨ ਅਤੇ ਬੁੱਧਵਾਰ ਉਹ ਵਾਪਸ ਵਤਨ ਪਰਤ ਜਾਣਗੇ। ਆਪਣੇ ਇਸ ਦੌਰੇ ਦੌਰਾਨ ਉਨ੍ਹਾਂ ਨੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ, ਉਪ ਰਾਸ਼ਟਰਪਤੀ ਮੁਹੰਮਦ ਹਾਮਿਦ ਅੰਸਾਰੀ, ਵਿਰੋਧੀ ਧਿਰ ਦੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਅਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐਮ. ਕ੍ਰਿਸ਼ਨਾ ਨਾਲ ਮੁਲਾਕਾਤ ਵੀ ਕੀਤੀ।

**ਰਾਣੇ ਬਾਰੇ ਵਿਚਾਰ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸ੍ਰੀ ਸਟੀਫਨ ਹਾਰਪਰ ਨਾਲ ਲਸ਼ਕਰ-ਏ-ਤਾਇਬਾ ਦੇ ਕਾਰਕੁਨ ਤਾਹਾਵੁਰ ਰਾਣਾ ਦੇ ਕੈਨੇਡਾ ਨਾਲ ਸਬੰਧ ਹੋਣ ਬਾਰੇ ਵਿਚਾਰ ਵਟਾਂਦਰਾ ਕੀਤਾ ਅਤੇ ਸ੍ਰੀ ਹਾਰਪਰ ਨੇ ਇਸ ਮਾਮਲੇ 'ਤੇ ਮਿਲਵਰਤਣ ਦਾ ਭਰੋਸਾ ਦਿੱਤਾ। ਪਾਕਿਸਤਾਨੀ ਮੂਲ ਦੇ ਕੈਨੇਡੀਅਨ ਨਾਗਰਿਕ ਰਾਣਾ ਦਾ ਮਾਮਲਾ ਵਿਸ਼ਵ ਪੱਧਰ 'ਤੇ ਫੈਲੇ ਅਤਿਵਾਦ ਨਾਲ ਨਜਿੱਠਣ ਲਈ ਸ਼ੁਰੂ ਕੀਤੀ ਗਈ ਗੱਲਬਾਤ ਦੌਰਾਨ ਸਾਹਮਣੇ ਆਇਆ। ਸ੍ਰੀ ਸਟੀਫ਼ਨ ਦੇ ਨਾਲ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਅਤਿਵਾਦ ਨਾਲ ਨਜਿੱਠਣ ਲਈ ਬੜੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਸ੍ਰੀ ਹਾਰਪਰ ਨੇ ਕਿਹਾ ਕਿ ਉਨ੍ਹਾਂ ਨੇ ਅਤਿਵਾਦ ਦੇ ਮੁੱਦੇ 'ਤੇ ਦੋਵੇਂ ਦੇਸ਼ ਪੂਰਾ ਮਿਲਵਰਤਣ ਕਰਨਗੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਅਮਰੀਕਾ ਦੇ ਪ੍ਰਧਾਨ ਮੰਤਰੀ ਨਾਲ ਵੀ ਇਹ ਮੁੱਦਾ ਵਿਚਾਰਿਆ ਹੈ।

ਵਰਣਨਯੋਗ ਹੈ ਕਿ ਰਾਣੇ ਨੂੰ ਐਫ. ਬੀ. ਆਈ. ਨੇ ਬੀਤੇ ਮਹੀਨੇ ਸ਼ਿਕਾਗੋ 'ਚੋਂ ਉਸ ਸਮੇਂ ਗ੍ਰਿਫ਼ਤਾਰ ਕੀਤਾ ਸੀ ਜਦੋਂ ਉਹ ਕਥਿਤ ਤੌਰ 'ਤੇ ਅਤਿਵਾਦੀ ਹਮਲੇ ਕਰਨ ਦੀ ਯੋਜਨਾ ਬਣਾ ਰਿਹਾ ਸੀ। ਭਾਰਤ ਇਸ ਦੇ ਕੈਨੇਡਾ ਨਾਲ ਸਬੰਧ ਹੋਣ ਬਾਰੇ ਜਾਣਕਾਰੀ ਹਾਸਲ ਕਰਨਾ ਚਾਹੁੰਦਾ ਸੀ।

## ਬਾਦਲ ਵਫ਼ਦ ਸਮੇਤ ਬਦੇਸ਼ ਦੌਰੇ 'ਤੇ ਰਵਾਨਾ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੀ ਪਤਨੀ ਸੁਰਿੰਦਰ ਕੌਰ ਬਾਦਲ ਸਣੇ ਕੁੱਲ 10 ਮੈਂਬਰੀ ਵਫਦ ਨਾਲ 5 ਦਿਨਾ ਵਿਦੇਸ਼ ਦੌਰੇ 'ਤੇ ਚਲੇ ਗਏ ਹਨ। ਮੁੱਖ ਮੰਤਰੀ ਨਾਲ ਉਨ੍ਹਾਂ ਦੇ ਵਿਸ਼ੇਸ਼ ਸਕੱਤਰ ਕੇ ਜੇ ਐੱਸ ਚੀਮਾ, ਸਕੱਤਰ ਵਾਟਰ ਸਪਲਾਈ ਪੀ ਐੱਸ ਔਜਲਾ, ਸਕੱਤਰ ਸਾਇੰਸ ਤੇ ਤਕਨਾਲੋਜੀ ਵਿਸ਼ਵਜੀਤ ਤੇ ਮੈਂਬਰ ਪ੍ਰਦੂਸ਼ਣ ਕੰਟਰੋਲ ਬੋਰਡ ਸਹਿਤ 5 ਉਦਯੋਗਪਤੀ ਵੀ ਸ਼ਾਮਲ ਹਨ।

ਮੁੱਖ ਮੰਤਰੀ ਇਜ਼ਰਾਈਲ ਤੇ ਮਿਸਰ ਵਿਖੇ ਵਿਸ਼ੇਸ਼ ਸਮਾਗਮ 'ਚ ਸ਼ਾਮਲ ਹੋਣਗੇ, ਜਿੱਥੇ ਸੂਬੇ ਦੀ ਬਿਹਤਰੀ ਲਈ ਕਈ ਵਿਸ਼ੇਸ਼ ਸਮਝੌਤੇ ਹੋਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਬਾਦਲ 2007 'ਚ ਮੁੱਖ ਮੰਤਰੀ ਬਣਨ ਤੋਂ ਬਾਅਦ ਪਹਿਲੇ ਵਿਦੇਸ਼ ਦੌਰੇ 'ਤੇ ਗਏ ਹਨ। ਇਸ ਦੌਰੇ ਨੂੰ ਲੈ ਕੇ ਅਟਕਲਾਂ ਦਾ ਬਜ਼ਾਰ ਗਰਮ ਸੀ। ਇੱਥੋਂ ਤੱਕ ਕਿ ਪ੍ਰੈਸ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਆਪਣੇ ਕਿਸੇ ਸੰਭਾਵਿਤ ਵਿਦੇਸ਼ੀ ਦੌਰੇ ਦਾ ਖੰਡਨ ਕੀਤਾ ਸੀ।

**ਪੰਜਾਬ ਟਾਈਮਜ਼ ਨੂੰ ਲੋੜ ਹੈ**

**ਲਾਸ ਏਂਜਲਸ ਵਿਚ ਪੰਜਾਬ ਟਾਈਮਜ਼ ਨੂੰ ਖਬਰਾਂ ਭੇਜਣ ਅਤੇ ਇਸ਼ਤਿਹਾਰ ਬੁੱਕ ਕਰਨ ਵਾਸਤੇ ਪ੍ਰਤੀਨਿਧ ਦੀ ਲੋੜ ਹੈ। ਇਸ਼ਤਿਹਾਰਾਂ ਉਤੇ ਵਾਜਬ ਕਮਿਸ਼ਨ ਦਿੱਤਾ ਜਾਏਗਾ।**

**ਮੈਨੇਜਰ**
**847-359-0746**



**ਬੇਕਰਜ਼ਫੀਲਡ ਵਿਚ ਪੰਜਾਬ ਟਾਈਮਜ਼ ਨੂੰ ਖਬਰਾਂ ਭੇਜਣ ਜਾਂ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**

**ਮਨਦੀਪ ਸਿੰਘ ਮਾਨ**
**ਫੋਨ:661-889-1927**


**Real Estate and Loans Under One Roof**

**Call: Sam Chahal Tel: 916-612-5773**

**Multi-Million Dollars Producer-2007-08**

**Reo-Bankowned Properties**

**Serving from Bay Area to Sacramento**

***For Buying and Selling Residential, Commercial property and for Loans in Sacramento area***



**Sam (Sohanpreet)Chahal**
**CA Lic. 01504071**
**Realtor/Notary Public**
e-mail:sam@jassigill.com

We Help You Buy/Sell Business & Homes

**Short Sale Specialist**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

**Golden State Realty**

**Sacramento Office: 8695 Territorial Way, Elk Grove CA 95624**
**Tel: 916-612-5773 Fax: 916-689-5707**

## ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

**ਸਟਾਕਟਨ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਮਰੀਕਾ ਇਕਾਈ ਨੇ ਭਾਈ ਰੇਸ਼ਮ ਸਿੰਘ ਬੇਰਕਸਫੀਲਡ ਅਤੇ ਭਾਈ ਕਰਮਜੀਤ ਸਿੰਘ ਦੇ ਪਿਤਾ ਸ. ਸਵਰਨ ਸਿੰਘ ਦੇ ਅਕਾਲ ਚਲਾਣੇ ਉਤੇ ਡੂੰਘੇ ਦੁੱਖ ਦਾ ਇਜਹਾਰ ਕੀਤਾ ਹੈ। ਸ. ਸਵਰਨ ਸਿੰਘ ਪਿਛਲੇ ਦਿਨੀਂ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਾਰਨਾਂ ਵਿਚ ਜਾ ਬਿਰਜੇ ਹਨ।

ਪਾਰਟੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਸ. ਸਵਰਨ ਸਿੰਘ ਦੇ ਬੇਟੇ ਭਾਈ ਰੇਸ਼ਮ ਸਿੰਘ ਅਤੇ ਭਾਈ ਕਰਮਜੀਤ ਸਿੰਘ ਬੜੇ ਪੰਥਕ ਜਜ਼ਬੇ ਵਾਲੇ ਸਿੰਘ ਹਨ। ਇਨ੍ਹਾਂ ਦੀ ਸਿੱਖ ਸੰਘਰਸ਼ ਨੂੰ ਬੜੀ ਵੱਡੀ ਦੇਣ ਹੈ ਜਦੋਂ ਵੀ ਪਾਰਟੀ ਨੂੰ ਲੋੜ ਪਈ ਤਾਂ ਇਨ੍ਹਾਂ ਨੇ ਵਧ ਚੜ੍ਹ ਕੇ ਸਮਰਥਨ ਕੀਤਾ ਹੈ। ਅਜਿਹੀ ਦੁੱਖਦਾਈ ਘੜੀ ਸ਼੍ਰੋਮਣੀ ਅਕਾਲੀ ਦਲ ਅਮ੍ਰਿਤਸਰ (ਅਮਰੀਕਾ ਯੂਨਿਟ) ਪਰਿਵਾਰ ਦੇ ਨਾਲ ਖੜ੍ਹਾ ਹੈ।

ਇਕ ਹੋਰ ਬਿਆਨ ਵਿਚ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਯੂਨਿਟ ਦੇ ਮੀਤ ਪ੍ਰਧਾਨ ਸ. ਗਿਆਨ ਸਿੰਘ ਪੂਨੀਆ ਦੇ ਅਕਾਲ ਚਲਾਣੇ ਉਤੇ ਡੂੰਘਾ ਦੁੱਖ ਪ੍ਰਗਟਾਉਂਦਿਆਂ ਕਿਹਾ ਹੈ ਕਿ ਉਨ੍ਹਾਂ ਦੇ ਅਕਾਲ ਚਲਾਣੇ ਨਾਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਚੇਤੇ ਰਹੇ ਕਿ ਜਥੇਦਾਰ ਪੂਨੀਆ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਸੰਘਰਸ਼ ਦੇ ਮੋਹਰੀ ਆਗੂਆਂ ਵਿਚੋਂ ਸਨ। ਸੰਤ ਭਿੰਡਰਾਂਵਾਲਿਆਂ ਨੂੰ ਜਦੋਂ ਜਦੋਂ ਲੋੜ ਪਈ ਜਥੇਦਾਰ ਪੂਨੀਆ ਨੇ ਆਪਣੇ ਆਪ ਨੂੰ ਪੇਸ਼ ਕੀਤਾ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਇਸ ਦੁੱਖ ਦਾਈ ਘੜੀ ਵਿਚ ਜਥੇਦਾਰ ਪੂਨੀਆ ਦੇ ਪਰਿਵਾਰ ਅਤੇ ਉਨ੍ਹਾਂ ਦੀ ਅਮਰੀਕਾ ਰਹਿ ਰਹੀ ਬੇਟੀ ਅਤੇ ਦਮਾਦ ਸ. ਹਰਮਿੰਦਰ ਸਿੰਘ ਸਮਾਣਾ ਨਾਲ ਡੂੰਘਾ ਦੁੱਖ ਪ੍ਰਗਟ ਕਰਦਾ ਹੈ। ਸ. ਹਰਮਿੰਦਰ ਸਿੰਘ ਸਮਾਣਾ ਨਾਲ ਫੋਨ 209-481-7750 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਝੀਂਡਾ ਤੇ ਚਾਰ ਸਾਥੀ ਤਨਖਾਹੀਏ ਕਰਾਰ

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਨੇ ਇੱਥੇ ਲੰਘੀ 17 ਨਵੰਬਰ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਆਪਣੀ ਇਕੱਤਰਤਾ ਵਿਚ ਪ੍ਰੋ. ਦਰਸ਼ਨ ਸਿੰਘ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਚਰਿੱਤਰ ਹਨਨ ਸਬੰਧੀ ਵਰਤੀ ਗਈ ਸ਼ਬਦਾਵਲੀ ਦਾ ਗੰਭੀਰ ਨੋਟਿਸ ਲੈਂਦਿਆਂ ਉਨ੍ਹਾਂ ਨੂੰ ਸਪਸ਼ਟੀਕਰਨ ਦੇਣ ਲਈ 5 ਦਸੰਬਰ ਨੂੰ ਤਖ਼ਤ 'ਤੇ ਤਲਬ ਕਰਨ ਦਾ ਅਹਿਮ ਫੈਸਲਾ ਲਿਆ ਹੈ। ਨਾਲ ਹੀ ਉਨ੍ਹਾਂ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਅਤੇ ਉਨ੍ਹਾਂ ਦੇ ਚਾਰ ਸਾਥੀਆਂ ਨੂੰ 13 ਸਤੰਬਰ ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਥਾਨੇਸਰ (ਕੁਰੂਕਸ਼ੇਤਰ) 'ਤੇ ਕਬਜ਼ਾ ਕਰਕੇ ਗੁਰਦੁਆਰਾ ਸਾਹਿਬ ਦੀ ਮਰਿਆਦਾ ਵਿਚ ਵਿਘਨ ਪਾਉਣ ਦੇ ਦੋਸ਼ ਵਿਚ ਤਨਖਾਹੀਆ ਕਰਾਰ ਦੇ ਕੇ ਪੰਜ-ਪੰਜ ਦਿਨ ਰੋਜ਼ਾਨਾ ਇਕ ਘੰਟਾ ਕੀਰਤਨ ਸੁਣਨ, ਇਕ ਘੰਟਾ ਲੰਗਰ ਵਿਚ ਬਰਤਨ ਸਾਫ ਕਰਨ, ਇਕ ਘੰਟਾ ਜੋੜੇ ਘਰ ਵਿਚ ਜੋੜਿਆਂ ਦੀ ਸੇਵਾ ਕਰਨ ਤੇ ਪੰਜ-ਪੰਜ ਸੌ ਰੁਪਏ ਦੀ ਦੇਗ ਕਰਨ ਦੀ ਤਨਖਾਹ ਲਾਈ ਹੈ।

ਵਰਨਣਯੋਗ ਹੈ ਕਿ ਪ੍ਰੋ. ਦਰਸ਼ਨ ਸਿੰਘ 'ਤੇ ਇਹ ਕਥਿਤ ਦੋਸ਼ ਲੱਗੇ ਸਨ ਕਿ ਉਨ੍ਹਾਂ ਨੇ ਨਿਊਯਾਰਕ ਦੇ ਇਕ ਗੁਰਦੁਆਰੇ ਵਿਚ ਗੁਰੂ ਗੋਬਿੰਦ ਸਿੰਘ ਜੀ ਨਾਲ ਇਕ ਵੇਸਵਾ ਦੀ ਕਹਾਣੀ ਜੋੜ ਕੇ ਸੁਣਾਈ ਸੀ, ਜਿਸ ਦਾ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਗੰਭੀਰ ਨੋਟਿਸ ਲਿਆ ਸੀ। ਗੁਰਮਤਿ ਪ੍ਰਚਾਰਕ ਸੰਤ ਸਮਾਜ ਨੇ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਲਿਖ ਕੇ ਇਹ ਮੰਗ ਕੀਤੀ ਸੀ ਕਿ ਪ੍ਰੋ. ਦਰਸ਼ਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਚਰਿੱਤਰਹਨਨ ਕਰਕੇ ਸਿੱਖ ਕੌਮ ਦੇ ਦਿਲਾਂ ਨੂੰ ਡੂੰਘੀ ਠੇਸ ਪਹੁੰਚਾਈ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਸਿੰਘ ਸਾਹਿਬਾਨ ਨੇ ਕਿਹਾ ਕਿ ਇਹ ਮੁੱਦਾ ਗੰਭੀਰ ਹੈ, ਇਸ ਲਈ ਪ੍ਰੋ. ਦਰਸ਼ਨ ਸਿੰਘ ਨੂੰ ਕਿਹਾ ਗਿਆ ਹੈ ਕਿ ਉਹ ਇਸ ਬਾਰੇ 5 ਦਸੰਬਰ ਨੂੰ ਅਕਾਲ ਤਖਤ ਤੇ ਪੇਸ਼ ਹੋ ਕੇ ਆਪਣਾ ਸਪਸ਼ਟੀਕਰਨ ਦੇਣ। ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਚ ਹੋਈ ਸਿੰਘ ਸਾਹਿਬਾਨ ਦੀ ਇਕੱਤਰਤਾ ਮਗਰੋਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ੍ਰੀ ਝੀਂਡਾ, ਸ੍ਰੀ ਕੰਵਲਜੀਤ ਸਿੰਘ ਅਜਰਾਣਾ, ਅਵਤਾਰ ਸਿੰਘ ਚੱਕੂ, ਹਜ਼ੂਰ ਸਿੰਘ ਨੰਬਰਦਾਰ, ਜੋਗਾ ਸਿੰਘ ਯਮੁਨਾਨਗਰ ਨੂੰ ਗੁਰਦੁਆਰੇ 'ਤੇ ਕਬਜ਼ਾ ਕਰਨ ਤੇ ਗੁਰਦੁਆਰੇ ਦੀ ਮਰਯਾਦਾ ਭੰਗ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਇਸ ਭੁੱਲ ਦਾ ਪਸ਼ਚਾਤਾਪ ਕਰਨ ਹਿੱਤ ਇਨ੍ਹਾਂ ਨੂੰ ਤਨਖਾਹ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਪੰਜ-ਪੰਜ ਦਿਨ ਰੋਜ਼ਾਨਾ

### ਪ੍ਰੋ. ਦਰਸ਼ਨ ਸਿੰਘ ਤਲਬ

ਸੇਵਾ ਕਰਨ ਦੇ ਨਾਲ ਨਾਲ ਹਰੇਕ ਤਖਤ 'ਤੇ ਪੰਜ-ਪੰਜ ਸੌ ਰੁਪਏ ਦੀ ਦੇਗ ਵੀ ਕਰਵਾਉਣਗੇ। ਇਸ ਮਗਰੋਂ ਗੁਰਦੁਆਰਾ ਪਾਤਸ਼ਾਹੀਂ ਛੇਵੀਂ ਥਾਨੇਸਰ ਵਿਖੇ ਪੰਜ ਦਿਨ ਦੀ ਸੇਵਾ ਕਰਨਗੇ ਅਤੇ ਤਨਖਾਹ ਮੁਕੰਮਲ ਕਰਨ ਮਗਰੋਂ ਅਕਾਲ ਤਖਤ ਸਾਹਿਬ 'ਤੇ 1100 ਰੁਪਏ ਦੀ ਦੇਗ ਕਰਵਾ ਕੇ ਖਿਮਾ-ਯਾਚਨਾ ਦੀ ਅਰਦਾਸ ਕਰਵਾਉਣਗੇ।

ਇਥੇ ਇਹ ਵੀ ਵਰਨਣਯੋਗ ਹੈ ਕਿ ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀਆਂ ਨੇ 13 ਸਤੰਬਰ ਨੂੰ ਗੁਰਦੁਆਰਾ ਪਾਤਸ਼ਾਹੀ ਛੇਵੀਂ ਤੇ ਕਬਜ਼ਾ ਕਰਕੇ ਉਥੋਂ ਦਾ ਪ੍ਰਬੰਧ ਸੰਭਾਲ ਲਿਆ ਸੀ ਅਤੇ ਬਾਅਦ ਵਿਚ ਕਬਜ਼ਾ ਛੱਡ ਦਿੱਤਾ ਸੀ। ਸ਼੍ਰੋਮਣੀ ਕਮੇਟੀ ਵਲੋਂ ਇਸ ਕਾਰਵਾਈ ਦਾ ਸਖਤ ਵਿਰੋਧ ਕਰਨ ਉਤੇ ਉਨ੍ਹਾਂ ਨੇ 19 ਸਤੰਬਰ ਨੂੰ ਅਕਾਲ ਤਖਤ ਸਾਹਿਬ 'ਤੇ ਸੱਦਿਆ ਸੀ ਅਤੇ ਉਨ੍ਹਾਂ ਪਾਸੋਂ ਸਪਸ਼ਟੀਕਰਨ ਲੈਣ ਮਗਰੋਂ ਉਨ੍ਹਾਂ ਨੂੰ ਦੁਬਾਰਾ ਪਹਿਲੀ ਅਕਤੂਬਰ ਨੂੰ ਅਕਾਲ ਤਖਤ ਸਾਹਿਬ ਤੇ ਪੇਸ਼ ਹੋਣ ਦੀ ਹਦਾਇਤ ਕੀਤੀ ਸੀ। ਉਸ ਦਿਨ ਵੀ ਉਨ੍ਹਾਂ ਬਾਰੇ ਕੋਈ ਫੈਸਲਾ ਨਹੀਂ ਸੀ ਸੁਣਾਇਆ ਗਿਆ ਅਤੇ ਕਿਹਾ ਗਿਆ ਕਿ ਉਹ 14 ਅਕਤੂਬਰ ਨੂੰ ਮੁੜ ਪੇਸ਼ ਹੋਣ। ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀ 14 ਅਕਤੂਬਰ ਨੂੰ ਪੰਜ ਸਿੰਘ ਸਾਹਿਬਾਨ ਅੱਗੇ ਮੁੜ ਪੇਸ਼ ਹੋਏ, ਪਰ ਉਸ ਦਿਨ ਵੀ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ 15 ਨਵੰਬਰ ਤੋਂ ਬਾਅਦ ਹੋਣ ਵਾਲੀ ਇਕੱਤਰਤਾ ਵਿਚ ਮੁੜ ਪੇਸ਼ ਹੋਣ। ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀ ਪੰਜ ਸਿੰਘ ਸਾਹਿਬਾਨ ਅੱਗੇ ਮੁੜ ਪੇਸ਼ ਹੋਏ ਅਤੇ ਉਨ੍ਹਾਂ ਨੂੰ ਦੋਸ਼ੀ ਠਹਿਰਾਉਂਦਿਆਂ ਤਨਖਾਹ ਸੁਣਾਈ ਗਈ।

ਦਿੱਲੀ ਦੇ ਉੱਘੇ ਆਗੂ ਕੁਲਦੀਪ ਸਿੰਘ ਭੋਗਲ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਕੀਤੀ ਇਕ ਸ਼ਿਕਾਇਤ ਦੇ ਆਧਾਰ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਸਪਸ਼ਟੀਕਰਨ ਦੇਣ ਲਈ 10 ਦਿਨ ਦਾ ਸਮਾਂ ਦਿੱਤਾ ਹੈ। ਸ੍ਰੀ ਭੋਗਲ ਨੇ ਅਕਾਲ ਤਖਤ ਸਾਹਿਬ 'ਤੇ ਇਹ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਸਿੱਖ ਕਤਲੇਆਮ ਦੇ 25 ਸਾਲਾ ਵਰ੍ਹੇਗੰਢ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਅਖੰਡ ਪਾਠ ਕਰਵਾਉਣ ਲਈ ਕਮੇਟੀ ਨੂੰ ਬੇਨਤੀ ਕੀਤੀ ਸੀ ਪਰ ਉਨ੍ਹਾਂ ਨੂੰ ਆਗਿਆ ਨਹੀਂ ਦਿੱਤੀ ਗਈ। ਸਿੰਘ ਸਾਹਿਬਾਨ ਨੇ ਇਸ ਸਬੰਧੀ ਸ੍ਰੀ ਸਰਨਾ ਨੂੰ ਕਿਹਾ ਹੈ ਕਿ ਉਹ 10 ਦਿਨਾਂ ਦੇ ਅੰਦਰ ਇਸ ਸ਼ਿਕਾਇਤ ਪ੍ਰਤੀ ਸਪਸ਼ਟੀਕਰਨ ਦੇਣ।

ਇਕੱਤਰਤਾ 'ਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੋਂ ਇਲਾਵਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਸ਼ਾਮਲ ਸਨ। ਇਸੇ ਦੌਰਾਨ ਸ੍ਰੀ ਝੀਂਡਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਕਿਹਾ ਕਿ ਅਸੀਂ ਸਿੰਘ ਸਾਹਿਬਾਨ ਵਲੋਂ ਲਾਈ ਤਨਖਾਹ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਾਂ। ਉਨ੍ਹਾਂ ਕਿਹਾ ਕਿ ਉਹ 21 ਨਵੰਬਰ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੇਵਾ ਆਰੰਭ ਕਰਨਗੇ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਭਾਜਪਾ ਨੂੰ ਪੀੜੀ ਹੇਠ ਸੋਟਾ ਫੇਰਨ ਦੀ ਲੋੜ-ਕਾਂਗਰਸ**

-ਬੜਾ ਗੰਦ ਨਿਕਲੂ।

***ਦਿੱਲੀ 'ਚ ਬਣੇਗੀ ਸਿੱਖ ਕਤਲੇਆਮ ਦੀ ਯਾਦਗਾਰ-ਬਾਦਲ**

-ਦਿੱਲੀ ਵਾਲੇ ਤਾਂ ਭਾਵੇਂ ਬਣਨ ਦੇ ਦੇਣ, ਪਰ ਪੰਜਾਬ 'ਚ ਸਿੱਖ ਸ਼ਹੀਦਾਂ ਦੀ ਯਾਦਗਾਰ ਤੁਸੀਂ ਨਹੀਂ ਬਣਨ ਦੇਣੀ।

***ਬੱਬੂ ਮਾਨ ਦੇ ਗਾਣੇ ਤੋਂ ਭੜਕੇ ਸੰਤ ਢੱਡਰੀਆਂ ਵਾਲੇ**

-ਜਦੋਂ ਸੱਚੀਆਂ ਸੁਣਾਈਆਂ ਜੀ, ਬੜਾ ਦੁੱਖ ਲੱਗਿਆ, ਬੜਾ ਦੁੱਖ ਲੱਗਿਆ।

***ਸਾੜ੍ਹੀ 'ਚ ਦਿਸੇਗੀ ਤਨੂ ਸ੍ਰੀ ਦੱਤਾ-ਖਬਰ**

-ਚੰਗਾ ਕੀਤਾ ਦੱਸ 'ਤਾ ਨਹੀਂ ਤੇ ਉਹਨੂੰ ਕੱਪੜਿਆਂ 'ਚ ਪਛਾਨਣਾ ਈ ਨਹੀਂ ਸੀ।

***ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਦੇਵਾਂਗੇ ਜਿਹੜੀ ਉਨ੍ਹਾਂ ਨੂੰ ਵਿਦੇਸ਼ਾਂ ਵਿਚ ਨੌਕਰੀ ਕਰਨ ਲਈ ਸਹਾਈ ਹੋਵੇਗੀ-ਸੁਖਬੀਰ ਬਾਦਲ**

-ਲੱਗਦਾ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦਾ ਇਰਾਦਾ ਤਿਆਗ 'ਤਾ ਜਨਾਬ ਨੇ।

***ਸਿਰਫ ਨਵੀਆਂ ਹੀਰੋਇਨਾਂ ਨਾਲ ਹੀ ਕੰਮ ਕਰੇਗਾ ਸਲਮਾਨ ਖਾਨ**

-ਕਿਉਂਕਿ ਪੁਰਾਣੀਆਂ ਸਾਰੀਆਂ ਹੀਰੋਇਨਾਂ ਉਹਦੀਆਂ ਹਰਕਤਾਂ ਤੋਂ ਜਾਣੂੰ ਨੇ।

***ਐਨ.ਆਰ.ਆਈਜ਼. ਖਾਲੀ ਕਰਵਾ ਸਕਣਗੇ ਕਿਰਾਏ 'ਤੇ ਦਿੱਤੀਆਂ ਕੋਠੀਆਂ**

-ਪੁਲਿਸ ਵਲੋਂ ਕੋਠੀਆਂ ਖਾਲੀ ਕਰਵਾਉਣ ਦੇ ਰੇਟਾਂ 'ਤੇ ਭਾਰੀ ਛੋਟ

*Visit us on the web:*
***punjabtimesusa.com***


East to West Realty
A Real Estate & Investment Agency

ਦਿਆਨਤਦਾਰ ਅਤੇ ਭਰੋਸੇਮੰਦ ਰੀਅਲ ਐਸਟੇਟ ਸੇਵਾਵਾਂ ਲਈ ਕਾਲ ਕਰੋ

(916) 501-3974
(916) 729-5453

Email:nandsbrar@gmail.com

*Hiring New Realtors*



Nand S. Brar
Broker/Owner
DRE Lic No: 01816328



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Kashmir S. Thandi
Office: (866) 933-3038
Balhar S. Rana
Cell:916-502-7733

Call For Special Price

4585 Pell Dr. Secramento CA, 95838



WELLS FARGO HOME MORTGAGE

Your goals deserve our attention

Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit your current needs and future goals.

- Priority Buyer ® preapproval
- Low down payment options for qualified borrowers
- Purchases and refinances
- Wells Fargo Closing Guarantee SM1



*Contact* ***Jag Jiwan Bhangu*** *to put your goals into action today.*
3010 Lava Ridge Ct. Roseville, CA
Ph: 1-866-490-9758 (Ext. 127)
Fax: 1-866-972-2179
Cell: 408-598-9605, 916-759-1923
jagjiwan.bhangu@wellsfargo.com

EQUAL HOUSING LENDER

1. Available on qualified purchase transactions. Other terms and conditions apply. See a homemortgage consultant for details.Wells Fargo Home Mortgage is a division of Wells Fargo Bank, N.A.
© 2009 Wells Fargo Bank,N.A. All rights reserved. #6749110/09-1/10

# ਸਿੱਖ ਕਤਲੇਆਮ ਅਤੇ ਕਣਕ ਦੇ ਭਾਅ ਬਾਰੇ ਵਿਚਾਰ ਹੋਵੇਗਾ

## ਪੰਜਾਬ ਵਿਧਾਨ ਸਭਾ ਦਾ ਸਰਦ ਰੁੱਤ ਸੈਸ਼ਨ 7 ਤੋਂ

**ਚੰਡੀਗੜ੍ਹ** : ਸੰਸਦੀ ਲੋਕਰਾਜ ਦੇ ਕਾਨੂੰਨ ਅਤੇ ਨਿਯਮਾਂ ਸਬੰਧੀ ਲਿੱਪਾ-ਪੋਚੀ ਕਰਨ ਦੇ ਮਨਸੂਬੇ ਨਾਲ ਸਿਰਫ਼ 6 ਮਹੀਨੇ ਦਾ ਵਕਫ਼ਾ ਪੂਰਾ ਕਰਨ ਲਈ ਪੰਜਾਬ ਵਿਧਾਨ ਸਭਾ ਦਾ ਸਰਦ ਰੁੱਤ ਸੈਸ਼ਨ 7 ਦਸੰਬਰ ਨੂੰ ਬੁਲਾਉਣ ਦੀ ਤਾਰੀਕ ਪੱਕੀ ਹੋ ਗਈ। 7 ਦਸੰਬਰ ਨੂੰ ਬਾਅਦ ਦੁਪਹਿਰ 2 ਵਜੇ ਤੋਂ ਸ਼ੁਰੂ ਹੋਣ ਵਾਲੀ ਬੈਠਕ ਵਿਚ ਪਿਛਲੇ ਸੈਸ਼ਨ ਮਗਰੋਂ ਅਕਾਲ ਚਲਾਣਾ ਕਰ ਗਈਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਦਿਤੀ ਜਾਵੇਗੀ। ਅਗਲੇ ਚਾਰ ਦਿਨ ਸਰਕਾਰੀ ਕੰਮ ਕਾਜ ਨਿਪਟਾਉਣ ਦੀ ਤਜਵੀਜ਼ ਹੈ। ਪਿਛਲਾ ਸੈਸ਼ਨ 11 ਜੁਲਾਈ ਨੂੰ ਉਠਾਇਆ ਗਿਆ ਸੀ ਅਤੇ ਨਿਯਮਾਂ ਅਨੁਸਾਰ 6 ਮਹੀਨੇ ਦਾ ਅੰਤਰ ਨਹੀਂ ਪੈਣਾ ਚਾਹੀਦਾ। ਇਸ ਲਈ ਦਸੰਬਰ ਦੇ ਦੂਜੇ ਹਫ਼ਤੇ ਵਿਚ ਹੀ ਕਾਰਵਾਈ ਪੂਰੀ ਕਰਨ ਦੀ ਸਰਕਾਰ ਨੇ ਸਕੀਮ ਬਣਾਈ ਹੈ। ਉਂਜ ਤਾਂ ਸਪੀਕਰ ਸ. ਨਿਰਮਲ ਸਿੰਘ ਕਾਹਲੋਂ ਨੇ ਭਰੋਸਾ ਦਿਤਾ ਕਿ ਵਿਰੋਧੀ ਧਿਰ, ਵਿਸ਼ੇਸ਼ ਤੌਰ 'ਤੇ ਦਿਲਚਸਪੀ ਲੈਣ ਵਾਲੇ ਕਾਂਗਰਸੀ ਵਿਧਾਇਕਾਂ ਨੂੰ ਅਪਣੇ ਵਿਚਾਰ ਪ੍ਰਗਟ ਕਰਨ ਦਾ ਪੂਰਾ ਮੌਕਾ ਦਿਤਾ ਜਾਵੇਗਾ। ਪਰ ਸੰਪਰਕ ਕਰਨ 'ਤੇ ਕਈ ਵਿਧਾਇਕਾਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਕਿਵੇਂ ਸਿਰਫ਼ 4 ਚਾਰ ਬੈਠਕਾਂ ਵਿਚ ਭਖਦੇ ਮਸਲਿਆਂ ਉਤੇ ਬਹਿਸ ਕਰ ਕੇ ਹੱਲ ਕੱਢੇ ਜਾਣਗੇ?

ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਦਸਿਆ ਕਿ ਅਕਾਲੀ-ਭਾਜਪਾ ਸਰਕਾਰ ਹਮੇਸ਼ਾ ਲੋਕ ਹਿਤ ਨਾਲ ਜੁੜੇ ਮਸਲਿਆਂ ਤੋਂ ਦੂਰ ਭੱਜਦੀ ਰਹਿੰਦੀ ਹੈ ਅਤੇ ਹਾਊਸ ਅੰਦਰ ਕਾਂਗਰਸ ਵਲੋਂ ਉਠਾਏ ਨੁਕਤਿਆਂ ਦਾ ਜਵਾਬ ਦੇਣ ਤੋਂ ਪਾਸਾ ਵਟਦੀ ਹੈ। ਬੀਬੀ ਭੱਠਲ ਨੇ ਕਿਹਾ ਕਿ ਪਿਛਲੀ ਵਾਰ ਵੀ ਜੁਲਾਈ ਦਾ ਬਜਟ ਸੈਸ਼ਨ ਸਿਰਫ਼ ਖ਼ਾਨਾ-ਪੂਰਤੀ ਵਾਲੀ ਗੱਲ ਸੀ ਜਦਕਿ ਇਸ ਵਾਰ ਵੀ ਦਸੰਬਰ ਮਹੀਨੇ ਦੀ ਬੈਠਕ ਇਕ ਰਸਮੀ ਤੌਰ 'ਤੇ ਸਮਾਂ ਲੰਘਾਉਣ ਦੀ ਗੱਲ ਸਾਬਤ ਹੋਵੇਗੀ। ਸਰਕਾਰ ਨੂੰ ਮਜਬੂਰ ਹੋ ਕੇ ਵਿਧਾਨਕ ਲੋੜ ਪੂਰੀ ਕਰਨੀ ਪੈਂਦੀ ਹੈ ਅਤੇ ਜੇ ਇਹ ਲੋਕਰਾਜੀ ਪ੍ਰਣਾਲੀ ਵਿਚ ਬੰਦਸ਼ ਨਾ ਹੁੰਦੀ ਤਾਂ ਸ਼ਾਇਦ ਅਕਾਲੀ-ਭਾਜਪਾ ਸਰਕਾਰ ਸਾਲ ਵਿਚ ਇਕ ਵੀ ਬੈਠਕ ਨਾ ਸੱਦਦੀ। ਕੋਈ ਕੰਮ ਰੋਕੂ ਮਤਾ ਲਿਆਉਣ ਬਾਰੇ ਬੀਬੀ ਭੱਠਲ ਨੇ ਕਿਹਾ ਕਿ ਇਹ ਨੁਕਤੇ ਕਾਂਗਰਸ ਪਾਰਟੀ ਦੇ ਵਿਧਾਨਕਾਰਾਂ ਦੀ ਮੀਟਿੰਗ ਵਿਚ ਵਿਚਾਰਨ ਮਗਰੋਂ ਹੀ ਉਠਾਏ ਜਾਣਗੇ। ਪੱਕਾ ਕਲਾਂ ਤੋਂ ਕਾਂਗਰਸੀ ਵਿਧਾਇਕ ਸ. ਮੱਖਣ ਸਿੰਘ ਨੇ ਦਸਿਆ ਕਿ ਕਿਸਾਨਾਂ ਦੇ ਮਸਲੇ, ਬਿਜਲੀ-ਪਾਣੀ ਦੀ ਕਿੱਲਤ, ਮੰਡੀਆਂ ਵਿਚ ਝੋਨੇ ਦਾ ਰੁਲਣਾ ਅਤੇ ਭੈੜੀ ਕਾਨੂੰਨ-ਵਿਵਸਥਾ ਸਣੇ ਭ੍ਰਿਸ਼ਟਾਚਾਰ ਵਰਗੇ ਅਹਿਮ ਮੁੱਦੇ ਵਿਚਾਰਨ ਲਈ ਵਿਧਾਨ ਸਭਾ ਦੀਆਂ ਬੈਠਕਾਂ ਲਗਾਤਾਰ ਬੁਲਾਉਣੀਆਂ ਚਾਹੀਦੀਆਂ ਹਨ। ਸ. ਮੱਖਣ ਸਿੰਘ ਨੇ ਦੁੱਖ ਪ੍ਰਗਟ ਕੀਤਾ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਹਾਊਸ ਅੰਦਰ ਬਹੁਤ ਘੱਟ ਮੌਕਾ ਮਿਲਦਾ ਹੈ ਕਿ ਉਹ ਅਪਣੇ ਇਲਾਕੇ ਦੀਆਂ ਮੁਸ਼ਕਲਾਂ ਸਦਨ ਵਿਚ ਰੱਖ ਕੇ ਸਰਕਾਰੀ ਹੱਲ ਲੱਭਣ ਦਾ ਉਪਰਾਲਾ ਕਰ ਸਕਣ। ਫ਼ਰੀਦਕੋਟ ਤੋਂ ਕਾਂਗਰਸੀ ਵਿਧਾਇਕ ਸ. ਅਵਤਾਰ ਸਿੰਘ ਬਰਾੜ ਨੇ ਇਸ ਛੋਟੇ ਸੈਸ਼ਨ ਦੀ ਤਜਵੀਜ਼ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਾਡੀ ਪਾਰਟੀ ਵਲੋਂ ਪੂਰਾ ਦਬਾਅ ਬਣਾਇਆ ਜਾਵੇਗਾ ਕਿ ਬਿਜ਼ਨਸ ਐਡਵਾਈਜ਼ਰੀ ਕਮੇਟੀ ਵਿਚ ਬੈਠਕਾਂ ਨੂੰ ਵਧਾਉਣ ਲਈ ਪੂਰੀ ਕੋਸ਼ਿਸ਼ ਕੀਤੀ ਜਾਵੇ। ਉਨ੍ਹਾਂ ਦੁੱਖ ਜ਼ਾਹਰ ਕੀਤਾ ਕਿ ਪਿਛਲੇ ਮਹੀਨੇ ਵਿਧਾਇਕਾਂ ਦੇ ਸਿਖਲਾਈ ਸੈਮੀਨਾਰ ਵਿਚ ਸਪੀਕਰ ਵਲੋਂ ਹਾਊਸ ਦੀਆਂ ਬੈਠਕਾਂ ਦੀ ਗਿਣਤੀ ਸਾਲ ਵਿਚ 60 ਤਕ ਪਹੁੰਚਾਉਣ ਦੇ ਭਰੋਸੇ ਦੀ ਤੌਹੀਨ ਕੀਤੀ ਜਾ ਰਹੀ ਹੈ। ਸ. ਅਵਤਾਰ ਸਿੰਘ ਬਰਾੜ ਨੇ ਕਿਹਾ ਕਿ ਵਿਧਾਨ ਸਭਾ ਸੈਸ਼ਨ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤਾਂ ਕਿ ਲੋਕ ਭਲਾਈ ਦੇ ਮਸਲੇ ਵਧ ਤੋਂ ਵੱਧ ਹੱਲ ਹੋ ਸਕਣ। ਹਾਊਸ ਅੰਦਰ ਸਭ ਤੋਂ ਵੱਧ ਪ੍ਰਸ਼ਨ ਪੁਛਣ ਵਾਲੇ ਅਤੇ ਸਭ ਤੋਂ ਵਧ ਬਹਿਸ ਵਿਚ ਹਿੱਸਾ ਲੈਣ ਵਾਲੇ ਭੁਲੱਥ ਤੋਂ ਕਾਂਗਰਸੀ ਵਿਧਾਇਕ ਸ. ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਉਂਜ ਤਾਂ ਹਰ ਫ਼ਰੰਟ 'ਤੇ ਫ਼ੇਲ੍ਹ ਹੋ ਚੁਕੀ ਹੈ ਅਤੇ ਬਾਕੀ ਦਾ ਸਮਾਂ ਟਾਲ-ਮਟੋਲ ਵਿਚ ਕੱਢਣਾ ਚਾਹੁੰਦੀ ਹੈ ਜਿਸ ਕਰ ਕੇ ਮਾਮੂਲੀ ਦੋ-ਤਿੰਨ ਦਿਨ ਦਾ ਸੈਸ਼ਨ ਸੱਦ ਕੇ ਲਿੱਪਾ ਪੋਚੀ ਕਰਨ ਵਿਚ ਖ਼ੁਸ਼ੀ ਤੇ ਤਸੱਲੀ ਮਹਿਸੂਸ ਕਰ ਲੈਂਦੀ ਹੈ। ਵਿਧਾਇਕ ਖਹਿਰਾ ਨੇ ਕਿਹਾ ਕਿ ਉਨ੍ਹਾਂ ਨੇ ਰਾਸ਼ਟਰਪਤੀ ਨੂੰ ਵੀ ਲੋਕਤੰਤਰ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਪੱਤਰ ਲਿਖਿਆ ਹੈ ਜਿਸ ਵਿਚ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਬੇਨਿਯਮੀਆਂ ਦਾ ਵੇਰਵਾ ਹੈ। ਸ. ਖਹਿਰਾ ਦਾ ਵਿਚਾਰ ਹੈ ਕਿ ਮੁਲਾਜ਼ਮਾਂ, ਕਿਸਾਨੀ, ਆਰਥਕ ਮੰਦਹਾਲੀ, ਕਾਨੂੰਨ-ਵਿਵਸਥਾ ਅਤੇ ਉਦਯੋਗ ਤੇ ਬਿਜਲੀ ਦੇ ਮਸਲੇ ਹਾਊਸ ਅੰਦਰ ਵਿਚਾਰੇ ਜਾਣੇ ਜ਼ਰੂਰੀ ਹਨ ਜਿਸ ਕਰ ਕੇ ਸੈਸ਼ਨ ਦੀਆਂ ਬੈਠਕਾਂ ਦੀ ਗਿਣਤੀ ਵਾਧੂ ਹੋਣੀ ਚਾਹੀਦੀ ਹੈ।



ਇਸ ਦੌਰਾਨ ਪੰਜਾਬ ਦੇ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖਾਂ ਦੀ ਕਾਲੀ ਸੂਚੀ ਬਾਰੇ ਟਾਲਾ ਵੱਟਦਿਆਂ ਕਿਹਾ ਕਿ ਪਾਰਲੀਮੈਂਟ ਵਿਚ ਆਉਂਦੇ ਸੈਸ਼ਨ ਵਿਚ ਪਾਰਟੀ ਸਿਰਫ਼ ਦੋ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਜਿਨ੍ਹਾਂ ਵਿਚੋਂ ਇੱਕ 84 ਦਾ ਸਿੱਖ ਕਤਲੇਆਮ ਅਤੇ ਦੂਜਾ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ ਹੈ।

ਉਹ ਇੱਥੇ ਸੁਰਜੀਤ ਹਾਕੀ ਟੂਰਨਾਮੈਂਟ ਦੇ ਸਮਾਗਮ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵਾਰ-ਵਾਰ ਇਹ ਦੋਸ਼ ਲਗਾਉਂਦੇ ਆ ਰਹੇ ਹਨ ਕਿ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦੀ ਬਣੀ ਕਾਲੀ ਸੂਚੀ ਨੂੰ ਖ਼ਤਮ ਕਰਨ ਲਈ ਅਕਾਲੀ-ਭਾਜਪਾ ਸਰਕਾਰ ਕੋਈ ਕਦਮ ਨਹੀਂ ਚੁੱਕ ਰਹੀ। ਸ੍ਰੀ ਸਰਨਾ ਵਲੋਂ ਲਾਏ ਦੋਸ਼ਾਂ ਸਬੰਧੀ ਪੁੱਛੇ ਸਵਾਲ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਸ੍ਰੀ ਸਰਨਾ ਤਾਂ ਸਿੱਖਾਂ ਦਾ ਰੱਦ ਕੀਤਾ ਹੋਇਆ ਆਗੂ ਹੈ।

## ਬਾਦਲ ਪਰਿਵਾਰ ਦੇ ਕਰੀਬੀ ਰਿਸ਼ਤੇਦਾਰ ਦਾ ਕਤਲ

**ਬਠਿੰਡਾ:** ਬਾਦਲ ਪਰਿਵਾਰ ਦੇ ਕਰੀਬੀ ਰਿਸ਼ਤੇਦਾਰ ਅਤੇ ਇਸ ਜ਼ਿਲ੍ਹੇ ਦੇ ਅੰਤਿਮ ਜਗੀਰਦਾਰ ਦਾ ਕੁਝ ਅਣਪਛਾਤੇ ਵਿਅਕਤੀਆਂ ਹਥੋਂ ਕਤਲ ਹੋਣ ਨਾਲ ਸਿਆਸੀ ਤੇ ਪ੍ਰਸ਼ਾਸਨਕ ਹਲਕੇ ਇਕ ਤਰ੍ਹਾਂ ਨਾਲ ਸੁੰਨ ਹੋ ਕੇ ਰਹਿ ਗਏ। ਥਾਣਾ ਤਲਵੰਡੀ ਸਾਬੋ ਦੀ ਪੁਲਿਸ ਨੇ ਕਤਲ ਅਤੇ ਅਸਲਾ ਲੁੱਟਣ ਦੇ ਦੋਸ਼ ਤਹਿਤ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਬੀਤੀ 13 ਨਵੰਬਰ ਦੀ ਰਾਤ ਕੁਝ ਅਣਪਛਾਤੇ ਵਿਅਕਤੀਆਂ ਨੇ ਪਿੰਡ ਜੀਵਨ ਸਿੰਘ ਵਾਲਾ ਦੇ ਸਾਬਕਾ ਸਰਪੰਚ ਨਰਿੰਦਰ ਸਿੰਘ ਨੂੰ ਉਸਦੀ ਹਵੇਲੀ ਵਿਖੇ ਹੀ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਮ੍ਰਿਤਕ ਨਰਿੰਦਰ ਸਿੰਘ ਜਿੱਥੇ ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ ਦੇ ਚਚੇਰੇ ਭਾਈ ਪਰਮਜੀਤ ਸਿੰਘ ਲਾਲੀ ਜੋ ਪਬਲਿਕ ਸਰਵਿਸਜ ਕਮਿਸ਼ਨ ਪੰਜਾਬ ਦੇ ਸਾਬਕਾ ਮੈਂਬਰ ਹਨ, ਦੀ ਸਕੀ ਮਾਸੀ ਦਾ ਪੁੱਤਰ ਸੀ, ਉਥੇ ਉਹ ਸ. ਬਾਦਲ ਦੇ ਓ ਐਸ ਡੀ ਸੁਖਦੀਪ ਸਿੰਘ ਸਿੱਧੂ ਭਾਈਕਾ ਦਾ ਵੀ ਨੇੜਲਾ ਰਿਸ਼ਤੇਦਾਰ ਸੀ।

ਉਹ ਇਸ ਜ਼ਿਲ੍ਹੇ ਦਾ ਅਜਿਹਾ ਅੰਤਿਮ ਜਗੀਰਦਾਰ ਸੀ, ਜੋ ਬਿਸਵੇਦਾਰੀ ਖ਼ਤਮ ਹੋਣ ਤੱਕ ਮੁਜਾਰਿਆਂ ਤੋਂ ਵਟਾਈ ਹਾਸਲ ਕਰਦਾ ਰਿਹਾ। ਉਸਦੇ ਤਿੰਨ ਪੁੱਤਰਾਂ ਵਿਚੋਂ ਇੱਕ ਹਵਾਈ ਫੌਜ ਦਾ ਪਾਇਲਟ, ਦੂਸਰਾ ਚੰਡੀਗੜ੍ਹ ਸਥਿਤ ਇੱਕ ਆਧੁਨਿਕ ਰੈਸਟੋਰੈਂਟ ਦਾ ਮਾਲਕ ਅਤੇ ਤੀਸਰਾ ਪਟਿਆਲਾ ਵਿਖੇ ਸਥਿਤ ਚੰਗੇ ਕਾਰੋਬਾਰ ਦਾ ਮਾਲਕ ਹੈ।

## ਰਾਜਦੀਪ ਗਿੱਲ ਤੇ ਤੇਜਾ ਸਿੰਘ ਮੁੜ ਪ੍ਰਧਾਨ ਤੇ ਸਕੱਤਰ ਜਨਰਲ ਚੁਣੇ

**ਚੰਡੀਗੜ੍ਹ:** ਪੰਜਾਬ ਬਾਸਕਟਬਾਲ ਐਸੋਸੀਏਸ਼ਨ ਦੀ ਜਨਰਲ ਹਾਊਸ ਮੀਟਿੰਗ ਦੌਰਾਨ ਮਹਾਰਾਜਾ ਰਣਜੀਤ ਸਿੰਘ ਪੰਜਾਬ ਪੁਲੀਸ ਅਕਾਡਮੀ ਦੇ ਡਾਇਰੈਕਟਰ ਜਨਰਲ-ਕਮ ਡਾਇਰੈਕਟਰ ਪ੍ਰਿੰਸੀਪਲ ਰਾਜਦੀਪ ਗਿੱਲ ਅਤੇ ਤੇਜਾ ਸਿੰਘ ਧਾਲੀਵਾਲ (ਲੁਧਿਆਣਾ) ਨੂੰ ਐਸੋਸੀਏਸ਼ਨ ਦਾ ਮੁੜ ਪ੍ਰਧਾਨ ਅਤੇ ਸਕੱਤਰ ਜਨਰਲ ਚੁਣਿਆ ਗਿਆ ਹੈ। ਇਸ ਮੌਕੇ ਅਰਜੁਨ ਐਵਾਰਡ ਤਾਰਾ ਸਿੰਘ ਅਤੇ ਹਜ਼ਾਰੀ ਲਾਲ ਨੇ ਮੀਟਿੰਗ 'ਚ ਪੰਜਾਬ ਓਲੰਪਿਕ ਐਸੋਸੀਏਸ਼ਨ ਅਤੇ ਪੰਜਾਬ ਸਟੇਟ ਸਪੋਰਟਸ ਕੌਂਸਲ ਦੇ ਆਬਜ਼ਰਵਰਾਂ ਵਜੋਂ ਹਿੱਸਾ ਲਿਆ।

## Matrimonials

ਚੰਡੀਗੜ੍ਹ ਦੀ ਜੰਮਪਲ, ਸੈਣੀ ਸਿੱਖ, 28 ਸਾਲ, 5'3", ਐਮ.ਏ. (ਸਾਇਕੌਲੋਜੀ), ਬੀ ਐਡ, ਯੂ.ਜੀ.ਸੀ. ਨੈਟ ਪਾਸ, ਅਲਾਇੰਸ ਫਰੌਂਸੇ ਤੋਂ ਫਰੈਂਚ ਭਾਸ਼ਾ ਦੀ ਉਚ ਡਿਗਰੀ ਦੇ 7 ਲੈਵਲ ਪਾਸ, ਯੂਨੀਵਰਸਿਟੀ ਕਾਲਜ ਲੈਕਚਰਰ, ਤਨਖਾਹ 30,000 ਰੁ, ਰੰਗ ਗੋਰਾ, ਸੋਹਣੇ ਨੈਣ ਨਕਸ਼, ਸੁਚੱਜੀ ਤੇ ਸੁਸ਼ੀਲ ਲੜਕੀ ਲਈ ਯੋਗ ਸਿੱਖ ਲੜਕੇ ਦੀ ਜ਼ਰੂਰਤ ਹੈ। ਪਿਤਾ ਕਾਲਜ ਲੈਕਚਰਰ, ਧੜਮੈਤ, ਮਾਂ ਔਜਲਾ। ਸੰਪਰਕ:ਮੋਬਾਇਲ-91-94171-32373, ਘਰ (ਸਿਰਫ ਐਤਵਾਰ):91-172-2703943

Ramgariah Sikh Family looking for suitable match for their son, performing residency (DPM). Girl should be well educated and belong to ramgariah family. Send photograph/biodata to angelhavok@aol.com

Sikh Parents seeking a Jatt Skih match for beautiful, U.S. Citizen daughter, Born and raised in India, Feb 1978, 5' 7", Licensed Vocational Nurse, California; working as LVN and studying for Regd Nursing Diploma. Family settled in United States. Looking for qualified match within U.S. someone with Student visa, H1B visa are also welcomed. Please send your info along with your most current photo to sunny@prolynks.com or call 408-661-7285

Parents seek suitable match for 27 years 5 feet 8.5 inches tall Jat Sikh Electrical Engineer boy and 25 years 5 feet 3 inches High school girl, US Citizen, family well settled in Ludhiana and US. Please contact jspludhiana1@gmail.com or (510)715-9045

**ਆਦਿ ਧਰਮੀ, 34 ਸਾਲ, 5' 7", ਵੈਸ਼ਨੂੰ, ਵਰਕ ਪਰਮਿਟ 'ਤੇ ਰਹਿ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ। ਸੰਪਰਕ ਕਰੋ:ਫੋਨ 916-730-8029**

Uncle seeks match for nephew 22, 5'11" jatt sikh handsome boy diploma in culinary arts & B.sc in hotel mgt., working in Chandigarh, looking for well educated, beautiful girl preferablly from USA citizen or green card holder call:301-653-7029, e-mail:balbirgoraya@yahoo.com

Medico Jat Sikh match for, 27, 5'0'/smart girl doing DDS in USA. Respond with place and time of birth. contact:219-878-1008 e-mail:sur_malhi@yahoo.co.in







**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
Mandeep Mann
661-889-1927

**Honorary Directors Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹੈਡਲੀ ਦੀ ਗ੍ਰਿਫਤਾਰੀ ਨੇ ਏਜੰਸੀਆਂ ਦੀ ਕਮਜ਼ੋਰੀ ਕੀਤੀ ਜੱਗ ਜ਼ਾਹਰ

ਕਿ ਰਾਸ਼ਟਰੀ ਜਾਂਚ ਏਜੰਸੀ ਨੇ ਡੇਵਿਡ ਹੈਡਲੀ ਅਤੇ ਉਸਦੇ ਸਾਥੀ ਤਹੱਵੁਰ ਹੁਸੈਨ ਰਾਣਾ ਵਿਰੁਧ ਮੁੰਬਈ ਹਮਲਿਆਂ ਦੇ ਸਿਲਸਿਲੇ ਵਿਚ ਕੇਸ ਦਰਜ ਕਰ ਲਿਆ ਹੈ ਅਤੇ ਅਗਲੀ ਜਾਂਚ ਵੀ ਇਹੋ ਏਜੰਸੀ ਕਰੇਗੀ। ਗ੍ਰਹਿ ਮੰਤਰੀ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਹੈ ਕਿ ਹੈਡਲੀ ਨੇ 2006 ਤੋਂ 2009 ਤਕ ਭਾਰਤ ਦੇ 5 ਸ਼ਹਿਰਾਂ ਵਿਚ ਘੁੰਮ ਕੇ ਆਪਣੀਆਂ ਸਰਗਰਮੀਆਂ ਚਲਾਈਆਂ। ਮੁੰਬਈ, ਅਹਿਮਦਾਬਾਦ, ਲਖਨਊ, ਆਗਰਾ ਤੇ ਦਿੱਲੀ ਵਿਚ ਹੈਡਲੀ ਦੇ ਘੁੰਮੇ ਹੋਣ ਦੀਆਂ ਰਿਪੋਰਟਾਂ ਮਿਲਣ ਪਿਛੋਂ ਉਤਰ ਪ੍ਰਦੇਸ਼ ਸਰਕਾਰ ਚੌਕੰਨੀ ਹੋ ਗਈ ਹੈ ਅਤੇ ਇਸ ਮਾਮਲੇ ਦੀ ਜਾਂਚ ਉਤਰ ਪ੍ਰਦੇਸ਼ ਏ ਟੀ ਐਸ ਨੂੰ ਸੌਂਪੀ ਗਈ ਹੈ।

ਗੁਜਰਾਤ ਪੁਲਿਸ ਵੀ ਹੈਡਲੀ ਦੀ ਗੁਜਰਾਤ ਫੇਰੀ ਬਾਰੇ ਘੋਖ ਪੜਤਾਲ ਕਰ ਰਹੀ ਹੈ। ਕੌਮੀ ਜਾਂਚ ਏਜੰਸੀ ਵਲੋਂ ਪ੍ਰਾਪਤ ਕੀਤੇ ਵੇਰਵਿਆਂ ਅਨੁਸਾਰ ਹੈਡਲੀ ਨੇ ਆਪਣੇ ਭਾਰਤ ਦੌਰਿਆਂ ਦੌਰਾਨ ਕੁਲ ਮਿਲਾ ਕੇ 1 ਸਾਲ ਦਾ ਸਮਾਂ ਭਾਰਤ 'ਚ ਗੁਜਾਰਿਆ। ਅਧਿਕਾਰੀਆਂ ਨੇ ਉਸ ਵਲੋਂ ਪਾਕਿਸਤਾਨ ਸਮੇਤ ਕੁਝ ਦੂਜੇ ਰਾਜਾਂ ਨੂੰ ਕੀਤੀਆਂ ਟੈਲੀਫੋਨ ਕਾਲਾਂ ਦਾ ਵੇਰਵਾ ਵੀ ਹਾਸਲ ਕਰ ਲਿਆ ਹੈ। ਕੇਂਦਰੀ ਸੁਰਖਿਆ ਏਜੰਸੀਆਂ ਵਲੋਂ ਹੈਡਲੀ ਦੇ ਅਤਿਵਾਦੀ ਜਥੇਬੰਦੀ ਇੰਡੀਅਨ ਮੁਜਾਹਦੀਨ ਨਾਲ ਸੰਬੰਧਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ, ਜਿਸ ਵਲੋਂ ਰਾਜਸਥਾਨ ਅਤੇ ਦਿੱਲੀ ਸਮੇਤ ਸਾਰੇ ਦੇਸ਼ 'ਚ ਬੰਬ ਧਮਾਕੇ ਕੀਤੇ ਗਏ ਸਨ, ਜਿਨ੍ਹਾਂ 'ਚ 170 ਤੋਂ ਵਧ ਵਿਅਕਤੀ ਮਾਰੇ ਗਏ ਸਨ।

ਐਫ.ਬੀ.ਆਈ. ਵਲੋਂ ਭਾਰਤ 'ਚ ਅਤਿਵਾਦੀ ਹਮਲਿਆਂ ਦੀ ਸਾਜ਼ਿਸ਼ ਦਾ ਖੁਲਾਸਾ ਕੀਤੇ ਜਾਣ ਮਗਰੋਂ ਅਮਰੀਕਾ ਸਥਿਤ ਭਾਰਤੀ ਦੂਤਘਰਾਂ ਨੇ ਪਾਕਿਸਤਾਨ 'ਚ ਜਨਮੇ ਜਾਂ ਪਾਕਿਸਤਾਨੀ ਮੂਲ ਦੇ ਅਮਰੀਕੀ ਸ਼ਹਿਰੀਆਂ ਲਈ ਵੀਜ਼ਾ ਨਿਯਮਾਂ ਨੂੰ ਸਖਤ ਕਰਦਿਆਂ ਹੁਣ ਅਜਿਹੇ




*ਸ਼ਿਕਾਗੋ ਦੇ ਦੀਵਾਨ ਐਵਨਿਓ 'ਤੇ ਰਾਣੇ ਦਾ ਸਟੋਰ*

ਲੋਕਾਂ ਦੀਆਂ ਵੀਜ਼ਾਂ ਅਰਜ਼ੀਆਂ ਬਾਰੇ ਫੈਸਲਾ ਅਮਰੀਕੀ ਦੂਤਘਰ ਦੀ ਬਜਾਏ ਨਵੀਂ ਦਿੱਲੀ 'ਚ ਕਰਨਾ ਤੈਅ ਕੀਤਾ ਹੈ। ਜ਼ਿਕਰਯੋਗ ਹੈ ਕਿ ਭਾਰਤ ਤੇ ਅਮਰੀਕਾ ਵਿਚਕਾਰ ਚੰਗੇ ਸੰਬੰਧਾਂ ਦੇ ਚੱਲਦਿਆਂ ਅਮਰੀਕੀ ਸ਼ਹਿਰੀਆਂ ਨੂੰ ਭਾਰਤੀ ਵੀਜ਼ਾ ਹਾਸਲ ਕਰਨ 'ਚ ਕਦੇ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ।

ਹੈਡਲੀ ਵਲੋਂ ਤਿਆਰ ਅਤਿਵਾਦੀ ਹਮਲਿਆਂ ਦੀ ਸਾਜ਼ਿਸ਼ ਦਾ ਖੁਲਾਸਾ ਕਰਦਿਆਂ ਐਫ.ਬੀ.ਆਈ. ਨੇ ਕਿਹਾ ਕਿ ਨੈਸ਼ਨਲ ਡਿਫੈਂਸ ਅਕਾਦਮੀ ਦਿੱਲੀ, ਦੇਹਰਾਦੂਨ ਦਾ ਪ੍ਰਸਿੱਧ ਦੂਨ ਸਕੂਲ ਅਤੇ ਮਸੂਰੀ ਦਾ ਵੁੱਡਸਟਾਕ ਲਸ਼ਕਰ-ਏ-ਤਾਇਬਾ ਦੇ ਨਿਸ਼ਾਨੇ 'ਤੇ ਹਨ। ਇਸ ਸਾਜ਼ਿਸ਼ ਨੂੰ ਗੰਭੀਰਤਾ ਨਾਲ ਲੈਂਦਿਆਂ ਭਾਰਤ ਸਰਕਾਰ ਨੇ ਵੀਜ਼ਾ ਅਰਜ਼ੀਆਂ 'ਤੇ ਫੈਸਲੇ ਦਾ ਅਧਿਕਾਰ ਆਪਣੇ ਹੱਥ 'ਚ ਲੈ ਲਿਆ ਹੈ।

ਭਾਰਤੀ ਜਾਂਚ ਅਧਿਕਾਰੀਆਂ ਨੂੰ ਹੈਡਲੀ ਕੋਲੋਂ ਪੁੱਛਗਿੱਛ ਲਈ ਇਜਾਜ਼ਤ ਨਾ ਦਿੱਤੇ ਜਾਣ ਸਬੰਧੀ ਛਪੀਆਂ ਖਬਰਾਂ ਨੂੰ ਰੱਦ ਕਰਦਿਆਂ ਗ੍ਰਹਿ ਮੰਤਰੀ ਨੇ ਕਿਹਾ ਕਿ ਭਾਰਤੀ ਟੀਮ ਸ਼ਿਕਾਗੋ ਵਿਚ ਹੈਡਲੀ ਕੋਲੋਂ ਪੁੱਛਗਿੱਛ ਲਈ ਨਹੀਂ ਸਗੋਂ ਸੁਰਖਿਆ ਨਾਲ ਸੰਬੰਧਤ ਦੂਜੇ ਮਾਮਲਿਆਂ ਬਾਰੇ ਗੱਲਬਾਤ ਲਈ ਵਾਸ਼ਿੰਗਟਨ ਗਈ ਸੀ। ਉਨ੍ਹਾਂ ਕਿਹਾ ਕਿ ਐਫ.ਬੀ.ਆਈ. ਦੇ ਮੁਖੀ ਦੀ ਅਗਵਾਈ ਹੇਠ ਇਕ ਟੀਮ ਆਉਂਦੇ ਦਿਨੀਂ ਭਾਰਤ ਆ ਰਹੀ ਹੈ। ਇਹ ਟੀਮ ਹੈਡਲੀ ਦੇ ਅਤਿਵਾਦੀ ਨੈਟਵਰਕ ਦੇ ਭਾਰਤੀ ਹਿੱਸੇ ਬਾਰੇ ਜਾਣਕਾਰੀ ਦੇਵੇਗੀ। ਸ੍ਰੀ ਚਿਦੰਬਰਮ ਨੇ ਹੈਡਲੀ ਕੇਸ ਦੀ ਜਾਂਚ ਪੜਤਾਲ ਬਾਰੇ ਮੀਡੀਆ ਨਾਲ ਕੁਝ ਵੀ ਸਾਂਝਾ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਸ ਕੇਸ ਦੀ ਜਾਂਚ ਕੋਈ ਕ੍ਰਿਕਟ ਮੈਚ ਨਹੀਂ ਜਿਸ ਦੀ ਪਲ ਪਲ ਦੀ ਜਾਣਕਾਰੀ ਦਿੱਤੀ ਜਾਵੇ। ਗ੍ਰਹਿ ਮੰਤਰੀ ਦੇ ਇਸ ਤਰਕ 'ਚ ਵਜਨ ਵੀ ਹੈ। ਸੁਰਖਿਆ ਨਾਲ ਸਬੰਧਤ ਮਾਮਲੇ ਮੀਡੀਆ 'ਚ ਨਸ਼ਰ ਕੀਤੇ ਜਾਣ ਇਹ ਕੋਈ ਜਰੂਰੀ ਨਹੀਂ।

ਕੇਂਦਰੀ ਗ੍ਰਹਿ ਸਕੱਤਰ ਜੀ.ਕੇ. ਪਿੱਲਈ ਨੇ ਕਿਹਾ ਕਿ ਹੈਡਲੀ ਅਤੇ ਰਾਣਾ ਦੇ ਦੌਰਿਆਂ ਦੀ ਜਾਂਚ ਨੂੰ ਚਾਰ ਤੋਂ ਛੇ ਹਫਤੇ ਲੱਗਣਗੇ ਅਤੇ ਜਾਂਚ ਪੂਰੀ ਹੋਣ 'ਤੇ ਸਾਨੂੰ ਹੈਡਲੀ ਨਾਲ ਜੁੜੀਆਂ ਸਾਰੀਆਂ ਕੜੀਆਂ ਸਾਹਮਣੇ ਆ ਜਾਣਗੀਆਂ। ਹੈਡਲੀ ਅਤੇ ਰਾਣਾ ਦੇ ਕੇਰਲਾ ਦੌਰੇ ਦੀ ਪੁਸ਼ਟੀ ਕਰਦੇ ਹੋਏ ਸ੍ਰੀ ਪਿੱਲਈ ਨੇ ਦੱਸਿਆ ਕਿ ਇਸ ਦੌਰਾਨ ਉਸਨੇ ਰਾਜ ਦੇ ਕੋਚੀ ਸ਼ਹਿਰ 'ਚ ਕੀ ਕੀਤਾ, ਇਸ ਦੀ ਜਾਂਚ ਜਾਰੀ ਹੈ ਅਤੇ ਕੌਮੀ ਜਾਂਚ ਏਜੰਸੀ ਦੀ ਟੀਮ ਬਹੁਤ ਜਲਦੀ ਜਾਂਚ ਲਈ ਕੇਰਲਾ ਜਾਵੇਗੀ। ਸ੍ਰੀ ਪਿੱਲਈ ਨੇ ਸਪਸ਼ੱਟ ਕਰ ਦਿੱਤਾ ਕਿ ਦੇਸ਼ 'ਚ ਅਤਿਵਾਦੀ ਹਮਲੇ ਦੀ ਸਾਜ਼ਿਸ਼ ਰਚਣ ਵਾਲੇ ਹੈਡਲੀ ਅਤੇ ਕੈਨੇਡਾ ਦੇ ਨਾਗਰਿਕ ਤਹੱਵੁਰ ਹੁਸੈਨ ਰਾਣਾ ਦੇ ਮਾਮਲੇ 'ਚ ਰਾਹੁਲ ਭੱਟ ਸਮੇਤ ਕਿਸੇ ਨੂੰ ਵੀ ਕਲੀਨ ਚਿੱਟ ਨਹੀਂ ਦਿੱਤੀ ਗਈ। ਲੋੜ ਪੈਣ 'ਤੇ ਸੁਰੱਖਿਆ ਏਜੰਸੀਆਂ ਫਿਲਮ ਨਿਰਦੇਸ਼ਕ ਮਹੇਸ਼ ਭੱਟ ਦੇ ਬੇਟੇ ਰਾਹੁਲ ਭੱਟ ਸਮੇਤ ਕਿਸੇ ਤੋਂ ਵੀ ਪੁੱਛਗਿੱਛ ਕਰ ਸਕਦੀ ਹੈ ਕਿਉਂਕਿ ਮੁੰਬਈ ਰਹਿੰਦੇ ਸਮੇਂ ਹੈਡਲੀ ਦੀ ਰਾਹੁਲ ਨਾਲ ਜਾਣ ਪਛਾਣ ਹੋਈ ਸੀ।

ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਹੈਡਲੀ ਤੇ ਰਾਣਾ ਦੀ ਸਾਜ਼ਿਸ਼ ਸਾਹਮਣੇ ਆਉਣ 'ਤੇ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਮਰੀਕਾ ਨਾਲ ਸਪੱਸ਼ਟ ਤੌਰ 'ਤੇ ਗੱਲ ਕਰੇ ਅਤੇ ਹੈਡਲੀ ਤੇ ਰਾਣਾ ਦੀ ਹਵਾਲਗੀ ਲਈ ਬਕਾਇਦਾ ਮੰਗ ਲਈ ਜ਼ਮੀਨ ਤਿਆਰ ਕਰੇ। ਭਾਰਤ ਵਲੋਂ ਅਮਰੀਕਾ ਨੂੰ ਇਹ ਅਹਿਸਾਸ ਕਰਾਏ ਜਾਣ ਦੀ ਜ਼ਰੂਰਤ ਹੈ ਕਿ ਕੌਮਾਂਤਰੀ ਅਤਿਵਾਦ ਦੇ ਖਾਤਮੇ ਲਈ ਸਭ ਨੂੰ ਸੁਹਿਰਦ ਹੋ ਕੇ ਇਕ ਦੂਜੇ ਦਾ ਸਾਥ ਦੇਣ ਦੀ ਲੋੜ ਹੈ। ਸਿਰਫ ਅਤਿਵਾਦ ਦੇ ਖਾਤਮੇ ਲਈ ਪ੍ਰਤੀਬੱਧਤਾ ਦਾ ਰਾਗ ਅਲਾਪਣ ਨਾਲ ਇਸ ਦਾ ਹੱਲ ਨਹੀਂ ਹੋ ਸਕਦਾ।

# ਸਰੀ ਗੁਰਦੁਆਰਾ ਚੋਣਾਂ 'ਚ ਕੈਨੇਡੀਅਨ ਸਿੱਖ ਨੌਜਵਾਨਾਂ ਦੀ ਜਿੱਤ

**ਸਰੀ :**ਕੈਨੇਡਾ ਦੀ ਸਭ ਤੋਂ ਸੰਘਣੀ ਸਿੱਖ ਵਸੋਂ ਵਾਲੇ ਸ਼ਹਿਰ ਸਰੀ ਦੇ ਪਹਿਲੇ ਗੁਰਦੁਆਰੇ 'ਗੁਰੂ ਨਾਨਕ ਸਿੱਖ ਟੈਂਪਲ' ਦੀਆਂ ਚੋਣਾਂ ਵਿਚ ਕੈਨੇਡੀਅਨ ਸਿੱਖ ਨੌਜਵਾਨਾਂ ਨੇ ਸ਼ਾਨਦਾਰ ਜਿੱਤ ਹਾਸਲ ਕਰਕੇ ਸਿੱਖ ਸੰਸਥਾਵਾਂ ਦਾ ਪ੍ਰਬੰਧ ਨੌਜਵਾਨਾਂ ਹੱਥ ਸੌਂਪਣ ਦਾ ਬਿਗਲ ਵਜਾਇਆ ਹੈ। ਸਰੀ 'ਚ ਭਾਰੀ ਬਾਰਿਸ਼ ਦੇ ਬਾਵਜੂਦ ਪ੍ਰਿੰਸਜ ਮਾਰਗਰੇਟ ਸੈਕੰਡਰੀ ਸਕੂਲ 'ਚ ਪਈਆਂ ਵੋਟਾਂ 'ਚ ਨੌਜਵਾਨਾਂ ਨੇ ਵਿਰੋਧੀ ਧੜੇ ਦੇ ਸਾਂਝੇ ਫਰੰਟ ਨੂੰ 6,000 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾ ਦਿੱਤਾ ਹੈ। ਜਾਣਕਾਰੀ ਅਨੁਸਾਰ 32000 ਰਜਿਸਟਰਡ ਵੋਟਰਾਂ ਵਿਚੋਂ ਲਗਭਗ 18,900 ਤੋਂ ਵਧ ਵੋਟਰਾਂ ਨੇ ਚੋਣਾਂ 'ਚ ਹਿੱਸਾ ਲਿਆ। ਨਤੀਜਿਆਂ ਅਨੁਸਾਰ ਕੈਨੇਡੀਅਨ ਜੰਮਪਲ ਤੇ ਪਿਛੋਕੜ ਵਜੋਂ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸੰਬੰਧਿਤ ਗੜ੍ਹਦੀਵਾਲ ਨੇੜੇ ਪੈਂਦੇ ਪਿੰਡ ਗੋਂਦਪੁਰ ਦੇ ਨੌਜਵਾਨ ਬਿਕਰਮਜੀਤ ਸਿੰਘ ਸੰਧਰ ਦੀ ਸਲੇਟ ਨੇ 13,000 ਤੋਂ ਵਧ ਵੋਟਾਂ ਹਾਸਲ ਕੀਤੀਆਂ, ਜਦਕਿ ਉੱਘੇ ਕਬੱਡੀ ਖਿਡਾਰੀ ਤੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਭਰੋਵਾਲ ਦੇ ਹਰਜਿੰਦਰ ਸਿੰਘ ਚੀਮਾ ਉਰਫ 'ਠਾਣਾ' ਦੇ ਧੜੇ ਨੂੰ ਸਿਰਫ 6000 ਵੋਟਾਂ ਮਿਲੀਆਂ।

ਸ. ਚੀਮਾ ਨੂੰ ਮੌਜੂਦਾ ਕਾਬਜ਼ ਧੜੇ ਦੇ ਆਗੂ ਬਲਵੰਤ ਸਿੰਘ ਗਿੱਲ ਤੇ ਸਾਧੂ ਸਿੰਘ ਸਮਰਾ ਦਾ ਪੂਰਨ ਸਮਰਥਨ ਹੋਣ ਦੇ ਬਾਵਜੂਦ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ। ਸੰਨ 2008 ਵਿਚ ਗੁਰੂ ਨਾਨਕ ਸਿੱਖ ਗੁਰਦੁਆਰੇ ਦੀਆਂ ਚੋਣਾਂ 'ਚ ਗਿੱਲ ਤੇ ਸਮਰਾ ਧੜਾ ਇਕ-ਦੂਜੇ ਖਿਲਾਫ ਚੋਣਾਂ ਲੜੇ ਸਨ ਤੇ ਕੈਨੇਡੀਅਨ ਸਿੱਖ ਯੂਥ ਵਲੋਂ ਅਮਰਦੀਪ ਸਿੰਘ ਦਿਉਲ ਦੀ ਸਲੇਟ ਨੇ ਦੋਹਾਂ ਧੜਿਆਂ ਨੂੰ ਇਕ ਹਜ਼ਾਰ ਤੋਂ ਵਧ ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਪ੍ਰੰਤੂ ਨਾਮਜ਼ਦਗੀ ਪੱਤਰਾਂ 'ਚ ਖਾਮੀਆਂ ਕਾਰਨ ਕੈਨੇਡੀਅਨ ਸਿੱਖ ਨੌਜਵਾਨਾਂ ਨੂੰ ਕਾਬਜ਼ ਧੜੇ ਨੇ ਕਾਨੂੰਨੀ ਦਾਅ-ਪੇਚਾਂ ਰਾਹੀਂ ਮਾਤ ਦੇ ਦਿੱਤੀ ਸੀ। ਇਸ ਵਾਰ ਗਿੱਲ ਤੇ ਸਮਰਾ ਧੜਿਆਂ ਵਲੋਂ ਮੌਕਾ ਸੰਭਾਲਦਿਆਂ ਇਕੱਠੇ ਹੋ ਕੇ ਕੈਨੇਡੀਅਨ ਸਿੱਖ ਨੌਜਵਾਨਾਂ ਖਿਲਾਫ 'ਕਰੋ ਜਾਂ ਮਰੋ' ਦੀ ਨੀਤੀ ਅਧੀਨ ਚੋਣ ਲੜੀ ਗਈ ਸੀ, ਪ੍ਰੰਤੂ ਸਿੱਖ ਯੂਥ ਦੇ ਪੰਜ ਨੁਕਾਤੀ ਚੋਣ ਮੈਨੀਫੈਸਟੋ ਨੂੰ ਹਜ਼ਾਰਾਂ ਸਿੱਖਾਂ ਵਲੋਂ ਬੇਮਿਸਾਲ ਹੁੰਗਾਰਾ ਮਿਲਿਆ ਹੈ। ਸਰੀ ਗੁਰਦੁਆਰਾ ਸਾਹਿਬ ਦੇ ਚੋਣ ਨਤੀਜਿਆਂ ਨਾਲ ਬ੍ਰਿਟਿਸ਼ ਕੋਲੰਬੀਆ ਦੇ ਸਿੱਖਾਂ 'ਚ ਲੰਗਰ ਦੇ ਹੁਕਮਨਾਮੇ ਨੂੰ ਲੈ ਕੇ ਦਸ ਸਾਲ ਤੱਕ ਚੱਲਿਆ ਡੂੰਘਾ ਵਿਵਾਦ ਵੀ ਖਤਮ ਹੋ ਗਿਆ ਹੈ। ਵੋਟਾਂ 'ਚ ਨਵੀਨਵਾਦੀ ਧੜੇ ਵਲੋਂ ਦਿੱਤੇ ਨਾਅਰੇ ਕਿ ਗੁਰਦੁਆਰਾ ਲੰਗਰ ਹਾਲ 'ਚ ਸਿਰਫ ਕੁਰਸੀਆਂ ਮੇਜ਼ਾਂ 'ਤੇ ਹੀ ਲੰਗਰ ਛਕਣ ਦੀ 'ਮਰਯਾਦਾ' ਹੋਵੇਗੀ, ਨੂੰ ਵੀ ਵੋਟਰਾਂ ਨੇ ਨਕਾਰ ਦਿੱਤਾ ਹੈ। ਦੂਸਰੇ ਪਾਸੇ ਕੈਨੇਡੀਅਨ ਸਿੱਖ ਨੌਜਵਾਨਾਂ ਵਲੋਂ ਕਿਹਾ ਗਿਆ ਸੀ ਕਿ ਲੰਗਰ ਵਿਚ ਸਿਰਫ ਭੁੰਜੇ ਬੈਠ ਕੇ ਲੰਗਰ ਛਕਣ ਦਾ ਪ੍ਰਬੰਧ ਹੋਵੇਗਾ। ਲੋੜਵੰਦ ਵਿਅਕਤੀਆਂ ਤੇ ਬਜ਼ੁਰਗਾਂ ਆਦਿ ਲਈ ਹੀ ਲੰਗਰ ਹਾਲ 'ਚ ਕੁਰਸੀਆਂ ਮੇਜ਼ਾਂ ਦਾ ਪ੍ਰਬੰਧ ਹੋਵੇਗਾ। ਹਰ ਵਰਗ ਦੇ ਵੋਟਰਾਂ ਵਲੋਂ ਇਸ ਨੂੰ ਸਵੀਕਾਰਦਿਆਂ ਵੋਟ ਪਾਈ ਗਈ ਹੈ। ਿ

ਚੋਣ ਨਤੀਜਿਆਂ ਅਨੁਸਾਰ ਜਿੱਤ ਦਾ ਐਲਾਨ ਹੋਣ ਮਗਰੋਂ ਬਿਕਰਮਜੀਤ ਸਿੰਘ ਸੰਧਰ ਨੇ ਸੰਗਤਾਂ ਤੇ ਸਾਰੇ ਵਲੰਟੀਅਰਾਂ ਦਾ ਧੰਨਵਾਦ ਕਰਦਿਆਂ ਭਰੋਸਾ ਦੁਆਇਆ ਕਿ ਉਹ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ, ਇਸਤਰੀਆਂ ਪ੍ਰਤੀ ਹਿੰਸਕ ਵਰਤਾਰੇ ਨੂੰ ਖਤਮ ਕਰਨ, ਬਜ਼ੁਰਗਾਂ ਲਈ ਸਤਿਕਾਰ ਤੇ ਭਾਈਚਾਰਕ ਏਕਤਾ ਤੇ ਸਿੱਖੀ ਪ੍ਰਚਾਰ ਨੂੰ ਸਮਰਪਿਤ ਹੋਣਗੇ। ਵੈਨਕੂਵਰ ਦੇ ਉੱਘੇ ਸਿੱਖ ਸਾਇੰਸਦਾਨ ਡਾ. ਗਿਆਨ ਸਿੰਘ ਸੰਘਾ ਨੇ ਸਿੱਖ ਨੌਜਵਾਨਾਂ ਦੀ ਜਿੱਤ ਨੂੰ ਨਵੇਂ ਅਰਥਾਂ 'ਚ ਲੈਂਦਿਆਂ ਕਿਹਾ ਕਿ ਕੈਨੇਡਾ ਹੀ ਨਹੀਂ, ਸਗੋਂ ਸ਼੍ਰੋਮਣੀ ਕਮੇਟੀ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਫੈਲੀਆਂ ਸਿੱਖ ਸੰਸਥਾਵਾਂ ਨੂੰ ਕਈ-ਕਈ ਵਰ੍ਹਿਆਂ ਤੋਂ ਕਾਬਜ਼ ਪੁਰਾਣੀ ਤੇ ਸਮਾਂ ਵਿਹਾ ਚੁੱਕੀ ਲੀਡਰਸ਼ਿਪ ਨੂੰ ਬਦਲ ਕੇ ਪ੍ਰਬੰਧ 'ਗੁਰਸਿੱਖ ਨੌਜਵਾਨ ਪੀੜ੍ਹੀ' ਨੂੰ ਸੌਂਪ ਦੇਣਾ ਚਾਹੀਦਾ ਹੈ।

ਕੈਨੇਡੀਅਨ ਸਿੱਖ ਨੌਜਵਾਨਾਂ ਦੀ ਸ਼ਾਨਦਾਰ ਕਾਮਯਾਬੀ ਤੋਂ ਬਾਅਦ ਬਿਕਰਮਜੀਤ ਸਿੰਘ ਸੰਧਰ ਪ੍ਰਧਾਨ, ਕਰਨੈਲ ਸਿੰਘ ਰਾਏ ਸੀਨੀਅਰ ਉਪ ਪ੍ਰਧਾਨ, ਸੁਖਨਿੰਦਰ ਸਿੰਘ ਸੰਘਾ ਉਪ ਪ੍ਰਧਾਨ, ਜਤਿੰਦਰ ਸਿੰਘ ਚੌਹਾਨ ਜਨਰਲ ਸਕੱਤਰ, ਰਜਿੰਦਰ ਸਿੰਘ ਧਾਲੀਵਾਲ ਖਜ਼ਾਨਚੀ, ਬਲਕਾਰ ਸਿੰਘ ਗਿੱਲ ਸਕੱਤਰ, ਸੁਖਜੀਤ ਸਿੰਘ ਧਾਲੀਵਾਲ ਸੀਨੀਅਰ ਸਹਾਇਕ ਖਜ਼ਾਨਚੀ, ਸੁਖਮਿੰਦਰ ਸਿੰਘ ਵਿਰਕ ਸਹਾਇਕ ਸਕੱਤਰ, ਬਲਜੀਤ ਸਿੰਘ ਨੈਨ ਸਹਾਇਕ ਖਜ਼ਾਨਚੀ ਅਤੇ ਗੁਰਦੀਪ ਸਿੰਘ ਕੰਦੋਲਾ ਰਿਕਾਰਡ ਸਕੱਤਰ ਚੁਣੇ ਗਏ ਹਨ।

ਨਵੇਂ ਚੁਣੇ ਗਏ ਮੈਂਬਰਾਂ 'ਚ ਕੈਨੇਡੀਅਨ ਜੰਮਪਲ ਸਿੱਖ ਨੌਜਵਾਨ ਰਣਜੀਤ ਸਿੰਘ ਸੈਂਭੀ, ਗੁਰਸਿਮਰਨ ਕੌਰ, ਨਵਪ੍ਰੀਤ ਕੌਰ ਛੀਨਾ, ਰੁਪਿੰਦਰ ਕੌਰ ਢਿੱਲੋਂ, ਸਤਵਿੰਦਰ ਸਿੰਘ ਸੇਖੋਂ ਜਸਵੀਰ ਸਿੰਘ ਚੱਠਾ, ਰਣਜੀਤ ਸਿੰਘ ਮੰਡ ਅਤੇ ਦਵਿੰਦਰ ਸਿੰਘ ਕੁਲਾਰ ਸ਼ਾਮਿਲ ਹਨ। ਸਰੀ ਗੁਰਦੁਆਰਾ ਚੋਣਾਂ 'ਚ ਹਾਰਨ ਵਾਲਿਆਂ ਵਿਚ ਹਰਜਿੰਦਰ ਸਿੰਘ ਚੀਮਾ, ਸਾਧੂ ਸਿੰਘ ਸਮਰਾ, ਸ਼ਮਸ਼ੇਰ ਸਿੰਘ ਉੱਪਲ, ਸੁਰਜੀਤ ਸਿੰਘ ਸ਼ੋਕਰ, ਕਿਰਪਾਲ ਸਿੰਘ ਜੌਹਲ, ਸ਼ਲਿੰਦਰ ਸਿੰਘ ਬਾਸੀ, ਪਰਮਜੀਤ ਸਿੰਘ ਦੂਲੇ, ਗੁਰਪਾਲ ਸਿੰਘ ਸਮਰਾ, ਪਰਸ਼ਨ ਸਿੰਘ ਧਾਲੀਵਾਲ, ਸੁਖਦੇਵ ਸਿੰਘ ਬਰਾੜ, ਬਚਨ ਸਿੰਘ ਸ਼ੋਕਰ, ਨਿਰਮਲ ਸਿੰਘ ਚਾਹਲ, ਅਮਰਜੀਤ ਸਿੰਘ ਬਰਾੜ, ਨਛੱਤਰ ਸਿੰਘ ਧਾਲੀਵਾਲ, ਦਰਸ਼ਨ ਸਿੰਘ ਸੰਧੂ, ਸੁਰਿੰਦਰ ਸਿੰਘ ਤੱਖਰ, ਕੁਲਜੀਤ ਸਿੰਘ ਸੰਧੂ ਤੇ ਪ੍ਰੇਮ ਸਿੰਘ ਮਾਵੀ ਸ਼ਾਮਿਲ ਹਨ। ਨਵ-ਨਿਯੁਕਤ ਪ੍ਰਬੰਧਕ ਸੰਵਿਧਾਨਿਕ ਨਿਯਮਾਂ ਅਨੁਸਾਰ ਪਹਿਲੀ ਜਨਵਰੀ 2010 ਨੂੰ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ-ਡੈਲਟਾ ਦਾ ਪ੍ਰਬੰਧ ਸੰਭਾਲਣਗੇ।

## ਹੁਕਮਨਾਮੇ ਦੀ ਜਿੱਤ-ਭਾਈ ਰਣਜੀਤ ਸਿੰਘ



**ਅੰਮ੍ਰਿਤਸਰ :** ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਦੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਲਈ ਹੋਈਆਂ ਚੋਣਾਂ ਵਿਚ ਅੰਮ੍ਰਿਤਧਾਰੀ ਨੌਜਵਾਨਾਂ ਦੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਨੌਜਵਾਨਾਂ ਦੀ ਜਿੱਤ ਹੈ, ਜਿਹੜੇ ਇਸ ਦਿਨ ਨੂੰ ਸਬਰ-ਸੰਤੋਖ ਨਾਲ ਪਿਛਲੇ ਇਕ ਸਾਲ ਤੋਂ ਉਡੀਕ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਕੁਰਸੀਆਂ 'ਤੇ ਬਹਿ ਕੇ ਲੰਗਰ ਛਕਣ ਦੇ ਹਾਮੀਆਂ ਦੀ ਹਾਰ ਹੈ।

ਵਰਨਣਯੋਗ ਹੈ ਕਿ ਸਰੀ ਦਾ ਇਹ ਗੁਰਦੁਆਰਾ ਲੰਗਰ ਵਿਚ ਕੁਰਸੀਆਂ ਰੱਖੇ ਜਾਣ ਦੇ ਮਾਮਲੇ ਕਾਰਨ ਵਿਵਾਦਾਂ ਵਿਚ ਘਿਰਿਆ ਹੋਇਆ ਸੀ। ਕੁਰਸੀਆਂ 'ਤੇ ਬਹਿ ਕੇ ਲੰਗਰ ਨਾ ਛਕੇ ਜਾਣ ਬਾਰੇ ਭਾਈ ਰਣਜੀਤ ਸਿੰਘ ਵਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹੁੰਦਿਆਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਇਹ ਅਕਾਲ ਤਖਤ ਸਾਹਿਬ ਵਲੋਂ ਜਾਰੀ ਹੁਕਮਨਾਮੇ ਦੀ ਜਿੱਤ ਹੈ। ਇਸੇ ਦੌਰਾਨ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਜਿੱਤ ਲਈ ਖੁਸ਼ੀ ਪ੍ਰਗਟਾਈ ਅਤੇ ਵਧਾਈ ਦਿੱਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ੍ਰੀ ਮੁਖਤਿਆਰ ਸਿੰਘ ਹੈਪੀ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਜੰਜੂਆ ਦੀ ਗ੍ਰਿਫਤਾਰੀ ਨਾਲ ਪੰਜਾਬ ਦੇ ਆਈ.ਏ.ਐਸ. ਅਫਸਰ ਸਹਿਮੇ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਜਲੰਧਰ:** ਪੰਜਾਬ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਤੇ ਉਦਯੋਗ ਵਿਭਾਗ ਦੇ ਡਾਇਰੈਕਟਰ ਵੀ ਕੇ ਜੰਜੂਆ ਨੂੰ ਬੀਤੇ ਦਿਨੀਂ 2 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ।

ਵਿਜੀਲੈਂਸ ਵਿਭਾਗ ਨੇ ਸਨਅਤੀ ਸ਼ਹਿਰ ਲੁਧਿਆਣਾ ਦੇ ਇਕ ਸਨਅਤਕਾਰ ਟੀ ਆਰ ਮਿਸ਼ਰਾ ਦੀ ਸ਼ਿਕਾਇਤ ਦੇ ਅਧਾਰ 'ਤੇ ਇਹ ਕਾਰਵਾਈ ਅਮਲ 'ਚ ਲਿਆਂਦੀ ਹੈ। ਆਈ.ਏ.ਐਸ. ਵੀ ਕੇ ਜੰਜੂਆ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਸ੍ਰੀ ਮਿਸ਼ਰਾਂ ਨੂੰ ਸਰਕਾਰੀ ਜ਼ਮੀਨ ਦਾ ਪਲਾਟ ਅਲਾਟ ਕਰਨ ਬਦਲੇ 5 ਲੱਖ ਰੁਪਏ ਦੀ ਰਿਸ਼ਵਤ ਮੰਗੀ ਸੀ। ਫੜੇ ਜਾਣ ਵੇਲੇ ਉਸ ਵਲੋਂ ਸਨਅਤਕਾਰ ਤੋਂ ਪੇਸ਼ਗੀ ਵਜੋਂ 2 ਲੱਖ ਰੁਪਏ ਲਏ ਜਾ ਰਹੇ ਸਨ। ਵਿਜੀਲੈਂਸ ਬਿਊਰੋ ਦੀ ਟੀਮ ਨੇ ਜੰਜੂਆ ਨੂੰ ਚੰਡੀਗੜ੍ਹ ਦੇ ਸੈਕਟਰ 17 ਵਿਚਲੀ ਉਦਯੋਗ ਭਵਨ ਦੀ ਇਮਾਰਤ ਵਿਚੋਂ ਗ੍ਰਿਫਤਾਰ ਕੀਤਾ। ਗ੍ਰਿਫਤਾਰੀ ਤੋਂ ਮਗਰੋਂ ਸਾਰੇ ਦਫਤਰ ਨੂੰ ਸੀਲ ਕਰਕੇ ਸਾਰਾ ਰਿਕਾਰਡ ਕਬਜ਼ੇ ਵਿਚ ਲੈ ਲਿਆ ਗਿਆ ਹੈ। ਉਨ੍ਹਾਂ ਦੇ ਮੁਹਾਲੀ ਸਥਿਤ ਘਰ ਦੀ ਵੀ ਤਲਾਸ਼ੀ ਲਈ ਗਈ।

ਸੂਤਰਾਂ ਮੁਤਾਬਕ ਟੀ.ਆਰ.ਮਿਸ਼ਰਾ ਦੀ ਲੁਧਿਆਣਾ ਵਿਚ ਆਪਣੀ ਬਾਇਲਰ ਬਣਾਉਣ ਦੀ ਫੈਕਟਰੀ ਹੈ। ਉਸ ਫੈਕਟਰੀ ਦੇ ਨਾਲ ਪੰਜਾਬ ਸਰਕਾਰ ਦੀ ਜ਼ਮੀਨ ਲਗਦੀ ਹੈ। ਉਸ ਨੂੰ ਖਰੀਦਣ ਲਈ ਉਹ ਪਿਛਲੇ ਕਈ ਸਾਲਾਂ ਤੋਂ ਉੱਚ ਅਧਿਕਾਰੀਆਂ ਰਾਹੀਂ ਪਹੁੰਚ ਕਰ ਰਹੇ ਸਨ। ਉਦਯੋਗ ਵਿਭਾਗ ਦੇ ਅਧਿਕਾਰੀ ਜ਼ਮੀਨ ਅਲਾਟ ਕਰਨ ਸਬੰਧੀ ਟਾਲਮਟੋਲ ਦੀ ਨੀਤੀ ਆਪਣਾ ਰਹੇ ਸਨ। ਦੂਜੇ ਪਾਸੇ ਵਿਜੀਲੈਂਸ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜ਼ਮੀਨ ਅਲਾਟ ਕਰਨ ਲਈ ਉਦਯੋਗ ਵਿਭਾਗ ਦੇ ਡਾਇਰੈਕਟਰ ਨੇ ਕਥਿਤ ਤੌਰ ਤੇ 6 ਲੱਖ ਰੁਪਏ ਰਿਸ਼ਵਤ ਦੇ ਤੌਰ ਤੇ ਮੰਗੇ ਸਨ। ਪਰ ਇਹ ਸੌਦਾ 5 ਲੱਖ ਰੁਪਏ ਵਿਚ ਨਿੱਬੜ ਗਿਆ। ਸ੍ਰੀ ਮਿਸ਼ਰਾ ਨੇ ਉਦਯੋਗ ਭਵਨ ਪੁੱਜ ਕੇ ਦੋ ਲੱਖ ਰੁਪਏ ਸ੍ਰੀ ਵੀ ਕੇ ਜੰਜੂਆਂ ਨੂੰ ਦੇ ਦਿੱਤੇ। ਉਸ ਵਕਤ ਵਿਜੀਲੈਂਸ ਵਿਭਾਗ ਵਲੋਂ 2 ਲੱਖ ਰੁਪਏ ਲੈਂਦੇ ਹੋਏ ਉਨ੍ਹਾਂ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਗ੍ਰਿਫਤਾਰ ਕਰਨ ਤੋਂ ਬਾਅਦ ਉਸਨੂੰ ਵਿਜੀਲੈਂਸ ਵਿਭਾਗ ਦੇ ਸੈਕਟਰ 17 ਵਿਚ ਸਥਿਤ ਦਫਤਰ ਵਿਚ ਲਿਆਂਦਾ ਗਿਆ ਅਤੇ ਬਾਅਦ ਵਿਚ ਜੇਲ੍ਹ ਭੇਜ ਦਿੱਤਾ ਗਿਆ।

ਇਸ ਅਧਿਕਾਰੀ ਦੀ ਗ੍ਰਿਫਤਾਰੀ ਨਾਲ ਪ੍ਰਸ਼ਾਸਨਿਕ ਹਲਕਿਆਂ ਵਿਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਉਧਰ ਵਿਜੀਲੈਂਸ ਵਲੋਂ ਦੱਸਿਆ ਗਿਆ ਹੈ ਕਿ ਇਸ ਮਾਮਲੇ ਵਿਚ ਕਈ ਹੋਰ ਉਚ ਅਧਿਕਾਰੀਆਂ ਦੇ ਫਸਣ ਦੇ ਵੀ ਆਸਾਰ ਹਨ। ਪ੍ਰਮੁੱਖ ਸਕੱਤਰ (ਉਦਯੋਗ) ਐਸ ਐਸ ਚੰਨੀ ਦਾ ਕਹਿਣਾ ਹੈ ਸ੍ਰੀ ਜੰਜੂਆਂ ਨੂੰ ਕਿਉਂ ਗ੍ਰਿਫਤਾਰ ਕਰਕੇ ਲੈ ਗਏ ਹਨ, ਇਸ ਬਾਰੇ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ, 'ਮੈਂ ਆਪ ਮੁੱਖ ਸਕੱਤਰ ਨਾਲ ਗੱਲ ਕੀਤੀ ਹੈ ਪਰ ਉਹਨਾਂ ਨੇ ਇਸ ਗ੍ਰਿਫਤਾਰੀ ਬਾਰੇ ਆਪਣਾ ਪੱਲਾ ਝਾੜਿਆ ਹੈ।' ਦੂਜੇ ਪਾਸੇ ਵਿਜੀਲੈਂਸ ਵਿਭਾਗ ਨੇ ਮੋਹਾਲੀ ਸਥਿਤ ਅਦਾਲਤ ਵਿਚ ਸ੍ਰੀ ਜੰਜੂਆਂ ਨੂੰ ਪੇਸ਼ ਕਰਕੇ ਦੋ ਦਿਨ ਦਾ ਪੁਲਿਸ ਰਿਮਾਂਡ ਹਾਸਲ ਕਰ ਲਿਆ ਸੀ। ਜਦੋਂਕਿ ਵਿਜੀਲੈਂਸ ਵਿਭਾਗ 10ਦਿਨਾਂ ਪੁਲਿਸ ਰਿਮਾਂਡ ਦੀ ਮੰਗ ਕਰ ਰਹੀ ਸੀ।




ਇਸ ਦੌਰਾਨ ਵਿਜੇ ਕੁਮਾਰ ਜੰਜੂਆ ਦੀ ਪਤਨੀ ਅਤੇ ਆਈ ਆਰ ਐਸ ਅਧਿਕਾਰੀ ਸ੍ਰੀਮਤੀ ਜੰਜੂਆਂ ਨੇ ਚੰਡੀਗੜ੍ਹ ਵਿਚ ਪੰਜਾਬ ਦੇ ਮੁੱਖ ਸਕੱਤਰ ਨਾਲ ਮੁਲਾਕਾਤ ਕਰਕੇ ਉਹਨਾਂ ਨੂੰ ਮੈਮੋਰੰਡਮ ਦਿੱਤਾ, ਜਿਸ 'ਚ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਤੀ ਨੂੰ ਇਸ ਮਾਮਲੇ 'ਚ ਝੂਠਾ ਫਸਾਇਆ ਗਿਆ ਹੈ। ਸੌਂਪੇ ਯਾਦ ਪੱਤਰ ਵਿਚ ਉਨ੍ਹਾਂ ਕਿਹਾ ਕਿ ਸਨਅਤਕਾਰ ਟੀ.ਆਰ.ਮਿਸ਼ਰਾ ਨੇ ਤਕਰੀਬਨ ਦੋ ਮਹੀਨੇ ਪਹਿਲਾਂ ਸਰਕਾਰ ਨੂੰ ਉਨ੍ਹਾਂ ਦੇ ਪਤੀ ਵਿਰੁਧ ਹਲਫੀਆ ਬਿਆਨ ਦਿੱਤਾ ਸੀ। ਉਸ ਤੋਂ ਬਾਅਦ ਇਹ ਕਿਵੇਂ ਸੰਭਵ ਹੈ ਕਿ ਉਨ੍ਹਾਂ ਦੇ ਪਤੀ ਹਲਫੀਆ ਬਿਆਨ ਦੇਣ ਵਾਲੇ ਵਿਅਕਤੀ ਨਾਲ ਮਿਲ ਕੇ ਬੈਠਣਗੇ ਅਤੇ ਉਸ ਤੋਂ ਰਿਸ਼ਵਤ ਮੰਗਣਗੇ। ਸ੍ਰੀਮਤੀ ਜੰਜੂਆ ਨੇ ਲਿਖਿਆ ਹੈ ਕਿ ਮਿਸ਼ਰਾ ਜਦੋਂ ਉਨ੍ਹਾਂ ਦੇ ਦਫਤਰ ਵਿਚ ਆਏ ਸਨ ਤਾਂ ਕੁਝ ਸਮੇਂ ਲਈ ਸ੍ਰੀ ਜੰਜੂਆ ਦਫਤਰ ਵਿਚ ਬਣੇ ਬਾਥਰੂਮ ਵਿਚ ਗਏ ਸਨ, ਪਿੱਛੋਂ ਉਨ੍ਹਾਂ ਦੇ ਦਰਾਜ਼ ਵਿਚ ਕਿਸੇ ਨੇ ਇਹ ਪੈਸੇ ਰੱਖ ਦਿੱਤੇ। ਜਿਉਂ ਹੀ ਉਹਨਾਂ ਦੇ ਪਤੀ ਬਾਹਰ ਆਏ ਤਾਂ ਵਿਜੀਲੈਂਸ ਅਧਿਕਾਰੀਆਂ ਨੇ ਉਹਨਾਂ ਨੂੰ ਫੜ ਲਿਆ। ਵਿਦੇਸ਼ੀ ਕਰੰਸੀ ਬਰਾਮਦ ਹੋਣ ਬਾਰੇ ਸ੍ਰੀਮਤੀ ਜੰਜੂਆਂ ਨੇ ਸਪਸ਼ਟ ਕਰਦਿਆਂ ਕਿਹਾ ਕਿ ਸ੍ਰੀ ਵਿਜੇ ਜੰਜੂਆਂ ਪਿਛਲੇ ਸਮੇਂ ਦੌਰਾਨ ਸਰਕਾਰੀ ਦੌਰੇ 'ਤੇ ਵਿਦੇਸ਼ ਗਏ ਸਨ। ਇਸ ਲਈ ਕੁਝ ਵਿਦੇਸ਼ੀ ਕਰੰਸੀ ਬਚ ਗਈ ਸੀ। ਜੋ ਵਿਜੀਲੈਂਸ ਨੇ ਉਨ੍ਹਾਂ ਦੇ ਘਰੋਂ ਬਰਾਮਦ ਕੀਤੀ ਹੈ।

ਦੂਜੇ ਪਾਸੇ ਵਿਜੀਲੈਂਸ ਬਿਊਰੋ ਨੇ ਕਿਹਾ ਹੈ ਕਿ ਉਨ੍ਹਾਂ ਵਲੋਂ ਸ੍ਰੀ ਜੰਜੂਆ ਦੇ ਨਿਵਾਸ ਅਸਥਾਨ ਦੀ ਜਦੋਂ ਚੈਕਿੰਗ ਕੀਤੀ ਗਈ ਤਾਂ ਅਧਿਕਾਰੀਆਂ ਨੂੰ ਉਥੋਂ ਕੁਝ ਵੀ ਬਰਾਮਦ ਨਹੀਂ ਹੋਇਆ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਛਾਪੇ ਦੀ ਸੂਚਨਾ ਪਹਿਲਾ ਲੀਕ ਹੋ ਗਈ ਸੀ। ਉਹਨਾਂ ਦਾ ਮੰਨਣਾ ਹੈ ਕਿ ਜਦੋਂ ਵਿਜੀਲੈਂਸ ਅਧਿਕਾਰੀ ਜੰਜੂਆ ਦੇ ਦਫਤਰ ਵਿਚ ਗਏ ਸਨ ਤਾਂ ਇਸ ਦੀ ਸੂਚਨਾ ਪਹਿਲਾਂ ਹੀ ਸ਼ਾਇਦ ਘਰ ਪਹੁੰਚ ਗਈ ਸੀ। ਵਿਜੀਲੈਂਸ ਵਾਲੇ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਛਾਪੇ ਦੀ ਸੂਚਨਾ ਆਖਿਰ ਕਿਵੇਂ ਲੀਕ ਹੋ ਗਈ।

ਇਸ ਮਾਮਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਉਹ ਭ੍ਰਿਸ਼ਟਾਚਾਰ ਵਿਰੁਧ ਸਖਤ ਕਾਨੂੰਨ ਬਣਾਉਣ ਦੇ ਹੱਕ ਵਿਚ ਹਨ। ਉਨ੍ਹਾਂ ਦਾ ਕਹਿਣਾ ਹੈ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਮੁੱਖ ਮੰਤਰੀ ਅਤੇ ਜੱਜ ਵੀ ਨਹੀਂ ਬਖਸ਼ੇ ਜਾਂਦੇ ਤਾਂ ਕਿਸੇ ਆਈ.ਏ.ਐਸ. ਅਧਿਕਾਰੀ ਨੂੰ ਵਿਜੀਲੈਂਸ ਕਿਵੇਂ ਬਖਸ਼ ਸਕਦੀ ਹੈ। ਉਨ੍ਹਾਂ ਕਿਹਾ ਵਿਜੇ ਜੰਜੂਆਂ ਨੂੰ ਭ੍ਰਿਸ਼ਟਾਚਾਰ ਵਿਚ ਗ੍ਰਿਫਤਾਰ ਕਰਨ ਤੋਂ ਪਹਿਲਾਂ ਸਨਅਤ ਮੰਤਰੀ ਮਨੋਰੰਜਨ ਕਾਲੀਆ ਨੂੰ ਪੁੱਛ ਲੈਣਾ ਚਾਹੀਦਾ ਸੀ, ਕਿਉਂਕਿ ਸ੍ਰੀ ਕਾਲੀਆ ਨੇ ਜੰਜੂਆਂ ਦੀ ਗ੍ਰਿਫਤਾਰੀ ਬਾਰੇ ਰੋਸ ਪ੍ਰਗਟ ਕਰਦਿਆਂ ਕਿਹਾ ਸੀ ਕਿ ਇਸ ਅਧਿਕਾਰੀ ਦੀ ਗ੍ਰਿਫਤਾਰੀ ਤੋਂ ਪਹਿਲਾਂ ਉਨ੍ਹਾਂ ਨੂੰ ਸੂਚਿਤ ਨਹੀਂ ਕੀਤਾ ਗਿਆ।

ਇਸ ਦੌਰਾਨ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁਧ ਵਿੱਢੀ ਗਈ ਮੁਹਿੰਮ ਦੌਰਾਨ ਫੜੇ ਗਏ ਅਧਿਕਾਰੀਆਂ ਬਾਰੇ ਸੂਚੀ ਜਾਰੀ ਕਰਕੇ ਭਾਜਪਾ ਦੇ ਉਨ੍ਹਾਂ ਦੋਸ਼ਾਂ ਦੀ ਫੂਕ ਕੱਢ ਦਿੱਤੀ ਹੈ ਜਿਨ੍ਹਾਂ 'ਚ ਕਿਹਾ ਗਿਆ ਸੀ ਕਿ ਭਾਜਪਾ ਮੰਤਰੀਆਂ ਦੇ ਵਿਭਾਗਾਂ ਵਾਲੇ ਅਫਸਰਾਂ ਨੂੰ ਹੀ ਕੇਵਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਕਾਲੀ-ਭਾਜਪਾ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਵਿੱਢੀ ਗਈ ਭ੍ਰਿਸ਼ਟਾਚਾਰ ਖਿਲਾਫ ਮੁਹਿੰਮ ਨੂੰ ਭਾਰੀ ਸਫਲਤਾ ਹਾਸਲ ਹੋਈ ਹੈ। ਵਿਜੀਲੈਂਸ ਬਿਊਰੋ ਵਲੋਂ 3 ਸਾਲਾਂ ਦੇ ਅਰਸੇ ਦੌਰਾਨ 355 ਥਾਵਾਂ 'ਤੇ ਛਾਪੇ ਮਾਰ ਕੇ 53 ਗਜਟਿਡ ਅਤੇ 399 ਨਾਨ ਗਜ਼ਟਿਡ ਅਫਸਰਾਂ ਨੂੰ ਰਿਸ਼ਵਤ ਲੈਂਦਿਆਂ ਫੜਿਆ ਗਿਆ ਹੈ। ਇਹ ਸਾਰੇ ਵੱਖ-ਵੱਖ ਮਹਿਕਮਿਆਂ ਨਾਲ ਸਬੰਧਤ ਹਨ। ਇਨ੍ਹਾਂ ਵਿਚੋਂ ਬਹੁਤੇ ਮਹਿਕਮੇ ਅਕਾਲੀ ਮੰਤਰੀਆਂ ਕੋਲ ਹਨ। ਸਾਲ 2007 ਦੌਰਾਨ ਇਕ ਐਸ.ਡੀ.ਐਮ., ਬਿਜਲੀ ਬੋਰਡ ਦੇ ਦੋ ਐਕਸੀਅਨ, 4 ਐਸ ਡੀ ਓ, ਸਿਹਤ ਵਿਭਾਗ ਦੇ 4 ਡਾਕਟਰ, ਪੁਲਿਸ ਮਹਿਕਮੇ ਦੇ 2 ਥਾਣੇਦਾਰ, ਇਕ ਸੁਪਰਡੈਂਟ, ਦੋ ਹੌਲਦਾਰ ਅਤੇ ਮਾਰਕਫੈਡ ਦਾ ਇਕ ਡੀ ਐਮ ਵੀ ਵਿਜੀਲੈਂਸ ਦੇ ਧੱਕੇ ਚੜ੍ਹੇ ਹਨ। ਇਸੇ ਤਰ੍ਹਾਂ ਬਿਜਲੀ ਬੋਰਡ ਦੇ 4 ਜੇ.ਈਜ਼ ਸਣੇ 9 ਅਧਿਕਾਰੀ, ਟਰਾਂਸਪੋਰਟ ਵਿਭਾਗ ਦੇ ਇਕ ਏ.ਡੀ.ਟੀ.ਓ. ਸਣੇ ਤਿੰਨ ਅਫਸਰ, ਸਮਾਜ ਭਲਾਈ ਵਿਭਾਗ ਦੇ ਇਕ ਡੀ.ਪੀ.ਓ. ਸਣੇ ਚਾਰ ਮੁਲਾਜ਼ਮ, ਹਾਊਸਫੈਡ ਦਾ ਇਕ, ਟੈਕਨੀਕਲ ਐਜੂਕੇਸ਼ਨ, ਅਨੁਸੂਚਿਤ ਜਾਤੀਆਂ ਤੇ ਭੌਂ ਵਿਕਾਸ, ਕੋਆਪ੍ਰੇਟਿਵ ਵਿਭਾਗ, ਕਰ ਅਤੇ ਆਬਕਾਰੀ, ਸਿੱਖਿਆ, ਐਫ.ਸੀ.ਆਈ., ਫੂਡ ਸਪਲਾਈ, ਪੀ ਡਬਲਿਊ ਡੀ, ਮੰਡੀਕਰਨ ਬੋਰਡ, ਸਿਹਤ ਵਿਭਾਗ, ਉਦਯੋਗ ਵਿਭਾਗ ਸਣੇ ਵੱਖ-ਵੱਖ ਮਹਿਕਮਿਆਂ ਦੇ 138 ਛੋਟੇ ਵੱਡੇ ਅਫਸਰ ਕੁਰੱਪਸ਼ਨ ਦੇ ਦੋਸ਼ਾਂ ਤਹਿਤ ਵਿਜੀਲੈਂਸ ਵਿਭਾਗ ਨੇ ਫੜੇ ਹਨ। ਸਾਲ 2008 ਦੌਰਾਨ ਵਿਜੀਲੈਂਸ ਵਿਭਾਗ ਨੇ 128 ਛਾਪੇ ਮਾਰ ਕੇ 5 ਡਾਕਟਰ, ਪੰਚਾਇਤ ਵਿਭਾਗ ਦੇ 6 ਅਫਸਰ, ਟਰਾਂਸਪੋਰਟ ਵਿਭਾਗ ਦਾ ਇਕ ਜੀ ਐਮ, ਪ੍ਰਦੂਸ਼ਣ ਕੰਟਰੋਲ ਬੋਰਡ ਸਣੇ 20 ਗਜ਼ਟਡ ਅਤੇ 124 ਨਾਨ ਗਜ਼ਟਡ ਅਧਿਕਾਰੀਆਂ ਨੂੰ ਫੜਿਆ ਹੈ। ਸਾਲ 2009 ਦੌਰਾਨ ਵਿਜੀਲੈਂਸ ਵਿਭਾਗ ਨੇ ਭ੍ਰਿਸ਼ਟਾਚਾਰ ਵਿਰੁਧ 100 ਛਾਪੇ ਮਾਰੇ। 102 ਨਾਨ ਗਜਟਿਡ ਅਧਿਕਾਰੀਆਂ ਨੂੰ ਵਿਜੀਲੈਂਸ ਬਿਊਰੋ ਨੇ ਗ੍ਰਿਫਤਾਰ ਕੀਤਾ ਹੈ। ਪਿਛਲੇ ਸਮੇਂ ਦੌਰਾਨ 392 ਅਧਿਕਾਰੀਆਂ ਵਿਰੁਧ ਕਾਰਵਾਈ ਹੋਈ।

ਜੰਜੂਆ ਮਾਮਲੇ ਵਿਚ ਸ੍ਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਸੀਨੀਅਰ ਆਈ ਏ ਐਸ ਅਧਿਕਾਰੀ ਸ੍ਰੀ ਵਿਜੇ ਜੰਜੂਆ ਨੂੰ ਰਿਸ਼ਵਤ ਲੈਂਦਿਆਂ ਫੜੇ ਜਾਣ ਦੇ ਮਾਮਲੇ ਵਿਚ ਉਨ੍ਹਾਂ ਨੂੰ ਭਰੋਸੇ ਵਿਚ ਨਾ ਲਏ ਜਾਣਾ ਨੂੰ ਉਹ ਲੰਬਾ ਖਿਚਣ ਦੇ ਹੱਕ ਵਿਚ ਨਹੀਂ ਹਨ। ਸ੍ਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਇਹ ਕਹਿਣ, ਕਿ ਉਨ੍ਹਾਂ ਨੂੰ ਭਰੋਸੇ ਵਿਚ ਲਿਆ ਜਾਣਾ ਚਾਹੀਦਾ ਹੈ, ਨਾਲ ਇਹ ਮਾਮਲਾ ਹੁਣ ਖਤਮ ਹੋ ਗਿਆ ਹੈ। ਆਈ ਏ ਐਸ ਅਧਿਕਾਰੀ ਵਿਜੇ ਜੰਜੂਆਂ ਦੀ ਗ੍ਰਿਫਤਾਰੀ ਤੋਂ ਬਾਅਦ ਪੰਜਾਬ ਦੇ ਆਈ.ਏ.ਐਸ, ਪੀ ਸੀ ਐਸ ਅਤੇ ਹੋਰ ਅਧਿਕਾਰੀਆਂ ਨੇ ਮੰਗ ਕੀਤੀ ਹੈ ਕਿ ਸਰਕਾਰ ਨੂੰ ਭ੍ਰਿਸ਼ਟ ਵਿਜੀਲੈਂਸ ਅਧਿਕਾਰੀਆਂ ਵਿਰੁਧ ਵੀ ਜਾਂਚ ਕਰਵਾਉਣੀ ਚਾਹੀਦੀ ਹੈ ਜੋ ਜ਼ਿਲ੍ਹਿਆਂ ਵਿਚ ਕਈ ਅਧਿਕਾਰੀਆਂ ਤੇ ਦਬਾਅ ਪਾ ਕੇ ਚੰਦਾ ਇਕੱਠਾ ਕਰਦੇ ਹਨ। ਅਧਿਕਾਰੀਆਂ ਨੇ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਕਿਹਾ ਹੈ ਕਿ ਅਜਿਹੇ ਵਿਜੀਲੈਂਸ ਅਧਿਕਾਰੀਆਂ ਦੀ ਕਥਿਤ ਤੌਰ ਤੇ ਬਣਾਈ ਗਈ ਨਾਮੀ ਬੇਨਾਮੀ ਜਾਇਦਾਦ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਿਜੀਲੈਂਸ ਅਧਿਕਾਰੀਆਂ ਨੂੰ ਵੀ ਦੁੱਧ ਧੋਤੇ ਕਰਾਰ ਨਹੀਂ ਦਿੱਤਾ ਜਾ ਸਕਦਾ।


**Real Estate and Home Loans**

**For buying or selling your home**

**Call Aman Hundal at: 209-918-6464**

Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

**ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ**

ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

Century 21 M&M and Associates

ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com

**ਫਾਰਮਰਜ਼ ਇੰਸ਼ੋਰੈਂਸ**

*Auto*Home*Life*Business *Workers Comp.

Farmers offers more discounts than anybody else.

Call me today to insure that your assets are protected.

*ਆਟੋ *ਹੋਮ *ਬਿਜਨਸ *ਲਾਈਫ *ਵਰਕਰਜ਼ ਕੌਂਪ.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

**Kiran Hundal**

**(209)345-0183**

khundal@farmersagent.com

CA insurance License # 0F96503

1900 Standiford Ave.
Modesto, Ca 95350





FARMERS INSURANCE GROUP
Symbol of Superior Service

FARMERS

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜ਼ੂਰਸ਼ੁਦਾ ਹੈ।

ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ

Truck Insurance at very competitive rates.

ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

# ਲੁਧਿਆਣਾ ਦੀ ਔਰਤ ਵਲੋਂ ਅਮਰਿੰਦਰ ’ਤੇ ਬਲਾਤਕਾਰ ਦੇ ਦੋਸ਼

**-ਪੰਜਾਬ ਟਾਈਮਜ਼ ਨਿਊਜ਼ ਰਸਵਿਸ**



## ਨੌਕਰੀ ਦਾ ਝਾਂਸਾ ਦੇ ਕੇ ਕੀਤਾ ਕੁਕਰਮ - ਰਣਜੀਤ ਕੌਰ

## ਮੈਨੂੰ ਬਦਨਾਮ ਕਰਨ ਦੀ ਸਾਜ਼ਿਸ਼-ਅਮਰਿੰਦਰ

## ਕਾਂਗਰਸੀ ਬ੍ਰਿਗੇਡ ਕੈਪਟਨ ਦੀ ਪਿਠ ’ਤੇ



**ਜਲੰਧਰ:** ਜਿਉਂ ਹੀ ਕੈਪਟਨ ਅਮਰਿੰਦਰ ਸਿੰਘ ਵਲੋਂ ਪੰਜਾਬ ਕਾਂਗਰਸ ਦੀ ਅਗਵਾਈ ਸਾਂਭਣ ਦੀਆਂ ਅਫਵਾਹਾਂ ਉਡਣ ਲਗੀਆਂ ਹਨ ਉਨ੍ਹਾਂ ‘ਤੇ ਅਕਾਲੀਆਂ ਵਲੋਂ ਟੇਢੇ ਢੰਗ ਨਾਲ ਹਮਲਿਆਂ ਦਾ ਸਿਲਸਲਾ ਤੇਜ਼ ਹੋ ਗਿਆ ਹੈ। ਬੀਤੇ ਦਿਨੀਂ ਲੁਧਿਆਣਾ ਦੀ ਇਕ ਔਰਤ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ‘ਤੇ ਸੰਗੀਨ ਦੋਸ਼ ਲਗਾਏ ਹਨ। ਉਸ ਨੇ ਕਿਹਾ ਹੈ ਕਿ ਸਾਬਕਾ ਮੁੱਖ ਮੰਤਰੀ ਨੇ ਉਸ ਦੇ ਨਾਲ ਨੌਕਰੀ ਦਾ ਝਾਂਸਾ ਦੇ ਕੇ ਬਲਾਤਕਾਰ ਕੀਤਾ ਸੀ ।ਜਦਕਿ ਕੈਪਟਨ ਅਮਰਿੰਦਰ ਸਿੰਘ ਨੇ ਸੰਤ ਜਗੇੜੇ ਵਾਲੇ ਨਾਲ ਪ੍ਰੈਸ ਕਾਨਫਰੰਸ ਵਿਚ ਪਹੁੰਚੀ ਇਸ ਔਰਤ ਵਲੋਂ ਲਗਾਏ ਗਏ ਦੋਸ਼ਾਂ ਨੂੰ ਬੇਬੁਨਿਆਦ ਕਿਹਾ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਰਣਜੀਤ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਸ਼ਿਮਲਾਪੁਰੀ ਨੇੜੇ ਮਾਤਾ ਗੁਜਰੀ ਗੁਰਦੁਆਰਾ ਲੁਧਿਆਣਾ ਨੇ ਦੱਸਿਆ ਕਿ ਉਸਨੇ ਸਰਕਾਰੀ ਨੌਕਰੀ ਹਾਸਲ ਕਰਨ ਲਈ ਸਾਲ 2006 ਦੇ ਨਵੰਬਰ ਮਹੀਨੇ ‘ਚ ਕੈਪਟਨ ਅਮਰਿੰਦਰ ਸਿੰਘ ਦੇ ਮੀਡੀਆ ਸਲਾਹਕਾਰ ਭਰਤਇੰਦਰ ਸਿੰਘ ਚਾਹਲ ਨਾਲ ਸੰਪਰਕ ਕੀਤਾ ਸੀ ਜਿਸ ਨੇ ਉਸਨੂੰ ਨੌਕਰੀ ਦਿਵਾਉਣ ਲਈ ਸ਼ਿਮਲਾ ਵਿਚ ਕਿਸੇ ਹੋਰ ਵਿਅਕਤੀ ਨਾਲ ਮਿਲਵਾਉਣ ਦੀ ਗਲ ਕਹੀ ਸੀ। ਇਸ ਤੋਂ ਬਾਅਦ ਉਹ ਉਸ ਨਾਲ ਸ਼ਿਮਲਾ ਗਈ। ਰਣਜੀਤ ਕੌਰ ਨੇ ਦੋਸ਼ ਲਗਾਇਆ ਕਿ ਉਥੇ ਭਰਤਇੰਦਰ ਸਿੰਘ ਚਾਹਲ ਨੇ ਇਕ ਹੋਟਲ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮਿਲਵਾ ਕੇ ਉਸ ਨੂੰ ਨੌਕਰੀ ਦਿਵਾਉਣ ਦੀ ਗੱਲ ਕਹਿ ਕੇ ਕੈਪਟਨ ਨਾਲ ਸਰੀਰਿਕ ਸੰਬੰਧ ਬਣਾਉਣ ਲਈ ਕਿਹਾ। ਜਿਸ ਤੋਂ ਬਾਅਦ ਕੈਪਟਨ ਉਸ ਨੂੰ ਹਿਮਾਚਲ ਦੇ ਇਕ ਫਾਰਮ ਹਾਊਸ ਵਿਚ ਲੈ ਗਿਆ ਜਿਥੇ ਉਸਨੇ ਉਸ ਨਾਲ ਜਬਰਦਸਤੀ ਬਲਾਤਕਾਰ ਕੀਤਾ।

ਔਰਤ ਨੇ ਦੱਸਿਆ ਕਿ ਬਲਾਤਕਾਰ ਦੇ ਕੁਝ ਦਿਨ ਬਾਅਦ ਚਾਹਲ ਨੇ ਉਸਨੂੰ ਲੁਧਿਆਣਾ-ਫਿਰੋਜ਼ਪੁਰ ਰੋਡ ‘ਤੇ ਸਥਿਤ ਇਕ ਹੋਟਲ ਵਿਚ ਦੁਬਾਰਾ ਬੁਲਾਇਆ ਜਿਥੇ ਕੈਪਟਨ ਨੇ ਉਸ ਨਾਲ ਫਿਰ ਬਲਾਤਕਾਰ ਕੀਤਾ ਅਤੇ ਉਸਨੂੰ ਕਿਹਾ ਕਿ ਹੁਣ ਤੇਰੀ ਨੌਕਰੀ ਪੱਕੀ ਹੋ ਗਈ ਹੈ ਪਰ ਜੇ ਤੂੰ ਇਸ ਬਾਰੇ ਕਿਸੇ ਨੂੰ ਦੱਸਿਆ ਤਾਂ ਇਹ ਨੌਕਰੀ ਤੈਨੂੰ ਨਹੀਂ ਮਿਲਣੀ। ਇਸ ਤੋਂ ਇਲਾਵਾ ਕੈਪਟਨ ਨੇ ਉਸ ਨੂੰ ਪਰਿਵਾਰ ਸਮੇਤ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ।

ਉਕਤ ਔਰਤ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਲੈ ਕੇ ਕਈ ਵਾਰ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਮਿਲ ਚੁੱਕੀ ਹੈ ਪਰ ਪੁਲਸ ਵਾਲੇ ਕੈਪਟਨ ਦਾ ਨਾਂ ਸੁਣ ਕੇ ਕੋਈ ਕਾਰਵਾਈ ਕਰਨ ਨੂੰ ਤਿਆਰ ਨਹੀਂ ਹਨ। ਔਰਤ ਨੇ ਪ੍ਰਸ਼ਾਸਨ ਤੋਂ ਕੈਪਟਨ ਅਮਰਿੰਦਰ ਸਿੰਘ ਅਤੇ ਉਸਦੇ ਸਲਾਹਕਾਰ ਚਾਹਲ ਵਿਰੁਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸੇ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੰਤ ਜਗੇੜੇ ਵਾਲਿਆਂ ਨਾਲ ਪ੍ਰੈਸ ਕਾਨਫਰੰਸ ਵਿਚ ਆਈ ਇਸ ਔਰਤ ਵਲੋਂ ਲਗਾਏ ਗਏ ਦੋਸ਼ਾਂ ਦਾ ਜੁਆਬ ਦਿੰਦੇ ਹੋਏ ਕਿਹਾ ਕਿ ਕਾਂਗਰਸ ਹਾਈ ਕਮਾਨ ਵਲੋਂ ਅਗਲੇ ਕੁਝ ਦਿਨਾਂ ਵਿਚ ਵੱਖ-ਵੱਖ ਸੂਬਿਆਂ ਵਿਚ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਜਾਣੀ ਹੈ ਜਿਸ ਨੂੰ ਦੇਖਦੇ ਹੋਏ ਉਨ੍ਹਾਂ ਦੇ ਅਕਸ ਨੂੰ ਧੁੰਦਲਾ ਕਰਨ ਦੇ ਉਦੇਸ਼ ਨਾਲ ਉਕਤ ਔਰਤ ਨੂੰ ਅੱਗੇ ਕਰ ਕੇ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਨੇ ਸਿਆਸਤ ਵਿਚ ਹੇਠਲੇ ਪੱਧਰ ਦਾ ਸਬੂਤ ਦਿਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕਾਂਗਰਸੀ ਪ੍ਰਧਾਨ ਸੋਨੀਆ ਗਾਂਧੀ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਕਾਫੀ ਸਾਲਾਂ ਤੋਂ ਜਾਣਦੀ ਹੈ। ਇਸ ਲਈ ਅਜਿਹੇ ਗਲਤ ਦੋਸ਼ਾਂ ਤੋਂ ਉਨ੍ਹਾਂ ਨੂੰ ਡਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਦੁੱਖ ਇਸ ਗੱਲ ਦਾ ਹੈ ਕਿ ਸੂਬੇ ਵਿਚ ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ ਪਰ ਸਿਆਸਤ ਵਿਚ ਪਹਿਲਾਂ ਇੰਨੀ ਗਿਰਾਵਟ ਕਦੇ ਨਹੀਂ ਆਈ ਸੀ ਜਿੰਨੀ ਹੁਣ ਆਈ ਹੈ। ਅਜਿਹੀ ਸਥਿਤੀ ਵਿਚ ਤਾਂ ਲੋਕ ਸਿਆਸਤਦਾਨਾਂ ‘ਤੇ ਭਰੋਸਾ ਕਰਨਾ ਹੀ ਛੱਡ ਦੇਣਗੇ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਵਿਰੋਧੀਆਂ ਨੂੰ ਭਲੀਭਾਂਤ ਜਾਣਦੇ ਹਨ ਜਿਨ੍ਹਾਂ ਨੇ ਪਰਦੇ ਦੇ ਪਿੱਛੇ ਰਹਿ ਕੇ ਉਕਤ ਪ੍ਰੈਸ ਕਾਨਫਰੰਸ ਕਰਵਾਈ। ਉਹ ਉਨ੍ਹਾਂ ਨਾਲ ਸਾਹਮਣੇ ਆ ਕੇ ਲੜ ਨਹੀਂ ਸਕਦੇ ਇਸ ਲਈ ਇਕ ਔਰਤ ਦਾ ਸਹਾਰਾ ਉਨ੍ਹਾਂ ਨੂੰ ਲੈਣਾ ਪਿਆ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਮੈਨੂੰ ਪੂਰੀ ਤਰ੍ਹਾਂ ਜਾਣਦੀ ਹੈ ਅਤੇ ਇਸ ਤੋਂ ਪਹਿਲਾਂ ਵੀ ਵਿਰੋਧੀਆਂ ਨੇ ਉਨ੍ਹਾਂ ਉਪਰ ਭ੍ਰਿਸ਼ਟਾਚਾਰ ਦਾ ਮਾਮਲਾ ਦਰਜ ਕਰ ਕੇ ਅਤੇ ਫਿਰ ਆਰੂਸਾ ਨੂੰ ਲੈ ਕੇ ਉਨ੍ਹਾਂ ਦਾ ਅਕਸ ਧੁੰਦਲਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਜਦ ਸਫਲਤਾ ਨਹੀਂ ਮਿਲੀ ਅਤੇ ਮੈਨੂੰ ਲੋਕਾਂ ਦਾ ਪਿਆਰ ਮਿਲਦਾ ਰਿਹਾ ਤਾਂ ਉਹ ਬਿਲਕੁਲ ਨੀਵੇਂ ਪੱਧਰ ‘ਤੇ ਆ ਗਏ ਹਨ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਹੱਥਕੰਡੇ ਅਪਣਾਉਣ ਨਾਲ ਕਾਂਗਰਸ ਹਾਈ ਕਮਾਨ ਵਲੋਂ ਕੀਤੇ ਜਾਣ ਵਾਲੇ ਜਥੇਬੰਦਕ ਫੇਰ-ਬਦਲ ‘ਤੇ ਕੋਈ ਅਸਰ ਨਹੀਂ ਪੈਣ ਵਾਲਾ। ਉਹ ਇਸ ਮਾਮਲੇ ਦੀ ਡੂੰਘਾਈ ਤਕ ਜਾ ਰਹੇ ਹਨ ਅਤੇ ਇਸ ਵਿਚ ਸ਼ਾਮਲ ਲੋਕਾਂ ਦੀ ਜਾਣਕਾਰੀ ਸੋਨੀਆ ਨੂੰ ਦੇਣਗੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੰਤ ਜਗੇੜੇ ਵਾਲੇ ਵਿਰੁਧ ਉਨ੍ਹਾਂ ਦੀ ਪਿਛਲੀ ਸਰਕਾਰ ਨੇ ਨਵੰਬਰ 2003 ਵਿਚ 6 ਔਰਤਾਂ ਵਲੋਂ ਬਲਾਤਕਾਰ ਦਾ ਦੋਸ਼ ਲਗਾਏ ਜਾਣ ਤੋਂ ਬਾਅਦ ਉਨ੍ਹਾਂ ਦੀ ਗ੍ਰਿਫਤਾਰੀ ਕਰਵਾਈ ਸੀ। ਉਸ ਕੋਲੋਂ ਜਾਅਲੀ ਪਾਸਪੋਰਟ ਮਿਲੇ ਸਨ। ਸੰਤ ਜਗੇੜੇ ਵਾਲੇ ਵਿਰੁਧ ਲੁਧਿਆਣਾ ਪੁਲਸ ਕੋਲ ਹੋਰ ਵੀ ਕਾਫੀ ਮਸਾਲਾ ਮੌਜੂਦ ਹੈ ਕਿ ਉਹ ਕਿਨ੍ਹਾਂ-ਕਿਨ੍ਹਾਂ ਕੇਸਾਂ ਵਿਚ ਸ਼ਾਮਲ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ 3 ਸਾਲ ਤਕ ਉਕਤ ਔਰਤ ਚੁੱਪ ਕਿਉਂ ਰਹੀ। ਹੁਣ ਕਾਂਗਰਸ ਵਿਚ ਜਥੇਬੰਦਕ ਫੇਰ ਬਦਲ ਦੇ ਮੌਕੇ ਉਸਨੂੰ ਇਲਜ਼ਾਮ ਲਗਾਉਣ ਦੀ ਯਾਦ ਕਿਵੇਂ ਆ ਗਈ? ਉਨ੍ਹਾਂ ਦੱਸਿਆ ਕਿ ਸੰਤ ਜਗੇੜੇ ਵਾਲੇ ਨੇ 2006 ਵਿਚ ਵੀ ਉਨ੍ਹਾਂ ‘ਤੇ ਅਤੇ ਮਲਕੀਤ ਸਿੰਘ ਬੀਰਮੀ ‘ਤੇ ਝੂਠੇ ਦੋਸ਼ ਲਗਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਲੜਾਈ ਬਾਦਲ ਪਰਿਵਾਰ ਨਾਲ ਹੈ ਜੋ ਅੱਗੋਂ ਵੀ ਜਾਰੀ ਰਹੇਗੀ। ਅਜਿਹੇ ਦੋਸ਼ਾਂ ਤੋਂ ਉਹ ਨਾ ਤਾਂ ਪਹਿਲਾਂ ਘਬਰਾਏ ਹਨ ਅਤੇ ਨਾ ਹੀ ਅਗੋਂ ਘਬਰਾਉਣਗੇ।

ਇਸ ਦੌਰਾਨ ਸੀਨੀਅਰ ਕਾਂਗਰਸੀ ਆਗੂ ਜਗਮੀਤ ਸਿੰਘ ਬਰਾੜ ਅਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਨੇ ਕੈਪਟਨ ਅਮਰਿੰਦਰ ਸਿੰਘ ਉਪਰ ਇਕ ਔਰਤ ਵਲੋਂ ਬਲਾਤਕਾਰ ਦੇ ਲਗਾਏ ਗਏ ਦੋਸ਼ਾਂ ਦੀ ਨਿਖੇਧੀ ਕੀਤੀ। ਜਗਮੀਤ ਸਿੰਘ ਬਰਾੜ ਨੇ ਕਿਹਾ ਕਿ ਇਹ ਇਕ ਰਾਜਸੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਇਸ ਸਾਜ਼ਿਸ਼ ਰਾਹੀਂ ਅਮਰਿੰਦਰ ਸਿੰਘ ਦੇ ਨਿੱਜ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਨ੍ਹਾਂ ਹੋਰ ਕਿਹਾ ਕਿ ਇਹ ਕਿਸੇ ਵਿਅਕਤੀ ਵਿਸ਼ੇਸ਼ ਤੇ ਨਹੀਂ ਸਗੋਂ ਅਮੀਰ ਪੰਜਾਬੀ ਸਭਿਆਚਾਰ ਤੇ ਹਮਲਾ ਹੈ। ਇਸੇ ਦੌਰਾਨ ਬੀਬੀ ਰਜਿੰਦਰ ਕੌਰ ਭੱਠਲ ਨੇ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ ਲਗਾਏ ਗਏ ਦੋਸ਼ਾਂ ਨੂੰ ਬੇਬੁਨਿਆਦ ਕਿਹਾ। ਉਨ੍ਹਾਂ ਕਿਹਾ ਕਿ ਜੇ ਕਿਸੇ ਮਹਿਲਾ ਨਾਲ ਅਜਿਹਾ ਕੁਝ ਹੋਇਆ ਸੀ ਤਾਂ ਫੌਰੀ ਉਸਨੂੰ ਮਾਮਲਾ ਉਠਾਉਣਾ ਚਾਹੀਦਾ ਸੀ। ਲੁਧਿਆਣਾ ਸ਼ਹਿਰ ਦੇ ਕਾਂਗਰਸੀਆਂ ਨੇ ਇਕ ਸੁਰ ’ਚ ਇਕ ਪ੍ਰੈਸ ਮਿਲਣੀ ’ਚ ਕਿਹਾ ਕਿ ਜਿਨ੍ਹਾਂ ਵਿਚ ਸਾਬਕਾ ਪਾਰਲੀਮਾਨੀ ਸਕੱਤਰ ਮਲਕੀਤ ਸਿੰਘ ਬੀਰਮੀ ਤੇ ਸੁਰਿੰਦਰ ਡਾਬਰ, ਰਾਜਿੰਦਰ ਸਿੰਘ ਬਸੰਤ, ਸਾਬਕਾ ਮੇਅਰ ਨਾਹਰ ਸਿੰਘ ਗਿੱਲ, ਕੌਂਸਲਰ ਗੁਰਪ੍ਰੀਤ ਗੋਗੀ, ਰਾਕੇਸ਼ ਪ੍ਰਾਸ਼ਰ, ਰਾਜ ਥਾਪਰ ਸੰਜੇ ਤਲਵਾੜ, ਐਡਵੋਕੇਟ ਬੀ.ਕੇ.ਰਾਮਪਾਲ, ਸੁਸ਼ੀਲ ਪ੍ਰਾਸ਼ਰ, ਰਛਪਾਲ ਸਿੰਘ ਬਰਾੜ ਦੇਣਾ ਸੇਵਾ ਦਲ ਨਿਰਮ ਕੈਰਾ ਸੇਵਾ ਦਲ, ਸੁਸ਼ੀਲ ਮਲਹੋਤਰਾ, ਰਵਿੰਦਰ ਸਹਿਗਲ ਸਾਬਕਾ ਤੱਗੜ ਵਿਨੋਦ ਬਰਨਾ ਆਦਿ ਸ਼ਾਮਲ ਹਨ।

ਇਸ ਝਗੜੇ ਦੇ ਐਨ ਵਿਚਕਾਰ ਕਾਂਗਰਸੀ ਤਰਜ਼ਮਾਨ ਅਤੇ ਕਾਂਗਰਸ ਦੇ ਪੰਜਾਬ ਮਾਮਲਿਆਂ ਦੀ ਇੰਚਾਰਜ ਮੋਹਸਿਨਾ ਕਿਦਵਈ ਨੇ ਕਿਹਾ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਜਲਦੀ ਹੀ ਨਿਯੁਕਤ ਕਰ ਦਿੱਤਾ ਜਾਵੇਗਾ ਅਤੇ ਇਹ ਨਿਯੁਕਤੀ ਪੱਕੇ ਤੌਰ ‘ਤੇ ਅਮਲ ‘ਚ ਰਹੇਗੀ। ਜਦਕਿ ਪੰਜਾਬ ‘ਚ ਚੱਲ ਰਹੀ ਭਰਤੀ ਮੁਹਿੰਮ 21 ਦਸੰਬਰ ਤੱਕ ਅਸੀਂ ਪੂਰੀ ਕਰ ਲਵਾਂਗੇ। ਉਨ੍ਹਾਂ ਮੰਨਿਆ ਕਿ ਪੰਜਾਬ ਕਾਂਗਰਸ ਵਿਚ ਧੜੇਬੰਦੀ ਹੈ ਅਤੇ ਪੰਜਾਬ ਦੇ ਕਾਂਗਰਸੀਆਂ ਦੀ ਇਸ ਫੁੱਟ ਦਾ ਸੋਨੀਆ ਗਾਂਧੀ ਨੂੰ ਵੀ ਭਲੀ ਭਾਂਤ ਪਤਾ ਹੈ। ਲੇਕਿਨ ਪੰਜਾਬ ਵਿਚ ਕਾਂਗਰਸ ਦੀ ਵਾਗਡੋਰ ਸੋਨੀਆ ਦੀ ਅਗਵਾਈ ਵਿਚ ਹੀ ਰਹੇਗੀ। ਬਾਦਲ ਸਰਕਾਰ ਬਾਰੇ ਉਨ੍ਹਾਂ ਦੋਸ਼ ਲਾਇਆ ਕਿ ਇਹ ਸਰਕਾਰ ਸਾਰੇ ਫਰੰਟਾਂ ‘ਤੇ ਫੇਲ੍ਹ ਰਹੀ ਹੈ। ਪੰਜਾਬ ਕਾਂਗਰਸ ਵਿਚ ‘ਚੱਲ ਰਹੀ ਘੁਸਰ ਮੁਸਰ ਬਾਰੇ ਜਵਾਬ ਦਿੰਦਿਆਂ ਕਿਦਵਈ ਨੇ ਕਿਹਾ ਕਿ ਇਹ ਸਾਡਾ ਘਰ ਦਾ ਮਾਮਲਾ ਹੈ ਅਤੇ ਅਸੀਂ ਇਸ ਨੂੰ ਸੁਲਾਹ ਸਫਾਈ ਨਾਲ ਜ਼ਰੂਰ ਨਿਬੇੜ ਲਵਾਂਗੇ।’

# ਅਵਤਾਰ ਹੈਨਰੀ ਦੀਆਂ ਦੋ ਪਤਨੀਆਂ, ਦੋ ਪਾਸਪੋਰਟ



## ਬੇਟੇ ਨੇ ਲਗਾਏ ਸੰਗੀਨ ਦੋਸ਼

**ਜਲੰਧਰ:** ਰਾਜ ਦੇ ਸਾਬਕਾ ਮੰਤਰੀ ਤੇ ਜਲੰਧਰ ਨਾਰਥ ਦੇ ਸਾਬਕਾ ਵਿਧਾਇਕ ਅਵਤਾਰ ਹੈਨਰੀ ’ਤੇ ਉਸ ਦੇ ਆਪਣੇ ਹੀ ਪੁੱਤਰ ਨੇ ਦੋ ਪਤਨੀਆਂ ਅਤੇ ਦੋ ਪਾਸਪੋਰਟ ਰੱਖਣ ਦੇ ਸੰਗੀਨ ਦੋਸ਼ ਲਾਏ ਹਨ। ਉਨ੍ਹਾਂ ਦੇ ਪੁੱਤਰ ਗੁਰਜੀਤ ਦਾ ਦੋਸ਼ ਹੈ ਕਿ ਪਿਤਾ ਹੈਨਰੀ ਨੇ ਰੁਪਏ ਅਤੇ ਪ੍ਰਭਾਵ ਦਾ ਇਸਤੇਮਾਲ ਕਰਕੇ ਕਾਨੂੰਨ ਤਾਂ ਤੋੜਿਆਂ ਹੀ ਹੈ, ਪਤੀ-ਪਤਨੀ ਅਤੇ ਬਾਪ-ਬੇਟੇ ਦੇ ਰਿਸ਼ਤੇ ਨੂੰ ਵੀ ਤਾਰ-ਤਾਰ ਕਰ ਦਿੱਤਾ।

ਗੁਰਜੀਤ ਨੇ ਹੈਨਰੀ ਦੇ ਖਿਲਾਫ ਆਈ ਪੀ ਸੀ ਦੀ ਧਾਰਾ 494, 420, 467, 468 ਤੇ ਪਾਸਪੋਰਟ ਐਕਟ 1967 ਦੇ ਤਹਿਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਗੁਰਜੀਤ ਨੇ ਜਲੰਧਰ ਦੇ ਐਸ ਐਸ ਪੀ ਦੇ ਇਲਾਵਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਪੰਜਾਬ ਦੇ ਮੁੱਖ ਮੰਤਰੀ, ਡੀ ਜੀ ਪੀ, ਚੀਫ ਜਸਟਿਸ, ਪੰਜਾਬ ਕਾਂਗਰਸ ਪ੍ਰਧਾਨ, ਚੀਫ ਪਾਸਪੋਰਟ ਆਫਿਸ, ਰੀਜਨਲ ਪਾਸਪੋਰਟ ਆਫਸਰ, ਇੰਗਲੈਂਡ ਦੀ ਅੰਬੈਸੀ ਨੂੰ ਵੀ ਸ਼ਿਕਾਇਤ ਕੀਤੀ ਹੈ। ਸ਼ਿਕਾਇਤ ਦੇ ਨਾਲ ਗੁਰਜੀਤ ਨੇ ਕੁਝ ਦਸਤਾਵੇਜ਼ ਪ੍ਰਮਾਣ ਵੀ ਭੇਜੇ ਹਨ। ਉਧਰ, ਇਸ ਸੰਬੰਧ ਵਿਚ ਪੁੱਛੇ ਜਾਣ ਤੇ ਪਹਿਲਾਂ ਹੈਨਰੀ ਗੁੱਸੇ ਵਿਚ ਆ ਗਏ।

ਹੈਨਰੀ ਦੀ ਪਹਿਲੀ ਪਤਨੀ ਸੁਰਿੰਦਰ ਕੌਰ ਦੇ ਪੁੱਤਰ ਲੁਧਿਆਣਾ ਨਿਵਾਸੀ ਗੁਰਜੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਉਸਦੇ ਪਿਤਾ ਹੈਨਰੀ 1962 ਵਿਚ ਬ੍ਰਿਟੇਨ ਗਏ ਅਤੇ 1964 ਵਿਚ ਵਿਆਹ ਕਰਕੇ ਉਥੋਂ ਦੀ ਨਾਗਰਿਕਤਾ ਲੈਣ ਤੋਂ ਬਾਅਦ 1969 ਵਿਚ ਉਥੋਂ ਦੇ ਪਾਸਪੋਰਟ ਤੇ ਭਾਰਤ ਵਾਪਸ ਆ ਗਏ। ਉਥੇ ਦਾ ਪਾਸਪੋਰਟ 1978 ਤਕ ਦੇ ਲਈ ਮਾਨਿਆ ਗਿਆ ਸੀ। ਬੇਟੇ ਦਾ ਦੋਸ਼ ਇਹ ਹੈ ਕਿ ਉਸ ਪਾਸਪੋਰਟ ਤੇ ਨਾਮ ਅਵਤਾਰ ਸਿੰਘ ਸੰਘੇੜਾ, ਪਿਤਾ ਦਾ ਨਾਮ ਲਖਵੀਰ ਸਿੰਘ (ਜੋ ਕਿ ਭਰਾ ਦਾ ਨਾਮ ਹੈ) ਅਤੇ ਜਨਮ ਸਥਾਨ ਬਿਲਗਾ (ਜਲੰਧਰ) ਤੇ ਪਿੰਡ ਖਟਕੜ ਕਲਾਂ ਦਰਜ ਸੀ। ਵਾਪਸ ਆਉਣ ਤੋਂ ਬਾਅਦ ਇਕ ਬਾਰ ਫਿਰ ਭਾਰਤੀ ਨਾਗਰਿਕਤਾ ਲੈ ਕੇ ਹੈਨਰੀ ਨੇ ਦਿੱਲੀ ਤੋਂ ਨਵਾਂ ਪਾਸਪੋਰਟ ਹਾਸਿਲ ਕੀਤਾ। ਉਸਦੇ ਬਾਅਦ ਨਵੇਂ ਨਾਮ ਤੋਂ ਜਲੰਧਰ ਸਥਿਤ ਰੀਜਨਲ ਪਾਸਪੋਰਟ ਆਫਿਸ ਤੋਂ ਇਕ ਹੋਰ ਪਾਸਪੋਰਟ ਬਣਵਾ ਲਿਆ। ਨਵੇਂ ਪਾਸਪੋਰਟ ਵਿਚ ਪਿਤਾ ਦਾ ਨਾਮ ਜੋਗਿੰਦਰ ਸਿੰਘ ਅਤੇ ਜਨਮ ਸਥਾਨ ਪਾਕ ਦਾ ਲਿਖਵਾਇਆ।

ਗੁਰਜੀਤ ਦਾ ਕਹਿਣਾ ਹੈ ਕਿ ਪਿਤਾ ਨੇ ਪਹਿਲਾ ਵਿਆਹ ਬ੍ਰਿਟੇਨ ਵਿਚ 1964 ਵਿਚ ਕੀਤਾ ਸੀ। ਭਾਰਤ ਵਾਪਸ ਆਉਣ ਤੋਂ ਬਾਅਦ ਉਨ੍ਹਾਂ ਨੇ ਹਰਿੰਦਰ ਕੌਰ ਨਾਂ ਦੀ ਮਹਿਲਾ ਨਾਲ ਦੂਜਾ ਵਿਆਹ ਕਰ ਲਿਆ ਜਿਸਦੇ ਨਾਲ ਉਹ ਹੁਣ ਜਲੰਧਰ ਦੇ ਮਾਡਲ ਟਾਊਨ ਦੀ ਇਕ ਕੋਠੀ ਵਿਚ ਰਹਿ ਰਹੇ ਹਨ। ਉਨ੍ਹਾਂ ਦੀ ਦੂਜੀ ਪਤਨੀ ਵੀ ਆਪਣੇ ਨਾਮ ਦੇ ਨਾਲ ਪਤੀ ਦਾ ਨਾਮ ਅਵਤਾਰ ਹੈਨਰੀ ਲਿਖ ਰਹੀ ਹੈ। ਗੁਰਜੀਤ ਨੇ ਸਪਸ਼ਟ ਕੀਤਾ ਕਿ ਪਿਤਾ ਨੇ ਹਾਲੇ ਉਨ੍ਹਾਂ ਦੀ ਮਾਤਾ ਸੁਰਿੰਦਰ ਕੌਰ ਨੂੰ ਕਾਨੂੰਨਨ ਤਲਾਕ ਨਹੀਂ ਦਿੱਤਾ ਹੈ ਇਸ ਲਈ ਉਹ ਉਨ੍ਹਾਂ ਦੀ ਪਤਨੀ ਹੋਣ ਦੇ ਨਾਤੇ ਉਨਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਦਾ ਸਟੈਂਡ ਲੈ ਸਕਦੀ ਹੈ।

ਉਧਰ ਹੈਨਰੀ ਨੇ ਮੰਨਿਆ ਕਿ ਗੁਰਜੀਤ ਮੇਰਾ ਬੇਟਾ ਹੈ ਅਤੇ ਮੈਂ ਖੁਦ ਉਸਦਾ ਵਿਆਹ ਕਰਵਾਇਆ ਹੈ। ਮੈਨੂੰ ਨਹੀਂ ਪਤਾ ਉਹਨੇ ਇਹ ਦੋਸ਼ ਕਿਉਂ ਲਗਾਏ ਹਨ। ਮੇਰੇ ਕੋਲ ਦੋ ਪਾਸਪੋਰਟ ਨਹੀਂ ਹਨ ਅਤੇ ਨਾ ਹੀ ਰਿਸ਼ਤਾ ਅਤੇ ਬਰਥ ਪਲੇਸ ਬਦਲਕੇ ਕੋਈ ਪਾਸਪੋਰਟ ਬਣਵਾਇਆ ਹੈ। ਮੇਰੀ ਕੋਈ ਦੂਜੀ ਪਤਨੀ ਵੀ ਨਹੀਂ ਹੈ ਅਤੇ ਰਿਹਾ ਜਾਇਦਾਦ ਦਾ ਵਿਵਾਦ, ਉਹ ਕੋਰਟ ਵਿਚ ਚਲ ਰਿਹਾ ਹੈ।’’

ਗੁਰਜੀਤ ਨੇ ਦੱਸਿਆ ਕਿਉਂਕਿ ਉਨਾਂ ਦੇ ਪਿਤਾ ਨੇ ਦੂਜਾ ਵਿਆਹ ਕਰ ਰੱਖਿਆ ਹੈ ਅਤੇ ਜਾਇਦਾਦ ਦੇ ਬਟਵਾਰੇ ਜਾਂ ਵਿਵਾਦ ਤੋਂ ਪਹਿਲਾਂ ਪਿਤਾ ਵਲੋਂ ਦੂਜੀ ਪਤਨੀ ਤੇ ਬੱਚਿਆਂ ਦੇ ਨਾਮ ਕੁਝ ਜਾਇਦਾਦ ਕਰਨ ਦੀ ਸ਼ੱਕ ਨੂੰ ਲੈ ਕੇ ਕੋਰਟ ਵਿਚ ਕੇਸ ਦਰਜ ਕਰਾ ਦਿੱਤਾ ਹੈ। ਪਹਿਲਾ ਕੇਸ ਜਲੰਧਰ ਦੀ ਇਕ ਕੋਰਟ ਵਿਚ ਕੀਤਾ ਹੈ ਜਿੱਥੇ ਬਿਲਗਾ ਦੇ ਕਰੀਬ 9 ਪਲਾਟ ਨੂੰ ਵੇਚਣ ’ਤੇ ਰੋਕ ਲਗਾਉਣ ਦੀ ਮੰਗ ਕੀਤੀ ਗਈ ਹੈ। ਇਸੇ ਤਰ੍ਹਾਂ ਮੋਗਾ ਦੀ ਇਕ ਕੋਰਟ ਵਿਚ ਵੀ ਉਥੋਂ ਦੀ ਜ਼ਮੀਨ ਨੂੰ ਲੈ ਕੇ ਅਲਗ ਕੇਸ ਫਾਈਲ ਕੀਤਾ ਗਿਆ ਹੈ। ਦੋਵਾਂ ਕੇਸਾਂ ਵਿਚ ਜਾਇਦਾਦ ਨੂੰ ਵੇਚਣ ਤੇ ਰੋਕ ਲਗਾਉਣ ਦੀ ਮੰਗ ਕੀਤੀ ਗਈ ਹੈ।

ਇਸ ਦੌਰਾਨ ਇਹ ਮਾਮਲਾ ਸਿਆਸੀ ਰੰਗਤ ਅਖਤਿਆਰ ਕਰਦਾ ਵਿਖਾਈ ਦੇ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ/ਭਾਜਪਾ ਨੇ ਸਾਬਕਾ ਮੰਤਰੀ ਅਵਤਾਰ ਹੈਨਰੀ ਦੇ 2 ਪਾਸਪੋਰਟ ਮਾਮਲਿਆਂ ਵਿਚ ਸੀ ਬੀ ਆਈ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਗੁਰਚਰਨ ਸਿੰਘ ਚੰਨੀ ਤੇ ਵਿਧਾਇਕ ਕਿਸ਼ਨ ਦੇਵ ਭੰਡਾਰੀ ਨੇ ਇੱਥੇ ਪੱਤਰਕਾਰ ਸੰਮੇਲਨ ‘ਚ ਇਹ ਮੰਗ ਕੀਤੀ।

ਵਿਧਾਇਕ ਭੰਡਾਰੀ ਨੇ ਕਿਹਾ ਕਿ ਹੈਨਰੀ ਦੇ ਪੁੱਤਰ ਗੁਰਜੀਤ ਸਿੰਘ ਨੇ ਜੋ ਖੁਲਾਸਾ ਕੀਤਾ ਹੈ ਉਸ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਹੈਨਰੀ ਕਈ ਸਾਲਾਂ ਤੋਂ ਜਨਤਾ ਨੂੰ ਧੋਖੇ ਵਿਚ ਰੱਖ ਰਹੇ ਹਨ। ਉਨ੍ਹਾਂ ਕਿਹਾ ਕਿ ਹੈਨਰੀ 4 ਵਾਰ ਚੋਣ ਲੜ ਚੁੱਕੇ ਹਨ ਜਿਸ ਵਿਚ ਉਨ੍ਹਾਂ ਨੇ ਆਪਣੀ ਇਹ ਸਚਾਈ ਸਾਰਿਆਂ ਤੋਂ ਲੁਕਾਈ ਹੈ। ਉਨ੍ਹਾਂ ਕਿਹਾ ਕਿ 2 ਪਾਸਪੋਰਟ ਬਣਵਾਉਣਾ ਸੰਵਿਧਾਨ ਦੇ ਖਿਲਾਫ ਹੈ ਜਿਸ ਦੇ ਲਈ ਜ਼ਰੂਰੀ ਹੈ ਕਿ ਇਸਦੀ ਸੀ.ਬੀ.ਆਈ. ਜਾਂਚ ਕਰਵਾਈ ਜਾਵੇ।

ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲਾ ਪ੍ਰਧਾਨ ਚੰਨੀ ਨੇ ਕਿਹਾ ਕਿ ਹੈਨਰੀ ਨੇ ਚੋਣਾਂ ਤੋਂ ਪਹਿਲਾਂ ਸਹੁੰ ਪੱਤਰ ਵੀ ਦਿੱਤੇ ਹੋਣਗੇ ਜਿਸ ਤੋਂ ਉਹ ਆਰ.ਟੀ.ਆਈ.ਦੇ ਤਹਿਤ ਜਾਣਕਾਰੀ ਹਾਸਲ ਕਰ ਕੇ ਖੁਲਾਸਾ ਕਰਨਗੇ ਕਿ ਹੈਨਰੀ ਨੇ ਕਿਥੇ-ਕਿਥੇ ਗਲਤ ਜਾਣਕਾਰੀ ਮੁਹਈਆ ਕਰਵਾਈ ਹੈ। ਉਨ੍ਹਾਂ ਕਿਹਾ ਕਿ ਹੈਨਰੀ ਦਾ ਇਹ ਕਦਮ ਸੰਵਿਧਾਨ ਅਤੇ ਜਨਤਾ ਦੋਹਾਂ ਨਾਲ ਧੋਖਾ ਹੈ। ਭਾਜਪਾ ਪ੍ਰਧਾਨ ਮਹਿੰਦਰੂ ਨੇ ਕਿਹਾ ਕਿ ਇਸ ਮਾਮਲੇ ਵਿਚ ਭਾਜਪਾ ਸਚਾਈ ਦੀ ਤਹਿ ਤੱਕ ਜਾਵੇਗੀ। ਉਨ੍ਹਾਂ ਸਪਸ਼ਟ ਕੀਤਾ ਕਿ ਸੀ.ਬੀ.ਆਈ ਤੋਂ ਇਸ ਲਈ ਜਾਂਚ ਦੀ ਮੰਗ ਕੀਤੀ ਜਾ ਰਹੀ ਹੈ


SUPER TRAVEL

847-676-9090

*E-mail: supertravel2003@yahoo.com*

***Lowest Fares With Excellent Service***

***AMERICAN AIR, CONTINENTAL AIR***



***JET AIRWAYS DELTA, AIR INDIA, KLM, LUFTHANSA.***

***For Emergency Call anytime at 847-673-3825***

***EARLY BIRD SALE!!!!***

**India $545**
**London $250**

ਡਾਇਮੰਡ ਹੇਅਰ ਕਟਿੰਗ ਸਲੂਨ

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।



**TONY**

**For men, women & Children**

*ਹੇਅਰ ਕੱਟ ਸਪੈਸ਼ਲ 8 ਡਾਲਰ*

Make-up
Hair cut
Perm
Hair styler



Color
Facial, Threading
Bridal Make-up
Body Art (Henna)

**26655 Mission Blvd. Hayward, CA 94544**

***Wednesday thru Monday 10 am to 7pm, Sunday 11 am to 6.00 pm Tuesday closed***

**Ph: 510-582-2472 Cell: (510) 825-0820**

# ਹਰਿਆਣਾ ਸਿਆਸਤ ਵਿਚ ਬਿਸ਼ਨੋਈਆਂ ਦੇ ਤੱਪੜ ਰੁਲੇ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਆਖਿਰ ਕੁਲਦੀਪ ਬਿਸ਼ਨੋਈ ਦੀ ਪਾਰਟੀ ਹਜਕਾਂ ਦੇ 5 ਵਿਧਾਇਕ ਪਾਰਟੀ ਛੱਡ ਕੇ ਕਾਂਗਰਸ ਵਿਚ ਸ਼ਾਮਿਲ ਹੋ ਗਏ। ਇਸ ਨਾਲ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਧੜੇ ਵਿਚ ਬੇਸ਼ੱਕ ਕਾਫੀ ਉਤਸ਼ਾਹ ਹੈ ਪਰ ਇਸ ਘਟਨਾ ਤੋਂ ਨਾ ਸਿਰਫ ਆਜ਼ਾਦ ਪ੍ਰੇਸ਼ਾਨ ਜਿਹੇ ਹਨ, ਸਗੋਂ ਕਾਂਗਰਸ ਵਿਚ ਹੁੱਡਾ ਦੇ ਵਿਰੋਧੀ ਵੀ ਕਾਫੀ ਨਿਰਾਸ਼ ਜਿਹੇ ਨਜ਼ਰ ਆ ਰਹੇ ਹਨ। ਆਜ਼ਾਦ ਵਿਧਾਇਕਾਂ ਨੂੰ ਹੁਣ ਤੋਂ ਹੀ ਇਹ ਖ਼ਦਸ਼ਾ ਸਤਾਉਣ ਲੱਗਾ ਹੈ ਕਿ ਉਹ ਹੁਣ ਜ਼ਿਆਦਾ 'ਮੁੱਲ-ਭਾਅ' ਕਰ ਸਕਣ ਦੀ ਸਥਿਤੀ ਵਿਚ ਨਹੀਂ ਰਹਿਣਗੇ, ਜਦਕਿ ਪਾਰਟੀ 'ਚ ਹੀ ਹੁੱਡਾ ਵਿਰੋਧੀ ਧੜੇ ਨੂੰ ਹੁਣ ਪਾਰਟੀ ਹਾਈਕਮਾਨ ਕੋਲ ਸ੍ਰੀ ਹੁਡਾ ਵਿਰੁਧ ਕਹਿਣ ਲਈ ਕੁਝ ਨਹੀਂ ਮਿਲੇਗਾ।

ਪਹਿਲੇ ਦਿਨ ਚਾਰ ਵਿਧਾਇਕਾਂ ਦੇ ਹਜਕਾ ਛੱਡ ਕੇ ਕਾਂਗਰਸ ਵਿਚ ਸ਼ਾਮਿਲ ਹੋਣ ਤੇ ਦੂਜੇ ਦਿਨ ਹਜਕਾਂ ਦੇ ਇਕ ਹੋਰ ਵਿਧਾਇਕ ਦੇ ਕਾਂਗਰਸ ਵਿਚ ਚਲੇ ਜਾਣ ਨਾਲ ਵਿਧਾਨ ਸਭਾ ਸਕੱਤਰੇਤ ਮੁਤਾਬਿਕ ਕਾਂਗਰਸੀ ਵਿਧਾਇਕਾਂ ਦੀ ਗਿਣਤੀ ਵਧ ਕੇ 45 ਹੋ ਗਈ ਹੈ। ਹੁਣ ਵਿਧਾਨ ਸਭਾ ਵਿਚ ਇਕ-ਇਕ ਮੈਂਬਰ ਵਾਲੇ ਤਿੰਨ ਦਲ ਬਣ ਗਏ ਹਨ। ਉਨ੍ਹਾਂ ਵਿਚ ਹਜਕਾਂ ਵੀ ਸ਼ਾਮਿਲ ਹੈ, ਜਿਸਦੇ ਇਕਲੌਤੇ ਵਿਧਾਇਕ ਕੁਲਦੀਪ ਸਿੰਘ ਬਿਸ਼ਨੋਈ ਹੀ ਬਚੇ ਹਨ। ਚੋਣਾਂ 'ਚ ਬਿਸ਼ਨੋਈ ਸਮੇਤ ਕੁਲ 6 ਵਿਧਾਇਕ ਜਿੱਤੇ ਸਨ। ਕਾਂਗਰਸ ਵਲੋਂ ਬਿਸ਼ਨੋਈ 'ਤੇ ਹਜਕਾਂ ਨੂੰ ਆਪਣੇ ਨਾਲ ਮਿਲਾਉਣ ਲਈ ਕਾਫੀ ਦਬਾਅ ਪਾਇਆ ਗਿਆ ਸੀ ਪਰ ਉਹ ਫ਼ੈਸਲਾ ਲੈਣ ਵਿਚ ਇੰਨੀ ਦੇਰ ਕਰ ਗਏ ਕਿ ਉਨ੍ਹਾਂ ਦੇ ਪੰਜੇ ਸਾਥੀ ਵਿਧਾਇਕ ਪਾਰਟੀ ਛੱਡ ਕੇ ਕਾਂਗਰਸ ਵਿਚ ਜਾ ਮਿਲੇ।

ਕਦੇ ਭਜਨ ਲਾਲ ਪਰਿਵਾਰ ਨੂੰ ਦਲ ਬਦਲੀ ਦਾ 'ਪੀ.ਐਚ.ਡੀ.' ਮੰਨਿਆ ਜਾਂਦਾ ਸੀ। ਅਕਸਰ ਭਜਨ ਲਾਲ ਇਹ ਵੀ ਸ਼ੇਖੀ ਮਾਰਦੇ ਹੁੰਦੇ ਸਨ ਕਿ ਜੇ ਉਨ੍ਹਾਂ ਨੂੰ ਇਕੱਲਿਆਂ ਨੂੰ ਵੀ ਵਿਧਾਇਕ ਬਣਨ ਦਾ ਮੌਕਾ ਮਿਲ ਜਾਵੇ ਤਾਂ ਬਾਕੀ ਵਿਧਾਇਕਾਂ ਦਾ




*ਕੁਲਦੀਪ ਬਿਸ਼ਨੋਈ ਤੇ ਭਜਨ ਲਾਲ*

ਜੁਗਾੜ ਉਹ ਆਪਣੇ ਆਪ ਕਰਕੇ ਸਰਕਾਰ ਬਣਾ ਲੈਣਗੇ। ਭਜਨ ਲਾਲ ਥੋਕ ਵਿਚ ਦਲ ਬਦਲੀ ਕਰਵਾਉਂਦੇ ਵੀ ਰਹੇ ਹਨ। ਪਹਿਲੀ ਵਾਰ ਜਦੋਂ ਉਹ ਮੁੱਖ ਮੰਤਰੀ ਬਣੇ ਤਾਂ ਰਾਤੋ-ਰਾਤ 40 ਵਿਧਾਇਕਾਂ ਨੂੰ ਲੈ ਕੇ ਸਰਕਾਰ ਬਣਾਉਣ ਵਿਚ ਸਫਲ ਰਹੇ ਸਨ। ਉਸਤੋਂ ਬਾਅਦ 1982 ਵਿਚ ਬਹੁਮਤ ਨਾ ਮਿਲਣ ਤੋਂ ਬਾਅਦ ਵੀ ਉਹ ਆਜ਼ਾਦ ਤੇ ਦੂਜੇ ਦਲਾਂ ਦੇ ਵਿਧਾਇਕਾਂ ਨੂੰ ਤੋੜ ਕੇ ਸਰਕਾਰ ਬਣਾਉਣ ਤੇ ਚਲਾਉਣ ਵਿਚ ਵੀ ਸਫਲ ਰਹੇ ਸਨ। ਇੰਨਾ ਹੀ ਨਹੀਂ, ਕੇਂਦਰ ਵਿਚ ਜਦੋਂ ਨਰਸਿਮ੍ਹਾ ਰਾਓ ਦੀ ਸਰਕਾਰ 'ਤੇ ਖ਼ਤਰੇ ਦੇ ਬੱਦਲ ਮੰਡਰਾਏ ਸਨ ਤਾਂ ਕਈ ਛੋਟੇ ਦਲਾਂ, ਆਜ਼ਾਦ ਸਾਥੀਆਂ ਅਤੇ ਝਾਰਖੰਡ ਮੁਕਤੀ ਮੋਰਚਾ ਦੇ ਸੰਸਦ ਮੈਂਬਰਾਂ ਦਾ ਜੁਗਾੜ ਕਰਕੇ ਕੇਂਦਰ ਵਿਚ ਸਰਕਾਰ ਬਚਾਉਣ ਦਾ ਸਿਲਾ ਵੀ ਭਜਨ ਲਾਲ ਨੇ ਹੀ ਲਿਆ ਸੀ।

ਹੁਣ ਵਕਤ ਦਾ ਪਹੀਆ ਅਜਿਹਾ ਉਲਟਾ ਘੁੰਮਿਆ ਕਿ ਖੁਦ ਦੀ ਪਾਰਟੀ ਦੇ ਵਿਧਾਇਕ ਉਨ੍ਹਾਂ ਨੂੰ ਛੱਡ ਕੇ ਕਾਂਗਰਸ ਵਿਚ ਸ਼ਾਮਿਲ ਹੋ ਗਏ। ਹੁਣ ਬਿਸ਼ਨੋਈ ਨਾ ਸਿਰਫ਼ ਇਕੱਲੇ ਵਿਧਾਇਕ ਦਲ ਦੇ ਨੇਤਾ ਹਨ, ਸਗੋਂ ਪਾਰਟੀ ਪ੍ਰਧਾਨ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਦੇ ਮੋਢਿਆਂ 'ਤੇ ਹੀ ਹੈ। ਉਨ੍ਹਾਂ ਨੇ ਕਾਂਗਰਸ ਨੂੰ ਹਮਾਇਤ ਦੇਣ ਬਾਰੇ ਫ਼ੈਸਲਾ ਕਰਨ ਵਿਚ ਇੰਨੀ ਦੇਰ ਲਗਾ ਦਿੱਤੀ ਕਿ ਫ਼ੈਸਲਾ ਹੋਣ ਤੋਂ ਪਹਿਲਾਂ ਹੀ ਪੰਛੀ ਦੂਜੀ ਜਗ੍ਹਾ ਦਾਣਾ ਚੁਗਣ ਚਲੇ ਗਏ। ਅਜਿਹੀ ਸਥਿਤੀ ਵਿਚ ਭਜਨ ਲਾਲ ਤੇ ਬਿਸ਼ਨੋਈ ਆਪਣੀ ਤੇ ਪਾਰਟੀ ਦੀ ਹੋਂਦ ਕਿਵੇਂ ਬਚਾਉਣਗੇ, ਸਭ ਦੀਆਂ ਨਜ਼ਰਾਂ ਇਸ 'ਤੇ ਲੱਗੀਆਂ ਹੋਈਆਂ ਹਨ। ਹਜਕਾਂ ਵਿਧਾਇਕਾਂ ਵਲੋਂ ਪਾਰਟੀ ਛੱਡ ਕੇ ਕਾਂਗਰਸ ਵਿਚ ਸ਼ਾਮਿਲ ਹੋਣ ਲਈ ਕੋਈ ਕਿਸੇ ਨੂੰ ਤੇ ਕੋਈ ਕਿਸੇ ਨੂੰ ਜ਼ਿੰਮੇਵਾਰ ਮੰਨ ਰਿਹਾ ਹੈ ਪਰ ਕੁਲਦੀਪ ਬਿਸ਼ਨੋਈ ਦੇ ਜਾਣਨ ਵਾਲੇ ਇਸਦੇ ਲਈ 'ਮੋਬਾਈਲ ਫੋਨ' ਨੂੰ ਹੀ ਜ਼ਿੰਮੇਵਾਰ ਠਹਿਰਾ ਰਹੇ ਹਨ। ਬਹੁਤੇ ਲੋਕਾਂ ਦਾ ਮੰਨਣਾ ਹੈ ਕਿ ਬਿਸ਼ਨੋਈ ਦਾ ਫੋਨ ਅਕਸਰ ਬੰਦ ਹੀ ਰਹਿੰਦਾ ਹੈ। ਉਨ੍ਹਾਂ ਨਾਲ ਕਿਸੇ ਪੱਤਰਕਾਰ ਤਾਂ ਦੂਰ, ਕਿਸੇ ਵਿਧਾਇਕ ਤੇ ਨੇਤਾ ਲਈ ਵੀ ਸੰਪਰਕ ਕਰਨਾ ਸੌਖਾ ਨਹੀਂ ਹੁੰਦਾ। ਉਨ੍ਹਾਂ ਨੂੰ ਪਿਛਲੇ ਕਈ ਦਿਨਾਂ ਤੋਂ ਇਹ ਭਿਣਕ ਲੱਗ ਰਹੀ ਸੀ ਕਿ ਕਾਂਗਰਸ ਨੇ ਨਾ ਸਿਰਫ਼ ਉਨ੍ਹਾਂ ਦੇ ਵਿਧਾਇਕਾਂ ਨੂੰ ਸਿੱਧਾ ਦਾਣਾ ਪਾਉਣਾ ਸ਼ੁਰੂ ਕਰ ਦਿੱਤਾ ਹੈ, ਸਗੋਂ ਹਜਕਾਂ ਦੇ ਪੰਜੇ ਵਿਧਾਇਕ ਕਾਂਗਰਸ ਦੇ ਵੱਡੇ ਆਗੂਆਂ ਨਾਲ ਮੋਬਾਈਲ ਫੋਨ 'ਤੇ ਸਿੱਧੇ ਸੰਪਰਕ ਵਿਚ ਹਨ। ਆਜ਼ਾਦ ਵਿਧਾਇਕ ਕਾਂਗਰਸ ਵਿਚ ਸ਼ਾਮਿਲ ਹੋ ਨਹੀਂ ਸਕਦੇ, ਇਸ ਲਈ ਉਨ੍ਹਾਂ ਨੂੰ ਮੰਤਰੀ ਬਣਾਉਣ ਤੋਂ ਬਾਅਦ ਵੀ ਉਨ੍ਹਾਂ 'ਤੇ ਬਹੁਤੀ ਦੇਰ ਤਕ ਭਰੋਸਾ ਨਹੀਂ ਕੀਤਾ ਜਾ ਸਕਦਾ ਸੀ। ਆਜ਼ਾਦ ਵਿਧਾਇਕਾਂ ਦੇ ਸਹਾਰੇ ਬਣੀ ਕਾਂਗਰਸ ਸਰਕਾਰ ਨੂੰ ਸਥਿਰਤਾ ਹਜਕਾਂ ਵਿਧਾਇਕਾਂ ਦੇ ਕਾਂਗਰਸ ਵਿਚ ਮਿਲ ਜਾਣ ਤੋਂ ਬਾਅਦ ਹੀ ਮਿਲ ਸਕਦੀ ਸੀ। ਸੋ ਕਾਂਗਰਸ ਨੇ ਆਪਣੀ ਸਰਕਾਰ ਟਿਕਾਉਣ ਲਈ ਉਹ ਸਭ ਕੁਝ ਕਰ ਲਿਆ, ਜਿਸ ਦੀ ਉਸਨੂੰ ਲੋੜ ਸੀ।

**ਫਿਜ਼ਾ ਦੀਆਂ ਰੀਝਾਂ ਹੋਈਆਂ ਪੂਰੀਆਂ :** ਇਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਭਜਨ ਲਾਲ ਦੇ ਬੇਟੇਅਤੇ ਹਰਿਆਣਾ ਦੇ ਉਪ ਮੁੱਖ ਮੰਤਰੀ ਰਹੇ ਚੰਦਰ ਮੋਹਨ ਨਾਲ ਆਪਣੇ ਪ੍ਰੇਮ-ਸੰਬੰਧਾਂ ਕਾਰਨ ਚਰਚਾ ਵਿਚ ਰਹੀ ਫਿਜ਼ਾ ਮੁਹੰਮਦ ਨੇ ਹਰਿਆਣਾ ਵਿਚ ਹਜਕਾਂ ਦੀ ਹੋਈ ਦੁਰਦਸ਼ਾ



ਉਪਰ ਖੁਸ਼ੀ ਮਨਾਉਂਦਿਆਂ ਘਿਓ ਦੇ ਦੀਵੇ ਬਾਲੇ ਸਨ। ਹੁਣ ਜਦੋਂ ਹਰਿਆਣਾ ਜਨਹਿਤ ਕਾਂਗਰਸ ਦਾ ਲਗਭਗ ਖ਼ਾਤਮਾ ਹੋ ਗਿਆ ਹੈ ਤਾਂ ਲਾਜ਼ਮੀ ਹੀ ਉਸ ਦੇ ਚਿਤ ਅੰਦਰ ਲੱਡੂ ਭੁਰ ਰਹੇ ਹੋਣਗੇ। ਇਸ ਸਮੇਂ ਉਸਦੇ ਦਿਲ ਦੀਆਂ ਮੁਕੰਮਲ ਰੂਪ ਵਿਚ ਪੂਰੀਆਂ ਹੋ ਗਈਆਂ ਹਨ ਕਿਉਂਕਿ ਬਿਸ਼ਨੋਈ ਪਰਿਵਾਰ ਸਿਆਸਤ ਵਿਚੋਂ ਤਕਰੀਬਨ ਸਾਫ ਹੋ ਗਿਆ ਹੈ। ਯਾਦ ਰਹੇ ਫਿਜ਼ਾ ਨੇ ਘਿਉ ਦੇ ਦੀਵੇ ਬਾਲ ਕੇ ਕਿਹਾ ਸੀ ਕਿ ਬਿਸ਼ਨੋਈ ਪ੍ਰਿਵਾਰ ਦਾ ਸਿਆਸਤ ਵਿਚੋਂ ਬਿਸਤਰਾ ਗੋਲ ਹੋਣਾ ਹਰਿਆਣੇ ਦੇ ਲੋਕਾਂ ਲਈ ਧੰਨ ਭਾਗ ਹੈ।

## ਗੁਰੂ ਆਸਰਾ ਟਰੱਸਟ ਦੀ ਬੱਚੀ ਸਵਾਈਨ ਫਲੂ ਤੋਂ ਪੀੜਤ

**ਮੋਹਾਲੀ :** ਬੱਚਿਆਂ ਨੂੰ ਮੁਫ਼ਤ ਵਿੱਦਿਆ ਦੇਣ ਵਾਲੀ ਗੁਰੂ ਆਸਰਾ ਟਰੱਸਟ ਦੀ ਇਕ 11 ਸਾਲਾ ਬੱਚੀ ਨੂੰ ਸਵਾਈਨ ਫਲੂ ਹੋਣ ਦੀ ਪੁਸ਼ਟੀ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿਹਤ ਅਧਿਕਾਰੀ ਐਸ ਪੀ ਸੁਰੀਲਾ ਨੇ ਦੱਸਿਆ ਕਿ ਇਸ ਟਰਸਟ ਦੀ ਗਗਨਪ੍ਰੀਤ ਨਾਂ ਦੀ ਬੱਚੀ ਦੇ ਬਿਮਾਰ ਹੋਣ ਤੋਂ ਬਾਅਦ 20 ਬੱਚਿਆਂ ਨੂੰ ਡਾਕਟਰ ਕੋਲ ਚੈਕ ਅੱਪ ਲਈ ਭੇਜਿਆ ਗਿਆ ਸੀ, ਜਿਨ੍ਹਾਂ ਬੱਚਿਆਂ 'ਚੋਂ ਇਕ ਹੋਰ 11 ਸਾਲਾ ਬੱਚੀ ਕੁਲਜੀਤ ਕੌਰ ਨੂੰ ਸਵਾਈਨ ਫਲੂ ਦੀ ਪੁਸ਼ਟੀ ਹੋਈ। ਇਸ ਦੇ ਨਾਲ ਹੀ 12 ਬੱਚਿਆਂ ਨੂੰ ਡੇਂਗੂ ਦੀ ਪੁਸ਼ਟੀ ਵੀ ਹੋਈ ਹੈ। ਸਿਹਤ ਵਿਭਾਗ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇੱਥੇ ਉਚ ਪੱਧਰੀ ਡਾਕਟਰੀ ਟੀਮਾਂ ਭੇਜ ਦਿੱਤੀਆਂ ਹਨ।

## ਇਕੋ ਰਾਤ ਵਿਚ ਤਿੰਨ ਗੁਰਦੁਆਰਿਆਂ ਅੰਦਰ ਚੋਰੀਆਂ

**ਬਰਾੜਾ (ਅੰਬਾਲਾ):** ਬਰਾੜਾ ਸਬ-ਡਵੀਜ਼ਨ ਦੇ ਕੰਬਾਸੀ ਪਿੰਡ ਵਿਚ ਇਕੋ ਰਾਤ ਚੋਰਾਂ ਨੇ ਤਿੰਨ ਗੁਰੂ ਘਰਾਂ ਨੂੰ ਨਿਸ਼ਾਨਾ-ਬਣਾਇਆ ਅਤੇ ਗੋਲਕਾਂ ਤੇ ਹੋਰ ਸਾਮਾਨ ਚੋਰੀ ਕਰ ਕੇ ਲੈ ਗਏ। ਕੰਬਾਸੀ ਪਿੰਡ ਦੇ ਹਰਗੋਬਿੰਦਪੁਰਾ ਡੇਰੇ ਦੇ ਗੁਰਦੁਆਰੇ ਦਾ ਤਾਲਾ ਤੋੜ ਕੇ ਚੋਰਾਂ ਨੇ ਗੁਰਦੁਆਰੇ ਦੀ ਗੋਲਕ ਅਤੇ ਚਾਂਦੀ ਦੇ ਦੋ ਛਤਰ ਚੋਰੀ ਕਰ ਲਏ। ਗੁਰਦੁਆਰੇ ਦੇ ਗ੍ਰੰਥੀ ਭਾਈ ਗੁਰਚਰਨ ਸਿੰਘ ਅਤੇ ਜਸਪਾਲ ਸਿੰਘ ਨੇ ਦੱਸਿਆ ਕਿ ਸਵੇਰੇ ਜਦੋਂ ਗੁਰਦੁਆਰਾ ਖੋਲ੍ਹਿਆ ਗਿਆ ਤਾਂ ਦੇਖਿਆ ਕਿ ਇਕ ਖਿੜਕੀ ਟੁੱਟੀ ਹੋਈ ਸੀ ਅਤੇ ਗੁਰੂ ਘਰ ਦੀ ਗੋਲਕ, ਚਾਂਦੀ ਦੇ ਦੋ ਛਤਰ ਅਤੇ ਮਾਈਕ ਗਾਇਬ ਸਨ। ਭਾਈ ਗੁਰਚਰਨ ਸਿੰਘ ਨੇ ਦੱਸਿਆ ਕਿ ਗੋਲਕ ਗੁਰਦੁਆਰੇ ਤੋਂ ਦੂਰ ਖੇਤਾਂ ਵਿਚ ਖਾਲੀ ਪਾਈ ਹੋਈ ਮਿਲੀ ਹੈ। ਕੰਬਾਸੀ ਪਿੰਡ ਦੇ ਹੀ ਬਸਤੀ ਕੰਬੋਜ ਮਾਜਰੀ ਦੇ ਗੁਰਦੁਆਰੇ ਵਿਚੋਂ ਵੀ ਚੋਰ 11 ਤੋਲੇ ਚਾਂਦੀ ਦਾ ਛਤਰ, ਇਕ ਭਰਿਆ ਹੋਇਆ ਸਿਲੰਡਰ, ਇਕ ਮਾਈਕ ਅਤੇ 500 ਰੁਪਏ ਨਕਦ ਚੋਰੀ ਕਰ ਕੇ ਲੈ ਗਏ। ਜਸਪਾਲ ਸਿੰਘ ਨੇ ਦੱਸਿਆ ਕਿ ਇਹ ਚੋਰੀ ਚੋਰਾਂ ਨੇ ਗੁਰਦੁਆਰੇ ਦਾ ਤਾਲਾ ਤੋੜ ਕੇ ਕੀਤੀ। ਚੋਰਾਂ ਨੇ ਪਿੰਡ ਦੇ ਤੀਜੇ ਗੁਰਦੁਆਰੇ ਨੂੰ ਵੀ ਨਿਸ਼ਾਨਾ ਬਣਾ ਲਿਆ ਪਰ ਇਸ ਗੁਰਦੁਆਰੇ ਵਿਚੋਂ ਚੋਰ ਕੁਝ ਵੀ ਚੋਰੀ ਨਾ ਕਰ ਸਕੇ।

## ਪਰਮਜੀਤ ਸਰਨਾ ਨੂੰ ਅਕਾਲ ਤਖਤ 'ਤੇ ਸੱਦਣ ਦੀ ਮੰਗ

**ਅੰਮ੍ਰਿਤਸਰ:** ਦਿੱਲੀ ਦੇ ਇਕ ਗੁਰਦੁਆਰੇ 'ਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਨ 'ਤੇ ਰੋਕ ਲਗਾਉਣ ਦੇ ਮਾਮਲੇ ਨੂੰ ਲੈ ਕੇ ਦਿੱਲੀ ਤੋਂ ਇਕ ਵਫ਼ਦ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮਿਲ ਕੇ ਇਕ ਮੰਗ ਪੱਤਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕੁਲਦੀਪ ਸਿੰਘ ਭੋਗਲ ਨੇ ਪੱਤਰਕਾਰ ਸੰਮੇਲਨ 'ਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜ ਮੈਂਬਰਾਂ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮਿਲ ਕੇ ਮੰਗ ਕੀਤੀ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਗੁਰਮਤਿ ਮਰਿਯਾਦਾ ਦੀ ਉਲੰਘਣਾ ਕਰਨ ਦੇ ਮਾਮਲੇ 'ਚ ਤਖਤ 'ਤੇ ਤਲਬ ਕੀਤਾ ਜਾਵੇ। ਸ. ਭੋਗਲ ਨੇ ਦੱਸਿਆ ਕਿ '84 ਦੇ ਕਤਲੇਆਮ ਦੌਰਾਨ ਮਾਰੇ ਗਏ ਪਰਿਵਾਰਾਂ ਦੀ ਆਤਮਿਕ ਸ਼ਾਂਤੀ ਲਈ ਦੰਗਾ ਪੀੜਤ ਪਰਿਵਾਰਾਂ ਦੀ ਹਾਜ਼ਰੀ 'ਚ ਜਦੋਂ ਗੁਰਦੁਆਰਾ ਸ੍ਰੀ ਬਾਲਾ ਸਾਹਿਬ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਨ ਲੱਗੇ ਤਾਂ ਉਥੋਂ ਇਹ ਕਹਿ ਕੇ ਸ੍ਰੀ ਅਖੰਡ ਪਾਠ ਆਰੰਭ ਨਹੀਂ ਕਰਨ ਦਿੱਤਾ ਗਿਆ ਕਿ ਪ੍ਰਧਾਨ ਦਾ ਹੁਕਮ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਕਮੇਟੀ ਦੇ ਇਸ ਰਵੱਈਏ ਵਿਰੁਧ ਦੰਗਾ ਪੀੜਤ ਪਰਿਵਾਰਾਂ ਨੇ ਸ. ਸਰਨਾ ਵਿਰੁਧ ਨਾਅਰੇਬਾਜ਼ੀ ਕੀਤੀ।


MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Emirates Asiana Airlines KOREAN AIR SINGAPORE AIRLINES CATHAY PACIFIC Lufthansa CHINA AIRLINES
We Also Offer Notary Service

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

Editing & Translation
Professional Text Editing in English and Translation Work from Punjabi to English (Academic, Technical and Creative)
Prithvi Raj
prithviraj46@yahoo.com
shaprithvi@gmail.com
Cell (India)-094173-50789

NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Full Time
Part Time
Day & Evening
Start Your Nursing Career Today!

12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Choose which is right for you...
Your career is a call away. Call today!
www.ncpcollegeofnursing.com
Peninsula Campus
257 Longford Drive #5
So. San Francisco, CA 94080
1.800.339.5145
East Bay Campus
21615 Hesperian Blvd, Ste A
Hayward, CA 94541
1.800.611.4054

FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਕੈਲੰਡਰ ਵਾਲਾ ਰੇੜਕਾ ਜਾਰੀ, ਮੱਕੜ ਵਲੋਂ ਨਵੀਂ ਕਮੇਟੀ ਦੀ ਪੇਸ਼ਕਸ਼

-ਪੰਜਾਬ ਟਾਈਮਜ਼ ਨਿਊਜ਼ ਸਰਵਿਸ

**ਅੰਮ੍ਰਿਤਸਰ :** ਨਾਨਕਸ਼ਾਹੀ ਕੈਲੰਡਰ ਦਾ ਰੇੜਕਾ ਜਾਰੀ ਹੈ।ਇਕ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲਗਾਤਾਰ ਕੈਲੰਡਰ ਵਿਚੋਂ ਤਰੁਟੀਆਂ ਦੂਰ ਕਰਨ ਦੀ ਗੱਲ ਕਰ ਰਹੇ ਹਨ ਦੂਜੇ ਪਾਸੇ ਕੈਲੰਡਰ ਦੇ ਨਿਰਮਤਾਤਾ ਸ. ਪਾਲ ਸਿੰਘ ਪੁਰੇਵਾਲ ਨੇ ਦਾਅਵਾ ਕੀਤਾ ਹੈ ਕਿ ਕੈਲੰਡਰ ਵਿਚ ਕੋਈ ਤਰੁਟੀ ਨਹੀਂ ਹੈ। ਇਸ ਦੌਰਾਨ ਜਥੇਦਾਰ ਮੱਕੜ ਨੇ ਕੈਲੰਡਰ ਦੇ ਪੱਖੀਆਂ ਅਤੇ ਵਿਰੋਧੀਆਂ ਦੇ 5-5 ਮੈਂਬਰਾਂ 'ਤੇ ਅਧਾਰਤ ਇਕ ਨਵੀਂ ਕਮੇਟੀ ਕਾਇਮ ਕਰਨ ਦਾ ਵੀ ਐਲਾਨ ਕੀਤਾ ਹੈ।

ਕੈਲੰਡਰ 'ਚ ਕੁਝ ਸੋਧਾਂ ਕਰਨ ਦੇ ਮੁੱਦੇ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਲੰਘੀ 12 ਨਵੰਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਕੁਝ ਕੁ ਜਥੇਬੰਦੀਆਂ ਨਾਲ ਇਕੱਤਰਤਾ ਕੀਤੀ। ਇਸ ਇਕੱਤਰਤਾ ਵਿਚ ਸੰਤ ਸਮਾਜ ਦੇ ਪ੍ਰਧਾਨ ਤੇ ਦਮਦਮੀ ਟਕਸਾਲ ਜੱਥਾ ਭਿੰਡਰਾ ਮਹਿਤਾ ਦੇ ਮੁਖੀ ਗਿਆਨੀ ਹਰਨਾਮ ਸਿੰਘ ਧੁੰਮਾ, ਦਮਦਮੀ ਟਕਸਾਲ ਸੰਗਰਾਵਾਂ ਦੇ ਮੁਖੀ ਗਿਆਨੀ ਰਾਮ ਸਿੰਘ ਭਾਵੇਂ ਗੈਰ ਹਾਜ਼ਰ ਰਹੇ ਪਰ ਉਨ੍ਹਾਂ ਦੀ ਥਾਂ ਉਨ੍ਹਾਂ ਦੇ ਲੜਕੇ ਰਾਜਦੀਪ ਸਿੰਘ, ਸੰਤ ਸਮਾਜ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਮਾਹਿਲਪੁਰ, ਬਾਬਾ ਜੋਗਾ ਸਿੰਘ ਬੱਧਨੀ ਕਲਾਂ ਵਾਲੇ, ਸੰਤ ਨਾਜਰ ਸਿੰਘ ਹਰੀਆਂ ਵੇਲਾ ਵਾਲੇ, ਸੰਤ ਸੇਵਾ ਸਿੰਘ ਰਾਮਪੁਰ ਖੇੜੇ ਵਾਲੇ, ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲੇ, ਭਾਈ ਰਾਜਿੰਦਰ ਸਿੰਘ ਮਹਿਤਾ ਤੇ ਭਾਈ ਜਸਵਿੰਦਰ ਸਿੰਘ ਐਡਵੋਕੇਟ ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਮਨਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਬਾਦਲ ਦਲ ਆਦਿ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਲਈ ਬਾਦਲ ਵਿਰੁਧ ਮੋਰਚਾ ਖੋਲ੍ਹੀ ਬੈਠੀਆਂ ਅਕਾਲੀ ਧਿਰਾਂ ਨੂੰ ਬੁਲਾਵਾ ਨਹੀਂ ਸੀ ਭੇਜਿਆ ਗਿਆ। ਤਿੰਨ ਘੰਟੇ ਚੱਲੀ ਮੀਟਿੰਗ ਤੋਂ ਬਾਅਦ ਗੁਰੂ ਨਾਨਕ ਨਿਵਾਸ ਵਿਖੇ ਪੱਤਰਕਾਰ ਸੰਮੇਲਨ 'ਚ ਬੋਲਦਿਆਂ ਸ. ਮੱਕੜ ਨੇ ਕਿਹਾ ਕਿ ਨਾਨਕਸ਼ਾਹੀ ਕੈਲੰਡਰ 'ਚ ਸੋਧਾਂ ਕਰਨ ਤੇ ਲੱਭੀਆਂ ਤਰੁੱਟੀਆਂ ਸਬੰਧੀ ਲਿਖ਼ਤੀ ਤੌਰ 'ਤੇ ਇਤਰਾਜ਼ ਤੇ ਸੁਝਾਅ ਲੈ ਲਏ ਗਏ ਹਨ। ਉਨ੍ਹਾਂ ਕਿਹਾ ਕਿ ਸੰਤ ਸਮਾਜ 'ਤੇ ਗੁਰਮਤਿ ਸਿਧਾਂਤ ਪ੍ਰਚਾਰਕਾਂ ਨਾਲ ਵਿਚਾਰਾਂ ਕਰਨ ਉਪਰੰਤ ਇਸ ਸਿੱਟੇ 'ਤੇ ਪਹੁੰਚਿਆ ਗਿਆ ਹੈ ਕਿ ਕੈਲੰਡਰ 'ਚ ਕੀਤੀਆਂ ਜਾਣ ਵਾਲੀਆਂ ਸੋਧਾਂ ਦੇ ਵਿਰੁਧ ਤੇ ਹੱਕ ਵਾਲੇ ਦੋਵਾਂ ਧੜਿਆਂ 'ਚੋਂ ਪੰਜ-ਪੰਜ ਮੈਂਬਰ ਲੈ ਕੇ ਇਕ 10 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇ ਤਾਂ ਜੋ ਕੈਲੰਡਰ ਸਬੰਧੀ ਸਹਿਮਤੀ ਬਣ ਸਕੇ। ਜਥੇ ਮੱਕੜ ਨੇ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਸਿੱਖ ਕੌਮ 'ਚ ਪਾਏ ਭਰਮ ਭੁਲੇਖਿਆਂ ਨੂੰ ਜਲਦ ਦੂਰ ਕਰਕੇ ਇਕ ਰਾਇ ਕਾਇਮ ਕੀਤੀ ਜਾਵੇ। ਸ਼੍ਰੋ. ਕਮੇਟੀ ਦੇ ਮੁਖੀ ਨੇ ਕਿਹਾ ਕਿ ਗਠਿਤ ਕੀਤੀ ਜਾਣ ਵਾਲੀ ਕਮੇਟੀ ਤੋਂ ਇਲਾਵਾ ਕੈਲੰਡਰ ਦੇ ਰਚੇਤਾ ਪ੍ਰਵਾਸੀ ਸਿੱਖ ਪਾਲ ਸਿੰਘ ਪੁਰੇਵਾਲ ਕੋਲੋਂ ਵੀ ਸੁਝਾਅ ਮੰਗੇ ਗਏ ਹਨ। ਪ੍ਰੈਸ ਕਾਨਫਰੰਸ 'ਚ ਜਦੋਂ ਪੱਤਰਕਾਰ ਨੇ ਪੁੱਛਿਆ ਕਿ ਕੀ ਤੁਸੀਂ ਨਾਨਕਸ਼ਾਹੀ ਕੈਲੰਡਰ ਰੱਦ ਕਰਨ ਬਾਰੇ ਸੋਚਿਆ ਹੈ ਤਾਂ ਉਨ੍ਹਾਂ ਕਿਹਾ ਕਿ ਨਹੀਂ, ਅਸੀਂ ਕਲੰਡਰ 'ਚੋਂ ਤਰੁੱਟੀਆਂ ਜ਼ਰੂਰ ਦੂਰ ਕਰਾਂਗੇ।



ਇਕ ਪ੍ਰੈਸ ਕਾਨਫਰੰਸ ਵਿਚ ਦਲ ਖਾਲਸਾ ਦੇ ਆਗੂ ਭਾਈ ਕੰਵਰ ਪਾਲ ਸਿੰਘ ਬਿੱਟੂ, ਪਾਲ ਸਿੰਘ ਪੁਰੇਵਾਲ ਅਤੇ ਮਨਜੀਤ ਸਿੰਘ ਕਲਕੱਤਾ

## ਪਾਲ ਸਿੰਘ ਪੁਰੇਵਾਲ ਵਲੋਂ ਕੈਲੰਡਰ ਵਿਚ ਤਬਦੀਲੀ ਦਾ ਤਿੱਖਾ ਵਿਰੋਧ



**ਬਨਾਰਸ ਦੇ ਬ੍ਰਾਹਮਣਾਂ ਨੇ 1960 ਵਿਚ ਸੂਰਜੀ ਸਿਧਾਂਤ ਨੂੰ ਤਿਲਾਂਜਲੀ ਦੇ ਦਿਤੀ ਸੀ। ਉਦੋਂ ਕਿਸੇ ਬ੍ਰਾਹਮਣ ਨੇ ਸਾਨੂੰ ਨਹੀਂ ਪੁਛਿਆ ਤਾਂ ਅੱਜ ਸਾਨੂੰ ਕਿਉਂ ਉਨ੍ਹਾਂ ਵਲ ਵੇਖਣਾ ਪੈ ਰਿਹੈ?**

ਇਸ ਦੌਰਾਨ, ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਪ੍ਰਵਾਸੀ ਭਾਰਤੀ ਸ. ਪਾਲ ਸਿੰਘ ਪੁਰੇਵਾਲ ਨੇ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਜਾ ਰਹੀਆਂ ਤਬਦੀਲੀਆਂ ਸਬੰਧੀ ਮੁੱਖ ਸੇਵਾਦਾਰਾਂ, ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਡੇਰੇਦਾਰ ਸਾਧਾਂ ਦੀਆਂ ਮੀਟਿੰਗਾਂ ਨੂੰ ਬੇਲੋੜਾ ਕਰਾਰ ਦਿੱਤਾ ਹੈ। ਉਨ੍ਹਾਂ ਨਾਨਕਸ਼ਾਹੀ ਕੈਲੰਡਰ ਨੂੰ ਸਿੱਖ ਪੰਥ ਵਿਚ ਸਰਬ ਪ੍ਰਵਾਨਤ ਕੈਲੰਡਰ ਦਸਿਆ। ਸ. ਪੁਰੇਵਾਲ ਨੇ ਕਿਹਾ, "ਜੇ ਕੈਲੰਡਰ ਵਿਚ ਕਿਸੇ ਤਬਦੀਲੀ ਦੀ ਲੋੜ ਹੈ ਤਾਂ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦਾ ਅਵਤਾਰ ਪੁਰਬ, ਬੰਦੀ ਛੋੜ ਦਿਵਸ ਅਤੇ ਹੋਲਾ ਮਹੱਲਾ ਦੀਆਂ ਤਰੀਕਾਂ ਵਿਚ ਸੋਧ ਕਰਨੀ ਚਾਹੀਦੀ ਹੈ।" ਸ. ਪੁਰੇਵਾਲ ਨੇ ਕਿਹਾ ਕਿ ਸਾਲ 2003 ਵਿਚ ਜਦ ਉਨ੍ਹਾਂ ਨਾਲ ਡੇਰੇਦਾਰ ਸਾਧਾਂ ਦੀ ਅਕਾਲ ਤਖ਼ਤ ਸਾਹਿਬ ਉਤੇ ਆਖ਼ਰੀ ਮੀਟਿੰਗ ਹੋਈ ਸੀ, ਉਦੋਂ ਵੀ ਕੋਈ ਇਤਰਾਜ਼ ਦੇਣ ਵਿਚ ਸਾਧ ਅਸਫ਼ਲ ਰਹੇ ਸਨ। ਬੀਤੀ 14 ਨਵੰਬਰ ਨੂੰ ਦਲ ਖ਼ਾਲਸਾ ਦੇ ਮੁੱਖ ਦਫ਼ਤਰ ਵਿਚ ਗੱਲਬਾਤ ਕਰਦਿਆਂ ਸ. ਪਾਲ ਸਿੰਘ ਪੁਰੇਵਾਲ ਨੇ ਦਾਅਵੇ ਨਾਲ ਕਿਹਾ ਕਿ ਕੈਲੰਡਰ ਵਿਚ ਕੋਈ ਨੁਕਸ ਨਹੀਂ ਅਤੇ ਕੈਲੰਡਰ ਕੋਈ 'ਵਿਕਾਊ' ਮਾਲ ਨਹੀਂ।

ਪ੍ਰਵਾਸੀ ਭਾਰਤੀ ਨੇ ਪ੍ਰਗਟਾਵਾ ਕੀਤਾ ਕਿ ਬਨਾਰਸ ਦੇ ਬ੍ਰਾਹਮਣਾਂ ਨੇ 1960 ਵਿਚ 'ਸੂਰਜੀ ਸਿਧਾਂਤ' ਨੂੰ ਤਿਲਾਂਜਲੀ ਦੇ ਦਿਤੀ ਸੀ। ਉਨ੍ਹਾਂ ਕਿਹਾ ਕਿ ਜੇ ਉਦੋਂ ਕਿਸੇ 'ਬ੍ਰਾਹਮਣ' ਨੇ ਸਾਨੂੰ ਨਹੀਂ ਪੁਛਿਆ ਤਾਂ ਫਿਰ ਅੱਜ ਸਾਨੂੰ ਕਿਉਂ ਵਾਰ-ਵਾਰ ਉਨ੍ਹਾਂ ਵਲ ਵੇਖਣਾ ਪੈ ਰਿਹਾ ਹੈ? ਸ. ਪੁਰੇਵਾਲ ਨੇ ਕਿਹਾ ਕਿ ਉਨ੍ਹਾਂ 1998 ਦੇ ਨੇੜੇ ਤੇੜੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਪ੍ਰਚਲਤ ਬਿਕਰਮੀ ਕੈਲੰਡਰ ਦੀਆਂ 2999 ਤਕ ਆਉਣ ਵਾਲੀਆਂ ਸੰਗਰਾਂਦਾਂ ਬਾਰੇ ਪੂਰੀ ਸੂਚੀ ਬਣਾ ਕੇ ਭੇਜੀ ਸੀ, ਜਿਨ੍ਹਾਂ ਅਨੁਸਾਰ 2999 ਵਿਚ ਵਿਸਾਖੀ 27 ਅਪ੍ਰੈਲ ਦੇ ਨੇੜੇ ਤੇੜੇ ਪੁੱਜ ਜਾਣੀ ਸੀ। ਉਨ੍ਹਾਂ ਕਿਹਾ ਕਿ ਜੇ ਪ੍ਰਚੱਲਤ ਬਿਕਰਮੀ ਕੈਲੰਡਰ ਦੀ ਥਾਂ ਨਾਨਕਸ਼ਾਹੀ ਕੈਲੰਡਰ ਨਾ ਅਪਣਾਇਆ ਜਾਵੇ ਤਾਂ 2999 ਵਿਚ ਗੁਰੂ ਨਾਨਕ ਸਾਹਿਬ ਦਾ ਜਨਮ ਦਿਨ 13 ਦਸੰਬਰ ਅਤੇ 3000 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਫਰਵਰੀ ਵਿਚ ਆਉਣਾ ਸੀ।

ਸ. ਪੁਰੇਵਾਲ ਨੇ ਕਿਹਾ ਕਿ ਬਿਕਰਮੀ ਕੈਲੰਡਰ ਚੰਨ ਦੀ ਗਣਨਾ 'ਤੇ ਆਧਾਰਤ ਹੈ ਅਤੇ ਇਸ ਵਿਚ ਵਾਧ-ਘਾਟ ਹੁੰਦੀ ਹੀ ਰਹਿੰਦੀ ਹੈ ਜਦਕਿ ਉਨ੍ਹਾਂ ਵਲੋਂ ਬਣਾਇਆ ਗਿਆ ਨਾਨਕਸ਼ਾਹੀ ਕੈਲੰਡਰ ਗੁਰਬਾਣੀ ਵਿਚ ਆਏ ਬਾਰਹਮਾਹ 'ਤੇ ਆਧਾਰਤ ਹੈ।

ਨਾਨਕਸ਼ਾਹੀ ਕੈਲੰਡਰ ਵਿਚ ਇਕੋ ਦਿਨ ਦੋ-ਦੋ ਜਾਂ ਚਾਰ-ਚਾਰ ਤਿਉਹਾਰ ਆਉਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਸਬੰਧਤ ਦਿਨ ਤਿਉਹਾਰਾਂ ਦੀਆਂ ਤਰੀਕਾਂ ਇਤਿਹਾਸ ਦੀ ਪੁਣਛਾਣ ਕਰ ਕੇ ਹੀ ਪੱਕੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਮਿਸਾਲ ਦਿੰਦਿਆਂ ਦਸਿਆ ਕਿ 1982 ਵਿਚ ਜਦੋਂ ਨਾਨਕਸ਼ਾਹੀ ਕੈਲੰਡਰ ਹੋਂਦ ਵਿਚ ਨਹੀਂ ਸੀ ਆਇਆ ਤਾਂ ਉਦੋਂ ਅੰਮ੍ਰਿਤਸਰ ਦੇ ਇਕ ਨਿੱਜੀ ਪ੍ਰਕਾਸ਼ਕ ਵਲੋਂ ਛਾਪੀ ਬਿਕਰਮੀ ਜੰਤਰੀ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਦਿਹਾੜਾ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਇਕ ਹੀ ਦਿਨ 22 ਦਸੰਬਰ ਨੂੰ ਆਏ ਸਨ। ਉਨ੍ਹਾਂ ਕਿਹਾ ਕਿ ਅਜਿਹਾ ਇਸ ਤੋਂ ਪਹਿਲਾਂ 1944 ਵਿਚ ਅਤੇ ਫਿਰ 1963 ਵਿਚ ਵੀ ਹੋਇਆ। ਸਾਧਾਂ ਵਲੋਂ ਨਾਨਕਸ਼ਾਹੀ ਕੈਲੰਡਰ ਅਤੇ ਬਿਕਰਮੀ ਕੈਲੰਡਰ ਦੀਆਂ ਸੰਗਰਾਂਦਾਂ ਬਾਰੇ ਪੁੱਛੇ ਜਾਣ 'ਤੇ ਸ. ਪੁਰੇਵਾਲ ਨੇ ਕਿਹਾ ਕਿ ਜਦੋਂ ਅਸੀਂ ਪਿਛਲਾ ਕੈਲੰਡਰ ਰੱਦ ਕਰ ਹੀ ਚੁਕੇ ਹਾਂ, ਫਿਰ ਸਾਨੂੰ ਉਸ ਵਲ ਵੇਖਣ ਦੀ ਕੋਈ ਲੋੜ ਨਹੀਂ ਰਹਿ ਜਾਂਦੀ। ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਮੌਸਮੀ ਸਾਲ 'ਤੇ ਆਧਾਰਤ ਹੈ ਅਤੇ ਇਸ ਕੈਲੰਡਰ ਦੇ ਨਿਰਮਾਣ ਲਈ ਉਨ੍ਹਾਂ ਨੇ ਕਰੀਬ 34 ਇਤਿਹਾਸਕ ਵਸੀਲਿਆਂ ਦੀ ਜਾਂਚ-ਪੜਤਾਲ ਕੀਤੀ ਅਤੇ ਇਸ ਨੂੰ ਵਿਗਿਆਨਕ ਕੈਲੰਡਰ ਬਣਾਇਆ। ਸ. ਪੁਰੇਵਾਲ ਨੇ ਕਿਹਾ ਕਿ 1995 ਵਿਚ ਉਨ੍ਹਾਂ ਨੇ ਚੰਡੀਗੜ੍ਹ ਵਿਚ ਕੈਲੰਡਰ ਸਬੰਧੀ ਸਾਰੀ ਸਮਗਰੀ ਵੰਡੀ ਸੀ। ਉਨ੍ਹਾਂ ਕਿਹਾ ਕਿ ਜਦ ਕੈਲੰਡਰ ਤਿਆਰ ਹੋਇਆ ਤਾਂ ਥਿੱਤਾਂ ਅਤੇ ਅੰਗਰੇਜ਼ੀ ਤਰੀਕਾਂ ਨੂੰ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਆਧਾਰ ਬਣਾ ਕੇ ਇਤਿਹਾਸਕ ਦਿਹਾੜੇ ਤੈਅ ਕੀਤੇ ਗਏ। ਉਨ੍ਹਾਂ ਕਿਹਾ ਕਿ ਸੂਰਜੀ ਸਿਧਾਂਤ ਦੇ ਕੈਲੰਡਰ ਗੁਰੂ ਕਾਲ ਤੋਂ ਪ੍ਰਚੱਲਤ ਹਨ।

ਭਾਰਤ ਸਰਕਾਰ ਤੇ ਪੰਜਾਬ ਸਰਕਾਰ ਨੇ ਵੀ ਇਸ ਨਾਨਕਸ਼ਾਹੀ ਕੈਲੰਡਰ ਨੂੰ ਮਾਨਤਾ ਦੇ ਦਿਤੀ ਹੈ। ਉਨ੍ਹਾਂ ਇਕ ਹੋਰ ਪ੍ਰਗਟਾਵਾ ਕਰਦਿਆਂ ਕਿਹਾ ਕਿ ਜਦ ਇਹ ਕੈਲੰਡਰ 2003 ਵਿਚ ਲਾਗੂ ਹੋਇਆ ਸੀ ਤਾਂ ਉਦੋਂ ਭਾਰਤ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਨੇ ਸਿੱਖ ਇਤਿਹਾਸਕ ਦਿਹਾੜਿਆਂ 'ਤੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਛੁੱਟੀਆਂ ਕਰਨ ਲਈ ਚਿੱਠੀ ਲਿਖੀ ਸੀ ਤਾਂ ਉਦੋਂ ਭਾਰਤ ਸਰਕਾਰ ਨੇ ਸ੍ਰੀ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਬਿਕਰਮੀ ਕੈਲੰਡਰ ਅਨੁਸਾਰ ਰੱਖੇ ਜਾਣ 'ਤੇ ਇਤਰਾਜ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਉਸ ਵੇਲੇ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਭਾਰਤ ਸਰਕਾਰ ਦੇ ਇਤਰਾਜ਼ ਵਾਲੀ ਚਿੱਠੀ ਉਨ੍ਹਾਂ ਕੋਲ ਕੈਨੇਡਾ ਭੇਜੀ ਸੀ। ਉਦੋਂ ਉਨ੍ਹਾਂ ਇਸ ਚਿੱਠੀ ਦੇ ਜਵਾਬ ਵਿਚ ਇਕ ਸਖ਼ਤ ਚਿੱਠੀ ਲਿਖੀ ਸੀ ਜਿਸ ਵਿਚ ਉਨ੍ਹਾਂ ਭਾਰਤ ਸਰਕਾਰ ਨੂੰ ਸਾਫ਼ ਸ਼ਬਦਾਂ ਵਿਚ ਕਿਹਾ ਸੀ ਕਿ ਇਹ ਫ਼ੈਸਲਾ ਪੰਥ ਦਾ ਹੈ ਅਤੇ ਤੁਹਾਡਾ ਕੰਮ ਸੁਝਾਅ ਦੇਣਾ ਨਹੀਂ। ਉਨ੍ਹਾਂ ਕਿਹਾ ਕਿ ਕੈਲੰਡਰ ਬਾਰੇ ਅਕਾਲ ਤਖ਼ਤ ਸਾਹਿਬ ਨੇ 11 ਮੈਂਬਰੀ ਕਮੇਟੀ ਬਣਾਈ ਹੋਈ ਹੈ, ਸਾਧ ਉਸ ਕਮੇਟੀ ਅੱਗੇ ਕਿਉਂ ਨਹੀਂ ਆਪਣੇ ਇਤਰਾਜ਼ ਪੇਸ਼ ਕਰਦੇ? ਉਨ੍ਹਾਂ ਕਿਹਾ ਕਿ 80 ਸਾਲ ਤੋਂ ਪ੍ਰਚਲਤ ਸਿੱਖ ਰਹਿਤ ਮਰਯਾਦਾ ਵਿਚ ਇਨ੍ਹਾਂ 10 ਫ਼ੀ ਸਦੀ ਸਾਧਾਂ ਕਾਰਨ ਹੀ -ਇਕਸੁਰਤਾ ਨਹੀਂ ਆਈ।

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੇਟ ਹੋਣ ਦੇ ਆਸਾਰ ਬਣੇ

**ਚੰਡੀਗੜ੍ਹ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ 'ਤੇ ਗੁਰਦੁਆਰਾ ਚੋਣਾਂ ਦੇ ਚੀਫ ਕਮਿਸ਼ਨਰ ਜਸਟਿਸ ਜੇ. ਸੀ. ਵਰਮਾ ਦੀ ਨਿਯੁਕਤੀ ਦਾ ਪ੍ਰਛਾਵਾਂ ਪੈਣ ਲਗਾ ਹੈ। ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਵਲੋਂ ਦਿੱਤੀ ਗਈ ਚੁਣੌਤੀ ਅਤੇ ਪੰਜਾਬ ਸਰਕਾਰ ਵਲੋਂ ਢਿੱਲ ਮੱਠ ਵਾਲੇ ਵਤੀਰੇ ਦਾ ਪ੍ਰਛਾਵਾਂ ਪੈਣ ਲੱਗਾ ਹੈ। ਇਸ ਸਥਿਤੀ ਵਿਚ ਆਮ ਚੋਣਾਂ ਕਰਵਾਉਣ ਦਾ ਕੰਮ ਹਾਲ ਦੀ ਘੜੀ ਠੱਪ ਹੋਣ ਵਰਗਾ ਹੋ ਗਿਆ ਹੈ।

ਵਰਨਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਜਸਟਿਸ ਜੇ. ਸੀ. ਵਰਮਾ ਨੂੰ ਚੀਫ ਕਮਿਸ਼ਨਰ ਲਾਉਣ ਵਿਰੁਧ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖਿਆ ਸੀ। ਇਸ ਪੱਤਰ ਵਿਚ ਉਨ੍ਹਾਂ ਨੇ ਜਸਟਿਸ ਵਰਮਾ ਦੇ ਜਾਤੀ ਤੌਰ 'ਤੇ ਖਿਲਾਫ਼ ਕੁਝ ਨਹੀਂ ਲਿਖਿਆ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਜ਼ਰੀਏ ਤੋਂ ਇਸ ਨਿਯੁਕਤੀ ਦਾ ਵਿਰੋਧ ਕੀਤਾ ਸੀ। ਇਸ ਮਾਮਲੇ ਨੂੰ ਉਨ੍ਹਾਂ ਨੇ ਸਿੱਖ ਮਰਿਯਾਦਾ ਨਾਲ ਜੋੜਿਆ।

ਜਥੇਦਾਰ ਮੱਕੜ ਨਾਲ ਇਸ ਮੁੱਦੇ 'ਤੇ ਸੰਪਰਕ ਕੀਤੇ ਜਾਣ 'ਤੇ ਉਨ੍ਹਾਂ ਕਿਹਾ, "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਵਲੋਂ ਪ੍ਰਧਾਨ ਮੰਤਰੀ ਨੂੰ ਗੁਰਦੁਆਰਾ ਚੋਣ ਕਮਿਸ਼ਨ ਦੇ ਮੁੱਖ ਕਮਿਸ਼ਨਰ ਦੀ ਨਿਯੁਕਤੀ ਬਾਰੇ ਲਿਖੇ ਪੱਤਰ ਦੇ ਮੁੱਦੇ 'ਤੇ ਕਾਇਮ ਹੈ। ਕਮੇਟੀ ਸਿਧਾਂਤਕ ਗੱਲ ਤੋਂ ਪਿੱਛੇ ਨਹੀਂ ਹਟ ਸਕਦੀ।" ਜਥੇਦਾਰ ਮੱਕੜ ਦਾ ਕਹਿਣਾ ਸੀ ਕਿ ਉਹ ਜਸਟਿਸ ਵਰਮਾ ਦਾ ਨਿੱਜੀ ਤੌਰ 'ਤੇ ਬਹੁਤ ਸਤਿਕਾਰ ਕਰਦੇ ਹਨ ਪਰ ਸਿੱਖ ਮਰਿਆਦਾ ਅਨੁਸਾਰ ਕਮੇਟੀ ਜਸਟਿਸ ਵਰਮਾ ਦੀ ਨਿਯੁਕਤੀ ਦਾ ਵਿਰੋਧ ਕਰਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਹਰ ਪੜਾਅ 'ਤੇ ਸਿੱਖੀ ਸਿਧਾਂਤ ਅਤੇ ਮਰਿਆਦਾ ਦੀ ਜਾਣਕਾਰੀ ਦੀ ਮੰਗ ਕਰਦੀਆਂ ਹਨ। ਮਰਿਆਦਾ ਅਨੁਸਾਰ ਹੀ ਉਮੀਦਵਾਰਾਂ ਦੀ ਚੋਣ ਹੁੰਦੀ ਹੈ ਅਤੇ ਚੋਣਾਂ ਦਾ ਕੰਮ ਨੇਪਰੇ ਚੜ੍ਹਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਬੇਸ਼ੱਕ ਇਹ ਨਿਯੁਕਤੀ ਕੇਂਦਰ ਸਰਕਾਰ ਕਰਦੀ ਹੈ ਪਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਨਾਲ ਸੰਬੰਧਤ ਇਸ ਅਹਿਮ ਅਦਾਰੇ ਲਈ ਸਿੱਖ ਮਰਿਆਦਾ ਅਤੇ ਸਿੱਖੀ ਪਿਛੋਕੜ ਵਾਲੀ ਕਿਸੇ ਹਸਤੀ ਦੀ ਹੀ ਨਿਯੁਕਤੀ ਹੋਣੀ ਚਾਹੀਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਮਿੱਥੇ ਸਮੇਂ 'ਤੇ ਕਰਵਾਉਣ ਦਾ ਸਮਾਂ ਨਿਕਲ ਗਿਆ ਹੈ। ਇਸ ਵੇਲੇ ਵੀ ਸਥਿਤੀ ਇਹ ਬਣੀ ਹੋਈ ਹੈ ਕਿ ਚੋਣਾਂ ਦਾ ਕੰਮ ਤਕਰੀਬਨ ਠੱਪ ਹੀ ਪਿਆ ਹੈ।

ਸ਼੍ਰੋਮਣੀ ਕਮੇਟੀ ਵਲੋਂ ਪ੍ਰਧਾਨ ਮੰਤਰੀ ਨੂੰ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਬਾਰੇ ਲਿਖੇ ਪੱਤਰ ਕਾਰਨ ਸੰਬੰਧਤ ਹਲਕਿਆਂ ਵਿਚ ਗੈਰਯਕੀਨੀ ਦੀ ਹਾਲਤ ਬਣੀ ਹੋਈ ਹੈ। ਬੇਸ਼ੱਕ ਕੇਂਦਰ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਪੱਤਰ 'ਤੇ ਅੱਜ ਤਕ ਕੋਈ ਕਾਰਵਾਈ ਨਹੀਂ ਕੀਤੀ ਪਰ ਹਰਿਆਣਾ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਦੇ 'ਤੇ ਕੇਂਦਰ ਸਰਕਾਰ ਵਲੋਂ ਟਾਲਣ ਵਾਲੇ ਲਏ ਗਏ ਸਟੈਂਡ ਕਾਰਨ ਇਸ ਮਾਮਲੇ ਵਿਚ ਵੀ ਇਹ ਸਮਝਿਆ ਜਾ ਰਿਹਾ ਹੈ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਕੇਂਦਰ ਸਰਕਾਰ ਵਿਰੋਧ ਮੁੱਲ ਲੈਣ ਦੇ ਹੱਕ ਵਿਚ ਨਹੀਂ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਅਜੇ ਤਕ ਕੇਂਦਰ ਵਲੋਂ ਕਮਿਸ਼ਨ ਕੋਲ ਕੋਈ ਵੀ ਲਿਖਤੀ ਜਾਣਕਾਰੀ ਨਹੀਂ ਆਈ ਹੈ ਪਰ ਇਹ ਮਾਮਲਾ ਖ਼ਤਮ ਵੀ ਨਹੀਂ ਸਮਝਿਆ ਜਾ ਰਿਹਾ। ਬੇਸ਼ੱਕ ਜਸਟਿਸ ਵਰਮਾ ਦਾ ਕਹਿਣਾ ਹੈ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦੋ ਵਾਰ ਨਿੱਜੀ ਮਾਮਲੇ ਵਿਚ ਮਿਲੇ ਸਨ ਅਤੇ ਇਹ ਵੀ ਆਖ ਰਹੇ ਹਨ ਕਿ ਬਾਦਲ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਜਲਦੀ ਕਰਵਾਉਣ ਵਿਚ ਪੂਰੀ ਦਿਲਚਸਪੀ ਰੱਖ ਰਹੇ ਹਨ ਪਰ ਸ਼੍ਰੋਮਣੀ ਕਮੇਟੀ ਦੇ ਹਲਕਿਆਂ ਵਿਚ ਇਨ੍ਹਾਂ ਮੁਲਾਕਾਤਾਂ ਨੂੰ ਵੀ ਗੁਰਦੁਆਰਾ ਕਮਿਸ਼ਨ ਦੀ ਨਿਯੁਕਤੀ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਇਹ ਵੀ ਪਤਾ ਲੱਗਾ ਹੈ ਕਿ ਗੁਰਦੁਆਰਾ ਕਮਿਸ਼ਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਮੱਕੜ ਨਾਲ ਵੀ ਸੰਪਰਕ ਵਿਚ ਹੈ।

ਸ਼੍ਰੋਮਣੀ ਕਮੇਟੀ ਦਾ ਕੇਵਲ ਪੱਤਰ ਹੀ ਗੈਰ-ਯਕੀਨੀ ਦੀ ਹਾਲਤ ਨਹੀਂ ਪੈਦਾ ਕਰ ਰਿਹਾ ਸਗੋਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਲਈ ਦਿੱਤੇ ਜਾਣ ਵਾਲੇ ਫਾਰਮਾਂ ਦੀ ਤਿਆਰੀ ਬਾਰੇ ਵੀ ਗੁਰਦੁਆਰਾ ਕਮਿਸ਼ਨ ਕੋਲ ਸਰਕਾਰ ਵਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪ੍ਰਾਪਤ ਵੇਰਵਿਆਂ ਅਨੁਸਾਰ ਅੱਧ ਨਵੰਬਰ ਬੀਤ ਜਾਣ ਬਾਅਦ ਵੀ ਫਾਰਮ ਛਾਪਣ ਬਾਰੇ ਸਪੱਸ਼ਟ ਨਹੀਂ ਹੈ। ਸ਼੍ਰੋਮਣੀ ਕਮੇਟੀ ਚੋਣ ਮੁੱਖ ਥਿਰ ਤਾਂ ਪੰਜਾਬ ਦੇ ਹੀ ਹੈ। ਇਸ ਲਈ ਜਦੋਂ ਤੱਕ ਪੰਜਾਬ ਦੇ ਵੋਟਰਾਂ ਲਈ ਫਾਰਮ ਤਿਆਰ ਨਹੀਂ ਹੁੰਦੇ ਉਦੋਂ ਤੱਕ ਗੁਰਦੁਆਰਾ ਕਮਿਸ਼ਨ ਚੋਣਾਂ ਬਾਰੇ ਕੋਈ ਤਿਆਰੀ ਕਰਨ ਲਈ ਅਧਿਕਾਰੀਆਂ ਦੀ ਮੀਟਿੰਗ ਵੀ ਨਹੀਂ ਕਰ ਸਕਦਾ।

ਇਸ ਦੌਰਾਨ ਪਤਾ ਲਗਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਵਿਰੋਧੀ ਧਿਰਾਂ ਹਾਕਮ ਅਕਾਲੀਆਂ ਨਾਲੋਂ ਵਧੇਰੇ ਸਰਗਰਮ ਵਿਖਾਈ ਦਿੰਦੀਆਂ ਹਨ।ਅਕਾਲੀ ਆਗੂ ਮਨਜੀਤ ਸਿੰਘ ਕਲਕੱਤਾ ਤੇ ਪਰਮਜੀਤ ਸਿੰਘ ਸਰਨਾ ਵਧੇਰੇ ਸਰਗਰਮ ਵਿਖਾਈ ਦਿੰਦੇ ਹਨ ਅਤੇ ਉਹ ਬਰਨਾਲਾ ਧੜੇ ਸਮੇਤ ਪੰਜਾਬ ਦੇ ਟਕਸਾਲੀ ਅਕਾਲੀਆਂ ਨਾਲ ਸੰਪਰਕ ਸਾਧਣ ਦੀ ਮੁਹਿੰਮ ਵਿਚ ਜੁਟੇ ਹੋਏ ਹਨ।


Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)



RAJ SINGH
M.A., M.Ed Retd. Principal
Realtor & Financial Adviser
Lic#01776459 & OG22467

RAJ SINGH
Cell:510-452-7370

Notary Free

30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।

MISSIONPEAK BROKERS, INC.
46560 Fremont Blvd.
Suite #111 Fremont,
CA 94538
singhrajpaul@yahoo.com

# ਸਿੱਖਿਆ ਮੰਤਰੀ 'ਤੇ ਜਾਤੀ ਸੂਚਕ ਸ਼ਬਦ ਵਰਤਣ ਦੇ ਦੋਸ਼

**ਪਟਿਆਲਾ**: ਪੰਜਾਬ ਦੀ ਸਿੱਖਿਆ ਤੇ ਭਾਸ਼ਾ ਮੰਤਰੀ ਬੀਤੇ ਸ਼ਨੀਵਾਰ ਨੂੰ ਉਸ ਸਮੇਂ ਇਕ ਵੱਡੇ ਬਵਾਲ ਵਿਚ ਫਸ ਗਈ ਜਦੋਂ ਮੰਤਰੀ ਜੀ ਨੇ ਮੰਚ 'ਤੇ ਕਈ ਵਾਰ ਗੈਰ-ਕਾਨੂੰਨੀ ਸ਼ਬਦਾਂ ਦਾ ਇਸਤੇਮਾਲ ਕੀਤਾ। ਭਾਵੇਂ ਸਿੱਖਿਆ ਮੰਤਰੀ ਵਲੋਂ ਪ੍ਰਿੰਸੀਪਲ ਸੁਜਾਨ ਸਿੰਘ ਦੀ ਸਵੈ ਜੀਵਨੀ ਵਿਚ ਕੀਤੇ ਗਏ ਕਹਾਣੀ ਦੇ ਅੰਤ ਨੂੰ ਮੰਚ 'ਤੇ ਬਿਆਨ ਕੀਤਾ ਗਿਆ ਸੀ ਪਰ ਉਨ੍ਹਾਂ ਦਾ ਚੱਬ ਚੱਬ ਕੇ ਜਾਤੀ ਸੂਚਕ ਸ਼ਬਦਾਂ ਦਾ ਮੰਚ 'ਤੇ ਬੋਲਣਾ ਇਕ ਵਿਵਾਦ ਨੂੰ ਜਨਮ ਦੇ ਗਿਆ। ਪੰਡਾਲ ਵਿਚ ਬੈਠੇ ਲੋਕ ਵੀ ਇਕ ਵਾਰ ਤਾਂ ਦੰਦਾਂ ਹੇਠ ਉਂਗਲੀ ਚਬਾ ਰਹੇ ਸਨ ਕਿ ਮੰਤਰੀ ਜੀ ਕੀ ਬੋਲ ਰਹੇ ਹਨ। ਪ੍ਰਿੰਸੀਪਲ ਸੁਜਾਨ ਸਿੰਘ ਦੀ ਸਵੈ ਜੀਵਨੀ ਬਾਰੇ ਉਹ ਹੋਰ ਕੁਝ ਵੀ ਦੱਸ ਸਕਦੇ ਸਨ। ਆਦਿ ਧਰਮ ਸਮਾਜ ਦੇ ਰਾਸ਼ਟਰੀ ਬੁਲਾਰੇ ਰਾਜ ਕੁਮਾਰ ਨੇ ਸਿੱਖਿਆ ਮੰਤਰੀ ਵਲੋਂ ਮੰਚ 'ਤੇ ਕਹੇ ਗਏ ਜਾਤੀਸੂਚਕ ਸ਼ਬਦਾਂ ਨੂੰ ਇਕ ਘਿਨਾਉਣੀ ਕਾਰਵਾਈ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਮੰਤਰੀ ਜੀ ਚਾਹੁੰਦੇ ਤਾਂ ਰਾਜ ਪੱਧਰੀ ਪ੍ਰੋਗਰਾਮ ਵਿਚ ਕਹਾਣੀ ਵਿਚ ਵਰਤੇ ਗਏ ਸ਼ਬਦਾਂ ਦੀ ਬਜਾਏ ਦਲਿਤ ਜਾਂ ਅਨੁਸੂਚਿਤ ਜਾਤੀ ਵਾਲੇ ਸ਼ਬਦਾਂ ਦੀ ਵਰਤੋਂ ਕਰ ਸਕਦੇ ਸਨ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਹੈ ਕਿ ਸਿੱਖਿਆ ਮੰਤਰੀ ਨੂੰ ਮੰਤਰੀ ਮੰਡਲ ਤੋਂ ਬਰਖਾਸਤ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਇਸ ਸਾਰੇ ਮਾਮਲੇ 'ਤੇ ਭਾਰਤੀ ਵਾਲਮੀਕਿ ਧਰਮ ਸਮਾਜ ਦੇ ਬੁਲਾਰੇ ਰਾਜ ਕੁਮਾਰ ਬਾਲੀ ਨੇ ਸਖਤ ਨਿੰਦਾ ਕਰਦਿਆਂ ਇਸ ਸਾਰੇ ਮਾਮਲੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਾ ਲਿਆ ਤਾਂ ਭਾਰਤ ਦਾ ਪੂਰਾ ਵਾਲਮੀਕਿ ਸਮਾਜ ਸਰਕਾਰ ਦੇ ਖ਼ਿਲਾਫ ਬਿਗੁਲ ਵਜਾਏਗਾ।

ਉਧਰ ਪੰਜਾਬ ਦੀ ਸਿੱਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਕਿਹਾ ਕਿ ਮੈਂ ਸਾਰੀ ਉਮਰ ਕਦੇ ਵੀ ਕਿਸੇ ਜਾਤ-ਪਾਤ ਜਾਂ ਕਿਸੇ ਫਿਰਕੇ ਪ੍ਰਤੀ ਮੰਦਭਾਵਨਾ ਜਾਂ ਕਿਸੇ ਦੁਰਭਾਵ ਦੀ ਗੱਲ ਨਹੀਂ ਕੀਤੀ ਤੇ ਪਟਿਆਲਾ ਵਿਖੇ ਹੋਏ ਸਮਾਗਮ ਦੌਰਾਨ ਗੁਰੂਆਂ ਪੀਰਾਂ ਵਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਜਾਤ-ਪਾਤ ਰਹਿਤ ਸਮਾਜ ਸਿਰਜਣ ਦੀ ਕਾਮਨਾ ਕੀਤੀ ਹੈ, ਜਿਸ ਵਿਚ ਹਰ ਵਰਗ ਦੇ ਵਿਅਕਤੀ ਲਈ ਬਰਾਬਰ ਦਾ ਸਥਾਨ ਹੋਣਾ ਚਾਹੀਦਾ ਹੈ।

ਅਜਿਹੇ ਸਮਾਜ ਦੀ ਕਲਪਨਾ ਕਰਦਿਆਂ ਪ੍ਰਿੰਸੀਪਲ



**ਮੈਂ ਕਿਸੇ ਤਰ੍ਹਾਂ ਦੇ ਜਾਤੀ ਸੂਚਕ ਸ਼ਬਦ ਨਹੀਂ ਵਰਤੇ-ਉਪਿੰਦਰਜੀਤ**

ਸੁਜਾਨ ਸਿੰਘ ਦੀ ਸਵੈ-ਜੀਵਨੀ 'ਮਹਾਤਮਾ' ਦੀ ਕਹਾਣੀ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਕਿਵੇਂ ਇਕ ਵਿਅਕਤੀ ਸਾਰੀ ਉਮਰ ਜਾਤ-ਪਾਤ ਰਹਿਤ ਸਮਾਜ ਸਿਰਜਣ ਦੀ ਕਲਪਨਾ ਕਰਦਾ ਹੈ ਪਰ ਜਦੋਂ ਕਹਾਣੀ ਅਨੁਸਾਰ ਉਸ ਵਿਅਕਤੀ 'ਤੇ ਜਾਤ ਆਧਾਰਤ ਗੱਲ ਢੁੱਕਦੀ ਹੈ ਤਾਂ ਉਹ ਆਪਣਾ ਸੰਜਮ ਖੋਹ ਬੈਠਦਾ ਹੈ। ਪਰ ਜਦੋਂ ਉਸਨੂੰ ਉਸ ਵਲੋਂ ਉਲੀਕਿਆ ਜਾਤ-ਪਾਤ ਤੋਂ ਮੁਕਤ ਸਿਧਾਂਤ ਯਾਦ ਕਰਵਾਇਆ ਜਾਂਦਾ ਹੈ ਤਾਂ ਉਹ ਹੋਸ਼ ਵਿਚ ਆ ਕੇ ਆਪਣੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਇਸ ਗਲਤੀ ਲਈ ਅੱਖਾਂ 'ਚੋਂ ਹੰਝੂ ਰੋਕ ਨਹੀਂ ਸਕਿਆ। ਉਨ੍ਹਾਂ ਨੇ ਕਿਹਾ ਕਿ ਮੇਰੇ ਵਲੋਂ ਕਹੇ ਲਫਜ਼ਾਂ ਨੂੰ ਤੋੜ ਮਰੋੜ ਕੇ ਅਨਰਥ ਨਾ ਕੀਤਾ ਜਾਵੇ ਅਤੇ ਇਸ ਭਾਸ਼ਣ ਨੂੰ ਕਿਸੇ ਫਿਰਕੇ ਵਿਰੁਧ ਜਾਂ ਜਾਤ-ਪਾਤ ਵਿਰੁਧ ਨਾ ਵਰਤਿਆ ਜਾਵੇ। ਮੈਂ ਹਰ ਵਿਅਕਤੀ ਦਾ ਬਰਾਬਰ ਸਤਿਕਾਰ ਕਰਦੀ ਹਾਂ।

# 1975 ਦੇ ਰਾਜ ਭਾਸ਼ਾ ਕਮਿਸ਼ਨ ਨੂੰ ਪੰਜਾਬ ਸਰਕਾਰ ਭੁੱਲੀ

**ਚੰਡੀਗੜ੍ਹ:** ਇਕ ਦਿਲਚਸਪ ਤੇ ਹਾਸੋ ਹੀਣਾ ਤੱਥ ਪਿਛਲੇ ਦਿਨੀਂ ਸਾਹਮਣੇ ਆਇਆ ਹੈ, ਜਦੋਂ ਲੇਖਕ ਸਭਾਵਾਂ ਤੇ ਲੇਖਕ ਮਿੱਤਰ ਪੰਜਾਬੀ ਭਾਸ਼ਾ ਚੱਜ ਨਾਲ ਲਾਗੂ ਕਰਨ ਲਈ ਭਾਸ਼ਾ ਕਮਿਸ਼ਨ ਕਾਇਮ ਕਰਨ ਦੀ ਮੰਗ ਕਰ ਰਹੇ ਹਨ ਤਾਂ ਸਰਕਾਰ ਨੂੰ ਇਕ 1975 ਵਿਚ ਕਾਇਮ ਕੀਤਾ ਭਾਸ਼ਾ ਕਮਿਸ਼ਨ ਲੱਭ ਪਿਆ ਹੈ ਜਿਸ ਨੂੰ ਕਾਇਮ ਕਰਨ ਤੋਂ ਬਾਅਦ ਸਰਕਾਰ ਭੁੱਲ ਭੁਲਾ ਗਈ ਸੀ। ਇਹ ਕਹਾਣੀ ਇਸ ਤੱਥ ਨੂੰ ਵੀ ਸਾਹਮਣੇ ਲਿਆਉਂਦੀ ਹੈ ਕਿ ਕਮਿਸ਼ਨਾਂ ਵਾਲੇ ਛੁਣਛਣੇ ਵੀ ਪੰਜਾਬੀ ਭਾਸ਼ਾ ਨੂੰ ਕਿਸੇ ਤਣ ਪੱਤਣ ਲਾਉਣ ਜੋਗੇ ਨਹੀਂ ਹਨ।

ਪੰਜਾਬ ਵਿਚ ਰਾਜ ਭਾਸ਼ਾ ਪੰਜਾਬੀ ਨੂੰ ਲਾਗੂ ਕਰਵਾਉਣ ਲਈ ਉੱਠੀ ਮੰਗ ਤੋਂ ਬਾਅਦ ਰਾਜ ਸਰਕਾਰ ਨੂੰ ਇਕ ਅਜਿਹਾ ਕਮਿਸ਼ਨ ਲੱਭ ਗਿਆ ਹੈ, ਜੋ ਸੰਨ 1975 ਤੋਂ ਰਾਜ ਵਿਚ ਮੌਜੂਦ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਕਮਿਸ਼ਨ ਨਾਲ ਸੰਬੰਧਿਤ ਮੰਤਰੀ ਸ੍ਰੀਮਤੀ ਉਪਿੰਦਰਜੀਤ ਕੌਰ ਨੂੰ ਖ਼ੁਦ ਵੀ ਪਤਾ ਨਹੀਂ ਸੀ ਕਿ ਉਨ੍ਹਾਂ ਹੇਠ ਅਜਿਹਾ ਕੋਈ ਕਮਿਸ਼ਨ ਕੰਮ ਕਰ ਰਿਹਾ ਹੈ। ਪਰ ਇਸ ਤੋਂ ਵੀ ਦਿਲਚਸਪ ਗੱਲ ਇਹ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਮੰਤਰੀ ਸਾਹਿਬਾਨ ਦਾ ਸਟਾਫ ਇਸ ਕਮਿਸ਼ਨ ਦੀ ਬਣਤਰ ਅਤੇ ਕੰਮਾਂ ਤੇ ਅਧਿਕਾਰਾਂ ਨੂੰ ਸਮਝਣ ਲਈ ਕਮਿਸ਼ਨ ਦੇ ਨੋਟੀਫਿਕੇਸ਼ਨ ਦੀ ਭਾਲ ਕਰ ਰਿਹਾ ਹੈ। ਪਰ ਉਸ ਨੂੰ ਲੱਭਣ ਵਿਚ ਉਨ੍ਹਾਂ ਨੂੰ ਸਫਲਤਾ ਅਜੇ ਨਹੀਂ ਮਿਲ ਸਕੀ। ਪੰਜਾਬ ਰਾਜ ਭਾਸ਼ਾ ਕਮਿਸ਼ਨ ਨਾਂਅ ਦੇ ਇਸ ਕਮਿਸ਼ਨ ਦਾ ਬਾਕਾਇਦਾ ਚੰਡੀਗੜ੍ਹ ਦੇ ਸੈਕਟਰ-22 ਵਿਖੇ ਦਫਤਰ ਵੀ ਹੈ ਅਤੇ ਇਸ ਦੇ ਚੇਅਰਮੈਨ ਦਾ ਕਾਰਜਭਾਰ ਰਾਜ ਦੇ ਮੌਜੂਦਾ ਐਲ.ਆਰ.ਸ੍ਰੀਮਤੀ ਰੇਖਾ ਮਿੱਤਲ ਕੋਲ ਹੈ, ਕਿਉਂਕਿ ਕਮਿਸ਼ਨ ਕੇਵਲ ਕੇਂਦਰੀ ਅਤੇ ਰਾਜ ਸਰਕਾਰ ਦੇ ਐਕਟਾਂ ਦੇ ਅਨੁਵਾਦ ਅਤੇ ਤਸਦੀਕ ਦਾ ਕੰਮ ਕਰ ਰਿਹਾ ਹੈ। ਕਮਿਸ਼ਨ ਦੇ ਮੈਂਬਰ ਸਕੱਤਰ ਸ. ਅਮਰਜੀਤ ਸਿੰਘ ਸਰ੍ਹਾਂ ਅਤੇ ਉਨ੍ਹਾਂ ਤੋਂ ਇਲਾਵਾ 8-10 ਬੰਦਿਆਂ ਦਾ ਸਟਾਫ ਵੀ ਹੈ।

ਪਤਾ ਲੱਗਾ ਹੈ ਕਿ ਕਮਿਸ਼ਨ ਦਾ ਗਠਨ 1975 ਨੋਟੀਫਿਕੇਸ਼ਨ ਅਨੁਸਾਰ ਹੋਇਆ ਸੀ ਅਤੇ ਕਮਿਸ਼ਨ ਦਾ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ ਸਬੰਧੀ ਕੋਈ ਅਧਿਕਾਰ ਹੈ ਜਾਂ ਨਹੀਂ ਇਸ ਬਾਰੇ ਕਿਸੇ ਨੂੰ ਵੀ ਕੋਈ ਜਾਣਕਾਰੀ ਨਹੀਂ ਹੈ। ਕਮਿਸ਼ਨ ਕੋਲ ਥੋੜਾ ਬਹੁਤ ਕੰਮਕਾਜ ਹੋਣ ਕਾਰਨ ਮੁਲਾਜ਼ਮ ਵੀ ਇਕ ਤਰ੍ਹਾਂ ਨਾਲ ਛੁੱਟੀਆਂ ਦੇ ਮਾਹੌਲ ਵਾਂਗ ਹੀ ਕੰਮ ਕਰ ਰਹੇ ਹਨ। ਪਰ ਦਿਲਚਸਪ ਗੱਲ ਇਹ ਹੈ ਕਿ ਇਸ ਕਮਿਸ਼ਨ ਵਲ ਪਿਛਲੀ ਕਿਸੇ ਸਰਕਾਰ ਦਾ ਵੀ ਧਿਆਨ ਨਹੀਂ ਗਿਆ ਅਤੇ ਨਾ ਹੀ ਕਿਸੇ ਕਰਕਾਰ ਨੇ ਇਸ ਕਮਿਸ਼ਨ ਦੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਜਾਂ ਲਾਗੂ ਕਰਵਾਉਣ ਦੀ ਲੋੜ ਮਹਿਸੂਸ ਕੀਤੀ ਹੈ, ਜਦੋਂਕਿ ਰਾਜ ਦੇ ਖ਼ਜ਼ਾਨੇ ਵਿਚੋਂ ਕਮਿਸ਼ਨ ਨੂੰ ਖਰਚਾ ਬਰਾਬਰ ਜਾ ਰਿਹਾ ਹੈ। ਮੌਜੂਦਾ ਸਿੱਖਿਆ ਮੰਤਰੀ ਸ੍ਰੀਮਤੀ ਉਪਿੰਦਰਜੀਤ ਕੌਰ ਦੇ ਧਿਆਨ ਵਿਚ ਇਸ ਕਮਿਸ਼ਨ ਦੀ ਹੋਂਦ ਬਾਰੇ ਜਾਣਕਾਰੀ ਉਸ ਵੇਲੇ ਕੁਝ ਲੋਕਾਂ ਨੇ ਲਿਆਂਦੀ, ਜਦੋਂ ਵੱਖ-ਵੱਖ ਜਥੇਬੰਦੀਆਂ ਨੇ ਸਰਕਾਰੀ ਕੰਮਕਾਜ ਵਿਚ ਪੰਜਾਬੀ ਲਾਗੂ ਕਰਵਾਉਣ ਲਈ ਕਿਸੇ ਕਮਿਸ਼ਨ ਜਾਂ ਅਥਾਰਟੀ ਦੀ ਮੰਗ ਉਠਾਈ।

ਸੂਚਨਾ ਅਨੁਸਾਰ ਸਿੱਖਿਆ ਮੰਤਰੀ ਹੁਣ ਕਿਸੇ ਨਵੇਂ ਕਮਿਸ਼ਨ ਦੇ ਗਠਨ ਦੀ ਥਾਂ ਇਸੇ ਕਮਿਸ਼ਨ ਨੂੰ ਹੀ ਪੰਜਾਬੀ ਲਾਗੂ ਕਰਵਾਉਣ ਲਈ ਸਰਗਰਮ ਅਤੇ ਅਸਰਦਾਰ ਬਣਾਉਣ ਦਾ ਵਿਚਾਰ ਕਰ ਰਹੇ ਹਨ, ਪ੍ਰੰਤੂ ਇਸ ਸਬੰਧੀ ਪੂਰੀ ਰੂਪ ਰੇਖਾ ਇਸ ਕਮਿਸ਼ਨ ਦੇ ਨੋਟੀਫਿਕੇਸ਼ਨ ਦੀ ਕਾਪੀ ਮਿਲਣ ਤੋਂ ਬਾਅਦ ਸ਼ੁਰੂ ਹੋ ਸਕੇਗੀ।

## ਹਰਭਜਨ ਸਿੰਘ ਧਾਲੀਵਾਲ ਸੜਕ ਹਾਦਸੇ ਵਿਚ ਹਲਾਕ

**ਬੇਕਰਜ਼ਫੀਲਡ (ਮਨਦੀਪ ਮਾਨ):** ਗੁਰੂ ਘਰ ਦੇ ਅਨਿਨ ਭਗਤ 64 ਸਾਲਾ ਭਾਈ ਹਰਭਜਨ ਸਿੰਘ ਧਾਲੀਵਾਲ ਉਸ ਸਮੇਂ ਅਚਾਨਕ ਹਾਦਸੇ ਵਿਚ ਹਲਾਕ ਹੋ



ਗਏ ਜਦੋਂ ਮੈਕਸੀਕਨ ਮੂਲ ਦੇ ਇਕ ਵਿਅਕਤੀ ਹੋਜੇ ਮੈਨੂਐਲ ਉਰਜੋਕੇ ਨੇ ਆਪਣੀ ਕਾਰ ਉਨ੍ਹਾਂ ਉਤੇ ਚੜ੍ਹਾ ਦਿੱਤੀ। ਪੁਲਿਸ ਅਨੁਸਾਰ ਡਰਾਈਵਰ ਸ਼ਰਾਬੀ ਸੀ ਅਤੇ ਸ. ਧਾਲੀਵਾਲ ਨੂੰ ਟੱਕਰ ਮਾਰਨ ਤੋਂ ਬਾਅਦ ਕੋਈ ਚਾਲੀ ਫੁੱਟ ਘੜੀਸਦਾ ਹੋਇਆ ਲੈ ਗਿਆ। ਹੋਜੇ ਮੌਕਾ ਏ ਵਾਰਦਾਤ ਤੋਂ ਫਰਾਰ ਹੋ ਗਿਆ ਪਰ ਪੁਲਿਸ ਨੇ ਕੁਝ ਚਿਰ ਪਿਛੋਂ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ। ਉਹ ਅਜੇ ਪੰਦਰਾਂ ਦਿਨ ਪਹਿਲਾਂ ਹੀ ਜੇਲ੍ਹ ਵਿਚੋਂ ਬਾਹਰ ਆਇਆ ਸੀ।

ਇਹ ਹਾਦਸਾ 14 ਨਵੰਬਰ ਨੂੰ ਸਵੇਰੇ ਸਵਾ ਨੌਂ ਵਜੇ ਗੁਰਦੁਆਰਾ ਪਲਾਂਜ ਰੋਡ ਨੇੜੇ ਵਾਪਰਿਆ। ਧਾਲੀਵਾਲ ਪਰਿਵਾਰ ਦੇ ਸੂਤਰ ਇਸ ਹਾਦਸੇ ਨੂੰ ਇਕ ਸ਼ਾਜਿਸ ਨਾਲ ਜੋੜ ਕੇ ਵੇਖ ਰਹੇ ਹਨ ਕਿਉਂਕਿ ਉਨ੍ਹਾਂ ਨੇ ਅੱਠ ਮਹੀਨੇ ਪਹਿਲਾਂ ਧਮਕੀਆਂ ਮਿਲਣ ਪਿਛੋਂ ਪੁਲਿਸ ਨੂੰ ਇਕ ਪੱਤਰ ਲਿਖ ਕੇ ਆਪਣੇ ਪਰਿਵਾਰ ਨੂੰ ਕਿਸੇ ਤੋਂ ਖਤਰਾ ਹੋਣ ਦੀ ਸ਼ਿਕਾਇਤ ਕੀਤੀ ਸੀ।

ਭਾਈ ਹਰਭਜਨ ਸਿੰਘ ਆਪਣੇ ਪਿਛੇ ਪਤਨੀ ਅਮਰਜੀਤ ਕੌਰ ਧਾਲੀਵਾਲ ਅਤੇ ਤਿੰਨ ਸਪੁਤਰ ਕੁਲਦੀਪ ਸਿੰਘ ਧਾਲੀਵਾਲ, ਗੁਰਦੀਪ ਸਿੰਘ ਧਾਲੀਵਾਲ ਅਤੇ ਗੁਰਜੀਤ ਸਿੰਘ ਧਾਲੀਵਾਲ ਛੱਡ ਗਏ ਹਨ। ਉਹ ਜ਼ਿਲਾ ਮੋਗਾ ਦੇ ਪਿੰਡ ਰਾਮਾ ਤੋਂ ਸਨ ਅਤੇ ਕੋਈ 14 ਸਾਲ ਪਹਿਲਾਂ ਬੇਕਰਜ਼ਫੀਲਡ ਆ ਵੱਸੇ ਸੀ। ਉਹ ਅੰਮ੍ਰਿਤਧਾਰੀ ਸਨ ਅਤੇ ਰੋਜ਼ਾਨਾ ਗੁਰਦੁਆਰਾ ਪਲਾਂਜ ਰੋਡ ਵਿਖੇ 8-9 ਘੰਟੇ ਸੇਵਾ ਕਰਿਆ ਕਰਦੇ ਸਨ। ਹਾਦਸੇ ਦੇ ਮੌਕੇ ਵੀ ਉਹ ਗੁਰੂ ਘਰ ਲਈ ਰਸਦ ਲੈ ਕੇ ਜਾ ਰਹੇ ਸਨ। ਉਨ੍ਹਾਂ ਦਾ ਅੰਤਮ ਸਸਕਾਰ 28 ਨਵੰਬਰ ਨੂੰ ਐਲਮਾ ਫਿਊਨਰਲ ਹੋਮ (2130 ਈਸਟ ਕੈਲੀਫੋਰਨੀਆ ਐਵਨਿਊ) ਵਿਖੇ ਹੋਵੇਗਾ। ਪਰਿਵਾਰ ਨਾਲ ਸੰਪਰਕ ਫੋਨ 661-817-8446 ਜਾਂ 661-378-6109 ਉਤੇ ਕੀਤਾ ਜਾ ਸਕਦਾ ਹੈ।


North American Truck Stop

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

*Law Offices Of Jaspreet Singh*

*37-18, 73 Street, Suite 401 (Near Subzi Mandi) Jackson Hts, NY-11372*
***Ph:718-533-8444***
*Fax: 718-533-8460*

*44790 S. Grimmer Blvd. #204 Fremont CA-94538*
***Ph:510-657-6444***
*Fax: 510-657-6443*

*2945 W. Capitol Ave, Sacramento CA-95691*
***Ph: 916-372-4448***
*Fax: 916-372-4440*



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill 209-815-1869

# ਸਿਸਟਮ 'ਚ ਸੁਧਾਰ ਤੋਂ ਬਿਨਾ ਖਿਡਾਰੀਆਂ ਦਾ ਕੋਈ ਭਵਿੱਖ ਨਹੀਂ

ਪੰਜਾਬ ਵਿਚ ਚਲ ਰਹੀਆਂ ਪ੍ਰਮੁੱਖ ਹਾਕੀ ਕਲੱਬਾਂ ਵਿਚ ਨਾਮਧਾਰੀ ਇਲੈਵਨ ਦੀ ਟੀਮ ਦਾ ਸਿਥਾਨ ਵਿਲੱਖਣਾ ਹੈ। ਇਸ ਟੀਮ ਦੇ ਖਿਡਾਰੀ ਨਾ ਸਿਰਫ ਮੁਕੰਮਲ ਰੂਪ ਵਿਚ ਸਿੱਖ ਸਰੂਪ ਵਿਚ ਖੇਡਦੇ ਹਨ ਸਗੋਂ ਉਹਨਾਂ ਦੀ ਵਰਦੀ ਵੀ ਅਲੱਗ ਕਿਸਮ ਦੀ ਹੈ।ਉਹ ਨਿੱਕਰਾਂ ਦੀ ਥਾਂ ਰਵਾਇਤੀ ਕਛਹਿਰੇ ਤੇ ਬੁਨੈਣਾਂ ਪਹਿਨ ਕੇ ਖੇਡਦੇ ਹਨ। ਹਾਲ ਹੀ ਵਿਚ ਨਾਮਧਾਰੀ ਇਲੈਵਨ ਦੀ ਨੌਜਵਾਨ ਟੀਮ ਦੀ ਖੇਡ ਸੁਰਜੀਤ ਹਾਕੀ ਟੂਰਨਾਮੈਂਟ ਦੌਰਾਨ ਵੇਖਣ ਨੂੰ ਮਿਲੀ। ਇਸ ਟੀਮ ਦੇ ਬਹੁਤੇ ਖਿਡਾਰੀ 18 ਸਾਲ ਤੋਂ ਘੱਟ ਉਮਰ ਦੇ ਸਨ। ਇਕ ਟੀਮ ਵਜੋਂ ਇਨ੍ਹਾਂ ਖਿਡਾਰੀਆਂ ਦੀ ਖੇਡ ਤਕਰੀਬਨ ਸਾਰੀਆਂ ਟੀਮਾਂ ਨਾਲੋਂ ਚੰਗੀ ਸੀ। ਇਕ ਪਾਸੇ ਤਾਂ ਇਹ ਮੁੰਡੇ ਬਹੁਤ ਤੇਜ਼ ਹਾਕੀ ਖੇਡਦੇ ਹਨ, ਦੂਜੇ ਪਾਸੇ ਆਪਸੀ ਤਾਲਮੇਲ ਵੀ ਕਮਾਲ ਦਾ ਸੀ। ਇਸਦੇ ਨਾਲ ਹੀ ਤਕਰੀਬਨ ਹਰ ਖਿਡਾਰੀ ਹਾਕੀ ਦੇ ਖੇਡ ਹੁਨਰ ਦਾ ਪੂਰੀ ਤਰ੍ਹਾਂ ਮਾਹਿਰ ਸੀ। ਇਸ ਟੀਮ ਵਿਚ ਜੇ ਕੋਈ ਕਮਜ਼ੋਰੀ ਦਿਸੀ ਤਾਂ ਉਹ ਸਿਰਫ ਇਹ ਸੀ ਕਿ ਇਹ ਛੋਟੀ ਉਮਰ ਦੇ ਹੋਣ ਕਾਰਨ ਇਹ ਮੁੰਡੇ 'ਡੀ' ਵਿਚ ਜਾ ਕੇ ਗੋਲ ਕਰਨ ਵੇਲੇ ਗਲਤੀਆਂ ਕਰਦੇ ਸਨ। ਆਪਣੀਆਂ ਇਨ੍ਹਾਂ ਗਲਤੀਆਂ ਕਾਰਨ ਹੀ ਇਹ ਟੀਮ ਪੰਜਾਬ ਨੈਸ਼ਨਲ ਬੈਂਕ ਅਤੇ ਬਾਅਦ ਵਿਚ ਏਅਰ ਇੰਡੀਆ ਦੀਆਂ ਟੀਮਾਂ ਦੇ ਹੱਥੋਂ ਹਾਰੀ। ਫਿਰ ਵੀ ਨਾਮਧਾਰੀ ਇਲੈਵਨ ਦੇ ਖਿਡਾਰੀਆਂ ਨੇ ਜਿਸ ਕਿਸਮ ਦੀ ਖੇਡ ਦਾ ਪ੍ਰਦਰਸ਼ਨ ਕੀਤਾ ਉਸਨੇ ਨਾਮਧਾਰੀਆਂ ਦੇ ਅਲੋਚਕਾਂ ਨੂੰ ਪ੍ਰਭਾਵਿਤ ਕੀਤਾ ਹੈ। ਇਥੇ ਅਸੀਂ ਨਾਮਧਾਰੀ ਇਲੈਵਨ ਦੀ ਟੀਮ ਦੇ ਕੋਚ ਉਲੰਪੀਅਨ ਦੀਦਾਰ ਸਿੰਘ ਨਾਲ ਇਕ ਇੰਟਰਵਿਊ ਆਪਣੇ ਪਾਠਕਾਂ ਦੀ ਦਿਲਚਸਪੀ ਲਈ ਪੇਸ਼ ਕਰ ਰਹੇ ਹਾਂ।

**? ਕੁਝ ਆਪਣੇ ਪਿਛੋਕੜ ਬਾਰੇ ਦਸੋ।**

-ਮੈਂ ਹਾਕੀ ਖੇਡਣੀ ਨਾਮਧਾਰੀ ਇਲੈਵਨ ਦੀ ਟੀਮ ਵਿਚ ਹੀ ਸਿਖੀ ਸੀ। ਅੱਜ-ਕਲ੍ਹ ਸਰਸਾ ਅਕੈਡਮੀ ਵਿਚ ਕੁੜੀਆਂ ਨੂੰ ਕੋਚਿੰਗ ਦੇ ਰਹੇ ਸ.ਬਲਦੇਵ ਸਿੰਘ ਸਾਡੇ ਕੋਚ ਹੁੰਦੇ ਸਨ। ਪਹਿਲਾਂ ਮੈਂ ਨਾਮਧਾਰੀ ਇਲੈਵਨ ਦੀ ਸੀਨੀਅਰ ਟੀਮ ਵਿਚ ਹਾਕੀ ਖੇਡਿਆ ਅਤੇ ਬਾਅਦ ਵਿਚ ਭਾਰਤੀ ਟੀਮ ਲਈ ਚੁਣਿਆ ਗਿਆ ਸਾਂ। 1992 ਦੀਆਂ ਬਾਰਸੀਲੋਨਾ ਓਲੰਪਿਕ ਖੇਡਾਂ ਲਈ ਮੈਂ ਭਾਰਤੀ ਹਾਕੀ ਟੀਮ ਦਾ ਮੈਂਬਰ ਸਾਂ ਅਤੇ ਪ੍ਰਗਟ ਸਿੰਘ ਸਾਡੇ ਉਸ ਸਮੇਂ ਕੈਪਟਨ ਸਨ।

**? ਤੁਹਾਡੀ ਇਹ ਨੌਜਵਾਨ ਹਾਕੀ ਟੀਮ ਚੰਗੀ ਖੇਡ ਰਹੀ ਹੈ ਪਰ ਸਟਰਾਈਕਿੰਗ ਸਰਕਲ ਵਿਚ ਜਾਂਦਿਆਂ ਹੀ ਬਿਖਰ ਜਾਂਦੀ ਹੈ। ਇਹਦੇ ਬਾਰੇ ਕੀ ਕਹੋਗੇ।**

- ਇਹ ਨੁਕਸ ਇਕੱਲੀ ਸਾਡੀ ਟੀਮ ਵਿਚ ਨਹੀਂ ਹੈ। ਇਹ ਕਜ਼ ਅਸਲ ਵਿਚ ਭਾਰਤੀ ਮਾਨਸਿਕਤਾ ਵਿਚ ਪਿਆ ਹੈ। ਜਦੋਂ ਵੀ ਗੋਲ ਕਰਨ ਦੇ ਫੈਸਲਾਕੁੰਨ ਮੌਕੇ ਆਉਂਦੇ ਹਨ ਅਸੀਂ ਬਿਖਰ ਜਾਂਦੇ ਹਾਂ। ਸਾਰੇ ਗਰਾਊਂਡ ਵਿਚ ਅਸੀਂ ਬਾਲ ਨੂੰ ਬਥੇਰੀ ਤੇਜੀ ਨਾਲ ਘੁੰਮਾਉਂਦੇ ਹਾਂ। ਵੇਖਣ ਨੂੰ ਸਾਡਾ ਪ੍ਰਦਰਸ਼ਨ ਵੀ ਬੜਾ ਸੋਹਣਾ ਲੱਗਦਾ ਹੈ। ਪਰ ਜਦੋਂ ਗੋਲ ਕਰਨ ਵੇਲੇ ਅਸੀਂ ਜਿਵੇਂ ਝਿਜਕ ਜਾਂਦੇ ਹਾਂ। ਭਾਰਤੀ ਹਾਕੀ ਦਾ ਇਤਿਹਾਸ ਅਜਿਹੀ ਮਾਨਸਿਕਤਾ ਨੂੰ ਵਾਰ ਵਾਰ ਪ੍ਰਗਟ ਕਰਦਾ ਰਿਹਾ ਹੈ ਅਤੇ ਇਹੋ ਨੁਕਸ ਸਾਡੇ ਖਿਡਾਰੀਆਂ ਵਿਚ ਵੀ ਹੈ।

**? ਇਸ ਨੁਕਸ ਨੂੰ ਦੂਰ ਕਰਨ ਲਈ ਤੁਸੀਂ ਕੁਝ ਸਟਰਾਈਕਿੰਗ ਸਰਕਲ ਵਿਚ ਸਮਰੱਥ ਖਿਡਾਰੀਆਂ ਨੂੰ ਵੀ ਤਿਆਰ ਕਰ ਰਹੇ ਹੋ।**

-ਸਾਡੇ ਕੋਲ ਅਸਲ ਵਿਚ ਨਵੇਂ ਖਿਡਾਰੀਆਂ ਦਾ ਚੰਗਾ ਵੱਡਾ ਗਰੁੱਪ ਹੈ। ਇਨ੍ਹਾਂ ਵਿਚੋਂ ਕੁਝ ਨੂੰ ਅਸੀਂ 'ਡੀ' ਵਿਚ ਸ਼ਾਰਟ ਲੈਣ ਦੀ ਮੁਹਾਰਤ ਸਿਖਾ ਵੀ ਰਹੇ ਹਾਂ। ਪਰ ਬਹੁਤਾ ਕੁਝ ਤੁਸੀਂ ਕਿਸੇ ਖਿਡਾਰੀ ਦੀ ਮਾਨਸਿਕਤਾ ਵਿਚ ਘੋਲ ਕੇ ਨਹੀਂ ਪਾ ਸਕਦੇ। ਇਹ ਕੁਝ ਖਿਡਾਰੀਆਂ ਦੀ ਅੰਦਰੂਨੀ ਸ਼ਖਸੀਅਤ ਦਾ ਹਿੱਸਾ ਹੁੰਦਾ ਹੈ ਅਤੇ ਉਸਦੇ ਬਚਪਨ ਤੋਂ ਹੋਏ ਪਾਲਣ ਪੋਸ਼ਨ ਨੇ ਵੀ ਇਸ ਨੂੰ ਸਿਰਜਿਆ ਹੁੰਦਾ ਹੈ। ਪਰ ਇਸਦੇ ਨਾਲ ਹੀ ਤੁਹਾਨੂੰ



ਇਸ ਗੱਲ ਦਾ ਵੀ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਸਾਡੀ ਇਹ ਟੀਮ ਬਿਲਕੁਲ ਹੀ ਨੌਜਵਾਨ ਟੀਮ ਹੈ। ਸਾਰੇ ਖਿਡਾਰੀ 18 ਸਾਲ ਤੋਂ ਘੱਟ ਉਮਰ ਦੇ ਹਨ। ਇਕ ਦਿਲਚਸਪ ਤੱਥ ਇਹ ਹੈ ਕਿ ਪਿਛਲੇ ਦਿਨੀਂ ਅਸੀਂ ਇੰਗਲੈਂਡ ਵਿਚ ਇਕ ਟੂਰਨਾਮੈਂਟ ਵਿਚ ਹਿੱਸਾ ਲੈਣ ਜਾਣਾ ਸੀ। ਇੰਗਲੈਂਡ ਨੇ ਖਿਡਾਰੀਆਂ ਦੀ ਉਮਰ 18 ਸਾਲ ਤੋਂ ਘੱਟ ਹੋਣ ਕਾਰਨ ਸਾਨੂੰ ਵੀਜ਼ਾ ਨਹੀਂ ਦਿੱਤਾ। ਇਨ੍ਹਾਂ ਸਾਰੇ ਤੱਥਾਂ ਦਾ ਸਾਨੂੰ ਖ਼ਿਆਲ ਰੱਖਣਾ ਚਾਹੀਦਾ ਹੈ। ਜਦੋਂਕਿ ਵਿਰੋਧੀ ਟੀਮਾਂ ਵਿਭਾਗੀ ਟੀਮਾਂ ਹਨ ਅਤੇ ਉਹ ਵੱਖ-ਵੱਖ ਖੇਤਰਾਂ ਦੇ ਚੁਣੇ ਹੋਏ ਸਮਰੱਥ ਖਿਡਾਰੀ ਹਨ ਜਿਹੜੇ ਆਰਥਿਕ ਤੌਰ 'ਤੇ ਵੀ ਸਵੈ ਨਿਰਭਰ ਹਨ ਅਤੇ ਨੌਕਰੀਆਂ ਕਰਦੇ ਹਨ। ਜਦਕਿ ਸਾਡੀ ਇਕ ਕਲੱਬ ਮਾਤਰ ਹੈ।

**? ਪੰਜਾਬ ਨੈਸ਼ਨਲ ਬੈਂਕ ਨਾਲ ਮੁਕਾਬਲੇ ਦੌਰਾਨ 40 ਮਿੰਟ ਮੈਚ ਝਗੜੇ ਕਾਰਨ ਰੁਕਿਆ ਰਿਹਾ ਫਿਰ ਵੀ ਲਗਦਾ ਸੀ ਤੁਹਾਡੀ ਟੀਮ ਵਧੀਆ ਖੇਡ ਰਹੀ ਹੈ। ਹਾਰ ਫਿਰ ਵੀ ਤੁਹਾਡੇ ਪਲੇ ਪਈ। ਕੀ ਕਾਰਨ ਹੈ।**

-ਅਸਲ ਵਿਚ ਉਸ ਮੈਚ ਵਿਚ ਤਾਂ ਝਗੜਾ ਹੀ ਚਲਦਾ ਰਿਹਾ। ਅਸੀਂ ਉਂਝ ਵੀ ਝਗੜੇ ਕਰਨ ਲਈ ਬਦਨਾਮ ਹਾਂ। ਪਰ ਤੁਸੀਂ ਵਿਰੋਧੀ ਖਿਡਾਰੀਆਂ ਦੇ ਵਤੀਰੇ ਤੋਂ ਵੇਖਿਆ ਹੋਣਾ ਕਿ ਪੰਜਾਬ ਨੈਸ਼ਨਲ ਬੈਂਕ ਦੀ ਟੀਮ ਜਿਵੇਂ ਉਤਰੀ ਹੀ ਝਗੜਾ ਕਰਕੇ ਸਾਨੂੰ ਪਰੇਸ਼ਾਨ ਕਰਨ ਲਈ ਸੀ। ਉਨ੍ਹਾਂ ਸਾਨੂੰ ਝਗੜੇ ਰਾਹੀਂ ਪਰੇਸ਼ਾਨ ਕੀਤਾ, ਸਾਡੀ ਲੈਅ ਤੋੜੀ ਅਤੇ ਜਿੱਤ ਪ੍ਰਾਪਤ ਕੀਤੀ। ਅਸਲ ਵਿਚ ਉਹ ਪਰੇਸ਼ਾਨ ਕਰਕੇ ਜਿੱਤ ਪ੍ਰਾਪਤ ਕਰਨ ਦੇ ਆਪਣੇ ਮਨਸੂਬੇ ਵਿਚ ਕਾਮਯਾਬ ਹੋ ਗਏ।

**? ਅਕਸਰ ਹੀ ਇਹ ਵੇਖਿਆ ਗਿਆ ਹੈ ਕਿ ਤੁਹਾਡੀ ਟੀਮ ਘਰੇਲੂ ਕੌਮੀ ਟੂਰਨਾਮੈਂਟਾਂ ਦੇ ਸੈਮੀਫਾਈਨਲ ਤੱਕ ਤਾਂ ਪਹੁੰਚਦੀ ਹੈ ਪਰ ਉਸਤੋਂ ਅੱਗੇ ਘੱਟ ਹੀ ਜਾਂਦੀ ਹੈ।**

-ਜਿਵੇਂ ਮੈਂ ਪਹਿਲਾਂ ਹੀ ਕਿਹਾ ਹੈ ਕਿ ਸਾਡੀ ਟੀਮ ਇਕ ਕਲੱਬ ਦੀ ਟੀਮ ਹੈ। ਦੂਜੀਆਂ ਟੀਮਾਂ ਵਿਭਾਗੀ ਟੀਮਾਂ ਹਨ। ਉਨ੍ਹਾਂ ਦੇ ਖਿਡਾਰੀ ਦੇਸ਼ ਦੀਆਂ ਵੱਖ ਵੱਖ ਅਕੈਡਮੀਆਂ ਤੋਂ ਚੁਣੇ ਗਏ ਹੁਨਰਮੰਦ ਖਿਡਾਰੀ ਹੁੰਦੇ ਹਨ। ਇਸੇ ਲਈ ਸਾਡਾ ਉਪਰ ਤੱਕ ਜਾਣਾ ਕਾਫੀ ਮੁਸ਼ਕਿਲ ਹੁੰਦਾ ਹੈ। ਫਿਰ ਵੀ ਅਸੀਂ ਪਿਛਲੇ ਸਮੇਂ ਵਿਚ ਕਾਫੀ ਟੂਰਨਾਮੈਂਟ ਜਿੱਤੇ ਹਨ। ਮੈਂ ਫਿਰ ਕਹਾਂਗਾ ਕਿ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਸਾਡੀ ਟੀਮ ਇਕ ਅਕੈਡਮੀ ਦੀ ਟੀਮ ਹੈ ਅਤੇ ਅਸੀਂ ਵੱਖ-ਵੱਖ ਵਿਭਾਗੀ

**ਨਾਮਧਾਰੀ ਇਲੈਵਨ ਦੀ ਹਾਕੀ ਟੀਮ ਦੇ ਕੋਚ ਓਲੰਪਿਅਨ ਦੀਦਾਰ ਸਿੰਘ ਨਾਲ ਜਸਵੀਰ ਸਿੰਘ ਸ਼ੀਰੀ ਦੀ ਇੰਟਰਵਿਊ।**

ਟੀਮਾਂ ਤੇ ਭਾਰਤੀ ਹਾਕੀ ਟੀਮ ਲਈ ਖਿਡਾਰੀ ਪੈਦਾ ਕਰਦੇ ਹਾਂ।

**? ਤੁਹਾਡੀ ਟੀਮ ਵਿਚੋਂ ਉੱਠ ਕੇ ਭਾਰਤੀ ਹਾਕੀ ਟੀਮ ਦਾ ਮੈਂਬਰ ਬਣਿਆ ਹਰਪਾਲ ਸਿੰਘ ਅੱਜ ਕਲ੍ਹ ਭਾਰਤੀ ਹਾਕੀ ਖਿਡਾਰੀਆਂ ਦੇ ਸੰਭਾਵਤ ਕੈਂਪ ਵਿਚ ਵੀ ਨਹੀਂ ਲਿਆ ਜਾ ਰਿਹਾ ਹੈ। ਉਹ ਚੰਗਾ ਖੇਡਣ ਲੱਗਾ ਸੀ ਅਤੇ ਅਜਲਾਨ ਸ਼ਾਹ ਦੇ ਇਕ ਟੂਰਨਾਮੈਂਟ ਦੇ ਸਿਰਫ ਇਕ ਮੈਚ ਵਿਚ ਮਾੜਾ ਖੇਡਣ ਕਾਰਨ ਹੀ ਨਜ਼ਰ ਅੰਦਾਜ਼ ਕੀਤਾ ਜਾਣ ਲੱਗਾ। ਤੁਹਾਡੀ ਕੀ ਰਾਏ ਹੈ।**

-ਅਸਲ ਵਿਚ ਭਾਰਤੀ ਹਾਕੀ ਫੈਡਰੇਸ਼ਨ ਦਾ ਕੋਈ ਸਿਸਟਮ ਨਹੀਂ ਹੈ। ਇਕੱਲਾ ਹਰਪਾਲ ਸਿੰਘ ਨਹੀਂ, ਹੋਰ ਬਹੁਤ ਸਾਰੇ ਖਿਡਾਰੀ ਨਜ਼ਰਅੰਦਾਜ਼ ਕਰ ਦਿੱਤੇ ਗਏ ਹਨ। ਜਦੋਂ ਵੀ ਕੋਈ ਖਿਡਾਰੀ ਚੰਗਾ ਖੇਡਣ ਲਗਦਾ ਹੈ ਉਸਨੂੰ ਟੀਮ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ। ਸਿਸਟਮ ਹੀ ਅਜਿਹਾ ਮਾੜਾ ਹੈ ਕਿ ਖਿਡਾਰੀ ਨਜ਼ਰਅੰਦਾਜ਼ ਹੋ ਜਾਂਦੇ ਹਨ। ਹਰਪਾਲ ਵੀ ਜਦੋਂ ਚੰਗਾ ਖੇਡਣ ਲੱਗਾ ਤਾਂ ਉਹ ਟੀਮ ਵਿਚੋਂ ਬਾਹਰ ਕਰ ਦਿਤਾ ਗਿਆ। ਸਿਰਫ ਇਕ ਟੂਰਨਾਮੈਂਟ ਦਾ ਇਕ ਮੈਚ ਹੀ ਉਸਨੇ ਮਾੜਾ ਖੇਡਿਆ ਅਤੇ ਇਸ ਅਧਾਰ ਉਤੇ ਹੀ ਭਾਰਤੀ ਟੀਮ ਲਈ ਉਸਦੇ ਰਾਹ ਬੰਦ ਕਰ ਦਿੱਤੇ ਗਏ।

**? ਇਨ੍ਹਾਂ ਨਵੇਂ ਮੁੰਡਿਆਂ ਦਾ ਭਾਰਤੀ ਹਾਕੀ ਦੇ ਖੇਤਰ ਵਿਚ ਤੁਸੀਂ ਕੀ ਭਵਿੱਖ ਵੇਖ ਰਹੇ ਹੋ।**

-ਭਵਿੱਖ ਤਾਂ ਤੱਦ ਹੀ ਹੈ, ਜੇ ਭਾਰਤੀ ਹਾਕੀ ਫੈਡਰੇਸ਼ਨ ਅਤੇ ਇਸਦੇ ਖਿਡਾਰੀਆਂ ਨੂੰ ਚੁਣਨ ਦੇ ਸਿਸਟਮ ਵਿਚ ਸੁਧਾਰ ਹੋਵੇ। ਜੇ ਕਿਸੇ ਚੰਗੇ ਖਿਡਾਰੀ ਦੀ ਸਮੇਂ ਸਿਰ ਚੋਣ ਨਹੀਂ ਕੀਤੀ ਜਾਂਦੀ ਤਾਂ ਉਹ ਨਿਰਾਸ਼ ਹੋ ਕੇ ਹੋਲੀ ਹੋਲੀ ਮਾੜਾ ਖੇਡਣ ਲਗਦਾ ਹੈ। ਇਸ ਲਈ ਅਸੀਂ ਤਾਂ ਇਹੋ ਚਾਹਾਂਗੇ ਕਿ ਭਾਰਤੀ ਹਾਕੀ ਫੈਡਰੇਸ਼ਨ ਦਾ ਸਿਸਟਮ ਸੁਧਰੇ ਅਤੇ ਖਿਡਾਰੀਆਂ ਲਈ ਵੀ ਮਾਹੌਲ ਚੰਗਾ ਬਣੇ। ਭਾਰਤੀ ਹਾਕੀ ਵੀ ਸੰਸਾਰ ਹਾਕੀ ਦੇ ਖੇਤਰ ਵਿਚ ਮੁੜ ਉਪਰ ਜਾਵੇ।

**? ਇਕ ਆਖਰੀ ਸਵਾਲ, ਇਨੀ ਸੁਚੱਜੀ ਟੀਮ ਉਸਾਰਨ ਲਈ ਮੈਨੇਜਮੈਂਟ ਕਿਵੇਂ ਹੁੰਦੀ ਹੈ।**

-ਅਸਲ ਵਿਚ ਸਾਡੇ ਨਾਮਧਾਰੀ ਸੰਪਰਦਾ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਿਰਾਸਤ ਦੀ ਸੰਭਾਲ ਕਰਨ ਦਾ ਸ਼ੌਕ ਹੈ। ਇਹ ਭਾਵੇਂ ਕਲਾਸੀਕਲ ਮਿਊਜ਼ਿਕ ਦਾ ਖੇਤਰ ਹੋਵੇ ਜਾਂ ਪੁਰਾਣੇ ਦੇਸੀ ਬੀਜਾਂ ਦਾ ਜਾਂ ਸਾਡੀਆਂ ਪੁਰਾਣੀਆਂ ਦੇਸੀ ਗਊਆਂ ਨੂੰ ਸਾਂਭਣ ਦਾ ਮਸਲਾ ਹੋਵੇ। ਉਨ੍ਹਾਂ ਨੇ ਇਹ ਸਾਰਾ ਕੁਝ ਭੈਣੀ ਸਾਹਿਬ ਵਿਚ ਸਾਂਭ ਕੇ ਰੱਖਿਆ ਹੈ। ਉੱਤਰੀ ਭਾਰਤ ਦੇ ਕਲਾਸੀਕਲ ਮਿਊਜ਼ਿਕ ਨਾਲ ਸੰਬੰਧਿਤ ਰਵਾਇਤੀ ਤੰਤੀ ਸਾਜ਼ ਅਤੇ ਇਨ੍ਹਾਂ ਨਾਲ ਸੰਬੰਧਿਤ ਰਾਗੀ ਉਨ੍ਹਾਂ ਨੇ ਸਾਂਭ ਕੇ ਰੱਖੇ ਹਨ। ਇਸੇ ਤਰ੍ਹਾਂ ਭੈਣੀ ਸਾਹਿਬ ਵਿਚ ਦੇਸੀ ਗਊਆਂ ਵੀ ਵੱਡੀ ਪੱਧਰ ਤੇ ਰੱਖੀਆਂ ਗਈਆਂ ਹਨ। ਨਾਮਧਾਰੀ ਸੰਪਰਦਾ ਖਾਧ-ਖੁਰਾਕ ਵੀ ਦੇਸੀ ਖਾਦਾਂ ਨਾਲ ਪੈਦਾ ਕੀਤੀ ਹੀ ਵਰਤਦੇ ਹਨ। ਇੰਜ ਹੀ ਹਾਕੀ ਸੰਬੰਧੀ ਵੀ ਉਨ੍ਹਾਂ ਦਾ ਵਿਚਾਰ ਹੈ ਕਿ ਇਹ ਸਾਡੀ ਰਵਾਇਤੀ ਖੁਦੋ-ਖੂੰਡੀ ਦਾ ਹੀ ਬਦਲਿਆ ਰੂਪ ਹੈ। ਇਸ ਲਈ ਇਸਨੂੰ ਵੀ ਸਾਂਭ ਕੇ ਰੱਖਿਆ ਜਾਣਾ ਚਾਹੀਦਾ ਹੈ। ਇਹ ਸਾਰਾ ਉਪਰਾਲਾ ਉਨ੍ਹਾਂ ਵੱਲੋਂ ਹੀ ਕੀਤਾ ਜਾ ਰਿਹਾ ਹੈ। ਟੀਮ ਦੀ ਮੈਨੇਜਮੈਂਟ ਦਾ ਬਹੁਤਾ ਭਾਰ ਠਾਕੁਰ ਉਦੈ ਸਿੰਘ ਜੀ ਚੁੱਕਦੇ ਹਨ।



**ਨਵਾਂ ਡਰੈਗ ਫਲਿੱਕਰ ਗੁਰਪ੍ਰੀਤ ਸਿੰਘ**

ਇਸ ਵਾਰ ਦੇ ਸੁਰਜੀਤ ਹਾਕੀ ਟੂਰਨਾਮੈਂਟ ਵਿਚ ਜਿਹੜੇ ਖਿਡਾਰੀ ਪ੍ਰਮੁੱਖ ਰੂਪ ਵਿਚ ਉਭਰੇ ਉਨ੍ਹਾਂ ਵਿਚੋਂ ਗੁਰਪ੍ਰੀਤ ਸਿੰਘ ਦਾ ਨਾਮ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ। ਭਾਰਤੀ ਹਾਕੀ ਦੇ ਖੇਤਰ ਵਿਚ ਉੱਭਰਦਾ ਇਹ ਨੌਜਵਾਨ ਡਰੈਗ ਫਲਿਕਰ ਹਰਿਆਣਾ ਦੇ ਸਰਸਾ ਜ਼ਿਲ੍ਹੇ ਨਾਲ ਸੰਬੰਧਤ ਇਕ ਛੋਟੇ ਜਿਹੇ ਪਿੰਡ ਦਾ ਵਸਨੀਕ ਹੈ। ਉਸਨੇ ਸੁਰਜੀਤ ਹਾਕੀ ਟੂਰਨਾਮੈਂਟ ਦੇ ਫਾਈਨਲ ਮੁਕਾਬਲੇ ਦੌਰਾਨ ਭਾਰਤ ਪੈਟਰੋਲੀਅਮ ਦੀ ਆਪਣੀ ਵਲੋਂ ਇੰਡੀਅਨ ਆਇਲ ਦੀ ਟੀਮ ਖ਼ਿਲਾਫ ਦੋ ਗੋਲ ਕੀਤੇ। ਉਸਨੂੰ ਇਸ ਟੂਰਨਾਮੈਂਟ ਦਾ ਬੈਸਟ ਖਿਡਾਰੀ ਵੀ ਚੁਣਿਆ ਗਿਆ। ਗੁਰਪ੍ਰੀਤ ਲੈਫਟ ਹਾਫ ਦੀ ਪੁਜ਼ੀਸ਼ਨ ਤੇ ਖੇਡਦਾ ਹੈ। ਉਸਨੇ ਇਸ ਟੂਰਨਾਮੈਂਟ ਦੌਰਾਨ 4 ਗੋਲ ਕੀਤੇ।

ਪਿਛਲੇ ਕਾਫੀ ਲੰਮੇ ਸਮੇਂ ਤੋਂ ਡੁਮੈਸਟਿਕ ਹਾਕੀ ਵਿਚ ਉਹ ਲਗਾਤਾਰ ਚੰਗਾ ਪ੍ਰਦਰਸ਼ਨ ਕਰਦਾ ਆ ਰਿਹਾ ਹੈ। ਪਰ ਹਾਲੇ ਤੱਕ ਉਸਨੂੰ ਭਾਰਤੀ ਹਾਕੀ ਟੀਮ ਲਈ ਲਗਾਏ ਜਾਣ ਵਾਲੇ ਕਿਸੇ ਵੀ ਕੈਂਪ ਵਿਚ ਬੁਲਾਇਆ ਨਹੀਂ ਗਿਆ। ਇਹ ਖਿਡਾਰੀ ਵੀ ਮੂਲ ਰੂਪ 'ਚ ਨਾਮਧਾਰੀ ਇਲੈਵਨ ਦੀ ਦੇਣ ਹੈ। ਇੰਡੀਅਨ ਆਇਲ ਵਲੋਂ ਫਾਈਨਲ ਮੁਕਾਬਲੇ ਵਿਚ ਦੋ ਗੋਲ ਕਰਨ ਵਾਲਾ ਖਿਡਾਰੀ ਦੀਦਾਰ ਸਿੰਘ ਵੀ ਨਾਮਧਾਰੀ ਇਲੈਵਨ ਨੇ ਹੀ ਪੈਦਾ ਕੀਤਾ ਹੈ। ਉਹ ਭਾਰਤੀ ਹਾਕੀ ਟੀਮ ਵਲੋਂ ਪਹਿਲਾਂ ਹੀ ਖੇਡ ਚੁੱਕਾ ਹੈ। ਉਸਦਾ ਭਰਾ ਸਰਦਾਰਾ ਸਿੰਘ ਅੱਜ-ਕਲ੍ਹ ਭਾਰਤੀ ਹਾਕੀ ਟੀਮ ਦਾ ਧੁਰਾ ਹੈ ਅਤੇ ਉਹ ਵੀ ਨਾਮਧਾਰੀ ਇਲੈਵਨ ਦੀ ਦੇਣ ਹੈ।

# ਸੁਰਜੀਤ ਹਾਕੀ ਟਰਾਫੀ 'ਤੇ ਭਾਰਤ ਪੈਟਰੋਲੀਅਮ ਕਾਬਜ਼

**ਜਲੰਧਰ:** ਭਾਰਤ ਪੈਟਰੋਲੀਅਮ ਮੁੰਬਈ ਨੇ ਇੰਡੀਅਨ ਆਇਲ ਮੁੰਬਈ ਨੂੰ ਸਖ਼ਤ ਮੁਕਾਬਲੇ ਬਾਅਦ 3-2 ਨਾਲ ਹਰਾ ਕੇ 26ਵੇਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ ਦੇ ਖਿਤਾਬ 'ਤੇ ਕਬਜ਼ਾ ਕਰ ਲਿਆ। ਇਸ ਤੋਂ ਪਹਿਲਾਂ ਭਾਰਤ ਪੈਟਰੋਲੀਅਮ ਨੇ ਇਹ ਖਿਤਾਬ 2002 ਅਤੇ 2003 ਵਿਚ ਜਿੱਤਿਆ ਸੀ। ਜੇਤੂ ਟੀਮ ਨੂੰ 2.50 ਲੱਖ ਰੁਪਏ, ਗੋਲਡ ਜਿੰਮ ਦੇ ਐਮ ਡੀ ਅਮੋਲਕ ਸਿੰਘ ਗਾਖਲ ਨੇ ਦਿੱਤੇ ਜਦਕਿ ਦੂਜਾ ਇਨਾਮ 1.50 ਲੱਖ ਨਵਦੀਪ ਸਿੰਘ ਬਦੇਸ਼ਾ ਪ੍ਰਵਾਸੀ ਪੰਜਾਬੀ ਨੇ ਦਿੱਤਾ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਉਪ ਮੁੱਖ ਮੰਤਰੀ ਪੰਜਾਬ ਸੁਖਬੀਰ ਸਿੰਘ ਬਾਦਲ ਨੇ ਕੀਤੀ।

ਸੁਰਜੀਤ ਹਾਕੀ ਸੁਸਾਇਟੀ ਵਲੋਂ ਪੰਜਾਬੀ ਗਾਇਕ ਅਤੇ ਅਦਾਕਾਰ ਹਰਭਜਨ ਮਾਨ ਨੂੰ 51000 ਰੁਪਏ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਨਾਲ ਹੀਰ ਰਾਂਝਾ ਫਿਲਮ ਦੀ ਹੀਰੋਇਨ ਨੀਰੂ ਬਾਜਵਾ ਅਤੇ ਫਿਲਮ ਦੇ ਡਾਇਰੈਕਟਰ ਹਰਜੀਤ ਸਿੰਘ ਢਿੱਲੋਂ ਨੂੰ ਵੀ ਸਨਮਾਨਿਤ ਕੀਤਾ ਗਿਆ। ਐਚ.ਐਮ.ਵੀ. ਕਾਲਜ ਦੀਆਂ ਲੜਕੀਆਂ ਨੇ ਗਿੱਧਾ ਪੇਸ਼ ਕੀਤਾ। ਟੂਰਨਾਮੈਂਟ ਕਮੇਟੀ ਵਲੋਂ ਇੰਡੀਅਨ ਆਇਲ ਦੇ ਗੋਲਕੀਪਰ, ਇੰਡੀਅਨ ਆਇਲ ਦੇ ਰੁਪਿੰਦਰਪਾਲ ਸਿੰਘ ਨੂੰ ਬੇਹਤਰੀਨ ਫੁਲ ਬੈਕ, ਬੀ.ਐਸ.ਐਫ. ਦੇ ਬੱਲੀ ਨੂੰ ਬੇਹਤਰੀਨ ਹਾਫ ਬੈਕ ਅਤੇ ਭਾਰਤ ਪੈਟਰੋਲੀਅਮ ਦੇ ਗੁਰਪ੍ਰੀਤ ਸਿੰਘ ਨੂੰ ਚੰਗਾ ਫਾਰਵਰਡ ਐਲਾਨਿਆ ਗਿਆ।

ਫਾਈਨਲ ਮੁਕਾਬਲਾ ਕਾਫੀ ਰੋਚਕ ਰਿਹਾ। ਖੇਡ ਦੇ ਸ਼ੁਰੂਆਤੀ ਪਲਾਂ ਵਿਚ ਦੋਵਾਂ ਟੀਮਾਂ ਨੇ ਤਾਬੜਤੋੜ ਹਮਲੇ ਕੀਤੇ।



ਖੇਡ ਦੇ ਪਹਿਲੇ ਹੀ ਮਿੰਟ ਵਿਚ ਭਾਰਤ ਪੈਟਰੋਲੀਅਮ ਦੇ ਗੁਰਪ੍ਰੀਤ ਸਿੰਘ ਨੇ ਪਹਿਲੇ ਪੈਨਲਟੀ ਕਾਰਨਰ ਤੋਂ ਡਰੈਗਫਲਿਕ ਰਾਹੀਂ ਗੋਲ ਕਰਕੇ ਖਾਤਾ ਖੋਲ੍ਹਿਆ। ਦੋ ਮਿੰਟ ਬਾਅਦ ਹੀ ਇੰਡੀਅਨ ਆਇਲ ਨੇ ਹਮਲਾ ਕੀਤਾ ਜਿਸਨੂੰ ਅੰਤਰਰਾਸ਼ਟਰੀ ਖਿਡਾਰੀ ਦੀਦਾਰ ਸਿੰਘ ਨੇ ਗੋਲ ਕਰਕੇ ਆਪਣੀ ਟੀਮ ਨੂੰ ਬਰਾਬਰੀ ਤੇ ਲੈ ਆਂਦਾ।

ਖੇਡ ਦੇ 10ਵੇਂ ਮਿੰਟ ਵਿਚ ਇੰਡੀਅਨ ਆਇਲ ਨੂੰ ਦੂਜਾ ਪੈਨਲਟੀ ਕਾਰਨਰ ਮਿਲਿਆ ਜਿਸਨੂੰ ਦੀਦਾਰ ਸਿੰਘ ਗੋਲ ਵਿਚ ਨਾ ਬਦਲ ਸਕਿਆ। ਖੇਡ 20ਵੇਂ ਮਿੰਟ ਵਿਚ ਭਾਰਤ ਪੈਟਰੋਲੀਅਮ ਦੇ ਅਮਰ ਅਇਆਮਾ ਦੂਜੇ ਪੈਨਲਟੀ ਕਾਰਨਰ ਨੂੰ ਗੋਲ ਵਿਚ ਬਦਲਣ ਵਿਚ ਨਾਕਾਮ ਰਹੇ। ਖੇਡ ਦੇ 23ਵੇਂ ਮਿੰਟ ਵਿਚ ਇੰਡੀਅਨ ਆਇਲ ਨੇ ਤੀਜਾ ਪੈਨਲਟੀ ਕਾਰਨਰ ਹਾਸਲ ਕੀਤਾ ਪਰ ਇਸ ਵਾਰ ਭਾਰਤ ਪੈਟਰੋਲੀਅਮ ਦੇ ਗੋਲਕੀਪਰ ਦੇ ਕੋਟੱਪਾ ਨੇ ਸ਼ਾਨਦਾਰ ਬਚਾਅ ਕੀਤਾ। ਅੱਧੇ ਸਮੇਂ ਤੱਕ ਦੋਵੇਂ ਟੀਮਾਂ ਇਕ ਇਕ ਗੋਲ ਦੀ ਬਰਾਬਰੀ 'ਤੇ ਸਨ। ਅੱਧੇ ਸਮੇਂ ਤੋਂ ਬਾਅਦ ਖੇਡ ਦੇ 48ਵੇਂ ਮਿੰਟ ਵਿਚ ਇੰਡੀਅਨ ਆਇਲ ਦੇ ਅੰਤਰਰਾਸ਼ਟਰੀ ਖਿਡਾਰੀ ਦੀਦਾਰ ਸਿੰਘ ਨੇ ਚੌਥੇ ਪੈਨਲਟੀ ਕਾਰਨਰ ਨੂੰ ਗੋਲ ਵਿਚ ਬਦਲ ਕੇ ਆਪਣੀ ਟੀਮ ਨੂੰ 2-1 ਨਾਲ ਅੱਗੇ ਕਰ ਦਿੱਤਾ। ਖੇਡ ਦੇ 66ਵੇਂ ਮਿੰਟ ਵਿਚ ਭਾਰਤ ਪੈਟਰੋਲੀਅਮ ਦੇ ਸ਼ੇਰ ਸਿੰਘ ਨੇ ਸ਼ਾਨਦਾਰ ਹਮਲਾ ਬਣਾਇਆ ਤਾਂ ਪੁੰਦਾਲਿਕ ਬਿਲੇਰੀ ਨੇ ਸ਼ਾਨਦਾਰ ਮੈਦਾਨੀ ਗੋਲ ਕਰਕੇ ਆਪਣੀ ਟੀਮ ਨੂੰ 2-2 ਦੀ ਬਰਾਬਰੀ 'ਤੇ ਲੈ ਆਂਦਾ। ਖੇਡ ਦੇ 68ਵੇਂ ਮਿੰਟ ਵਿਚ ਭਾਰਤ ਪੈਟਰੋਲੀਅਮ ਦੇ ਗੁਰਪ੍ਰੀਤ ਸਿੰਘ ਨੇ ਪੈਨਲਟੀ ਕਾਰਨਰ ਨੂੰ ਗੋਲ ਵਿਚ ਬਦਲ ਕੇ ਆਪਣੀ ਟੀਮ ਨੂੰ ਜਿੱਤ ਦੁਆਈ।

## ਰਾਜਪਾਲ ਹਾਕੀ ਟੀਮ ਦੇ ਕਪਤਾਨ



**ਨਵੀਂ ਦਿੱਲੀ :** ਰਾਜਪਾਲ ਸਿੰਘ ਨੂੰ ਅਰਜਨਟੀਨਾ ਵਿਚ 6 ਤੋਂ 13 ਦਸੰਬਰ ਤੱਕ ਹੋਣ ਵਾਲੇ ਐਫਆਈਐਚ ਚੈਂਪੀਅਨਜ਼ ਚੈਲਿੰਜ ਵਨ ਟੂਰਨਾਮੈਂਟ ਦੇ ਲਈ 21 ਮੈਂਬਰੀ ਭਾਰਤੀ ਹਾਕੀ ਟੀਮ ਦਾ ਕਪਤਾਨ ਚੁਣਿਆ ਗਿਆ ਹੈ। ਫਾਰਵਰਡ ਰਾਜਪਾਲ 8 ਦੇਸ਼ਾਂ ਦੇ ਇਸ ਟੂਰਨਾਮੈਂਟ ਵਿਚ ਭਾਰਤੀ ਟੀਮ ਦੀ ਅਗਵਾਈ ਕਰਨਗੇ। ਇਸ ਟੂਰਨਾਮੈਂਟ ਦੇ ਜੇਤੂ ਨੂੰ ਅਗਲੇ ਸਾਲ ਚੈਂਪੀਅਨਜ਼ ਟਰਾਫ਼ੀ ਵਿਚ ਖੇਡਣ ਦਾ ਮੌਕਾ ਮਿਲੇਗਾ। ਜ਼ਿਕਰਯੋਗ ਹੈ ਕਿ ਇਸ ਅਹਿਮ ਟੂਰਨਾਮੈਂਟ ਵਿਚ ਪਿੱਠ ਦੀ ਸੱਟ ਕਾਰਨ ਸੰਦੀਪ ਸਿੰਘ ਨੂੰ ਸ਼ਾਮਲ ਨਹੀਂ ਕੀਤਾ ਗਿਆ। ਭਾਰਤ ਨੂੰ ਪੂਲ ਏ ਵਿਚ ਬੈਲਜੀਅਮ, ਚੀਨ ਅਤੇ ਨਿਊਜ਼ੀਲੈਂਡ ਦੇ ਨਾਲ ਰੱਖਿਆ ਗਿਆ ਹੈ, ਜਦਕਿ ਪੂਲ ਬੀ ਵਿਚ ਮੇਜ਼ਬਾਨ ਅਰਜਨਟੀਨਾ, ਕੈਨੇਡਾ, ਪਾਕਿਸਤਾਨ ਅਤੇ ਦੱਖਣੀ ਅਫ਼ਰੀਕਾ ਹੈ। ਭਾਰਤੀ ਟੀਮ 6 ਦਸੰਬਰ ਨੂੰ ਨਿਊਜ਼ੀਲੈਂਡ ਦੇ ਖ਼ਿਲਾਫ ਪਹਿਲਾ ਗਰੁੱਪ ਮੈਚ ਖੇਡੇਗੀ। ਇਸ ਤੋਂ ਬਾਅਦ 8 ਦਸੰਬਰ ਨੂੰ ਚੀਨ ਅਤੇ 10 ਦਸੰਬਰ ਨੂੰ ਬੈਲਜੀਅਮ ਨਾਲ ਭਿੜੇਗੀ। ਫਾਈਨਲ 13 ਦਸੰਬਰ ਨੂੰ ਖੇਡਿਆ ਜਾਵੇਗਾ। ਭਾਰਤੀ ਟੀਮ 23 ਨਵੰਬਰ ਨੂੰ ਮੈਡ੍ਰਿਡ ਰਵਾਨਾ ਹੋਵੇਗੀ ਜਿੱਥੇ ਇਕ ਹਫ਼ਤਾ ਅਭਿਆਸ ਕਰਨ ਤੋਂ ਬਾਅਦ ਉਹ ਸਾਲਟਾ ਜਾਵੇਗੀ। ਇਸ ਟੀਮ ਵਿਚ ਕਪਤਾਨ ਰਾਜਪਾਲ ਸਿੰਘ, ਗੁਰਵਿੰਦਰ ਚੰਦੀ, ਸ਼ਿਵੇਂਦਰ ਸਿੰਘ, ਦੀਪਕ ਠਾਕੁਰ, ਸਰਵਨਜੀਤ, ਮਨਦੀਪ ਅੰਤਿਲ ਅਤੇ ਪ੍ਰਭਜੋਤ ਸਿੰਘ ਸ਼ਾਮਲ ਹਨ, ਜਦੋਂ ਕਿ ਮੁੱਖ ਕੋਚ ਜੋਸ ਬਰਾਸਾ ਤੌਰ 'ਤੇ ਸ਼ਾਮਲ ਹੋਣਗੇ।

# FAST OIL CHANGE

**BRAKES & ALL KINDS OF REPAIRS**



ਅਸੀਂ ਹਰ ਤਰਾਂ ਦੀਆਂ ਕਾਰਾਂ ਦਾ ਤੇਲ ਬਦਲਦੇ ਹਾਂ
ਅਤੇ ਉਹਨਾਂ ਦੀ ਮੁਰੰਮਤ ਦਾ ਕੰਮ ਤਸੱਲੀਬਖਸ਼
ਤੇ ਸਭ ਤੋਂ ਸਸਤੇ ਰੇਟਾਂ ਤੇ ਕਰਦੇ ਹਾਂ



ਅਸੀਂ ਇਸ ਕੰਮ ਵਿੱਚ 20 ਸਾਲਾਂ ਤੋਂ ਵੱਧ ਦਾ ਤਜ਼ਰਬਾ ਰੱਖਦੇ ਹਾਂ

Special Oil Change & Filter **$21.95 & UP**



HONDA MITSUBISHI NISSAN



**4300 Wible Road, Ste. C**
**(Next to Urner's)**
**Bakersfield CA 93313**

ਫੋਨ : 661.834.3012
ਸੈਲ : 661.304.9141
ਫੈਕਸ : 661.834.3709

ਮਹਿੰਦਰ ਸਿੰਘ



ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

ਲੈਣ ਲਈ ਇਕੋ ਇਕ ਭਰੋਸੇਮੰਦ ਨਾਮ

ਹਮੇਸ਼ਾ ਯਾਦ ਰੱਖੋ

**ਮੇਜਰ ਸਿੰਘ ਚੌਹਾਨ**



*Major Singh Chauhan*
AGENT
CA Ins. Lic #0D36632
New York Life Insurance Company

**Sacramento Office :**
120 Hoxsie Ct,
Folsom CA 95630

**Fremont Office :**
39650 Liberty St. #200
Fremont CA 94538

**Bakersfield Office :**
PO Box 40728
Bakersfield CA 93384

**Cell : 916-337-1683**
**Off : 916-983-4890**
**Off : 510-624-4190**
**Fax : 916-984-0110**

mc101048@gmail.com
THE COMPANY YOU KEEP



# CALL INDIA 6000 MINUTES FREE

LIMITED TIME OFFER
CALL FOR MORE INFORMATION

## TRUE ALL IN ONE MACHINE

FREE
TERMINAL
INSTALLATION
PROGRAMMING
24/7 SUPPORT



INTRODUCING CONTACTLESS PIN PAD






BILL PAYMENT CENTER

PG&E, dish NETWORK, Southern California Gas Company, at&t, bright house, Southern California EDISON, comcast, T-Mobile

PREPAID CELLULAR CARD

at&t, Virgin mobile, verizon wireless, Mobile, TracFone, boost mobile, O2, túyo

Agents Wanted




GIFT AND LOYALTY CARD



## CREDIT & DEBIT CARD, FOOD STAMP PROCESSING & CASH BACK OPTION

# SMART MONEY EPS.

**Cell: 661-364-1942, 661-374-0618, 661-873-8063 Fax: 661-873-8063**

sean@smartmoneyeps.com

**BAKERSFIELD CA 93306**

www.smartmoneyeps.com

VISA MasterCard DISCOVER AMERICAN EXPRESS

# ਪੰਜਾਬ ਟਾਈਮਜ਼

ਸਨਿਚਰਵਾਰ, 21 ਨਵੰਬਰ, 2009

*ਗਲਤ ਸਰਕਾਰ ਨੂੰ ਸਹੀ ਕਹਿਣਾ ਖ਼ਤਰਨਾਕ-ਵਾਲਟੇਅਰ*


## ਸੰਪਾਦਕੀ

## ਬਾਦਲ ਵਿਚਾਰਾ ਮਜਬੂਰ ਹੈ!

ਪਿਛਲੇ ਦਿਨੀਂ ਅੰਮ੍ਰਿਤਸਰ ਖੇਤਰ ਦੀ ਇਕ ਔਰਤ ਵਲੋਂ ਪੰਜਾਬ ਦੇ ਮੁੱਖ ਮੰਤਰੀ ਸੰਬੰਧੀ ਸਾਹਮਣੇ ਲਿਆਂਦੀ ਗਈ ਇਕ ਸੱਚਾਈ ਪੰਜਾਬ ਵਿਚ ਪੈਦਾ ਹੋ ਰਹੀਆਂ ਮਨੁੱਖੀ ਅਤੇ ਸਮਾਜੀ ਹਾਲਤਾਂ ਦੀ ਅਸਲ ਕਠੋਰਤਾ ਨੂੰ ਬਿਆਨ ਕਰਦੀ ਹੈ। ਇਸ ਘਟਨਾਕ੍ਰਮ ਨੇ ਇਹ ਸੱਚ ਵੀ ਸਾਹਮਣੇ ਲਿਆ ਦਿੱਤਾ ਹੈ ਕਿ ਦੇਸ਼ ਅਤੇ ਪੰਜਾਬ ਦੇ ਮੌਜੂਦਾ ਹਾਕਮ ਇਨਸਾਫ਼ ਕਰਨ ਦੇ ਉਕਾ ਹੀ ਸਮਰੱਥ ਨਹੀਂ ਹਨ। ਪੰਜਾਬ ਦੇ ਇਹ ਹਾਕਮ ਹੈ ਵੀ ਉਹ ਹਨ, ਜਿਹੜੇ ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਇਸ਼ਟ ਮੰਨਦੇ ਹਨ, ਜਿਸ ਵਿਚ ਰਾਜੇ ਦੀ ਪਰਿਭਾਸ਼ਾ ਹੀ ਇਹ ਦਿੱਤੀ ਗਈ ਹੈ ਕਿ ਉਹ ਇਨਸਾਫ ਕਰਨ ਦੇ ਸਮਰੱਥ ਹੁੰਦਾ ਹੈ। ਯਾਨਿ ਜਿਹੜਾ ਇਨਸਾਫ ਕਰਨ ਦੇ ਸਮਰੱਥ ਨਾ ਹੋਵੇ, ਉਸ ਨੂੰ ਰਾਜਾ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਉਸ ਨੂੰ ਰਾਜ ਕਰਨ ਦਾ ਅਧਿਕਾਰ ਹੋ ਸਕਦਾ ਹੈ। ਪਰ ਦਿਲਚਸਪ ਤੱਥ ਇਹ ਹੈ ਕਿ ਮੌਜੂਦਾ ਹਾਕਮ ਫਿਰ ਵੀ ਰਾਜ ਕਰੀ ਜਾ ਰਹੇ ਹਨ। ਸਾਡੇ ਰਾਜਨੀਤਕ ਜ਼ਮੀਰ ਵਿਹੂਣੀਆਂ ਤੁਰਦੀਆਂ-ਫਿਰਦੀਆਂ ਲਾਸ਼ਾਂ ਹਨ, ਫਿਰ ਵੀ ਸੱਤਾ 'ਤੇ ਕਾਬਜ਼ ਹਨ। ਲੋਕ ਇਸ ਤੋਂ ਵੀ ਕਿਤੇ ਜ਼ਿਆਦਾ ਨਿਤਾਣੇ ਹੋ ਚੁੱਕੇ ਹਨ। ਉਹ ਲਾਸ਼ਾਂ ਨੂੰ ਚੁੱਕ ਕੇ ਪਰ੍ਹਾਂ ਸੁੱਟਣ ਦੀ ਹਿੰਮਤ ਹੀ ਨਹੀਂ ਰੱਖਦੇ।

ਯਾਦ ਰਹੇ, ਪਿਛਲੇ ਦਿਨੀਂ ਮਾਝਾ ਐਕਸ ਸਰਵਿਸਮੈਨ ਹਿਊਮਨ ਰਾਈਟਸ ਫਰੰਟ ਦੇ ਚੇਅਰਮੈਨ ਕਰਨਲ (ਸੇਵਾ ਮੁਕਤ) ਜੀ.ਐਸ. ਸੰਧੂ ਵਲੋਂ ਬੁਲਾਈ ਇਕ ਕਾਨਫਰੰਸ ਵਿਚ ਪਿੰਡ ਲਿੱਧੜ, ਥਾਣਾ ਬਿਆਸ ਦੀ ਬੀਬੀ ਸੁਰਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਹਲਕਾ ਅਜਨਾਲਾ ਦੇ ਵਿਧਾਇਕ ਅਮਰਪਾਲ ਬੋਨੀ ਨਾਲ ਜ਼ਮੀਨ ਦੇ ਝਗੜੇ ਦੀ ਸਤਾਈ ਕਈ ਵਾਰ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਚੁੱਕੀ ਹੈ ਅਤੇ ਅੱਗੋਂ ਉਨ੍ਹਾਂ ਵਲੋਂ ਜੁਆਬ ਇਹ ਮਿਲਦਾ ਹੈ ਕਿ "ਬੀਬੀ, ਮੈਨੂੰ ਪਤਾ ਹੈ ਕਿ ਤੂੰ ਸੱਚੀ ਹੈਂ ਅਤੇ ਤੇਰੇ ਨਾਲ ਧੱਕਾ ਹੋ ਰਿਹਾ ਹੈ, ਪਰ ਮੈਂ ਮਜਬੂਰ ਹਾਂ ਅਤੇ ਤੇਰੀ ਮਦਦ ਨਹੀਂ ਕਰ ਸਕਦਾ। ਮੈਨੂੰ ਆਪਣੇ ਮੈਂਬਰ ਪਾਰਲੀਮੈਂਟਾਂ ਅਤੇ ਵਿਧਾਇਕਾਂ ਦੀ ਬਹੁਤ ਲੋੜ ਹੈ। ਮੈਂ ਉਨ੍ਹਾਂ ਨਾਲ ਵਿਗਾੜ ਨਹੀਂ ਸਕਦਾ। ਜਾਹ, ਜਾ ਕੇ ਉਨ੍ਹਾਂ ਅੱਗੇ ਹੀ ਹੱਥ-ਪੱਲਾ ਜੋੜ, ਜਿਨ੍ਹਾਂ ਨਾਲ ਤੇਰਾ ਝਗੜਾ ਹੈ, ਉਹ ਤੇਰੇ 'ਤੇ ਰਹਿਮ ਕਰਨ।"

ਯਾਨਿ ਪੰਜਾਬ ਦੀ ਸਰਬਉਚ ਸੱਤਾ ਦੇ ਮਾਲਕ ਨੇ ਉਸ ਮਜ਼ਲੂਮ ਬੀਬੀ ਨੂੰ ਉਨ੍ਹਾਂ ਹੀ ਬਘਿਆੜਾਂ ਸਾਹਮਣੇ ਸੁੱਟ ਦਿੱਤਾ, ਜਿਨ੍ਹਾਂ ਨੇ ਉਸ ਨੂੰ ਪਹਿਲਾਂ ਹੀ ਸਤਾਇਆ ਹੋਇਆ ਹੈ। ਰਿਪੋਰਟਾਂ ਅਨੁਸਾਰ ਬੀਬੀ ਸੁਰਿੰਦਰ ਕੌਰ ਲਿੱਧੜ ਦਾ ਅਜਨਾਲਾ ਹਲਕੇ ਦੇ ਵਿਧਾਇਕ ਅਮਰਪਾਲ ਬੋਨੀ ਨਾਲ 14 ਏਕੜ ਜ਼ਮੀਨ ਦਾ ਝਗੜਾ ਹੈ। ਉਸ ਵਲੋਂ ਬੀਜੀ ਹੋਈ 7 ਏਕੜ ਕਣਕ ਵੀ ਅਪ੍ਰੈਲ 2009 ਵਿਚ ਅਮਰਪਾਲ ਬੋਨੀ ਅਤੇ ਉਸ ਦੇ ਬੰਦਿਆਂ ਵਲੋਂ ਵੱਢ ਲਈ ਗਈ ਸੀ ਅਤੇ ਹੁਣ ਝੋਨਾ ਵੀ ਵੱਢ ਲਿਆ ਗਿਆ ਹੈ। ਇਸ ਔਰਤ ਦੀ ਦਰਾਣੀ ਅਜਨਾਲਾ ਤਹਿਸੀਲ ਦੇ ਪਿੰਡ ਸ਼ੇਖ ਭੱਟੀ ਦੀ ਰਹਿਣ ਵਾਲੀ ਹੈ ਅਤੇ ਉਸ ਦੇ ਪੇਕੇ ਬੋਨੀ ਅਜਨਾਲਾ ਦੇ ਵੋਟਰ ਹਨ। ਆਪਣੀ ਦਰਾਣੀ ਨਾਲ ਉਸ ਦੀ 14 ਵਿਚੋਂ 7 ਏਕੜ ਜ਼ਮੀਨ ਸਾਂਝੀ ਹੈ। ਇਸੇ ਜ਼ਮੀਨ ਦੇ ਝਗੜੇ ਵਿਚ ਬੋਨੀ ਦੀ ਦਖ਼ਲਅੰਦਾਜ਼ੀ ਨੇ ਸੁਰਿੰਦਰ ਕੌਰ ਦਾ ਪਰਿਵਾਰ ਤਬਾਹ ਕਰ ਦਿੱਤਾ ਹੈ। ਇਸ ਹਾਲਤ ਵਿਚ ਮਾਝਾ ਐਕਸ ਸਰਵਿਸਮੈਨ ਰਾਈਟਸ ਫਰੰਟ ਦੇ ਚੇਅਰਮੈਨ ਕਰਨਲ (ਸੇਵ ਮੁਕਤ) ਜੀ.ਐਸ. ਸੰਧੂ ਵਲੋਂ ਉਸ ਦੀ ਬਾਂਹ ਫੜੀ ਗਈ ਹੈ ਪਰ ਹਾਲੇ ਤਕ ਮਾਮਲਾ ਕਿਸੇ ਸਿਰੇ ਨਹੀਂ ਲੱਗ ਸਕਿਆ।

ਅਸਲ 'ਚ ਪੰਜਾਬ ਦੇ ਮੁਖ ਮੰਤਰੀ ਦੀ ਉਪਰੋਕਤ "ਮਜਬੂਰੀ" ਦੇਸ਼ ਦੀ ਜਮਹੂਰੀ ਸਿਆਸਤ ਬਾਰੇ ਕਿਸੇ ਗੰਭੀਰ ਊਣਤਾਈ ਦੀ ਦੱਸ ਪਾਉਂਦੀ ਹੈ। ਦੇਸ਼, ਖਾਸ ਕਰਕੇ ਪੰਜਾਬ ਵਿਚ ਵਾਪਰੀ ਉਪਰੋਕਤ ਸਿਰਫ ਇਕੋ-ਇਕ ਘਟਨਾ ਨਹੀਂ ਹੈ, ਜਿਸ ਦੇ ਆਧਾਰ ਬਣਾ ਕੇ ਅਸੀਂ ਇਸ ਰਾਜਭਾਗ ਨੂੰ ਭੰਡਣ ਲੱਗੇ ਹਾਂ, ਸਗੋਂ ਹਰ ਰੋਜ਼ ਅਨੇਕਾਂ ਹੀ ਅਜਿਹੀਆਂ ਸੱਚਾਈਆਂ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਲੋਕਾਂ ਲਈ ਬਣਿਆ ਇਹ ਰਾਜ ਲੋਕਾਂ ਲਈ ਕੰਮ ਨਹੀਂ ਕਰ ਰਿਹਾ ਸਗੋਂ ਆਏ ਦਿਨ ਆਮ ਲੋਕਾਂ ਦੀ ਪਕੜ 'ਤੋਂ ਰਾਜ ਸੱਤਾ ਅਤੇ ਇਨਸਾਫ ਦੂਰ ਹੁੰਦੇ ਜਾ ਰਹੇ ਹਨ। ਕਿਸੇ ਸਿਆਸੀ ਨਿਜ਼ਾਮ ਦੇ ਪਤਨ ਵਿਚ ਇਸ ਦੀ ਆਮ ਲੋਕਾਂ ਤੋਂ ਦੂਰੀ ਬਹੁਤ ਵੱਡੀ ਭੂਮਿਕਾ ਨਿਭਾਉਂਦੀ ਹੈ। ਅੱਗੋਂ ਜੇ ਇਹ ਨਿਜ਼ਾਮ ਅਤੇ ਸੱਤਾ ਲੋਕਾਂ ਨੂੰ ਲੁੱਟਣ ਲੱਗੇ ਅਤੇ ਉਨ੍ਹਾਂ ਲਈ ਇਨਸਾਫ ਦਾ ਕੋਈ ਦਰਵਾਜ਼ਾ ਬਾਕੀ ਨਾ ਬਚੇ ਤਾਂ ਅਜਿਹੇ ਸਿਆਸੀ ਪ੍ਰਬੰਧ ਦਾ ਰੱਬ ਹੀ ਰਾਖਾ ਹੁੰਦਾ ਹੈ। ਇਹ ਭਾਵੇਂ ਜਮਹੂਰੀਅਤ ਹੋਵੇ ਜਾਂ ਤਾਨਾਸ਼ਾਹੀ, ਅਜਿਹੀਆਂ ਸੱਤਾਵਾਂ ਦੀ ਚੁਣੌਤੀ ਮਿਲਣੀ ਯਕੀਨੀ ਹੋ ਜਾਂਦੀ ਹੈ।

ਇਸ ਉਪਰੋਕਤ ਖ਼ਬਰ ਤੋਂ ਬਿਨਾ ਪਿਛਲੇ ਕੁਝ ਹੀ ਦਿਨਾਂ ਵਿਚ ਬਹੁਤ ਸਾਰੀਆਂ ਹੋਰ ਖ਼ਬਰਾਂ ਸਾਹਮਣੇ ਆਈਆਂ ਹਨ। ਭਾਰਤ ਸਰਕਾਰ ਦੇ ਇਕ ਵਿਭਾਗ ਵਲੋਂ ਪੰਜਾਬ ਦੇ ਬੱਚਿਆਂ ਅਤੇ ਗਰਭਵਤੀ ਮਾਵਾਂ ਦੇ ਕੀਤੇ ਗਏ ਇਕ ਸਰਵੇ ਤੋਂ ਸਾਫ ਹੋਇਆ ਹੈ ਕਿ ਇਸ ਰਾਜ ਦੀਆਂ 40 ਫੀਸਦੀ ਔਰਤਾਂ ਅਤੇ 62 ਫੀਸਦੀ ਬੱਚੇ ਖੂਨ ਦੀ ਕਮੀ ਦਾ ਸ਼ਿਕਾਰ ਹਨ। ਉਂਜ ਵੀ, ਕੁਝ ਵੀ ਚੱਜ ਨਾਲ ਨਹੀਂ ਚਲਦਾ, ਨਾ ਹਸਪਤਾਲ, ਨਾ ਸਕੂਲ, ਨਾ ਸੜਕਾਂ, ਨਾ ਟੈਲੀਫੋਨ ਲਾਈਨਾਂ, ਸਾਰਾ ਕੁਝ ਹੀ ਰੱਬ ਆਸਰੇ ਹੈ। ਸੜਕਾਂ ਉਪਰ ਇਕੱਲੇ ਪੰਜਾਬ ਵਿਚ ਹੀ ਔਸਤਨ ਪੰਜ ਵਿਅਕਤੀ ਰੋਜ਼ ਮਰਦੇ ਹਨ। ਮੁੱਖ ਮੰਤਰੀ ਇਕ-ਦੋ ਲੱਖ ਦੀ ਰਾਹਤ ਐਲਾਨ ਕੇ ਚੁੱਪ ਹੋ ਜਾਂਦੇ ਹਨ। ਦਿਨ ਕਟੀ ਵਿਚ ਹੀ ਭਲਾ ਸਮਝਦੇ ਹਨ। ਪਿਛਲੇ ਦਿਨੀਂ ਇਹ ਸੱਚ ਵੀ ਸਾਹਮਣੇ ਆਇਆ ਕਿ ਕਿਸੇ ਪੱਤਰਕਾਰ ਨੇ ਮੁੱਖ ਮੰਤਰੀ ਕੋਲ ਸਵਾਲ ਉਠਾਇਆ ਕਿ ਪੰਜਾਬ ਦਾ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਨੀਵਾਂ ਜਾ ਰਿਹਾ ਹੈ, ਇਸ ਬਾਰੇ ਕੁਝ ਸੋਚੋ। ਤਾਂ ਅੱਗੋਂ ਜਵਾਬ ਸੀ, "ਕਿੰਨਾ ਕੁ ਚਿਰ ਵਿਚ ਹੇਠਾਂ ਚਲਾ ਜਾਵੇਗਾ, ਸਾਡੇ ਪੰਜ ਸਾਲ ਤਾਂ ਨਿਕਲ ਹੀ ਜਾਣਗੇ। ਅਗਲੇ ਆਉਣ ਵਾਲੇ ਆਪੇ ਵੇਖਣਗੇ।" ਸਪੱਸ਼ਟ ਹੈ ਪੰਜਾਬ ਦੇ ਰਾਜਨੀਤਕ ਸਿਰਫ ਆਪਣੇ ਜ਼ਾਤੀ ਹਿਤਾਂ ਲਈ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਆਪਣੇ ਹੀ ਗੁਨਾਹ ਲੁਕਾਉਣ ਲਈ ਤਾਕਤ ਵਿਚ ਰਹਿਣਾ ਜ਼ਰੂਰੀ ਹੈ। ਇਸ ਤਾਕਤ ਦੇ ਆਸਰੇ ਹੀ ਉਹ ਭ੍ਰਿਸ਼ਟਾਚਾਰ ਦੇ ਕੇਸ ਖਾਰਜ ਕਰਵਾਉਂਦੇ ਹਨ ਅਤੇ ਇਸੇ ਆਸਰੇ ਆਉਣ ਵਾਲੀਆਂ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਲਈ ਮਾਇਆ ਇਕੱਤਰ ਕਰਦੇ ਹਨ, ਜਨਤਕ ਜਾਇਦਾਦਾਂ ਉਪਰ ਕਬਜ਼ੇ ਕਰਦੇ ਅਤੇ ਕਰਵਾਉਂਦੇ ਹਨ। ਅਜਿਹੀਆਂ ਰਾਜਨੀਤਕ ਪਾਰਟੀਆਂ ਅਤੇ ਸਿਆਸਤਦਾਨਾਂ ਤੋਂ ਕੋਈ ਗਰੀਬ ਗੁਰਬਾ ਇਨਸਾਫ ਦੀ ਆਸ ਭਲਾ ਕਿਵੇਂ ਰੱਖ ਸਕਦਾ ਹੈ? ਅਜਿਹੀ ਸਥਿਤੀ ਨੂੰ ਬਦਲਣ ਲਈ ਕਿਸੇ ਜਾਨਦਾਰ ਸਿਆਸੀ, ਸਮਾਜਿਕ ਅਤੇ ਸੱਭਿਆਚਾਰਕ ਬਦਲ ਦੀ ਲੋੜ ਹੈ। ਇਸ ਤੋਂ ਵੀ ਅੱਗੇ ਅਜਿਹੀਆਂ ਸਥਿਤੀਆਂ ਸੌਖਿਆਂ ਨਹੀਂ ਬਦਲਿਆ ਕਰਦੀਆਂ। ਇਨ੍ਹਾਂ ਨੂੰ ਬਦਲਣ ਲਈ ਵੱਡੀ ਕੀਮਤ ਤਾਰਨੀ ਪੈਂਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬੱਬੂ ਮਾਨ ਦਾ ਸੱਚ!

ਸਾਧ ਲਾਣੇ ਨੇ ਪਾਇਆ ਤਰਥੱਲ ਦੇਖੋ, ਸਾਡੇ ਲੋਕਾਂ ਦੀ ਮਾਰ'ਤੀ ਮੱਤ ਮੀਆਂ।
ਵਿਰਲੇ ਸਿੱਖ ਤੇ ਸਾਧਾਂ ਦੇ ਵੱਗ ਫਿਰਦੇ, ਗੁਰੂ-ਡੰਮ ਨੇ ਚੁੱਕੀ ਏ ਅੱਤ ਮੀਆਂ।
ਸਹਿਜ ਸਾਦਗੀ ਤੋਂ ਕੋਹਾਂ ਦੂਰ ਰਹਿੰਦੇ, ਸੁਣ ਕੇ ਸੱਚੀਆਂ ਪੈਂਦੇ ਨੇ ਮੱਚ ਮੀਆਂ।
ਡੌਂਡੀ ਪਿੱਟ ਕੇ ਸੋਨੇ ਤੇ ਹੀਰਿਆਂ ਦੀ, ਵੰਡੀ ਜਾਂਦੇ ਨੇ ਲੋਕਾਂ ਨੂੰ ਕੱਚ ਮੀਆਂ।
ਚਾਰੋਂ ਤਰਫ ਮਸੰਦਾਂ ਦਾ ਬੋਲ ਬਾਲਾ, ਕਿਥੋਂ ਭਾਲੀਏ ਧਰਮ ਦਾ ਤੱਤ ਮੀਆਂ।
ਛੱਡ ਪੂਜਾ ਅਕਾਲ ਦੀ ਰੱਬ ਬਣ ਕੇ, ਨਿੱਜ-ਪੂਜਾ ਦਾ ਪਾ ਲਿਆ ਲੱਚ ਮੀਆਂ।
ਸ਼ਬਦ-ਗੁਰੂ ਦੀ ਜੁਗਤਿ ਨਾ ਦੱਸਦੇ ਨੇ, ਡੇਰੇਵਾਦ ਦੀ ਪਾਉਂਦੇ ਨੇ ਖੱਚ ਮੀਆਂ।
ਮਿਰਚਾਂ ਵਾਂਗ ਲੜਿਆ ਭੇਖੀ ਬਾਬਿਆਂ ਦੇ, ਬੱਬੂ ਮਾਨ ਦਾ ਬੋਲਿਆ ਸੱਚ ਮੀਆਂ!

# ਪੰਜਾਬ ਦੇ ਦਲਿਤ ਅਤੇ ਦਲਿਤ ਸਵਾਲ

***ਇਕ ਵਿਰੋਧਾਭਾਸ ਜੋ ਦਲਿਤ ਡੇਰਿਆਂ ਅਤੇ ਬੁੱਧ ਧਰਮ ਵਿਚ ਲਗਾਤਾਰ ਬਣਿਆ ਹੋਇਆ ਹੈ, ਉਸ ਬਾਰੇ ਗੱਲ ਕਰਨੀ ਚਾਹਾਂਗਾ ਹਾਂ। ਜਿਸ ਵਕਤ ਡਾ. ਅੰਬੇਡਕਰ ਬੁੱਧ ਧਰਮ ਅਪਣਾਉਣ ਦਾ ਹੋਕਾ ਦਿੰਦੇ ਹਨ ਤਾਂ ਪੰਜਾਬ ਵਿਚੋਂ ਵਾਹਦ ਇਕ ਆਦਮੀ ਲਾਹੌਰੀ ਰਾਮ ਬਾਲੀ ਨਿੱਤਰ ਕੇ ਸਾਹਮਣੇ ਆਉਂਦਾ ਹੈ। ਦੂਸਰੇ ਪਾਸੇ ਇਸ ਦਾ ਵਿਰੋਧ ਦਲਿਤ ਸੰਤ ਕਰਨਾ ਸ਼ੁਰੂ ਕਰ ਦਿੰਦੇ ਹਨ। ਮੇਰੇ ਨਾਲ ਇਕ ਮੁਲਾਕਾਤ ਵਿਚ ਉਸ ਵੇਲੇ ਦੇ ਦਲਿਤ ਆਗੂ ਭਾਗ ਮੱਲ ਪਾਗੋਲ ਨੇ ਦੱਸਿਆ ਕਿ ਇਕ ਸੰਤ ਨੇ ਉਦੋਂ ਇਸ ਦੇ ਵਿਰੋਧ ਵਿਚ ਇਕ ਕਾਨਫਰੰਸ ਕਰਵਾਈ ਸੀ।***

**-ਦੇਸ ਰਾਜ ਕਾਲੀ**

ਆਪਣੇ ਇਸ ਲੇਖ ਵਿਚ ਮੈਂ ਦਲਿਤਾਂ ਵਿਚ ਕਰੀਮੀ ਲੇਅਰ ਅਤੇ ਰਿਜ਼ਰਵੇਸ਼ਨ ਨੂੰ ਵਿਸ਼ੇਸ਼ ਤੌਰ 'ਤੇ ਕੇਂਦਰਿਤ ਕਰਨਾ ਚਾਹਾਂਗਾ। ਮੈਂ ਇਥੇ ਦਲਿਤ ਦੀ ਪੂਰੇ ਭਾਰਤ ਵਿਚ ਜੋ ਤਸਵੀਰ ਹੈ, ਉਹ ਦਿਖਾਉਣੀ ਚਾਹੁੰਦਾ ਹਾਂ, ਤਾਂ ਕਿ ਭਰਮ-ਭੁਲੇਖੇ ਦੂਰ ਹੋ ਸਕਣ। ਭਾਰਤ ਸਰਕਾਰ ਦੇ ਸਮਾਜ ਭਲਾਈ ਮੰਤਰਾਲੇ ਵਲੋਂ ਇਕ ਸਰਵੇਖਣ 1990 ਵਿਚ ਕਰਵਾਇਆ ਗਿਆ। ਇਹ ਸਰਵੇਖਣ ਸੱਤਵੀਂ ਪੰਜ ਸਾਲਾ ਯੋਜਨਾ ਤਹਿਤ ਕਰਵਾਇਆ ਗਿਆ ਸੀ। ਇਸ ਸਰਵੇਖਣ ਮੁਤਾਬਕ ਭਾਰਤ ਦੇ ਦਲਿਤਾਂ ਦੀ ਸਥਿਤੀ ਦੀ ਜੋ ਤਸਵੀਰ ਉਭਰਦੀ ਹੈ, ਉਸ ਤੋਂ ਸਾਰੇ ਭਰਮ ਦੂਰ ਹੋ ਜਾਂਦੇ ਹਨ। ਰਿਪੋਰਟ ਮੁਤਾਬਕ ਦਲਿਤਾਂ ਦੀ ਕੁੱਲ ਅਬਾਦੀ ਦਾ ਸਿਰਫ 16 ਫੀਸਦੀ ਹਿੱਸਾ ਹੀ ਸ਼ਹਿਰਾਂ 'ਚ ਰਹਿੰਦਾ ਹੈ। ਖੇਤੀਬਾੜੀ ਕਾਮੇ 48.22 ਫੀਸਦੀ ਹਨ ਅਤੇ ਸਨਅਤੀ ਕਾਮੇ ਸਿਰਫ 4 ਫੀਸਦੀ ਹਨ। ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਦਲਿਤਾਂ ਦੀ ਸੰਖਿਆ 50 ਫੀਸਦੀ ਹੈ ਅਤੇ 66 ਫੀਸਦੀ ਦਲਿਤ ਬੰਧੂਆ ਮਜ਼ਦੂਰੀ ਕਰਦੇ ਹਨ।

ਹੁਣ ਜੇ ਨਕਸ਼ਾ ਇਹ ਹੈ ਤਾਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਵੋ ਕਿ ਕਿੰਨੀ ਕੁ ਕਰੀਮੀ ਲੇਅਰ ਦਲਿਤਾਂ ਵਿਚ ਹੈ ਅਤੇ ਰਿਜ਼ਰਵੇਸ਼ਨ ਨੇ ਇਨ੍ਹਾਂ ਦੀ ਹਾਲਤ ਨੂੰ ਕਿੰਨਾ ਕੁ ਸੁਧਾਰਿਆ ਹੈ। ਕੁਝ ਦੋਸਤ ਪੰਜਾਬ ਦੇ ਨਾਂਅ 'ਤੇ ਦੂਸਰੇ ਸੂਬਿਆਂ ਦੇ ਮੁਕਾਬਲੇ ਸਵਾਲ ਖੜ੍ਹੇ ਕਰ ਸਕਦੇ ਹਨ। ਉਨ੍ਹਾਂ ਨੂੰ ਮੌਜੂਦਾ ਢਾਂਚੇ ਵਿਚ ਰਹਿ ਕੇ ਹੀ ਗੱਲ ਕਰਨੀ ਹੋਵੇਗੀ, ਕਿਉਂਕਿ ਜਿਸ ਢਾਂਚੇ ਵਿਚ ਅਸੀਂ ਰਹਿ ਰਹੇ ਹਾਂ ਉਥੇ ਹਾਲਤ ਦਲਿਤ ਦੀ ਜ਼ਿਆਦਾ ਨਿਘਾਰ ਵਲ ਹੀ ਗਈ ਹੈ। ਸਾਹਿਤਕ ਮੈਗਜ਼ੀਨ 'ਤ੍ਰਿਸ਼ੰਕੂ' ਦੇ ਤਾਜ਼ਾ ਅੰਕ (ਜੁਲਾਈ-ਸਤੰਬਰ 2009) ਵਿਚ ਅਮਰਜੀਤ ਗਰੇਵਾਲ ਦੀ ਮੁਲਾਕਾਤ ਪ੍ਰਕਾਸ਼ਤ ਹੋਈ ਹੈ। ਉਨ੍ਹਾਂ ਪੰਜਾਬ ਨੂੰ ਲੈ ਕੇ ਬਹੁਤ ਹੀ ਅਹਿਮ ਸਵਾਲ ਖੜੇ ਕੀਤੇ ਹਨ। ਦਲਿਤਾਂ ਦੀ ਪੜ੍ਹਾਈ ਨੂੰ ਲੈ ਕੇ ਉਨ੍ਹਾਂ ਕੁਝ ਤੱਥ ਪੇਸ਼ ਕੀਤੇ ਹਨ। ਮੈਂ ਉਹ ਤੱਥ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ, ਜੋ ਇਹ ਦਰਸਾਉਂਦੇ ਹਨ ਕਿ ਪੰਜਾਬ ਦੇ ਦਲਿਤਾਂ ਦਾ ਭਵਿੱਖ ਕਿਸ ਤਰ੍ਹਾਂ ਅਸੁਰੱਖਿਅਤ ਹੈ। ਉਹ ਲਿਖਦੇ ਹਨ, "ਉੱਚ ਸਿੱਖਿਆ ਵਿਚ ਦਲਿਤ ਜਾਤੀਆਂ ਦੀ ਦਾਖਲਾ ਦਰ ਸਿਰਫ 3.24 ਫੀਸਦੀ ਹੀ ਹੈ। ਉੱਚ ਸਿੱਖਿਆ ਹਾਸਲ ਕਰ ਰਹੇ 2 ਲੱਖ 79 ਹਜ਼ਾਰ ਬੱਚਿਆਂ ਵਿਚੋਂ ਕੇਵਲ 23 ਹਜ਼ਾਰ 545 ਬੱਚੇ ਦਲਿਤ ਜਾਤੀਆਂ ਵਿਚੋਂ ਹਨ। ਇਹ ਅਨਿਆ ਹੋਰ ਵੀ ਵੱਡਾ ਹੋ ਜਾਂਦਾ ਹੈ, ਜਦੋਂ ਸਾਨੂੰ ਇਹ ਪਤਾ ਚਲਦਾ ਹੈ ਕਿ ਦਲਿਤ ਜਾਤੀਆਂ ਦੇ ਬੱਚੇ ਸਿੱਖਿਆ ਨਾਲ ਜੁੜੇ ਖਰਚ ਬਰਦਾਸ਼ਤ ਨਹੀਂ ਕਰ ਸਕਦੇ।...ਇਸੇ ਤਰ੍ਹਾਂ ਦਲਿਤ ਬੱਚਿਆਂ ਦੀ ਦਾਖਲਾ ਦਰ ਤਾਂ 75.22 ਫੀਸਦੀ ਹੈ, ਪਰੰਤੂ ਉੱਚ ਸਿੱਖਿਆ ਤੱਕ ਇਹ ਘਟ ਕੇ ਕੇਵਲ 3.24 ਫੀਸਦੀ ਹੀ ਰਹਿ ਜਾਂਦੀ ਹੈ।" ਹੁਣ ਇਹ ਨੁਕਤਾ ਅਤੇ ਅੰਕੜੇ ਪੰਜਾਬ ਦੇ ਕਿਹੋ-ਜਿਹੇ ਦਲਿਤ ਭਵਿੱਖ ਦੀ ਤਸਵੀਰ ਪੇਸ਼ ਕਰ ਰਹੇ ਹਨ, ਤੁਹਾਡੇ ਸਾਹਮਣੇ ਹੈ।

ਇਕ ਸਵਾਲ ਦਲਿਤ ਭਾਈਚਾਰੇ ਦੇ ਅੰਦਰੂਨੀ ਜਾਤੀਵਾਦ ਨਾਲ ਜੁੜਿਆ ਹੋਇਆ ਹੈ। ਇਸ ਮਸਲੇ ਬਾਰੇ ਬਹੁਤ ਹੀ ਗੰਭੀਰ ਚਰਚਾ ਦੀ ਲੋੜ ਹੈ, ਕਿਉਂਕਿ ਇਸ ਮਸਲੇ 'ਤੇ ਦਲਿਤ ਚਿੰਤਕ ਵੀ ਕਈ ਵਾਰ ਭਾਵੁਕਤਾ ਦੇ ਸ਼ਿਕਾਰ ਹੋ ਜਾਂਦੇ ਹਨ ਅਤੇ ਬਹੁਤੀ ਵਾਰ ਕਲੋਨੀਅਲ ਇਤਿਹਾਸਕਾਰੀ ਦੇ ਸ਼ਿਕਾਰ ਹੋ ਜਾਂਦੇ ਹਨ। ਸਾਨੂੰ ਇਤਿਹਾਸ ਨੂੰ ਵੇਖਣ-ਪਰਖਣ ਸਮੇਂ ਤਾਂ ਹੋਰ ਵੀ ਧਿਆਨ ਦੇਣ ਦੀ ਲੋੜ ਹੁੰਦੀ ਹੈ। ਦਲਿਤਾਂ ਜਾਂ ਕਹਿ ਲਵੋ ਟਰਾਈਬਜ਼ ਨੂੰ ਪਾਤਨ ਦੀ ਜੋ ਚਾਲ ਪੌਰਾਣਿਕ ਪੀਰੀਅਡ ਵਿਚ ਚਲੀ ਗਈ ਉਸ ਤੋਂ ਅੱਗੇ ਕਲੋਨੀਅਲ ਪੀਰੀਅਡ ਦੀ ਰਣਨੀਤੀ ਨੂੰ ਬਹੁਤ ਹੀ ਧਿਆਨ ਨਾਲ ਵਾਚਣ ਦੀ ਲੋੜ ਹੈ। ਇਥੇ ਇਕ ਗੱਲ ਦਲਿਤ ਲਹਿਰਾਂ ਨੂੰ ਲੈ ਕੇ ਕਰਨੀ ਚਾਹੁੰਦਾ ਹਾਂ, ਖਾਸ ਕਰਕੇ 'ਆਦਿ ਧਰਮ ਮੰਡਲ' ਲਹਿਰ ਨੂੰ ਲੈ ਕੇ, ਜਿਸ ਸੰਬੰਧੀ ਸਾਡੇ ਪੰਜਾਬੀ ਦਲਿਤ ਲੇਖਕ ਆਮ ਤੌਰ 'ਤੇ ਭਾਵੁਕ ਤੇ ਉਲਾਰ ਹੋ ਕੇ ਸੋਚਣ ਲੱਗ ਜਾਂਦੇ ਹਨ। ਮਸਲਨ ਆਦਿ ਧਰਮ ਮੰਡਲ ਲਹਿਰ, ਰਵਿਦਾਸੀਏ ਗੁਰਦੁਆਰੇ ਅਤੇ ਬੁੱਧ ਧਰਮ ਅਪਨਾਏ ਜਾਣ ਬਾਰੇ ਤੱਥ ਅਤੇ ਵਿਚਾਰ ਦੀ ਗੱਲ ਕੀਤੀ ਜਾ ਸਕਦੀ ਹੈ। ਅਸੀਂ 'ਆਦਿ ਧਰਮ ਮੰਡਲ' ਲਹਿਰ ਦੇ ਯੋਗਦਾਨ ਅਤੇ ਕੁਰਬਾਨੀਆਂ ਤੋਂ ਇਨਕਾਰ ਨਹੀਂ ਕਰ ਸਕਦੇ, ਪ੍ਰੰਤੂ ਇਤਿਹਾਸ ਨੂੰ ਭਾਵਨਾ ਤੋਂ ਮੁਕਤ ਹੋ ਕੇ ਵਾਚਣਾ ਚਾਹੀਦਾ ਹੈ। ਉਦੋਂ ਖਾਸ ਕਰਕੇ ਜਦੋਂ ਕਲੋਨੀਅਲ ਇਤਿਹਾਸਕਾਰੀ ਕਈ ਤਰ੍ਹਾਂ ਦੇ ਭਰਮ ਪੈਦਾ ਕਰ ਚੁੱਕੀ ਹੋਵੇ। 'ਆਦਿ ਧਰਮ ਮੰਡਲ' (1925) ਬਣਨ ਤੋਂ ਲੈ ਕੇ ਬਾਲਮੀਕ ਸਭਾ (1933) ਅਤੇ ਇਨ੍ਹਾਂ ਹੀ ਸਮਿਆਂ ਵਿਚ ਰਾਮਗੜ੍ਹੀਆ ਫੈਡਰੇਸ਼ਨ, ਕਬੀਰ ਪੰਥ, ਸਿੰਘ ਸਭਾ ਲਹਿਰ ਆਦਿ ਦਾ ਚੱਲਣਾ ਬਹੁਤ ਕੁਝ ਬਾਰੇ ਇਸ਼ਾਰੇ ਕਰ ਰਿਹਾ ਹੈ। ਇਸ ਵਲ ਹੁਣ ਧਿਆਨ ਦੇਣ ਦੀ ਲੋੜ ਹੈ। ਉਸ ਵੇਲੇ ਜੋ ਧਰਮ ਦੇ ਨਾਂਅ 'ਤੇ ਹੋ ਰਿਹਾ ਹੈ, ਜੋ ਜਾਤੀ ਦੇ ਨਾਂਅ 'ਤੇ ਹੋ ਰਿਹਾ ਹੈ, ਅੰਗਰੇਜ਼ ਦੀਆਂ ਨੀਤੀਆਂ ਕੀ ਹਨ, ਸਾਡੇ ਲੀਡਰ ਕੀ ਕਰ ਰਹੇ ਹਨ, ਅੰਬੇਡਕਰ ਕਿਉਂ ਬੁੱਧ ਧਰਮ ਦੀ ਗੱਲ ਕਰ ਰਹੇ ਹਨ, ਇਹ ਬਹੁਤ ਕੁਝ ਵਿਚਾਰਨ ਵਾਲਾ ਹੈ।

ਪੰਜਾਬ ਵਿਚ ਬੁੱਧ ਧਰਮ ਦੀ ਸਥਿਤੀ ਜਾਂ ਸ਼ੁਰੂਆਤ ਬਾਰੇ ਗੱਲ ਕਰਾਂ, ਤਾਂ ਇਕ ਵਿਰੋਧਾਭਾਸ ਜੋ ਦਲਿਤ ਡੇਰਿਆਂ ਅਤੇ ਬੁੱਧ ਧਰਮ ਵਿਚ ਲਗਾਤਾਰ ਬਣਿਆ ਹੋਇਆ ਹੈ, ਉਸ ਬਾਰੇ ਗੱਲ ਕਰਨੀ ਚਾਹਾਂਗਾ। ਜਿਸ ਵਕਤ ਡਾ. ਅੰਬੇਡਕਰ ਬੁੱਧ ਧਰਮ ਅਪਨਾਉਣ ਦਾ ਹੋਕਾ ਦਿੰਦੇ ਹਨ ਤਾਂ ਪੰਜਾਬ ਵਿਚੋਂ ਵਾਹਦ ਇਕ ਆਦਮੀ ਲਾਹੌਰੀ ਰਾਮ ਬਾਲੀ ਨਿੱਤਰ ਕੇ ਸਾਹਮਣੇ ਆਉਂਦਾ ਹੈ। ਦੂਸਰੇ ਪਾਸੇ ਇਸ ਦਾ ਵਿਰੋਧ ਦਲਿਤ ਸੰਤ ਕਰਨਾ ਸ਼ੁਰੂ ਕਰ ਦਿੰਦੇ ਹਨ। ਮੇਰੇ ਨਾਲ ਇਕ ਮੁਲਾਕਾਤ ਵਿਚ ਉਸ ਵੇਲੇ ਦੇ ਦਲਿਤ ਆਗੂ ਭਾਗ ਮੱਲ ਪਾਗੋਲ ਨੇ ਦੱਸਿਆ ਕਿ ਇਕ ਸੰਤ ਨੇ ਉਦੋਂ ਇਸ ਦੇ ਵਿਰੋਧ ਵਿਚ ਇਕ ਕਾਨਫਰੰਸ ਕਰਵਾਈ ਸੀ। ਇਸ ਵਿਚ ਕਵੀ ਦਰਬਾਰ ਵੀ ਰੱਖਿਆ ਗਿਆ। ਇਸ ਕਵੀ ਦਰਬਾਰ ਵਿਚ ਜਿਸ ਮਿਸਰੇ ਨੂੰ ਆਧਾਰ ਬਣਾ ਕੇ ਕਵਿਤਾ ਕਹਿਣੀ ਸੀ, ਉਹ ਸੀ, 'ਬੁੱਧੂ ਆਪ ਕੋਈ ਬਣੇ ਤਾਂ ਗਿਲਾ ਕੋਈ ਨਹੀਂ, ਸਾਰੀ ਕੌਮ ਨੂੰ ਬੁੱਧੂ ਬਣਾਏ ਕੋਈ ਨਾ।' ਹੁਣ ਤੁਸੀਂ ਆਪ ਹੀ ਅੰਦਾਜ਼ਾ ਲਗਾ ਲਵੋ ਕਿ ਇਤਿਹਾਸਕ ਸੱਚਾਈ ਕੀ ਹੈ? ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਲੇਖਕ ਨੇ ਜ਼ਮੀਨੀ ਹਕੀਕਤ ਹੀ ਬਿਆਨ ਕਰਨੀ ਹੁੰਦੀ ਹੈ, ਪ੍ਰੰਤੂ ਕੀ ਲੇਖਕ ਦੇ ਵਿਚਾਰਾਂ ਨੂੰ ਤੁਸੀਂ ਉਸ ਦੀ ਰਚਨਾ ਤੋਂ ਅਲਗ ਕਰਕੇ ਵੇਖ ਸਕਦੇ ਹੋ? ਸਾਡੇ ਪੰਜਾਬੀ ਦਲਿਤ ਲੇਖਕ ਦਾ ਇਹੀ ਦੁਖਾਂਤ ਹੈ। ਉਹ ਇਤਿਹਾਸ ਨੂੰ ਭਾਵੁਕਤਾ ਨਾਲ ਲੈਂਦਾ ਹੈ। ਕਈ ਲੇਖਕ ਇਹ ਵਿਚਾਰ ਰੱਖਦੇ ਹਨ ਕਿ ਦਲਿਤ ਡੇਰੇ ਆਦਿ ਧਰਮ ਦੇ ਕਾਰਨ ਵਜੂਦ ਵਿਚ ਆਉਂਦੇ ਹਨ, ਜਦਕਿ ਇਤਿਹਾਸਕ ਸੱਚਾਈ ਇਹ ਹੈ ਕਿ ਇਹ 'ਉਦਾਸੀ ਡੇਰੇ' ਹਨ ਅਤੇ ਇਹ ਡੇਰੇ ਲਖਮੀ ਦਾਸ ਅਤੇ ਸ੍ਰੀਚੰਦ ਦੇ ਅਖਾੜਿਆਂ ਨਾਲ ਜੁੜੇ ਹੋਏ ਹਨ। ਹੁਣ ਜਿਸ ਲੇਖਕ ਨੂੰ ਇਨ੍ਹਾਂ ਦਾ ਇਤਿਹਾਸਕ ਪਿਛੋਕੜ ਹੀ ਨਹੀਂ ਪਤਾ ਉਹ ਇਨ੍ਹਾਂ ਦੇ ਸਮਾਜਿਕ-ਰਾਜਨੀਤਕ ਪ੍ਰਭਾਵਾਂ ਨੂੰ ਕਿਵੇਂ ਵੇਖ-ਸਮਝ ਸਕਦਾ ਹੈ?

ਬੁੱਧ ਧਰਮ ਦੀਆਂ ਜੜ੍ਹਾਂ ਪੰਜਾਬ ਵਿਚ ਨਾ ਲੱਗਣ ਦਾ ਕਾਰਨ ਪੰਜਾਬੀ ਦਲਿਤ ਦੀ ਮਾਨਸਿਕਤਾ ਵਿਚ ਪਿਆ ਭਗਤੀ ਦਾ ਸੰਕਲਪ ਹੈ। ਉਹ ਬਹੁਤਾ ਕਰਕੇ ਭਗਤੀ ਮਾਰਗ ਦਾ ਧਾਰਨੀ ਹੈ। ਉਹ ਸੱਭਿਆਚਾਰਕ ਤੌਰ 'ਤੇ ਜਿਨ੍ਹਾਂ ਸੰਤਾਂ ਨਾਲ ਜੁੜਿਆ ਹੋਇਆ ਹੈ, ਉਹ ਭਗਤੀ ਮਾਰਗ ਵਾਲੇ ਹਨ। ਜੇ ਉਹ ਸੂਫੀ ਪਰੰਪਰਾ ਨਾਲ ਜੁੜਿਆ ਹੋਇਆ ਹੈ, ਤਾਂ ਉਹ ਵੀ ਭਗਤੀ ਦੇ ਨੇੜੇ-ਤੇੜੇ ਹੀ ਖੜ੍ਹਦੀ ਹੈ। ਦੂਸਰਾ ਸਾਨੂੰ ਮਨੁੱਖ ਨੂੰ ਮਨੁੱਖ ਵਾਂਗ ਹੀ ਲੈਣਾ ਚਾਹੀਦਾ ਹੈ, ਕਿਉਂਕਿ ਮਨੁੱਖ ਹੈ, ਗਰੀਬ ਹੈ। ਉਹ ਰੈਸ਼ਨਲ ਵਿਚਾਰਾਂ ਦੀ ਥਾਂ ਸ਼ਕਤੀ ਨੂੰ ਵਧ ਮਹੱਤਵ ਦੇਵੇਗਾ। ਉਸਨੂੰ ਬੁੱਧ ਧਰਮ ਘੱਟ ਖਿੱਚੇਗਾ, ਉਹ ਡੇਰੇ ਵਧ ਖਿੱਚਣਗੇ, ਜਿਨ੍ਹਾਂ ਦੇ ਸੰਤ ਕਰਾਮਾਤਾਂ ਕਰਨ ਵਾਲੇ ਹੋਣਗੇ। ਪੰਜਾਬ ਵਿਚ ਇਸ ਮਾਨਸਿਕਤਾ ਨੂੰ ਬਹੁਤ ਚੰਗੀ ਤਰ੍ਹਾਂ ਵੇਖਿਆ ਜਾ ਸਕਦਾ ਹੈ।

# ਵਿਦੇਸ਼ ਗਏ ਇਕ ਨੌਜਵਾਨ ਦੀ ਫ਼ਰਾਂਸ ਦੀ ਸਰਹੱਦ 'ਤੇ ਮੌਤ

ਰੋਜ਼ੀ-ਰੋਟੀ ਦੀ ਤਲਾਸ਼ ਵਿਚ ਇੰਗਲੈਂਡ ਪਹੁੰਚਣ ਦੀ ਕੋਸ਼ਿਸ਼ ਵਿਚ ਪਿੰਡ ਵੀਲਾ ਤੇਜਾ ਦੇ ਇਕ ਨੌਜਵਾਨ ਦੀ ਫਰਾਂਸ ਦੀ ਸਰਹੱਦ ਉਤੇ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੇ ਪਿਤਾ ਸ. ਜਗਜੀਤ ਸਿੰਘ ਗਿੱਲ ਨੇ ਰੋਂਦਿਆਂ ਦਸਿਆ ਕਿ ਉਨ੍ਹਾਂ ਦਾ ਲੜਕਾ ਗੁਰਸ਼ਰਨ ਸਿੰਘ ਉਰਫ਼ ਸੋਨੂੰ (25) ਜਿਸ ਨੂੰ ਇਕ ਟਰੈਵਲ ਏਜੰਟ ਨੇ 10 ਲੱਖ ਰੁਪਏ ਲੈ ਕੇ ਧੋਖੇ ਨਾਲ ਮਾਸਕੋ ਦੀ ਟਿਕਟ ਲੈ ਕੇ ਦਿਤੀ ਅਤੇ ਕਿਹਾ ਕਿ ਦੋ ਦਿਨ ਲਈ ਮਾਸਕੋ ਰੁਕਣਾ ਹੈ, ਫਿਰ ਅੱਗੇ ਇੰਗਲੈਂਡ ਜਾਣਾ ਹੈ। ਪਰ ਉਥੇ ਇਕ ਏਜੰਟ ਅਮਰੀਕ ਸਿੰਘ ਜੋ ਹੁਸ਼ਿਆਰਪੁਰ ਦਾ ਰਹਿਣ ਵਾਲਾ ਹੈ, ਗੁਰਸ਼ਰਨ ਸਿੰਘ ਨੂੰ ਹਵਾਈ ਅੱਡੇ ਤੋਂ ਆਪਣੇ ਕੋਲ ਲੈ ਗਿਆ। ਅਮਰੀਕ ਸਿੰਘ ਕੋਲ ਇਕ ਕਮਰੇ ਵਿਚ ਕੈਦ ਕੱਟਣ ਲਈ ਉਸ ਨੂੰ ਲਾਵਾਰਿਸ ਛੱਡ ਕੇ ਕਿਤੇ ਗਾਇਬ ਹੋ ਗਿਆ। ਪੁਲਿਸ ਨੇ ਗੁਰਸ਼ਰਨ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਜੇਲ ਪਹੁੰਚਾ ਦਿਤਾ। ਇਸ ਤੋਂ ਬਾਅਦ ਗੁਰਸ਼ਰਨ ਸਿੰਘ ਨੇ ਘਰ ਫੋਨ ਕੀਤਾ ਅਤੇ ਦੱਸ ਲੱਖ ਰੁਪਏ ਮੰਗਵਾਏ।

ਕਿਸੇ ਏਜੰਟ ਨਾਲ ਗੱਲਬਾਤ ਕਰ ਕੇ ਉਹ ਰੁਮਾਨੀਆਂ ਪਹੁੰਚਿਆ ਜਿਥੇ ਕੋਈ ਕੰਮ ਨਾ ਬਨਦਾ ਦੇਖ ਕੇ 5 ਲੱਖ ਰੁਪਏ ਫਿਰ ਮੰਗਵਾਏ ਅਤੇ ਉਥੋਂ ਇਟਲੀ ਗਿਆ। ਇਟਲੀ ਤੋਂ ਬਾਅਦ ਲਾਰਿਆਂ 'ਚ ਰੱਖ ਕੇ ਤਿੰਨ ਮਹੀਨੇ ਬੈਜਲੀਅਮ ਅਤੇ ਫਰਾਂਸ ਦੀ ਸਰਹੱਦ ਦੇ ਉਪਰ ਲੁੱਕ ਛਿਪ ਕੇ ਰਹਿਣ ਲਈ ਉਸ ਨੂੰ ਖੱਜਲ-ਖੁਆਰ ਕੀਤਾ ਗਿਆ ਅਤੇ ਹੋਰ ਪੈਸੇ ਬਟੋਰਨ ਲਈ ਦਬਾਅ ਹੇਠ ਰਖਿਆ। ਦਿਮਾਗੀ ਪ੍ਰੇਸ਼ਾਨੀ ਜ਼ਿਆਦਾ ਵਧਣ ਕਾਰਨ ਅਚਾਨਕ ਉਸ ਨੂੰ ਦਿਲ ਦਾ ਦੌਰਾ ਪੈ ਗਿਆ। ਪਿੰਡ ਪਤਾ ਲੱਗਾ ਕਿ ਗੁਰਸ਼ਰਨ ਸਿੰਘ ਸੋਨੂੰ ਦੀ ਮੌਤ ਹੋ ਗਈ ਹੈ। ਉਨ੍ਹਾਂ ਕਿਹਾ ਕਿ ਸਾਡਾ ਨੌਜਵਾਨ ਪੁੱਤ ਵੀ ਨਾ ਰਿਹਾ ਅਤੇ ਪੈਸਾ ਵੀ ਬਰਬਾਦ ਹੋ ਗਿਆ। ਮ੍ਰਿਤਕ ਗੁਰਸ਼ਰਨ ਸਿੰਘ ਦੀ ਲਾਸ਼ ਵਾਪਸ ਆਉਣ ਬਾਰੇ ਵੀ ਕੋਈ ਪੱਕਾ ਪਤਾ ਨਹੀ ਲੱਗ ਸਕਿਆ।

# ਆਰਥਕ ਮੰਦੇ ਦੇ ਦੌਰ 'ਚ ਵਿਕਾਸ ਕਰਦਾ ਕੇਰਲ ਦਾ ਜਨਤਕ ਖੇਤਰ

**ਅਸ਼ੋਕ ਬਾਸਿਸ਼ਟ**

ਵਿਸ਼ਵ ਵਿਆਪੀ ਮੰਦੇ ਦੀ ਮਾਰ ਨੇ ਚੰਗੇ ਭਲੇ ਵਿਕਸਤ ਦੇਸ਼ਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ। ਭਾਰਤ ਦੀ ਹਾਲਤ ਇਸ ਤੋਂ ਥੋੜ੍ਹੀ ਵੱਖਰੀ ਹੈ। ਇਥੇ ਮੰਦੇ ਦੀ ਮਾਰ ਐਨੀ ਨਹੀਂ ਪਈ ਜਿੰਨੀ ਦੂਸਰੇ ਪੂੰਜੀਵਾਦੀ ਦੇਸ਼ਾਂ ਨੂੰ ਸਹਿਣੀ ਪੈ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਪੰਡਤ ਜਵਾਹਰ ਲਾਲ ਨਹਿਰੂ ਦੇ ਸਮੇਂ ਤੋਂ ਦੇਸ਼ ਦੇ ਜਨਤਕ ਖੇਤਰ ਦੀ ਉਸਾਰੀ ਕਰਨ ਅਤੇ ਇਸ ਨੂੰ ਮਜ਼ਬੂਤ ਕਰਨ ਲਈ ਜਿਹੜੇ ਜ਼ੋਰਦਾਰ ਯਤਨ ਕੀਤੇ ਗਏ ਸਨ ਉਹ



ਅੱਜ ਰੰਗ ਦਿਖਾ ਰਹੇ ਹਨ। ਅੱਜ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਜੇ ਜਨਤਕ ਖੇਤਰ ਨਾ ਹੁੰਦਾ ਤਾਂ ਦੇਸ਼ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਹੁੰਦੀ। ਕਈ ਵਾਰ ਹੁਕਮਰਾਨਾਂ ਦੇ ਮੂੰਹ ਤੋਂ ਵੀ ਇਹ ਗੱਲ ਨਿਕਲ ਜਾਂਦੀ ਹੈ ਪਰ ਉਹ ਇਸ ਤੋਂ ਕੋਈ ਸਬਕ ਸਿੱਖਣ ਲਈ ਤਿਆਰ ਨਹੀਂ। ਉਨ੍ਹਾਂ ਦੀ ਨਜ਼ਰ ਤਾਂ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ 'ਤੇ ਟਿਕੀ ਹੋਈ ਹੈ।

ਲੋਕਾਂ 'ਚ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਭਾਰਤ ਨੇ ਜੇ ਅੱਗੇ ਵਧਣਾ ਹੈ ਤਾਂ ਉਸ ਨੂੰ ਵਿਕਸਤ ਜਾਂ ਦੂਸਰੇ ਸ਼ਬਦਾਂ ਵਿਚ ਸਾਮਰਾਜਵਾਦੀ ਤਾਕਤਾਂ ਨਾਲ ਤਾਲਮੇਲ ਰੱਖਣਾ ਹੀ ਪਵੇਗਾ। ਇਸ ਨਾਲ ਹੀ ਤਰੱਕੀ ਹੋ ਸਕੇਗੀ। ਇਥੇ ਅਸੀਂ ਕੋਲਾ ਸਨਅਤ ਦੀ ਉਦਾਹਰਣ ਦੇਣਾ ਚਾਹਾਂਗੇ। ਇਹ ਖੇਤਰ ਪਹਿਲਾਂ ਨਿਜੀ ਖੇਤਰ ਹੋਇਆ ਕਰਦਾ ਸੀ। ਅਮੀਰ ਮਾਲਕਾਂ ਨੇ ਇਸ ਦੀ ਰੱਜ ਕੇ ਲੁੱਟ ਕੀਤੀ, ਇਸ ਤੋਂ ਖ਼ੂਬ ਮੁਨਾਫ਼ਾ ਖੱਟਿਆ ਪਰ ਕੋਲਾ ਸਨਅਤ ਦੀ ਹਾਲਤ ਭੈੜੀ ਤੋਂ ਹੋਰ ਭੈੜੀ ਹੁੰਦੀ ਗਈ। ਭਾਰਤ ਸਰਕਾਰ ਨੂੰ ਮਜਬੂਰ ਹੋ ਕੇ ਕੋਲੇ ਦੀਆਂ ਖਾਨਾਂ ਦਾ ਕੌਮੀਕਰਨ ਕਰਨਾ ਪਿਆ। ਤਦ ਜਾ ਕੇ ਇਸ ਦੀ ਹਾਲਤ ਵਿਚ ਕੁਝ ਸੁਧਾਰ ਹੋਇਆ। ਮਜ਼ਦੂਰਾਂ ਨੂੰ ਇੱਜ਼ਤ ਨਾਲ ਜਿਊਣ ਦਾ ਮੌਕਾ ਮਿਲਿਆ। ਪਰ ਸਰਕਾਰ ਨੇ ਕੋਲੇ ਦੀ ਸਨਅਤ ਵਿਚ ਸੁਧਾਰ ਲਿਆਉਣ ਲਈ ਸਮੇਂ ਸਮੇਂ ਲੋੜੀਂਦੇ ਕਦਮ ਨਹੀਂ ਚੁੱਕੇ, ਜੇ ਕੁਝ ਕੀਤਾ ਵੀ ਤਾਂ ਅੱਧ ਪਚੱਧਾ ਕੀਤਾ। ਹੁਣ ਹਾਲਤ ਇਹ ਬਣੀ ਹੈ ਕਿ ਇਜਾਰੇਦਾਰ ਕੋਲਾ ਸਨਅਤ ਦਾ ਮੁੜ ਤੋਂ ਨਿਜੀਕਰਨ ਕਰਨ ਦੀ ਦੁਹਾਈ ਦੇ ਰਹੇ ਹਨ। ਜੇ ਕੋਈ ਸਮੱਸਿਆ ਹੈ ਤਾਂ ਇਥੇ ਪ੍ਰਬੰਧ ਦੀ ਸਮਸਿਆ ਹੈ। ਲੋੜ ਉਠੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਹੈ। ਕੋਲੇ ਦੀਆਂ ਖਾਨਾਂ ਨੂੰ ਇਜਾਰੇਦਾਰਾਂ ਦੇ ਹੱਥਾਂ ਵਿਚ ਦੇਣ ਨਾਲ ਸਥਿਤੀ ਹੋਰ ਵਿਗੜ ਜਾਵੇਗੀ।

ਅੱਜ ਦੇ ਦੌਰ ਵਿਚ ਕੇਰਲ ਇਹ ਸਬਕ ਦੇ ਰਿਹਾ ਹੈ। ਇਥੇ 2006 ਵਿਚ ਖੱਬੇ ਪੱਖੀ ਮੋਰਚੇ ਦੀ ਸਰਕਾਰ ਬਣੀ ਸੀ। ਇਸ ਤੋਂ ਪਹਿਲਾਂ ਸੰਯੁਕਤ ਜਮਹੂਰੀ ਫਰੰਟ ਦੀ ਸਰਕਾਰ ਸੀ ਜਿਸ ਦੇ ਸਮੇਂ 'ਚ ਜਨਤਕ ਖੇਤਰ ਦੀਆਂ ਇਕਾਈਆਂ ਘਾਟੇ 'ਚ ਚੱਲ ਰਹੀਆਂ ਸਨ। ਇਕਾਈਆਂ ਦੀ ਹਾਲਤ ਅਫ਼ਸੋਸਨਾਕ ਸੀ। ਮਜ਼ਦੂਰਾਂ ਨੂੰ ਬਹੁਤ ਘੱਟ ਤਨਖ਼ਾਹ ਮਿਲਦੀ ਸੀ ਅਤੇ ਉਹ ਵੀ ਸਮੇਂ-ਸਿਰ ਨਹੀਂ ਮਿਲਦੀ ਸੀ। ਮਜ਼ਦੂਰਾਂ ਨੂੰ ਪੱਕਾ ਨਹੀਂ ਕੀਤਾ ਜਾਂਦਾ ਸੀ। ਕਰੋੜਾਂ ਰੁਪਏ ਦੇ ਘਾਟੇ ਕਾਰਨ ਕਈ ਇਕਾਈਆਂ ਨੂੰ ਬਿਮਾਰ ਐਲਾਨ ਦਿਤਾ ਗਿਆ। ਕੁਝ ਇਕਾਈਆਂ ਬੰਦ ਕਰ ਦਿਤੀਆਂ ਗਈਆਂ ਅਤੇ ਕੁਝ ਇਕਾਈਆਂ ਨੂੰ ਬੰਦ ਕਰ ਦਿਤੀਆਂ ਜਾਣ ਵਾਲੀਆਂ ਇਕਾਈਆਂ ਦੀ ਸੂਚੀ ਵਿਚ ਰੱਖ ਦਿਤਾ ਗਿਆ। ਸੰਯੁਕਤ ਜਮਹੂਰੀ ਮੁਹਾਜ਼ ਦੀ ਸਰਕਾਰ ਇਸੇ ਏਜੰਡੇ 'ਤੇ ਕੰਮ ਕਰ ਰਹੀ ਸੀ ਜਿਨ੍ਹਾਂ ਇਕਾਈਆਂ ਦੀ ਹਾਲਤ ਥੋੜੀ ਵੀ ਖ਼ਰਾਬ ਹੈ ਉਨ੍ਹਾਂ ਨੂੰ ਬੰਦ ਕਰ ਦਿਤਾ ਜਾਵੇ ਅਤੇ ਨਿਜੀ ਖੇਤਰ ਦੀਆਂ ਕੰਪਨੀਆਂ ਬਣਾ ਦਿਤਾ ਜਾਵੇ। ਇਸ ਤਰ੍ਹਾਂ ਉਨ੍ਹਾਂ ਨੇ 25 ਕੰਪਨੀਆਂ ਦੀ ਪਹਿਚਾਣ ਕਰ ਲਈ ਸੀ ਅਤੇ ਇਸ ਸਬੰਧ ਵਿਚ ਹਦਾਇਤ ਵੀ ਜਾਰੀ ਕਰ ਦਿਤੀ ਗਈ ਸੀ।

> ***2006-07 'ਚ ਬੈਂਕ ਦੇ ਕਰਜ਼ਿਆਂ ਦੇ ਹੇਠ ਦੱਬੀਆਂ ਇਕਾਈਆਂ ਦੇ ਸਿਰ 359.66 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਸੀ। ਸਰਕਾਰ ਦੁਆਰਾ ਕੀਤੇ ਵਿਸ਼ੇਸ਼ ਯਤਨਾਂ ਕਾਰਨ 6 ਕੰਪਨੀਆਂ ਨੇ ਸਾਰਾ ਕਰਜ਼ਾ ਲਾ ਦਿਤਾ ਹੈ। ਸਰਕਾਰ ਨੇ ਇਨ੍ਹਾਂ ਨੂੰ ਵਿਤ ਪ੍ਰਦਾਨ ਕਰਨ ਲਈ ਵਿਸ਼ੇਸ਼ ਕਰਜ਼ ਦੇਣ ਦੀ ਹਦਾਇਤ ਦਿਤੀ ਹੋਈ ਹੈ। ਕੇਰਲ ਦੀਆਂ ਜਨਤਕ ਖੇਤਰ ਦੀਆਂ ਇਕਾਈਆਂ ਦੀ ਆਮਦਨ ਵਿਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ 16 ਪ੍ਰਤੀਸ਼ਤ ਅਤੇ ਮੁਨਾਫ਼ੇ 'ਚ 111 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ। ਇਹ ਵੀ ਉਸ ਸਮੇਂ ਜਦੋਂ ਕੇਂਦਰ ਦੀ ਯੂ.ਪੀ. ਏ. ਦੀ ਸਰਕਾਰ ਮੁਨਾਫ਼ੇ ਕਮਾਉਣ ਵਾਲੀਆਂ ਜਨਤਕ ਇਕਾਈਆਂ ਦੇ 49 ਪ੍ਰਤੀਸ਼ਤ ਸ਼ੇਅਰਾਂ ਨੂੰ ਵੇਚਣ ਦੇ ਰਾਹ 'ਤੇ ਚੱਲ ਰਹੀ ਹੈ।***

ਸੈਂਕੜੇ ਮਜ਼ਦੂਰਾਂ ਨੂੰ ਸਵੈ-ਇਛਕ ਸੇਵਾਮੁਕਤੀ ਦਾ ਰਾਹ ਦਿਖਾ ਦਿਤਾ ਗਿਆ ਪਰ ਬਣਦਾ ਪੈਸਾ ਢੰਗ ਨਾਲ ਨਹੀਂ ਦਿਤਾ ਗਿਆ।

ਖੱਬੇਪੱਖੀ ਮੁਹਾਜ਼ ਦੀ ਸਰਕਾਰ ਨੇ ਇਸ ਨੂੰ ਇਕ ਚੁਣੌਤੀ ਵਜੋਂ ਲਿਆ। ਉਨ੍ਹਾਂ ਨੇ ਉਨ੍ਹਾਂ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਕਦਮ ਚੁੱਕੇ ਜਿਨ੍ਹਾਂ ਕਰਕੇ ਜਨਤਕ ਖੇਤਰ ਦੇ ਉਦਯੋਗਾਂ ਦੀ ਹਾਲਤ ਵਿਗੜਦੀ ਜਾ ਰਹੀ ਸੀ। ਇਸ ਤਰ੍ਹਾਂ ਸਥਿਤੀ 'ਚ ਬੁਨਿਆਦੀ ਤਬਦੀਲੀ ਆਈ। ਜਨਤਕ ਖੇਤਰ ਦੀਆਂ ਜਿਨ੍ਹਾਂ 42 ਇਕਾਈਆਂ ਨੇ ਸਾਲ 2005-06 ਵਿਚ 69.64 ਕਰੋੜ ਰੁਪਏ ਦਾ ਘਾਟਾ ਸਹਿਣ ਕੀਤਾ ਸੀ ਉਨ੍ਹਾਂ ਇਕਾਈਆਂ ਨੇ ਸਾਲ 2008-09 'ਚ 169.45 ਕਰੋੜ ਰੁਪਏ ਦਾ ਮੁਨਾਫ਼ਾ ਕਮਾਇਆ ਹੈ। ਪਹਿਲਾਂ ਦੀ ਸਰਕਾਰ ਦੇ ਸਮੇਂ 'ਚ ਘਾਟੇ 'ਚ ਚੱਲਣ ਵਾਲੀਆਂ ਜਨਤਕ ਖੇਤਰ ਦੀਆਂ ਇਕਾਈਆਂ ਦੀ ਗਿਣਤੀ 31 ਸੀ ਜਿਹੜੀ 2008-09 'ਚ ਘਟ ਕੇ 13 ਰਹਿ ਗਈ ਹੈ। ਉਸ ਦੌਰ ਵਿਚ ਮੁਨਾਫ਼ੇ 'ਤੇ ਚੱਲਣ ਵਾਲੀਆਂ ਕੰਪਨੀਆਂ ਨੇ 56.38 ਕਰੋੜ ਰੁਪਏ ਦਾ ਮੁਨਾਫ਼ਾ ਕਮਾਇਆ ਸੀ ਪਰ ਉਨ੍ਹਾਂ ਕੰਪਨੀਆਂ ਨੇ ਹੀ 2008-09 'ਚ 222.00 ਕਰੋੜ ਰੁਪਏ ਦਾ ਮੁਨਾਫ਼ਾ ਕਮਾਇਆ ਹੈ। ਉਨ੍ਹਾਂ ਦੀ ਆਮਦਨ 'ਚ 21.8 ਪ੍ਰਤੀਸ਼ਤ ਅਤੇ ਮੁਨਾਫ਼ੇ 'ਚ 81.61 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ। ਘਾਟੇ 'ਚ ਚੱਲਣ ਵਾਲੀਆਂ ਜਿਨ੍ਹਾਂ 31 ਕੰਪਨੀਆਂ ਨੇ 2005-06 'ਚ 125.87 ਕਰੋੜ ਰੁਪਏ ਦਾ ਘਾਟਾ ਝੱਲਿਆ ਸੀ, ਸਾਲ 2008-09 ਉਨ੍ਹਾਂ ਦਾ ਘਾਟਾ 52.55 ਕਰੋੜ ਰੁਪਏ ਰਹਿ ਗਿਆ ਹੈ। ਉਹ ਦਿਨ ਦੂਰ ਨਹੀਂ ਜਦੋਂ ਇਹ ਕੰਪਨੀਆਂ ਮੁਨਾਫ਼ੇ ਵਿਚ ਚਲਣਗੀਆਂ। ਅੱਜ ਉਸ ਸਮੇਂ ਦੀਆਂ 11 ਕੰਪਨੀਆਂ ਦੇ ਮੁਕਾਬਲੇ 'ਤੇ 28 ਕੰਪਨੀਆਂ ਮੁਨਾਫ਼ਾ ਕਮਾ ਰਹੀਆਂ ਹਨ।

ਖੱਬੇਪੱਖੀ ਸਰਕਾਰ ਨੇ ਮੈਨੇਜਮੈਂਟ ਦਾ ਕਾਰੋਬਾਰੀਕਰਨ ਕੀਤਾ, ਨਿਕੰਮੇ, ਅਸਮਰੱਥ ਤੇ ਭ੍ਰਿਸ਼ਟ ਲੋਕਾਂ ਨੂੰ ਬਾਹਰ ਦਾ ਰਾਸਤਾ ਦਿਖਾ ਦਿਤਾ ਗਿਆ। ਉਨ੍ਹਾਂ ਦੀ ਜਗ੍ਹਾ 'ਤੇ ਉਦਮੀ, ਕੰਮ ਕਰਨ ਵਾਲੇ ਅਤੇ ਯੋਗ ਲੋਕਾਂ ਨੂੰ ਨਿਯੁਕਤ ਕੀਤਾ ਗਿਆ। ਉਪਰ ਤੋਂ ਨਿਗਰਾਨੀ ਦਾ ਪ੍ਰਬੰਧ ਕੀਤਾ ਗਿਆ। ਪੁਰਾਣੀ ਸਰਕਾਰ ਦੇ ਸਮੇਂ 'ਚ ਸਿਆਸੀ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਮੁੱਖ ਕਾਰਜਕਾਰੀ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਜਾਂਦੀ ਸੀ। ਇਨ੍ਹਾਂ ਨਿਯੁਕਤੀਆਂ 'ਚ ਪੈਸੇ ਦਾ ਲੈਣ-ਦੇਣ ਵੀ ਹੁੰਦਾ ਸੀ। ਇਹ ਅਧਿਕਾਰੀ ਭ੍ਰਿਸ਼ਟ ਤਰੀਕਿਆਂ ਨਾਲ ਭਾਰੀ ਪੈਸਾ ਕਮਾਉਣ ਲਈ ਆਪਣੀਆਂ ਸੇਵਾਵਾਂ ਪੇਸ਼ ਕਰਦੇ ਸਨ। ਜਨਤਕ ਖੇਤਰ ਅਤੇ ਦੇਸ਼ ਦੀ ਸੇਵਾ ਕਰਨ ਦਾ ਨਿਸ਼ਾਨਾ ਉਨ੍ਹਾਂ ਦੇ ਸਾਹਮਣੇ ਹੀ ਨਹੀਂ ਸੀ। ਨਿਯੁਕਤੀ ਦੀ ਪ੍ਰਕਿਰਿਆ 'ਚ ਤਬਦੀਲੀ ਲਿਆਉਣ ਤੇ ਇਹ ਸਿਲੈਕਸ਼ਨ ਬੋਰਡ ਬਣਾਇਆ ਗਿਆ ਤੇ ਯੋਗ ਵਿਅਕਤੀਆਂ ਦੀਆਂ ਸੇਵਾਵਾਂ ਪ੍ਰਾਪਤ ਕਰਨ 'ਚ ਸਫ਼ਲਤਾ ਹਾਸਲ ਕੀਤੀ ਗਈ। ਇਨ੍ਹਾਂ ਲੋਕਾਂ ਨੂੰ ਲੱਭਣ ਲਈ ਇਕ ਕਮੇਟੀ ਵੀ ਬਣਾਈ ਗਈ। ਨਵੇਂ ਨਿਯੁਕਤ ਕੀਤੇ ਗਏ ਕਾਰਜਕਾਰੀ ਅਧਿਕਾਰੀਆਂ ਨੂੰ ਯੋਗ ਤਨਖ਼ਾਹਾਂ ਅਤੇ ਦੂਸਰੀਆਂ ਸੇਵਾਵਾਂ ਦਾ ਲਾਭ ਵੀ ਦਿਤਾ ਗਿਆ।

ਦੂਸਰੀ ਕਤਾਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਯੋਗਤਾ ਨੂੰ ਵਿਕਸਤ ਕਰਨ ਲਈ ਸਿਖਲਾਈ ਪ੍ਰੋਗਰਾਮ ਚਲਾਏ ਗਏ ਜਿਨ੍ਹਾਂ ਦੇ ਨਤੀਜੇ ਵਜੋਂ ਰਾਜ ਦੇ ਜਨਤਕ ਖੇਤਰ ਦੇ ਰੋਜ਼ਗਾਰ ਦੇ ਦ੍ਰਿਸ਼ 'ਚ ਭਾਰੀ ਤਬਦੀਲੀ ਆਈ। ਜਨਤਕ ਖੇਤਰ ਦੀਆਂ ਇਕਾਈਆਂ ਦੇ ਕਾਇਆਪਲਟ ਦੇ ਪਿਛੇ ਉਥੋਂ ਦੀਆਂ ਮਜ਼ਦੂਰਾਂ ਦੀਆਂ ਜਥੇਬੰਦੀਆਂ ਅਤੇ ਅਧਿਕਾਰੀਆਂ ਦੀਆਂ ਐਸੋਸੀਏਸ਼ਨਾਂ ਦੀ ਭੂਮਿਕਾ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਦੀ ਇਸ ਭੂਮਿਕਾ ਦੇ ਕਾਰਨ ਪਿਛਲੇ 3 ਸਾਲਾਂ ਵਿਚ ਕੇਰਲ ਵਿਚ ਸਨਅਤੀ ਅਸ਼ਾਂਤੀ ਦਾ ਨਾਮੋ-ਨਿਸ਼ਾਨ ਨਹੀਂ ਰਿਹਾ। ਇਹੀ ਕਾਰਨ ਹੈ ਕਿ ਖੱਬੇਪਖੀ ਸਰਕਾਰ ਨੇ ਦੇਰ ਤੋਂ ਲਟਕਦੀਆਂ ਮੰਗਾਂ ਅਤੇ ਸਮੱਸਿਆਵਾਂ ਦਾ ਹੱਲ ਲੱਭਣ 'ਚ ਸਫ਼ਲਤਾ ਹਾਸਲ ਕੀਤੀ ਅਤੇ ਕਾਮਿਆਂ ਦੀਆਂ ਤਨਖ਼ਾਹਾਂ 'ਚ ਵੀ ਸੋਧ ਕੀਤੀ।

2006-07 'ਚ ਬੈਂਕ ਦੇ ਕਰਜ਼ਿਆਂ ਦੇ ਹੇਠ ਦੱਬੀਆਂ



*ਵੀ.ਐਸ. ਅਚੁਥਾਨੰਦਨ*

ਇਕਾਈਆਂ ਦੇ ਸਿਰ 359.66 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਸੀ। ਸਰਕਾਰ ਦੁਆਰਾ ਕੀਤੇ ਵਿਸ਼ੇਸ਼ ਯਤਨਾਂ ਕਾਰਨ 6 ਕੰਪਨੀਆਂ ਨੇ ਸਾਰਾ ਕਰਜ਼ਾ ਲਾ ਦਿਤਾ ਹੈ। ਸਰਕਾਰ ਨੇ ਇਨ੍ਹਾਂ ਨੂੰ ਵਿਤ ਪ੍ਰਦਾਨ ਕਰਨ ਲਈ ਵਿਸ਼ੇਸ਼ ਕਰਜ਼ ਦੇਣ ਦੀ ਹਦਾਇਤ ਦਿਤੀ ਹੋਈ ਹੈ।

ਕੇਰਲ ਦੀਆਂ ਜਨਤਕ ਖੇਤਰ ਦੀਆਂ ਇਕਾਈਆਂ ਦੀ ਆਮਦਨ ਵਿਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ 16 ਪ੍ਰਤੀਸ਼ਤ ਅਤੇ ਮੁਨਾਫ਼ੇ 'ਚ 111 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ ਹੈ। ਇਹ ਵੀ ਉਸ ਸਮੇਂ ਜਦੋਂ ਕੇਂਦਰ ਦੀ ਯੂ.ਪੀ. ਏ. ਦੀ ਸਰਕਾਰ ਮੁਨਾਫ਼ੇ ਕਮਾਉਣ ਵਾਲੀਆਂ ਜਨਤਕ ਇਕਾਈਆਂ ਦੇ 49 ਪ੍ਰਤੀਸ਼ਤ ਸ਼ੇਅਰਾਂ ਨੂੰ ਵੇਚਣ ਦੇ ਰਾਹ 'ਤੇ ਚੱਲ ਰਹੀ ਹੈ। ਕੇਰਲ 'ਚ ਜਨਤਕ ਖੇਤਰ ਜਿਸ ਤਰ੍ਹਾਂ ਵਿਕਾਸ ਕਰ ਰਿਹਾ ਹੈ, ਆਪਣੀ ਆਮਦਨ ਅਤੇ ਮੁਨਾਫ਼ਾ ਲਗਾਤਾਰ ਵਧਾਉਂਦਾ ਰਿਹਾ ਹੈ, ਆਪਣੇ ਇਥੇ ਕੰਮ ਕਰਨ ਵਾਲੇ ਮਜ਼ਦੂਰਾਂ, ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਖੁਸ਼ਹਾਲੀ ਦਾ ਜ਼ਰੀਆ ਬਣ ਰਿਹਾ ਹੈ, ਸਰਕਾਰੀ ਆਮਦਨ ਵਿਚ ਆਪਣਾ ਯੋਗਦਾਨ ਵਧਾਉਂਦਾ ਜਾ ਰਿਹਾ ਹੈ, ਉਸ ਨੂੰ ਦੇਖ ਕੇ ਉਨ੍ਹਾਂ ਲੋਕਾਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ ਜਿਹੜੇ ਦਿਨ ਰਾਤ ਉਦਾਰੀਕਰਨ, ਨਿਜੀਕਰਨ, ਸੰਸਾਰੀਕਰਨ ਦੀ ਮਾਲਾ ਜਪਦੇ ਰਹਿੰਦੇ ਹਨ। ਅਸਲੀਅਤ ਇਹ ਹੈ ਕਿ ਕੇਰਲ ਦਾ ਜਨਤਕ ਖੇਤਰ ਅੱਜ ਵਿਸ਼ਵ ਵਿਆਪੀ ਮੰਦੇ ਦਾ ਮੂੰਹ ਚਿੜ੍ਹਾ ਰਿਹਾ ਹੈ। ਅੱਜ ਜੇ ਇਹ ਤਬਦੀਲੀ ਆਈ ਤਾਂ ਉਸ ਦਾ ਸਿਹਰਾ ਖੱਬੇਪੱਖੀ ਮੁਹਾਜ਼ ਦੀਆਂ ਨੀਤੀਆਂ, ਇਸ ਦਿਸ਼ਾ 'ਚ ਲਗਾਤਾਰ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਅਤੇ ਜਨਤਕ ਖੇਤਰ ਬਾਰੇ ਉਸ ਦੀ ਸਪਸ਼ਟ ਅਤੇ ਸਹੀ ਸੋਚ ਨੂੰ ਹੀ ਜਾਂਦਾ ਹੈ।

# ਬਦਲ ਰਹੀ ਨਵੀਂ ਦੁਨੀਆਂ ਵਿਚ ਤੁਰਕੀ ਦੀ ਭੂਮਿਕਾ



*ਤੁਰਕੀ ਦੇ ਵਿਦੇਸ਼ ਮੰਤਰੀ ਅਹਮੇਤ ਡੇਵੂਟੋਗਲੂ*

**-ਐਮ. ਜੇ. ਅਕਬਰ**

ਤੁਰਕੀ ਦੇ ਰਾਸ਼ਟਰਪਤੀ ਅਬਦੁੱਲਾ ਗੁਲ ਹੁਣ ਅਗਲੇ ਸਾਲ ਦੇ ਸ਼ੁਰੂ ਵਿਚ ਭਾਰਤ ਆਉਣਗੇ ਤਾਂ ਉਹ ਉਸ ਦੇਸ਼ ਦੀ ਵਾਗਡੋਰ ਸੰਭਾਲ ਰਹੇ ਹੋਣਗੇ, ਜਿਸ ਨੇ ਸਿਰਫ ਅੱਠ ਸਾਲ ਦੇ ਅੰਦਰ ਸੁਤੰਤਰ ਵਿਦੇਸ਼ ਨੀਤੀ ਦੇ ਰਾਹੀਂ ਆਪਣੀ ਭੂ-ਰਣਨੀਤਕ ਭੂਮਿਕਾ ਨੂੰ ਫਿਰ ਤੋਂ ਪ੍ਰਭਾਵਿਤ ਕੀਤਾ ਹੈ। ਮੈਨੂੰ ਉਮੀਦ ਹੈ ਕਿ ਉਹ ਆਪਣੇ ਨਾਲ ਅਹਮੇਤ ਡੇਵੂਟੋਗਲੂ ਨੂੰ ਵੀ ਲਿਆਉਣਗੇ, ਜਿਨ੍ਹਾਂ ਨੇ ਪ੍ਰਧਾਨ ਮੰਤਰੀ ਰੇਸਿਪ ਤੈਅਬ ਇਡਰੋਗਨ ਦੇ ਮੁੱਖ ਸਲਾਹਕਾਰ ਅਤੇ ਹੁਣ ਵਿਦੇਸ਼ ਮੰਤਰੀ ਦੇ ਰੂਪ ਵਿਚ ਸੁਤੰਤਰ ਵਿਦੇਸ਼ ਨੀਤੀ ਨੂੰ ਆਕਾਰ ਦਿੱਤਾ ਅਤੇ ਫਿਰ ਉਸਨੂੰ ਅਮਲ ਵਿਚ ਵੀ ਲਿਆਏ। ਉਹ ਉਨ੍ਹਾਂ ਕੁਝ ਕੁ ਖੇਤਰਾਂ ਦੇ ਪ੍ਰਭਾਵਸ਼ਾਲੀ ਅਕਾਦਮਿਕ ਲੋਕਾਂ ਵਿਚ ਸ਼ਾਮਿਲ ਹਨ, ਜਿਨ੍ਹਾਂ ਨੂੰ ਆਪਣੇ ਵਿਚਾਰਾਂ ਨੂੰ ਅਮਲ ਵਿਚ ਲਿਆਉਣ ਦਾ ਮੌਕਾ ਮਿਲਿਆ ਹੈ।

ਤੁਰਕੀ ਨੇ 20ਵੀਂ ਸਦੀ ਦੇ ਤਿੰਨ ਵੱਡੇ ਯੁੱਧਾਂ ਵਿਚੋਂ ਦੋਵਾਂ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪਹਿਲੇ ਵਿਸ਼ਵ ਯੁੱਧ ਵਿਚ ਤੁਰਕੀ, ਜਰਮਨ ਅਤੇ ਕੇਂਦਰੀ ਸੱਤਾ ਕੇਂਦਰਾਂ ਦਾ ਸਹਿਯੋਗੀ ਸੀ, ਪਰ ਉਸ ਨੇ ਅਮਰੀਕਾ ਦੇ ਖਿਲਾਫ ਲੜਾਈ ਛੇੜਨ ਤੋਂ ਇਨਕਾਰ ਕਰ ਦਿੱਤਾ ਸੀ। ਯੁੱਧ ਵਿਚ ਸਾਮਰਾਜ ਗੁਆਉਣ ਤੋਂ ਬਾਅਦ ਵੀ ਉਸ ਨੇ ਉਦੋਂ ਤੱਕ ਇਕ ਵੀ ਦੁਸ਼ਮਣ ਸਿਪਾਹੀ ਨੂੰ ਆਪਣੀ ਧਰਤੀ ਤੇ ਦਾਖਲ ਨਹੀਂ ਹੋਣ ਦਿਤਾ, ਜਦ ਤੱਕ ਕਿ ਸੰਧੀ ਨਹੀਂ ਹੋ ਗਈ। ਸਾਲ 1918 ਤੋਂ ਬਾਅਦ ਮੁਸਤਫਾ ਕਮਾਲ ਅਤਾਤੁਰਕ ਦਾ ਨਾਂ ਆਪਣੇ ਦੇਸ਼ ਦੇ ਇਤਿਹਾਸ ਵਿਚ ਸ਼ਾਮਿਲ ਹੋ ਗਿਆ, ਜਦ ਲਾਇਡ ਜਾਰਜ, ਵਿਸੰਟਨ ਚਰਚਿਲ ਅਤੇ ਕਿਲਮੇਂਚੂ ਦੀ ਤਿਕੜੀ ਨੇ ਯੂਨਾਨ ਨੂੰ ਹਰ ਤਰ੍ਹਾਂ ਦੀ ਮਦਦ ਦੇ ਕੇ ਉਸਨੂੰ ਤੁਰਕੀ 'ਤੇ ਹਮਲਾ ਕਰਨ ਦੇ ਲਈ ਉਕਸਾਇਆ। ਉਨ੍ਹਾਂ ਦਾ ਮਕਸਦ ਤੁਰਕੀ ਦਾ ਬਟਵਾਰਾ ਕਰਨਾ ਸੀ, ਪਰ ਅਤਾਤੁਰਕ ਨੇ ਆਪਣੇ ਸੈਨਿਕਾਂ ਤੇ ਜਨਤਾ ਨੂੰ ਇਕਜੁੱਟ ਕੀਤਾ ਅਤੇ ਯੂਨਾਨ ਨੂੰ ਹਰਾ ਕੇ ਪਹਿਲੇ ਵਿਸ਼ਵ ਯੁੱਧ ਦੀ ਜਿੱਤ ਦੇ ਦਾਅਵਿਆਂ ਨੂੰ ਜੋਰਦਾਰ ਨੁਕਸਾਨ ਪਹੁੰਚਾਇਆ। ਅਤਾਤੁਰਕ ਨੇ ਦੂਜੇ ਵਿਸ਼ਵਯੁੱਧ ਦੌਰਾਨ ਤੁਰਕੀ ਨੂੰ ਨਿਰਪੱਖ ਬਣਾਈ ਰੱਖਿਆ, ਪਰ ਸ਼ੀਤ ਯੁੱਧ ਦੇ ਸਮੇਂ ਵਿਚ ਆਪਣੇ ਗੁਆਂਢ ਵਿਚ ਸਥਿਤ ਸੋਵੀਅਤ ਸੰਘ ਤੋਂ ਭੈਭੀਤ ਹੋ ਕੇ ਤੁਰਕੀ ਅਮਰੀਕਾ ਦੀ ਝੋਲੀ ਵਿਚ ਚਲਿਆ ਗਿਆ। 1980 ਦੇ ਦਹਾਕੇ ਦੀ ਸਥਿਤੀ ਵਿਚ ਲਚਕੀਲਾਪਨ ਆਉਣ ਦੇ ਬਾਵਜੂਦ ਤੁਰਕੀ ਆਪਣੀ ਪੁਰਾਣੀ ਅਮਰੀਕਾ ਪੱਖੀ ਨੀਤੀ 'ਤੇ ਡਟਿਆ ਰਿਹਾ। ਦਰਅਸਲ, ਜਦ ਉਹ ਆਪਣੇ ਦੱਖਣ ਵਿਚ ਦੇਖਦਾ ਤਾਂ ਉਸਨੂੰ ਇਜ਼ਰਾਈਲ ਨਜ਼ਰ ਆਉਂਦਾ ਅਤੇ ਜਦ ਪੂਰਬ ਵਿਚ ਦੇਖਦਾ ਤਾਂ ਪਾਕਿਸਤਾਨ ਦਿਖਾਈ ਦਿੰਦਾ, ਦੋਵੇਂ ਹੀ ਅਮਰੀਕਾ ਦੇ ਸਹਿਯੋਗੀ ਹਨ। ਇਸ ਲਈ ਉਸਦੇ ਕੋਲ 21ਵੀਂ ਸਦੀ ਦੇ ਲਈ ਨਾ ਤਾਂ ਕੋਈ ਵਜ੍ਹਾ ਸੀ ਅਤੇ ਨਾ ਹੀ ਕੋਈ ਨੀਤੀ। ਡੇਵੂਟੋਗਲੂ ਨੇ ਇਸ ਹਾਲਤ ਵਿਚ ਪਾਸੇ ਹਟਣ ਦੇ ਲਈ 2003 ਵਿਚ ਇਰਾਕ ਦੇ ਖਿਲਾਫ ਬੁਸ਼ ਦੀ ਲੜਾਈ ਦੇ ਵਕਤ ਨੂੰ ਚੁਣਿਆ। ਇਸ ਵਿਚ ਸਕ੍ਰਿਆਤਮਕਤਾ ਦੇ ਸੰਕੇਤ ਉਦੋਂ ਮਿਲੇ, ਜਦੋਂ ਤੁਰਕੀ ਨੇ ਇਰਾਕ ਜਾਣ ਦੇ ਲਈ ਅਮਰੀਕੀ ਫੌਜਾਂ ਨੂੰ ਰਸਤਾ ਦੇਣ ਤੋਂ ਇਨਕਾਰ ਕਰ ਦਿੱਤਾ। ਉਸਨੇ ਸ਼ਾਇਦ ਕਾਫੀ ਪਹਿਲਾਂ ਹੀ ਸਮਝ ਲਿਆ ਸੀ ਕਿ ਬੁਸ਼ ਦੀ ਇਰਾਕ ਨੀਤੀ ਦੀ ਵਜ੍ਹਾ ਨਾਲ ਅਮਰੀਕਾ ਕਮਜ਼ੋਰ ਹੋਵੇਗਾ। ਇਸ ਨਾਲ ਨਵੇਂ ਖਿਡਾਰੀਆਂ ਦੇ ਲਈ ਥਾਂ ਖਾਲੀ ਹੋਵੇਗਾ, ਕਿਉਂਕਿ ਰੂਸ ਕੋਈ ਵੀ ਭੂਮਿਕਾ ਨਿਭਾਉਣ ਦੀ ਹਾਲਤ ਵਿਚ ਨਹੀਂ ਸੀ। ਖੇਤਰੀ ਭੂਮਿਕਾ ਦੀ ਪੂਰਤੀ ਕਰਨ ਦੇ ਲਈ ਇਜ਼ਰਾਈਲ ਅਤੇ ਇਰਾਨ ਦੇ ਕੋਲ ਮੁਕੰਮਲ ਤਾਕਤ ਹੈ, ਪਰ ਉਹ ਸਾਰੇ ਪਾਸਿਓਂ ਘਿਰੇ ਹੋਏ ਹਨ। ਤੁਰਕੀ ਨੇ ਖੇਤਰ ਦੀ ਸਥਿਰਤਾ ਦੇ ਕੇਂਦਰ ਦੇ ਰੂਪ ਵਿਚ ਖੁਦ ਨੂੰ ਰਖ ਕੇ ਆਪਣੇ ਕਦਮ ਅੱਗੇ ਵਧਾਏ ਹਨ। ਉਹ ਅਰਬ ਰਾਸ਼ਟਰਾਂ ਦੇ ਨਾਲ ਸੰਬੰਧ ਮਜਬੂਤ ਬਣਾਉਣ ਦੀ ਦਿਸ਼ਾ ਵਿਚ ਵੀ ਅੱਗੇ ਵਧ ਰਿਹਾ ਹੈ। ਉਸਨੇ ਵਪਾਰ ਅਤੇ ਸਹਿਯੋਗ ਦੀਆਂ ਸੰਧੀਆਂ ਨੂੰ ਤੋੜੇ ਬਿਨਾ ਇਜ਼ਰਾਈਲ ਲੜਾਕੂਆਂ ਤੋਂ ਦੂਰੀ ਬਣਾ ਕੇ ਰੱਖੀ ਹੈ। ਤੁਰਕੀ ਨੇ ਅਮਰੀਕਾ ਦੇ ਨਾਲ ਵੀ ਕਈ ਇਤਿਹਾਸਕ ਸਮਝੌਤਿਆਂ 'ਤੇ ਦਸਤਖਤ ਕੀਤੇ ਹਨ। ਸੀਰਿਆ ਤੇ ਇਰਾਨ ਦੇ ਨਾਲ ਸਮਝੌਤੇ ਕੀਤੇ ਹਨ ਅਤੇ ਇਰਾਕ ਦੇ ਪੁਨਰਨਿਰਮਾਣ ਵਿਚ ਮੁੱਖ ਸਾਂਝੀਦਾਰ ਦੀ ਭੂਮਿਕਾ ਨਿਭਾ ਰਿਹਾ ਹੈ।

ਪਾਕਿਸਤਾਨ ਨੇ ਵੀ ਇਸ ਬਦਲਾਅ ਨੂੰ ਮਹਿਸੂਸ ਕੀਤਾ ਹੈ, ਪਰ ਇਦਾਂ ਉਸ ਨੇ ਭਾਰਤ ਕੇਂਦਰਿਤ ਹੋ ਕੇ ਕੀਤਾ ਹੈ। ਪਾਕਿਸਤਾਨ ਨੇ ਤੁਰਕੀ ਨੂੰ ਕਸ਼ਮੀਰ ਸਮੱਸਿਆ ਦੇ ਸਮਾਧਾਨ ਵਿਚ ਮਦਦ ਕਰਨ ਨੂੰ ਕਿਹਾ ਹੈ, ਪਰ ਇਸਤਾਂਬੁਲ ਇਸਦੇ ਲਈ ਸ਼ਾਇਦ ਤਿਆਰ ਨਹੀਂ ਹੈ। ਤੁਰਕੀ ਵਿਸ਼ਵ ਮੰਚ ਤੇ ਆਪਣੀ ਭੂਮਿਕਾ ਵਲ ਦੇਖ ਰਿਹਾ ਹੈ। ਸ਼ੀਤ ਯੁੱਧ ਦੇ ਸਮੇਂ ਵਿਚ ਗ੍ਰੀਨਹਾਉਸ ਵਿਚ ਰਖੀ ਸ਼ਾਖਾ ਹੁਣ ਖੁਲੇ ਦਿਮਾਗ ਦੀ ਤਾਜ਼ੀ ਹਵਾ ਵਿਚ ਵਧਣ-ਫੁਲਣ ਲੱਗੀ ਹੈ।

# ਕਸ਼ਮੀਰ ਮਸਲੇ ਦੇ ਹੱਲ ਬਿਨਾ ਭਾਰਤ-ਪਾਕਿਸਤਾਨ ਵਿਚਾਲੇ ਅਮਨ ਸੰਭਵ?

**-ਪਰੇਮ ਸਿੰਘ (ਡਾ.)**

ਇਸ ਗੱਲ ਬਾਰੇ ਤਾਂ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜਦ ਤੱਕ ਪਾਕਿਸਤਾਨ ਭਾਰਤ ਅੰਦਰ ਅੱਤਵਾਦ ਨੂੰ ਸ਼ਹਿ ਦੇਣੀ ਬੰਦ ਨਹੀਂ ਕਰਦਾ, ਦੋਹਾਂ ਦੇਸ਼ਾਂ ਵਿਚਕਾਰ ਸਧਾਰਨ ਸੰਬੰਧ ਕਾਇਮ ਨਹੀਂ ਹੋ ਸਕਦੇ। ਇਹ ਗੱਲ ਵੀ ਨਿਰਵਿਵਾਦ ਹੈ ਕਿ ਗਵਾਂਢੀ ਦੇਸ਼ਾਂ ਵਿਚਕਾਰ ਚੰਗੇ ਸੰਬੰਧ ਇਨ੍ਹਾਂ ਦੇਸ਼ਾਂ ਦੇ ਅਵਾਮ ਦੇ ਭਵਿੱਖ ਦੀ ਬਿਹਤਰ ਜ਼ਾਮਨੀ ਲਈ ਜ਼ਰੂਰੀ ਹਨ। ਪਰ ਹਕੀਕਤ ਇਹ ਵੀ ਹੈ ਕਿ ਪਾਕਿਸਤਾਨ ਦੀ ਅੰਦਰੂਨੀ ਸਥਿਤੀ ਇਸ ਸਮੇਂ ਡੂੰਘੇ ਅੰਤਰ-ਵਿਰੋਧਾਂ ਦਾ ਸ਼ਿਕਾਰ ਹੈ, ਜਿਸ ਅਵਸਥਾ ਦਾ ਪ੍ਰਭਾਵ ਵਿਦੇਸ਼ ਨੀਤੀ ਉੱਤੇ ਪੈਂਦਾ ਹੈ। ਭਾਰਤ ਸਰਕਾਰ ਕੁਝ ਵੀ ਅਜਿਹਾ ਨਹੀਂ ਕਰ ਸਕਦੀ ਜਿਸ ਨਾਲ ਪਾਕਿਸਤਾਨ ਦੀ ਅੰਦਰੂਨੀ ਸਥਿਤੀ ਬਿਹਤਰ ਹੋਵੇ, ਪਰ ਸਰਕਾਰ ਇਹ ਕੁਝ ਤਾਂ ਕਰ ਹੀ ਸਕਦੀ ਹੈ ਕਿ ਕੋਈ ਵੀ ਅਜਿਹਾ ਕਦਮ ਨਾ ਚੁੱਕੇ, ਜਿਸ ਨਾਲ ਇਹ ਹੋਰ ਖਰਾਬ ਹੁੰਦੀ ਹੋਵੇ। ਯਕੀਨੀ ਤੌਰ ਉੱਤੇ ਦੋਹਾਂ ਦੇਸ਼ਾਂ ਵਿਚ ਅਜਿਹੀਆਂ ਤਾਕਤਾਂ ਮੌਜੂਦ ਹਨ, ਜਿਹੜੀਆਂ ਦੋਵੱਲੇ ਸੰਬੰਧਾਂ ਦੀ ਬਿਹਤਰੀ ਨਹੀਂ ਚਾਹੁੰਦੀਆਂ।

ਭਾਰਤ ਵਿਚ ਅਜਿਹੇ ਲੋਕਾਂ ਦੀ ਕੋਈ ਕਮੀ ਨਹੀਂ ਜਿਹੜੇ ਇਹ ਸਮਝਦੇ ਹਨ ਕਿ ਗਵਾਂਢੀ ਦੇਸ਼ ਨੂੰ ਕਮਜ਼ੋਰ ਰੱਖਣਾ, ਇਸ ਉੱਤੇ ਦਬਾਅ ਰੱਖਣਾ ਅਤੇ ਇਸਨੂੰ ਕਦੇ ਉੱਠਣ ਯੋਗ ਨਾ ਹੋਣ ਦੇਣਾ, ਭਾਰਤ ਦੇ ਹਿੱਤ ਵਿਚ ਹੈ। ਉਨ੍ਹਾਂ ਦਾ ਤਰਕ ਇਹ ਹੈ ਕਿ ਵਕਤੀ ਤੌਰ 'ਤੇ ਜੇਕਰ ਸੰਬੰਧ ਚੰਗੇ ਵੀ ਹੁੰਦੇ ਹਨ ਤਾਂ ਉਹ ਭਾਰਤ ਦੀ ਤਾਕਤ ਕਾਰਨ ਹਨ। ਪਾਕਿਸਤਾਨ ਦਾ ਭਾਰਤ ਵਿਰੋਧੀ ਰੁਖ ਕਦੇ ਬਦਲ ਨਹੀਂ ਸਕਦਾ। ਪਿਛਲੇ ਛੇ ਦਹਾਕਿਆਂ ਦਾ ਇਤਿਹਾਸ ਗਵਾਹ ਹੈ ਕਿ ਕਿਸੇ ਨਾ ਕਿਸੇ ਰੂਪ ਵਿਚ ਝਗੜੇ ਹੁੰਦੇ ਰਹੇ ਹਨ, ਛੋਟੀਆਂ ਤੇ ਵੱਡੀਆਂ ਜੰਗਾਂ ਵੀ ਹੋਈਆਂ ਹਨ। ਇਹ ਜੰਗਾਂ ਅਮਨ ਸਮਝੌਤਿਆਂ ਦੇ ਹੁੰਦਿਆਂ ਹੋਈਆਂ ਹਨ। ਇਸ ਲਈ ਨਾ ਕੇਵਲ ਚੌਕਸੀ ਜ਼ਰੂਰੀ ਹੈ, ਸਗੋਂ ਭਾਰਤ ਦਾ ਦਬਾਅ ਵੀ ਬਣਿਆ ਰਹਿਣਾ ਚਾਹੀਦਾ ਹੈ।

ਪਾਕਿਸਤਾਨ ਦੇ ਅੰਤਰ ਵਿਰੋਧਾਂ ਦਾ ਖਾਸਾ ਕੀ ਹੈ? ਕਿਹਾ ਜਾ ਰਿਹਾ ਹੈ ਅਤੇ ਇਹ ਗਲਤ ਵੀ ਨਹੀਂ ਕਿ ਇਨ੍ਹਾਂ ਅੰਤਰ-ਵਿਰੋਧਾਂ ਦਾ ਕਾਰਨ ਇਸਲਾਮਾਬਾਦ ਦੇ ਹਾਕਮਾਂ ਦੀਆਂ ਦੋਗਲੀਆਂ ਨੀਤੀਆਂ ਦਾ ਹੋਣਾ ਹੈ। ਪਿਛਲੇ ਸਮਿਆਂ ਵਿਚ ਇਸ ਦੇ ਅਨੇਕ ਸਬੂਤ ਮਿਲੇ ਹਨ। ਜਦੋਂ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ, ਪਾਕਿਸਤਾਨ ਦੇ ਮੁਖੀ ਪਰਵੇਜ਼ ਮੁਸ਼ੱਰਫ ਨੇ ਆਗਰਾ ਵਿਚ ਹੋਏ ਸਿਖਰ ਸੰਮੇਲਨ ਵਿਚ ਜਾ ਕੇ ਵੀ ਇਸ ਨੂੰ ਅਧਵਾਟੇ ਛੱਡ ਦਿੱਤਾ ਸੀ। ਜਦੋਂ 2003 ਵਿਚ ਵਾਜਪਾਈ ਨੇ ਪਾਕਿਸਤਾਨ ਨੂੰ ਸੁਲ੍ਹਾ-ਸਫਾਈ ਦੀ ਪੇਸ਼ਕਸ਼ ਕੀਤੀ ਤਾਂ ਹੁੰਗਾਰੇ ਵਜੋਂ ਕਸ਼ਮੀਰ ਨਾਲ ਸੰਬੰਧਤ ਦਿੱਤੇ ਗਏ ਸੁਝਾਅ ਅਜਿਹੇ ਸਨ ਕਿ ਇਨ੍ਹਾਂ ਨੂੰ ਭਾਰਤ ਕਦੇ ਵੀ ਪਰਵਾਨ ਨਹੀਂ ਕਰ ਸਕਦਾ ਸੀ। ਜੂਨ 2008 'ਚ ਸ਼ੰਘਾਈ ਕੋਆਪ੍ਰੇਟਿਵ ਆਰਗੇਨਾਈਜੇਸ਼ਨ ਦੀ ਮੀਟਿੰਗ ਦੌਰਾਨ ਡਾ. ਮਨਮੋਹਨ ਸਿੰਘ ਨੇ ਸਪੱਸ਼ਟ ਪੁਜ਼ੀਸ਼ਨ ਲਈ ਸੀ ਕਿ ਜਦ ਤੱਕ ਪਾਕਿਸਤਾਨ ਦਹਿਸ਼ਤਗਰਦਾਂ ਵਿਰੁਧ ਠੋਸ ਕਾਰਵਾਈ ਨਹੀਂ ਕਰਦਾ, ਉਸ ਵਕਤ ਤੱਕ ਕੋਈ ਗੱਲਬਾਤ ਨਹੀਂ ਹੋ ਸਕਦੀ। ਸ਼ਰਮ-ਅਲ-ਸ਼ੇਖ ਵਿਚ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਵਲੋਂ ਜਾਰੀ ਕੀਤੇ ਗਏ ਐਲਾਨਨਾਮੇ ਅਨੁਸਾਰ ਹੀ ਹੁਣ ਵਿਦੇਸ਼ ਮੰਤਰੀਆਂ ਦੀ ਮੀਟਿੰਗ ਹੋਈ ਹੈ। ਇਸ ਮੀਟਿੰਗ ਬਾਰੇ ਵਧੇਰੇ ਉਮੀਦ ਵੀ ਕਿਸੇ ਨੂੰ ਨਹੀਂ ਸੀ ਅਤੇ ਹੁਣ ਇਸ ਦੇ ਬੇਨਤੀਜਾ ਹੋਣ ਬਾਰੇ ਕਿਸੇ ਧਿਰ ਨੂੰ ਹੈਰਾਨੀ ਨਹੀਂ ਹੋਈ।

ਪਾਕਿਸਤਾਨ ਨੇ ਆਪਣੀ ਇਸ ਪੁਜ਼ੀਸ਼ਨ ਵਿਚ ਕੋਈ ਫਰਕ ਨਹੀਂ ਪਾਇਆ ਕਿ ਦਹਿਸ਼ਤਗਰਦਾਂ ਵਿਰੁਧ ਕਾਰਵਾਈ ਅਤੇ ਗੱਲਬਾਤ ਦੋ ਵੱਖੋ-ਵੱਖਰੀਆਂ ਗੱਲਾਂ ਹਨ। ਪਾਕਿਸਤਾਨ ਪਹਿਲਾਂ ਹੋਰਨਾਂ ਮੁੱਦਿਆਂ ਨੂੰ ਹੱਲ ਕਰਨ ਦੇ ਹੱਕ ਵਿਚ ਹੈ, ਹੁਣ ਇਸ ਐਲਾਨਨਾਮੇ ਵਿਚ ਬਲੋਚਿਸਤਾਨ ਦੇ ਖਤਰੇ ਦੇ ਮੁੱਦੇ ਨੂੰ ਵੀ ਸ਼ਾਮਲ ਕਰ ਲਿਆ ਹੈ। ਇਸ ਸੰਬੰਧੀ ਪ੍ਰਧਾਨ ਮੰਤਰੀ ਦੀ ਤਿੱਖੀ ਆਲੋਚਨਾ ਵੀ ਕੁਝ ਭਾਰਤੀ ਧਿਰਾਂ ਵਲੋਂ ਕੀਤੀ ਗਈ ਸੀ, ਜੋ ਕਿ ਇਸ ਖਿੱਤੇ ਵਿਚ ਅਮਨ ਦੇ ਸੁਆਲ ਨੂੰ ਪ੍ਰਮੁੱਖਤਾ ਦੇਣ ਦੀ ਦਰਿਸ਼ਟੀ ਤੋਂ ਬਿਲਕੁਲ ਅਯੋਗ ਸੀ। ਹਕੀਕਤ ਤਾਂ ਇਹ ਹੈ ਕਿ ਦੁਵੱਲੇ ਸੰਬੰਧਾਂ ਨੂੰ ਬਿਹਤਰ ਕਰਨ ਦੇ ਮਾਮਲੇ ਵਿਚ ਜਮਹੂਰੀ ਰਾਏ ਨੂੰ ਪ੍ਰਧਾਨ ਮੰਤਰੀ ਵਲੋਂ ਲਈ ਗਈ ਪੁਜੀਸ਼ਨ ਦੀ ਹਮਾਇਤ ਹੀ ਕਰਨੀ ਯੋਗ ਸੀ। ਇਸ ਲਈ ਪਾਰਲੀਮੈਂਟ ਵਿਚ ਸਰਕਾਰ ਵਲੋਂ ਕੀਤੀ ਗਈ ਵਜ਼ਾਹਤ ਦਾ ਬਚਾਓ ਰੁਖ ਕਿਸੇ ਤਰ੍ਹਾਂ ਵੀ ਯੋਗ ਨਹੀਂ ਸੀ।

ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਅਮਰੀਕਾ ਇਸ ਖਿੱਤੇ ਵਿਚ ਅਤੇ ਵਿਸ਼ੇਸ਼ ਤੌਰ ਉੱਤੇ ਦੱਖਣੀ ਏਸ਼ੀਆ ਵਿਚ ਆਪਣਾ ਗਲਬਾ ਬਣਾਈ ਰੱਖਣਾ ਚਾਹੁੰਦੀ ਹੈ। ਭਾਵੇਂ ਸਾਂਝਾ ਐਲਾਨਨਾਮਾ ਠੀਕ ਪਾਸੇ ਵਲ ਕਦਮ ਸੀ ਅਤੇ ਬਲੋਚਿਸਤਾਨ ਦਾ ਜ਼ਿਕਰ ਕਰਨ ਵਿਚ ਭਾਰਤ ਨੂੰ ਕੁਝ ਨਿਉਣਾ ਵੀ ਪਿਆ ਹੈ, ਪਰ ਮਾੜੀ ਗੱਲ



ਇਸ ਵਿਚ ਇਹ ਹੈ ਕਿ ਭਾਰਤ ਨੇ ਇਸ ਕਦਮ ਨੂੰ ਆਜ਼ਾਦਾਨਾ ਤੌਰ 'ਤੇ ਨਹੀਂ ਚੁੱਕਿਆ ਅਤੇ ਅਮਰੀਕੀ ਦਬਾਅ ਅਧੀਨ ਉਠਾਇਆ ਹੈ। ਭਾਰਤ ਦੀਆਂ ਖੱਬੀਆਂ ਧਿਰਾਂ, ਸੱਜੇ-ਪੱਖੀ ਸ਼ਕਤੀਆਂ ਦੇ ਵਿਰੋਧ ਵਿਚ ਭਾਵੇਂ ਡਾਕਟਰ ਮਨਮੋਹਨ ਸਿੰਘ ਦੀ ਹਮਾਇਤ ਕਰ ਰਹੀਆਂ ਹਨ ਪਰ ਉਹ ਅਮਰੀਕਾ ਵਲ ਝੁਕਣ ਦੀ ਨੀਤੀ ਨੂੰ ਕਦੇ ਵੀ ਪਰਵਾਨ ਨਹੀਂ ਕਰਦੀਆਂ। ਅਮਰੀਕਾ ਵਲੋਂ ਭਾਰਤ ਦੀ ਨੇੜਤਾ ਜੋ ਨਿਰੋਲ ਆਰਥਿਕ ਕਾਰਨ ਕਰਕੇ ਹੋਵੇ, ਭਾਵ ਜੇ ਟੀਚਾ ਇਹ ਹੋਵੇ ਕਿ ਭਾਰਤ ਦੇ ਵਿਕਾਸ ਲਈ ਅਮਰੀਕਾ ਸਹਾਈ ਹੋਣਾ ਚਾਹੁੰਦਾ ਹੈ ਤਾਂ ਇਸ ਨੂੰ ਭਾਰਤ ਦੀਆਂ ਸਭ ਧਿਰਾਂ ਜੀ ਆਇਆਂ ਕਹਿਣਗੀਆਂ, ਪਰ ਨੇੜਤਾ ਦਾ ਇਹ ਦੌਰ ਜਿਹੜਾ 2006 ਤੋਂ ਵਧੇਰੇ ਉਭਰ ਕੇ ਸਾਹਮਣੇ ਆਇਆ, ਵਾਸਤਵ ਵਿਚ ਚੀਨ ਨੂੰ ਘੇਰਾ ਪਾ ਕੇ ਰੱਖਣ ਲਈ ਵੀ ਸੀ। ਭਾਵੇਂ ਅਮਰੀਕਨ ਅਧਿਕਾਰੀਆਂ ਨੇ ਕਦੇ ਇਸਨੂੰ ਸਪੱਸ਼ਟ ਰੂਪ ਵਿਚ ਬਿਆਨ ਨਹੀਂ ਕੀਤਾ ਸੀ, ਪਰ ਇਹ ਗੱਲ ਉਸ ਸਮੇਂ ਵੀ ਗੁੱਝੀ ਨਹੀਂ ਸੀ ਕਿ ਅਮਰੀਕਾ ਵਲੋਂ ਭਾਰਤ ਨੂੰ ਇੱਕ ਮਹਾਂਸ਼ਕਤੀ ਬਣਾਉਣ ਦੀ ਚੇਸ਼ਟਾ ਇਸ ਕਾਰਨ ਵੀ ਸੀ ਕਿ ਅਮਰੀਕਾ ਚੀਨ ਨੂੰ ਇਕ ਫੌਜੀ ਦੁਸ਼ਮਣ ਮੰਨਦਾ ਸੀ ਅਤੇ ਹੁਣ ਵੀ ਮੰਨਦਾ ਹੈ। ਉਸ ਸਮੇਂ ਦਾ ਭਾਰਤ ਵਿਚਲਾ ਅਮਰੀਕੀ ਰਾਜਦੂਤ ਰਾਬਰਟ ਬਲੈਕ ਵੈੱਲ ਕਿਹਾ ਕਰਦਾ ਸੀ ਕਿ ''ਅਮਰੀਕਾ ਅਤੇ ਭਾਰਤ ਨੂੰ ਪਹਾੜੀ ਦੀ ਤੀਜੀ ਪਾਲ ਤੋਂ ਪਾਰਲੇ ਦੁਸ਼ਮਣ'' ਦਾ ਇਕੱਠੇ ਹੋ ਕੇ ਟਾਕਰਾ ਕਰਨਾ ਚਾਹੀਦਾ ਹੈ।

ਭਾਰਤ ਨਾਲ ਕੀਤੀ ਗਈ ਨਿਊਕਲਿਆਈ ਸੰਧੀ ਨੂੰ ਅਮਰੀਕਾ ਕਿਸ ਢੰਗ ਨਾਲ ਇਸ ਦੇਸ਼ ਉੱਤੇ ਦਬਾਅ ਬਣਾਈ ਰੱਖਣ ਲਈ ਵਰਤਦਾ ਹੈ, ਇਸ ਦੀ ਮਿਸਾਲ ਉਹ ਪਾਬੰਦੀਆਂ ਹਨ, ਜਿਹੜੀਆਂ ਹਥਿਆਰ ਸਪਲਾਈ ਕਰਨ ਦੇ ਮਾਮਲੇ ਵਿਚ ਲਾਗੂ ਕੀਤੀਆਂ ਗਈਆਂ ਹਨ। ਇਹ ਲੁਕੀਆਂ ਹੋਈਆਂ ਨਹੀਂ ਹਨ, ਪਰ ਭਾਰਤ ਸਰਕਾਰ ਨੇ ਇਨ੍ਹਾਂ ਬਾਰੇ ਪੂਰੀ ਹਕੀਕਤ ਪਾਰਲੀਮੈਂਟ ਸਾਹਮਣੇ ਨਹੀਂ ਰੱਖੀ, ਅਥਵਾ ਪਾਰਲੀਮੈਂਟ ਨੂੰ ਵਿਸ਼ਵਾਸ ਵਿਚ ਨਹੀਂ ਲਿਆ ਗਿਆ। ਮਿਸਾਲ ਵਜੋਂ ਹਥਿਆਰ ਸਪਲਾਈ ਕਰਨ ਦਾ ਇਕਰਾਰਨਾਮਾ ਜਿਸਨੂੰ 'ਯੂਮਾ' ਕਿਹਾ ਗਿਆ ਹੈ, ਭਾਵ 'ਐਂਡ ਯੂਜ਼ ਮਾਨੀਟਰਿੰਗ ਐਗਰੀਮੈਂਟ' ਭਾਰਤ ਉੱਤੇ ਪਾਬੰਦੀ ਆਇਦ ਕਰਦਾ ਹੈ। ਜਿਸਦੇ ਨਤੀਜੇ ਵਜੋਂ ਸਭ ਤੋਂ ਉੱਤਮ ਕਿਸਮ ਦੇ ਹਥਿਆਰ ਇਸ ਨੂੰ ਸਪਲਾਈ ਨਹੀਂ ਹੁੰਦੇ। ਇਹੋ ਜਿਹੇ ਹਥਿਆਰ ਅਮਰੀਕਾ ਪਾਕਿਸਤਾਨ ਨੂੰ ਵੀ ਦੇ ਰਿਹਾ ਹੈ। ਇਨ੍ਹਾਂ ਵਿਚ ਫੌਜੀ ਟਰਾਂਸਪੋਰਟ ਜਹਾਜ਼, ਲੜਾਕੇ ਜੈੱਟ ਅਤੇ ਨਿਗਰਾਨੀ ਕਰਨ ਵਾਲੇ ਹਵਾਈ ਜਹਾਜ਼ ਸ਼ਾਮਲ ਹਨ। ਇਵੇਂ ਹੀ ਜਦ ਕਿ ਭਾਰਤ ਨੂੰ ਪਿਛਲੀ ਸਦੀ ਦੇ ਸੱਤਰਵਿਆਂ ਦੇ ਐੱਫ-16 ਜਾਂ ਐਫ-18 ਹਵਾਈ ਜਹਾਜ਼ 1100 ਕਰੋੜ ਡਾਲਰ ਦੇ ਇਕਰਾਰਨਾਮੇ ਅਧੀਨ ਦਿੱਤੇ ਜਾ ਰਹੇ ਹਨ, ਜਾਪਾਨ ਐੱਫ 35 ਦੀ ਮੰਗ ਕਰ ਰਿਹਾ ਹੈ। ਇਨ੍ਹਾਂ ਦਰਾਮਦ ਕੀਤੇ ਜਾ ਰਹੇ ਹਥਿਆਰਾਂ ਵਿਚ ਭਾਰਤ ਕੋਈ ਛੋਟੀ-ਮੋਟੀ ਤਬਦੀਲੀ ਵੀ ਨਹੀਂ ਕਰ ਸਕਦਾ। ਨਾ ਹੀ ਇਨ੍ਹਾਂ ਦੀ ਸਰਵਿਸ, ਅਮਰੀਕਾ ਦੀ ਮਨਜ਼ੂਰੀ ਤੋਂ ਬਗੈਰ ਕਿਸੇ ਤੀਜੀ ਧਿਰ ਤੋਂ ਕਰਵਾ ਸਕਦਾ ਹੈ। 'ਸਪੇਅਰ ਪਾਰਟਸ' ਵੀ ਕੇਵਲ ਅਮਰੀਕਾ ਤੋਂ ਹੀ ਲਏ ਜਾ ਸਕਦੇ ਹਨ। ਇੰਸਪੈਕਸ਼ਨ ਵੀ ਕੇਵਲ ਅਮਰੀਕੀ ਮਾਹਰ ਹੀ ਕਰ ਸਕਦੇ ਹਨ।

ਇਸ ਗੱਲ ਬਾਰੇ ਵੀ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜਿੰਨਾ ਚਿਰ ਕਸ਼ਮੀਰ ਦੇ ਸਵਾਲ ਉੱਤੇ ਭਾਰਤ ਅਤੇ ਪਾਕਿਸਤਾਨ ਕਿਸੇ ਸਾਂਝੇ ਸਮਝੌਤੇ ਉੱਤੇ ਨਹੀਂ ਪੁੱਜਦੇ, ਦੋਹਾਂ ਦੇਸ਼ਾਂ ਵਿਚਕਾਰ ਖਿਚੋਤਾਣ ਬਣੀ ਰਹੇਗੀ। ਸਵਾਲ ਏਨਾ ਸੰਵੇਦਨਸ਼ੀਲ ਹੈ ਕਿ ਜੇਕਰ ਬਾਕੀ ਸਾਰੇ ਪੱਖਾਂ ਬਾਰੇ ਸਮਝੌਤਾ ਹੋ ਵੀ ਜਾਵੇ ਤਦ ਵੀ ਜੇ ਕਸ਼ਮੀਰ ਦਾ ਮਸਲਾ ਅਣਨਜਿਠਿਆ ਰਹਿ ਜਾਵੇ ਤਾਂ ਝਗੜਾ ਕਿਸੇ ਵੇਲੇ ਵੀ ਹੋ ਸਕਦਾ ਹੈ। ਇਹ ਗੱਲ ਤਾਂ ਬਿਲਕੁਲ ਅਣਹੋਣੀ ਪ੍ਰਤੀਤ ਹੁੰਦੀ ਹੈ ਕਿ ਦੋਹਾਂ ਵਿਚੋਂ ਇਕ ਧਿਰ ਸਮੁੱਚੇ ਕਸ਼ਮੀਰ ਨੂੰ ਆਪਣੇ ਦੇਸ਼ ਦਾ ਅੰਗ ਬਣਾਉਣ ਦੀ ਜ਼ਿਦ ਕਰੇ। ਏਸੇ ਕਰਕੇ ਜਦ ਕਦੇ ਪੁਰਅਮਨ ਹਾਲਾਤ, ਭਾਵੇਂ ਥੋੜ੍ਹੇ ਚਿਰ ਲਈ ਬਣੇ ਹਨ, ਉਹ ਕਸ਼ਮੀਰ ਦੀ ਦੋ ਹਿੱਸਿਆਂ ਵਿਚ ਵੰਡ ਨੂੰ ਵੀ ਪ੍ਰਵਾਨ ਕਰ ਕੇ ਹੀ ਬਣੇ ਹਨ। ਇਸ ਪੱਖੋਂ ਵੇਖਿਆਂ ਝਗੜੇ ਦੀ ਬੁਨਿਆਦ ਬਣੇ ਰਹਿਣ ਦੇ ਮੁਕਾਬਲੇ ਉੱਤੇ ਪ੍ਰਾਂਤ ਦੀ ਵੰਡ ਨੂੰ ਪੱਕੀ ਵੰਡ ਮੰਨ ਲੈਣਾ ਬਿਹਤਰ ਹੋਵੇਗਾ।

ਇਸ ਲਈ ਜਿੱਥੇ ਕਸ਼ਮੀਰ ਦੇ ਨਬੇੜੇ ਲਈ ਯਤਨ ਜਾਰੀ ਰਹਿਣੇ ਚਾਹੀਦੇ ਹਨ, ਉੱਥੇ ਦੂਜੇ ਪਾਸੇ ਦੋਹਾਂ ਦੇਸ਼ਾਂ ਦੇ ਆਪਸੀ ਰਿਸ਼ਤੇ ਖਾਸ ਤੌਰ 'ਤੇ ਸੱਭਿਆਚਾਰਕ ਖੇਤਰ ਵਿਚ ਲਗਾਤਾਰ ਬਿਹਤਰ ਕਰਨ ਦੀ ਦੁਵੱਲੀ ਚੇਸ਼ਟਾ ਹੋਣੀ ਚਾਹੀਦੀ ਹੈ। ਥੋੜ੍ਹਾ ਸਮਾਂ ਪਹਿਲਾਂ ਪ੍ਰਸਿੱਧ ਕਸਬੇ ਪ੍ਰੀਤ ਨਗਰ ਵਿਚ ਇਕ 'ਅਮਨ ਉਸਤਵ' ਮਨਾਇਆ ਗਿਆ। ਇਸ ਵਿਚ ਭਾਰਤ ਅਤੇ ਪਾਕਿਸਤਾਨ ਦੀਆਂ ਕੁਝ ਮੋਹਰੀ ਸ਼ਖਸੀਅਤਾਂ ਨੇ ਹਿੱਸਾ ਲਿਆ। ਤਿੰਨ ਦਿਨਾਂ ਦੇ ਇਸ ਪ੍ਰੋਗਰਾਮ ਵਿਚ ਦਸਤਾਵੇਜ਼ੀ ਫ਼ਿਲਮਾਂ ਅਤੇ ਨਾਟਕ ਪੇਸ਼ ਕੀਤੇ ਗਏ, ਜਿਨ੍ਹਾਂ ਦੀ ਸਾਂਝੀ ਥੀਮ 'ਅਮਨ ਅਤੇ ਭਾਈਚਾਰਾ' ਸੀ। ਇਸ ਤਰ੍ਹਾਂ ਦੇ ਪ੍ਰੋਗਰਾਮਾਂ ਦਾ ਕੀਤੇ ਜਾਣਾ ਦੋਹਾਂ ਦੇਸ਼ਾਂ ਵਿਚਕਾਰ ਸਦਭਾਵਨਾ ਦੀ ਜੋਤ ਜਗਾਈ ਰੱਖੇਗਾ।






# ਪੰਜਾਬ ਦਾ ਜੱਟ ਬਣਿਆ ਯੂਬਾ ਸਿਟੀ ਦਾ ਮੇਅਰ



**ਯੂਬਾ ਸਿਟੀ:** ਪੰਜਾਬੀਆਂ ਦੇ ਇਸ ਪਿੰਡ ਦਾ ਮੇਅਰ ਇਕ ਪੰਜਾਬੀ ਜੱਟ ਕਸ਼ਮੀਰ ਸਿੰਘ ਗਿੱਲ ਚੁਣਿਆ ਗਿਆ ਹੈ। ਪਿਛਲੇ ਹਫਤੇ ਸਿਟੀ ਕੌਂਸਲ ਦੀ ਮੀਟਿੰਗ ਵਿਚ ਕਸ਼ਮੀਰ ਸਿੰਘ, ਜਿਸ ਨੂੰ ਅਮਰੀਕੀ ਭਾਈਚਾਰਾ ਆਮ ਕਰਕੇ ਕੈਸ਼ ਗਿੱਲ ਕਰਕੇ ਜਾਣਦਾ ਹੈ, ਦਾ ਨਾਂ ਕੌਂਸਲਮੈਨ ਜੌਹਨ ਮਿਲਰ ਨੇ ਤਜਵੀਜ਼ ਕੀਤਾ ਜਦੋਂ ਕਿ ਇਸ ਦੀ ਤਾਈਦ ਕੌਂਸਲਮੈਨ ਤੇਜ ਮਾਨ ਨੇ ਕੀਤੀ। ਕੈਸ਼ ਗਿੱਲ ਪਿਛਲੇ ਸਾਲ ਯੂਬਾ ਸਿਟੀ ਦਾ ਵਾਈਸ ਮੇਅਰ ਸੀ।

ਕਸ਼ਮੀਰ ਪੰਜਾਬ ਦੇ ਹੁਸ਼ਿਆਰਪੁਰ ਜ਼ਿਲੇ ਦੇ ਪਿੰਡ ਰਕਸ਼ੀਂਹ ਦਾ ਜੰਮਪਲ ਹੈ ਅਤੇ ਉਸਦੇ ਮਾਪੇ ਇਸ ਸ਼ਹਿਰ ਵਿਚ ਖੇਤ ਮਜ਼ਦੂਰਾਂ ਵਜੋਂ ਆਏ ਸਨ। ਉਹ ਤਿੰਨ ਸਾਲ ਦਾ ਸੀ ਜਦੋਂ ਉਸਦੇ ਮਾਪੇ ਅਮਰੀਕਾ ਵਿਚ ਆਏ। ਕਸ਼ਮੀਰ ਸਿੰਘ ਗਿੱਲ ਯੂਬਾ ਸਿਟੀ ਦੇ ਨਾਮੀ ਸਿੱਖ ਆਗੂ ਸ. ਦੀਦਾਰ ਸਿੰਘ ਬੈਂਸ ਦਾ ਭਾਣਜਾ ਹੈ। ਉਸ ਦੇ ਪਿਤਾ ਸ. ਜਗਤਾਰ ਸਿੰਘ ਗਿੱਲ ਦਾ ਕਹਿਣਾ ਹੈ ਕਿ ਉਸ ਨੇ ਜ਼ਿੰਦਗੀ 'ਚ ਕਦੇ ਸੋਚਿਆ ਵੀ ਨਹੀਂ ਸੀ ਕਿ ਉਹ ਕਦੇ ਅਜਿਹੀ ਖੁਸ਼ੀ ਦਾ ਹਿੱਸੇਦਾਰ ਬਣੇਗਾ। ਕਸ਼ਮੀਰ ਸਿੰਘ ਗਿੱਲ ਨੇ ਆਪਣੇ ਚੁਣੇ ਜਾਣ ਉਤੇ ਟਿੱਪਣੀ ਕਰਦਿਆਂ ਕਿਹਾ ਕਿ ਵੋਟਰਾਂ ਦੀ ਮਿਹਰਬਾਨੀ ਹੈ ਜਿਨ੍ਹਾਂ ਨੇ ਮੈਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ। ਗਿੱਲ ਦਾ ਕਹਿਣਾ ਹੈ ਕਿ ਇਸ ਅਹੁਦੇ ਨਾਲ ਉਹ ਇਨਸਾਫ ਕਰਨ ਲਈ ਸਿਰਤੋੜ ਯਤਨ ਕਰੇਗਾ।

ਇਥੇ ਜ਼ਿਕਰਯੋਗ ਹੈ ਕਿ ਪਹਿਲੇ ਪੰਜਾਬੀ ਕੋਈ ਸੌ ਸਾਲ ਪਹਿਲਾਂ ਯੂਬਾ ਸਿਟੀ ਆ ਵੱਸੇ ਸਨ। ਪੰਜਾਬੀਆਂ ਲਈ ਕਸ਼ਮੀਰ ਗਿੱਲ ਦਾ ਮੇਅਰ ਬਣਨਾ ਇਕ ਮਾਣ ਵਾਲੀ ਗੱਲ ਹੈ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਅਮਰੀਕਾ ਵਿਚ ਸੁਪਨੇ ਸੱਚਮੁੱਚ ਸੱਚ ਹੋ ਜਾਂਦੇ ਹਨ।

ਕਸ਼ਮੀਰ ਗਿੱਲ ਦੀ ਇਸ ਪ੍ਰਾਪਤੀ ਉਤੇ ਯੂਬਾ ਸਿਟੀ ਹੀ ਨਹੀਂ ਸਗੋਂ ਪੂਰੀ ਉੱਤਰੀ ਅਮਰੀਕਾ ਦਾ ਭਾਈਚਾਰਾ ਖੁਸ਼ੀ ਨਾਲ ਬਾਗੋ ਬਾਗ ਹੈ। ਉਸਦੀ ਪ੍ਰਾਪਤੀ ਉਤੇ ਟਿੱਪਣੀ ਕਰਦਿਆਂ ਪੰਜਾਬੀ ਅਮੈਰਕਨ ਕਲਚਰਲ ਐਸੋਸੀਏਸ਼ਨ ਦੇ ਮੈਂਬਰ ਗੁਰਪ੍ਰੀਤ ਧੁੱਗਾ ਨੇ ਕਿਹਾ, 'ਪੂਰੇ ਭਾਈਚਾਰੇ ਨੂੰ ਕਸ਼ਮੀਰ ਸਿੰਘ ਗਿੱਲ ਉਤੇ ਮਾਣ ਹੈ।'

# 1984 ਦੇ ਸਿੱਖ ਕਤਲੇਆਮ ਸਬੰਧੀ ਵਫਦ ਯੂ. ਐਸ. ਅਧਿਕਾਰੀਆਂ ਨੂੰ ਮਿਲਿਆ

**ਵਾਸ਼ਿੰਗਟਨ ਡੀ.ਸੀ.:** ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਦਾ ਇਕ ਵਫਦ ਯੂ.ਐਸ. ਸੈਨੇਟਰਾਂ, ਡਿਪਾਰਟਮੈਂਟ ਆਫ ਸਟੇਟ ਅਤੇ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਜਾਣੂ ਕਰਵਾਇਆ ਕਿ ਨਵੰਬਰ 1984 ਵਿਚ ਸਿੱਖਾਂ ਦੀ ਨਸਲਕੁਸ਼ੀ ਦੇ ਪੀੜਤਾਂ ਨੂੰ 25 ਸਾਲ ਬੀਤ ਜਾਣ ਉਪਰੰਤ ਵੀ ਲਗਾਤਾਰ ਹਿੰਦੋਸਤਾਨ ਸਰਕਾਰ ਵਲੋਂ ਇਨਸਾਫ ਤੋਂ ਵਾਂਝਿਆਂ ਰੱਖਿਆ ਜਾ ਰਿਹਾ ਹੈ।

ਇੱਕ ਪ੍ਰਸਿੱਧ ਪੱਤਰਕਾਰ ਰਾਹੁਲ ਬੇਦੀ, ਜਿਸ ਨੇ ਨਵੰਬਰ 1984 ਦੌਰਾਨ ਦਿੱਲੀ ਦੀਆਂ ਗਲੀਆਂ ਵਿਚ ਸਿੱਖਾਂ ਦੇ ਕਤਲਾਂ ਨੂੰ ਅੱਖੀਂ ਵੇਖਿਆ, ਵਫਦ ਵਿਚ ਸ਼ਾਮਿਲ ਹੋਏ ਅਤੇ ਯੂ.ਐੱਸ. ਅਧਿਕਾਰੀਆ ਨੂੰ ਆਪਣੇ ਅੱਖੀਂ ਵੇਖੀ ਗਵਾਹੀ ਦੇ ਕੇ ਸਿੱਖਾਂ ਦੇ ਕਤਲੇਆਮ ਬਾਬਤ ਦੱਸਿਆ। ਸ੍ਰੀ ਬੇਦੀ ਅਨੁਸਾਰ, "ਪੁਲਿਸ, ਪ੍ਰਸ਼ਾਸ਼ਨ ਅਤੇ ਸਿਆਸੀ ਨੇਤਾਵਾਂ ਨੇ ਰਲ ਕੇ ਸਿੱਖਾਂ ਦਾ ਨਵੰਬਰ 1984 ਵਿਚ ਕਤਲੇਆਮ ਕਰਵਾਇਆ ਅਤੇ ਇਸ ਸਬੰਧੀ ਸਾਰੀ ਜਾਣਕਾਰੀ ਨੂੰ ਦਬਾ ਦਿੱਤਾ ਗਿਆ।"

ਸ੍ਰੀ ਰਾਹੁਲ ਬੇਦੀ ਨੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਕਿਹਾ ਕਿ ਨਵੰਬਰ 1984 ਵਿਚ ਸਿੱਖਾਂ ਦਾ ਕੀਤਾ ਗਿਆ ਕਤਲੇਆਮ 'ਦੰਗੇ ਨਹੀ' ਸਨ ਜਿਵੇਂ ਕਿ ਆਮ ਤੌਰ ਤੇ 25 ਸਾਲਾਂ ਤੋਂ ਪ੍ਰਚਾਰਿਆ ਗਿਆ ਹੈ। ਉਨ੍ਹਾਂ ਕਿਹਾ ਇੱਕ ਅਣਵਿਵਾਦਿਤ ਚਸਮਦੀਦ ਗਵਾਹੀ ਇਹ ਦਰਸਾਉਂਦੀ ਹੈ ਕਿ ਕਤਲੇਆਮ "ਯੋਜਨਾਬੱਧ ਤਰੀਕੇ ਅਤੇ ਨਿਸ਼ਾਨਦੇਹੀ" ਅਨੁਸਾਰ ਕੀਤਾ ਗਿਆ।

ਭਾਰਤੀ ਸੁਪਰੀਮ ਕੋਰਟ ਦੀ ਵਕੀਲ ਬੀਬੀ ਕਾਮਨਾ ਵੋਹਰਾ, ਜਿਨ੍ਹਾਂ ਨੇ ਨਾਨਾਵਤੀ ਕਮਿਸ਼ਨ ਦੇ ਸਟਾਫ ਵਿਚ ਅਟਾਰਨੀ ਦੇ ਤੌਰ 'ਤੇ ਕੰਮ ਕੀਤਾ ਸੀ, ਨੇ ਦੱਸਿਆ ਕਿ "ਕਮਿਸ਼ਨ ਨੂੰ ਗਵਾਹਾਂ ਦੀ ਜਾਂਚ ਤੋਂ ਪਤਾ ਲੱਗਾ ਕਿ ਪੁਲਿਸ ਅਫਸਰਾਂ ਨੂੰ ਉਪਰੋਂ ਹੁਕਮ ਆਏ ਸਨ ਕਿ ਸਿੱਖਾਂ ਦਾ ਕਤਲੇਆਮ ਹੋਣ ਦਿਤਾ ਜਾਵੇ।" ਮਿਸ ਵੋਹਰਾ ਨੇ ਹੋਰ ਦੱਸਿਆ ਕਿ ਸਬੂਤਾਂ ਦੀ ਜਾਂਚ ਕਰਨ ਤੋਂ ਤੈਅ ਹੋਇਆ ਕਿ ਨਵੰਬਰ 1984 ਵਿਚ ਸਿੱਖਾਂ ਦਾ ਕਤਲੇਆਮ ਯੋਜਨਾਬੱਧ ਤਰੀਕੇ ਅਤੇ ਨਿਸ਼ਾਨਦੇਹੀ ਦੇ ਆਧਾਰ 'ਤੇ ਸਿਆਸੀ ਨੇਤਾਵਾਂ ਦੇ ਇਸ਼ਾਰੇ ਉਤੇ ਹੋਇਆ। ਕਮਿਸ਼ਨ ਨੇ ਸਿੱਖ ਕਤਲੇਆਮ ਵਿਚ ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਐਚ.ਕੇ.ਐਲ. ਭਗਤ ਅਤੇ ਧਰਮਦਾਸ ਸ਼ਾਸ਼ਤਰੀ ਅਤੇ ਹੋਰਨਾਂ ਦੇ ਕਿਰਦਾਰ ਦੀ ਤਹਿਕੀਕਾਤ ਕਰਨ ਦੀ ਸਿਫਾਰਸ਼ ਕੀਤੀ।

ਵਫਦ ਵਿਚ ਸ਼ਾਮਲ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਹੁਣੇ ਜਿਹੇ ਲਭੇ ਪ੍ਰਮਾਣਿਕ ਸਬੂਤ ਪੇਸ਼ ਕੀਤੇ ਜੋ ਦਰਸਾਉਂਦੇ ਹਨ ਕਿ ਹਿੰਦੋਸਤਾਨ ਦੇ 12 ਸੂਬਿਆਂ ਵਿਚ ਸਿੱਖਾਂ ਦਾ ਕਤਲੇਆਮ ਹੋਇਆ ਅਤੇ ਅੱਜ ਤੱਕ ਕਿਸੇ ਵੀ ਦੋਸ਼ੀ 'ਤੇ ਮੁਕੱਦਮਾ ਚਲਾਉਣ ਦਾ ਕੋਈ ਸਬੂਤ ਨਹੀਂ।

ਅਟਾਰਨੀ ਪੰਨੂੰ ਜਿਨ੍ਹਾਂ ਨੇ ਪਹਿਲਾਂ ਮੁਹਿੰਮ ਚਲਾ ਕੇ ਨਵੰਬਰ 1984 ਦੇ ਚਸਮਦੀਦ ਗਵਾਹਾਂ ਜਸਬੀਰ ਸਿੰਘ ਅਤੇ ਮਰਹੂਮ ਸੁਰਿੰਦਰ ਸਿੰਘ ਦੀਆਂ ਗਵਾਹੀਆਂ ਸੀ.ਬੀ.ਆਈ. ਕੋਲ ਗਵਾਹਾਂ ਦੀ ਜਾਨ ਨੂੰ ਖਤਰੇ ਦੇ ਕਾਰਨ ਯੂ.ਐਸ. ਵਿਚ ਰਿਕਾਰਡ ਕਰਵਾਈਆਂ ਸਨ, ਨੇ ਯੂ.ਐਸ. ਅਧਿਕਾਰੀਆਂ ਨੂੰ ਦੱਸਿਆ ਕਿ ਸੀਬੀਆਈ ਨੇ ਕਿਵੇਂ ਚਸਮਦੀਦ ਗਵਾਹਾਂ ਦੀ ਰੱਖਿਆ ਕਰਨ ਦੀ ਪੁਸ਼ਟੀ ਅਦਾਲਤ ਵਿਚ ਕੀਤੀ ਜਦੋਂ ਕਿ ਗਿਆਨੀ ਸੁਰਿੰਦਰ ਸਿੰਘ ਫਰਵਰੀ 2009 ਵਿਚ ਹਿੰਦੋਸਤਾਨ ਗਿਆ ਅਤੇ ਜੁਲਾਈ ਵਿਚ ਉਸਦਾ ਕਤਲ ਕਰ ਦਿੱਤਾ ਗਿਆ।

ਸਿੱਖਸ ਫਾਰ ਜਸਟਿਸ ਦੇ ਕੋਆਰਡੀਨੇਟਰ ਅਵਤਾਰ ਸਿੰਘ ਪੰਨੂੰ ਨੇ ਕਿਹਾ ਕਿ ਨਵੰਬਰ 1984 ਵਿਚ ਕੀਤੀ ਗਈ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਤੋਂ ਵਾਂਝਿਆ ਰੱਖਣ ਕਾਰਨ ਅਮੈਰੀਕਨ ਸਿੱਖ ਭਾਈਚਾਰੇ ਅੰਦਰ ਨਿਰਾਸ਼ਤਾ ਵਧ ਰਹੀ ਹੈ।

ਚਸਮਦੀਦ ਗਵਾਹ ਜਸਬੀਰ ਸਿੰਘ ਨੇ ਇਸ ਭਿਆਨਕ ਕਤਲੇਆਮ ਬਾਬਤ ਵਿਸਥਾਰ ਨਾਲ ਦੱਸਿਆ ਕਿ ਉਸ ਨੇ ਜਗਦੀਸ਼ ਟਾਈਟਲਰ ਨੂੰ ਸਿੱਖਾਂ ਕਤਲੇਆਮ ਦੇ ਦੋਸ਼ੀਆਂ ਦੀ ਅਗਵਾਈ ਕਰਦੇ ਹੋਏ ਅਖੀਂ ਵੇਖਿਆ।

ਡਿਪਾਰਟਮੈਂਟ ਆਫ ਸਟੇਟ, ਕਮਿਸ਼ਨ ਅਤੇ ਸੈਨੇਟਰਾਂ ਨੇ ਸਿੱਖਸ ਫਾਰ ਜਸਟਿਸ ਅਤੇ ਵਫਦ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਅਤੇ ਇੱਕ ਜਾਨਦਾਰ ਸੂਚਨਾ ਮੁਹੱਈਆ ਕਰਾਉਣ ਲਈ ਸ਼ਲਾਘਾ ਕੀਤੀ।



# ਦਮਦਮੀ ਟਕਸਾਲ ਦਾ ਵਫਦ ਅਕਾਲ ਤਖਤ ਦੇ ਜਥੇਦਾਰ ਨੂੰ ਮਿਲਿਆ



**ਮਨਟੀਕਾ, ਕੈਲੀਫੋਰਨੀਆ:** ਦਮਦਮੀ ਟਕਸਾਲ ਦੇ ਸਿੰਘਾਂ ਨੇ ਹਾਲ ਹੀ ਵਿਚ ਅਮਰੀਕਾ ਦੌਰੇ 'ਤੇ ਆਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਵਲੋਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸ਼ਾਨ ਵਿਰੁਧ ਕਥਿਤ ਤੌਰ 'ਤੇ ਅਪਸ਼ਬਦ ਬੋਲੇ ਜਾਣ ਦਾ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ।

ਸਿੰਘ ਸਾਹਿਬ ਨੂੰ ਮਿਲੇ ਦਮਦਮੀ ਟਕਸਾਲ ਦੇ ਵਫਦ ਵਿਚ ਹੋਰਨਾਂ ਤੋਂ ਇਲਾਵਾ ਬਾਬਾ ਜੋਗਿੰਦਰ ਸਿੰਘ, ਭਾਈ ਗੁਰਦਿਆਲ ਸਿੰਘ, ਭਾਈ ਜਸਵੰਤ ਸਿੰਘ ਢੱਕੀ, ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਰਵਿੰਦਰ ਸਿੰਘ ਰਿੰਪੀ ਅਤੇ ਭਾਈ ਰਣਜੀਤ ਸਿੰਘ ਸ਼ਾਮਲ ਸਨ। ਇਸ ਵਫਦ ਨੇ ਸਿੰਘ ਸਾਹਿਬ ਨੂੰ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਵਲੋਂ ਕੀਤੀਆਂ ਗਈਆਂ ਟਿਪਣੀਆਂ ਦੀ ਰਿਕਾਰਡਿੰਗ ਯੂ ਟਿਊਬ ਉਤੇ ਕਦੀ ਵੀ ਦੇਖੀ ਜਾ ਸਕਦੀ ਹੈ।

# ਗੁਰਦੁਆਰਾ ਰਵਿਦਾਸ ਟੈਂਪਲ 'ਚ ਗੁਰੂ ਨਾਨਕ ਗੁਰਪੁਰਬ ਮਨਾਇਆ

**ਪਿਟਸਬਰਗ, ਕੈਲੀਫੋਰਨੀਆ:** ਕੈਲੀਫੋਰਨੀਆ ਸਟੇਟ ਵਿਚ ਸਭ ਤੋਂ ਪੁਰਾਣੇ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਪੰਥ ਪ੍ਰਸਿਧ ਕੀਰਤਨੀਆਂ ਭਾਈ ਬਲਦੇਵ ਸਿੰਘ, ਭਾਈ ਨਿਰਮਲ ਸਿੰਘ ਅਤੇ ਭਾਈ ਮਨਜੀਤ ਸਿੰਘ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬਾਅਦ ਵਿਚ ਹਰਜਿੰਦਰ ਸਿੰਘ ਰਸੀਆ ਨੇ ਸੁਰਤਾਲ ਵਿਚ ਬਾਣੀ ਦੇ ਕੁਝ ਸ਼ਬਦ ਪੜ੍ਹੇ।

ਇਸ ਮੌਕੇ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਨੇ ਗੁਰੂ ਇਤਿਹਾਸ ਅਤੇ ਸਿੱਖ ਇਤਿਹਾਸ ਵਿਚੋਂ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ। ਉਪਰੰਤ ਗਿਆਨੀ ਹਰਬਿਲਾਸ ਸਿੰਘ, ਗਿਆਨੀ ਜੋਗਿੰਦਰ ਸਿੰਘ ਦਿੱਲੀ ਵਾਲਿਆਂ, ਬੀਬੀ ਸਤਨਾਮ ਕੌਰ, ਬੀਬੀ ਕਮਲਜੀਤ ਕੌਰ ਭਾਟੀਆ, ਜੀਨਾ ਭਾਟੀਆ, ਸਰੇਲੀ ਸਿੰਘ ਅਤੇ ਗਿਆਨ ਸਿੰਘ ਆਹਲੂਵਾਲੀਆ ਨੇ ਸ਼ਬਦ ਕੀਰਤਨ ਕੀਤਾ। ਭਾਈ ਬੁੱਧੂ ਰਾਮ ਅਤੇ ਭਾਈ ਗੁਰਨਾਮ ਸਿੰਘ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ।




M.K. Nijjar DDS
Ruchi Nijjar DDS

Laser Dentistry
No shots, No Drill,
No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

## ਸਿੱਖ ਯੂਥ ਗਰੁਪ ਦੀ ਜਿੱਤ ਉਤੇ ਖੁਸ਼ੀ ਦਾ ਪ੍ਰਗਟਾਵਾ

**ਸਟਾਕਟਨ (ਸ਼ਾਦ):** ਕੈਨੇਡਾ ਵਿਚ ਸਕਾਟ ਰੋਡ, ਸਰੀ 'ਗੁਰੂ ਨਾਨਕ ਸਿੱਖ ਟੈਂਪਲ' ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਸਿੱਖ ਯੂਥ ਗਰੁਪ ਦੀ ਇਤਿਹਾਸਕ ਜਿੱਤ ਉਤੇ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਨਵੇਂ ਪ੍ਰਬੰਧਕਾਂ ਨੂੰ ਵਧਾਈ ਦਾ ਸੁਨੇਹਾ ਭੇਜਿਆ ਹੈ। ਇਸ ਸੁਨੇਹੇ ਵਿਚ ਆਖਿਆ ਗਿਆ ਹੈ ਕਿ ਜਿਸ ਭਾਵਨਾ ਨਾਲ ਸੰਗਤਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਮਹਾਨ ਜਿੱਤ ਬਖ਼ਸ਼ੀ ਹੈ। ਆਸ ਕਰਦੇ ਹਾਂ ਨੌਜਵਾਨਾਂ ਦੀ ਇਹ ਕਮੇਟੀ ਸੰਗਤਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਸਿੱਖੀ ਅਸੂਲਾਂ 'ਤੇ ਪਹਿਰਾ ਦਿੰਦਿਆਂ ਖਾਲਸਾਈ ਸ਼ਾਨੋ-ਸ਼ੌਕਤ ਦਾ ਪਰਚਮ ਹੋਰ ਬੁਲੰਦ ਕਰੇਗੀ।

ਸ. ਦਰਸ਼ਨ ਸਿੰਘ ਸਿੱਧੂ, ਹਰਮਿੰਦਰ ਸਿੰਘ, ਪ੍ਰੀਤਮ ਸਿੰਘ ਜੋਗਾਨੰਗਲ, ਤਰਸੇਮ ਸਿੰਘ, ਗੁਰਨਾਮ ਸਿੰਘ ਟਿੱਕਾ, ਬਲਜੀਤ ਸਿੰਘ ਅਤੇ ਗੁਰਦੀਪ ਸਿੰਘ ਵਲੋਂ ਜਾਰੀ ਇਸ ਬਿਆਨ ਵਿਚ ਆਖਿਆ ਗਿਆ ਹੈ ਕਿ ਸਾਡੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਅਮਰੀਕਾ, ਕੈਨੇਡਾ ਦੇ ਸਾਰੇ ਗੁਰੂ ਘਰਾਂ ਵਿਚ ਕੌਮੀ ਰੰਗ ਵਿਚ ਰੰਗੇ ਸੂਝਵਾਨ ਤੇ ਪੰਥਕ ਚੜ੍ਹਦੀ ਕਲਾ ਵਾਲੇ ਸਿੰਘ ਹੀ ਸੇਵਾ ਲਈ ਅੱਗੇ ਆਉਣ। ਉਨ੍ਹਾਂ ਆਸ ਪ੍ਰਗਟਾਈ ਕਿ ਇਨ੍ਹਾਂ ਨੌਜਵਾਨਾਂ ਦੀ ਇਹ ਜਿੱਤ ਅਮਰੀਕਾ, ਕੈਨੇਡਾ ਵਿਚ ਇਕ ਲਹਿਰ ਬਣ ਕੇ ਉਭਰੇਗੀ।

## ਏਅਰ ਕੈਨੇਡਾ ਦੀ ਵੈਨਕੂਵਰ ਅੰਮ੍ਰਿਤਸਰ ਉਡਾਣ ਸ਼ੁਰੂ ਕਰਨ ਦੀ ਮੰਗ

**ਅੰਮ੍ਰਿਤਸਰ:** ਅੰਮ੍ਰਿਤਸਰ ਵਿਕਾਸ ਮੰਚ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੀ ਅੰਮ੍ਰਿਤਸਰ ਫੇਰੀ ਦਾ ਸੁਆਗਤ ਕਰਦੇ ਹੋਏ ਏਅਰ ਕੈਨੇਡਾ ਵਲੋਂ ਵੈਨਕੂਵਰ-ਅੰਮ੍ਰਿਤਸਰ ਉਡਾਣਾਂ ਸ਼ੁਰੂ ਕੀਤੇ ਜਾਣ ਦੀ ਮੰਗ ਕੀਤੀ ਹੈ।

ਸ੍ਰੀ ਹਾਰਪਰ ਨੂੰ ਇੱਕ ਪੱਤਰ ਵਿਚ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਹੈ ਕਿ ਵੈਨਕੂਵਰ ਵਿਚ ਚਾਰ ਲੱਖ ਦੇ ਕਰੀਬ ਪੰਜਾਬੀ ਭਾਰਤੀ ਰਹਿੰਦੇ ਹਨ। ਅਮਰੀਕਾ ਵਿਚ ਦੋ ਲੱਖ ਦੇ ਕਰੀਬ ਪੰਜਾਬੀ ਭਾਰਤੀ ਸਾਨ ਫਰਾਂਸਿਸਕੋ ਅਤੇ ਇੱਕ ਲੱਖ ਦੇ ਕਰੀਬ ਲਾਸ ਏਂਜਲਸ ਦੇ ਇਲਾਕੇ ਵਿਚ ਰਹਿੰਦੇ ਹਨ। ਪਰ ਇਸ ਸਮੇਂ ਵੈਨਕੂਵਰ ਤੋਂ ਅੰਮ੍ਰਿਤਸਰ ਲਈ ਕੋਈ ਉਡਾਣ ਨਹੀਂ ਹੈ। ਇਸ ਉਡਾਣ ਦੇ ਸ਼ੁਰੂ ਹੋਣ ਨਾਲ ਪੰਜਾਬੀਆਂ ਨੂੰ ਗੁਰੂ ਦੀ ਨਗਰੀ ਦੇ ਦਰਸ਼ਨ ਕਰਨ ਅਤੇ ਆਪਣੇ ਵਤਨ ਨੂੰ ਆਉਣ-ਜਾਣ ਵਿਚ ਆਸਾਨੀ ਹੋ ਜਾਵੇਗੀ।

## ਸ਼ਿਵ ਸੈਨਾ ਨੇ 'ਕੁਰਬਾਨ' ਦੇ ਪੋਸਟਰ ਨੂੰ ਪਾਈ ਸਾੜੀ

**ਮੁੰਬਈ:** ਕਰਨ ਜੌਹਰ ਦੀ ਨਵੀਂ ਫਿਲਮ 'ਕੁਰਬਾਨ' ਤੇ ਅਸ਼ਲੀਲ ਹੋਣ ਦੇ ਦੋਸ਼ ਲਗਾਏ ਜਾ ਰਹੇ ਹਨ। ਸ਼ਿਵਸੇਨਾ ਵਰਕਰ ਸ਼ੁਕਰਵਾਰ ਨੂੰ ਰਿਲੀਜ਼ ਹੋਈ ਸੈਫ ਅਲੀ ਖਾਨ ਤੇ ਕਰੀਨਾ ਕਪੂਰ ਦੀ ਇਸ ਫਿਲਮ ਦੇ ਪੋਸਟਰਾਂ ਤੇ ਸਾੜੀ ਪਾਉਂਦੇ ਨਜ਼ਰ ਆਏ। ਸ਼ਿਵਸੇਨਾ ਨੇਤਾ ਜਿਤੇਂਦਰ ਜਨਾਵਲੇ ਨੇ ਕਿਹਾ ਕਿ ਸੰਭਵ ਹੋਇਆ ਤਾਂ ਉਹ ਕਰੀਨਾ ਕਪੂਰ ਨੂੰ ਸਾੜੀ ਭੇਂਟ ਕਰਨਗੇ ਤਾਂ ਕਿ ਉਹ ਫਿਲਮਾਂ ਵਿਚ ਅਸ਼ਲੀਲ ਸੀਨ ਨਾ ਦੇਵੇ।

# ਫੈਨੀ ਮੇਅ ਵਲੋਂ ਡੀਡ ਫਾਰ ਲੀਜ਼ ਦਾ ਐਲਾਨ

**ਜੱਸੀ ਗਿੱਲ**

ਫੈਨੀ ਮੇਅ ਲੀਜ਼ ਇਕਰਾਰਨਾਮਾ ਲਾਗੂ ਕਰ ਰਹੀ ਹੈ ਜਿਸ ਦੇ ਤਹਿਤ ਫੋਰਕਲੋਜ਼ਰ ਦਾ ਸਾਹਮਣਾ ਕਰ ਰਹੇ ਯੋਗ ਮਕਾਨ ਮਾਲਕ ਲੀਜ਼ ਇਕਰਾਰਨਾਮਾ ਕਰਕੇ ਆਪਣੇ ਘਰ ਵਿਚ ਰਹਿ ਸਕਦੇ ਹਨ। ਇਹ ਇਕਰਾਰਨਾਮਾ ਲੈਂਡਰ ਨੂੰ ਸਵੈ-ਇੱਛਾ ਨਾਲ ਜਾਇਦਾਦ ਦਾ ਵਾਪਸ ਤਬਾਦਲਾ ਕਰਨ ਮੁਤੱਲਕ ਹੋਵੇਗਾ।



ਜੱਸੀ ਗਿੱਲ

ਲੀਜ਼ ਇਕਰਾਰਨਾਮਾ ਪ੍ਰੋਗਰਾਮ ਫੋਰਕਲੋਜ਼ਰ ਦਾ ਸਾਹਮਣਾ ਕਰ ਰਹੇ ਉਨ੍ਹਾਂ ਯੋਗ ਮਕਾਨ ਮਾਲਕਾਂ ਲਈ ਇਕ ਹੋਰ ਰਾਹ ਖੋਲ੍ਹਦਾ ਹੈ ਜੋ ਕਿ ਲੋਨ ਮੋਡੀਫਿਕੇਸ਼ਨ ਦੇ ਯੋਗ ਨਹੀਂ ਹਨ। ਇਹ ਜਾਣਕਾਰੀ ਦਿੰਦਿਆਂ ਫੈਨੀ ਮੇਅ ਦੇ ਵਾਈਸ ਪ੍ਰੈਜ਼ੀਡੈਂਟ ਜੇ. ਰਾਇਨ ਨੇ ਦੱਸਿਆ ਕਿ ਇਸ ਨਵੇਂ ਪ੍ਰੋਗਰਾਮ ਨਾਲ ਫੋਰਕਲੋਜ਼ਰ ਕਾਰਨ ਪੈਦਾ ਹੋਈ ਕੁਝ ਅਨਿਸ਼ਚਿਤਤਾ ਦੂਰ ਕੀਤੀ ਜਾ ਸਕਦੀ ਹੈ। ਪਰਿਵਾਰ ਉਨਾਂ ਚਿਰ ਤੱਕ ਆਪਣੇ ਮਕਾਨ ਵਿਚ ਕਿਰਾਏਦਾਰ ਵਜੋਂ ਰਹਿ ਸਕਦੇ ਹਨ ਜਿੰਨਾ ਚਿਰ ਤੱਕ ਉਹ ਹੋਰ ਕੋਈ ਬੰਦੋਬਸਤ ਨਹੀਂ ਕਰ ਲੈਂਦੇ। ਇਸ ਤਰ੍ਹਾਂ ਨਾਲ ਮੁਹੱਲਿਆਂ ਅਤੇ ਬਸਤੀਆਂ ਵਿਚ ਸਥਿਰਤਾ ਬਣਦੀ ਹੈ। ਨਵਾਂ ਪ੍ਰੋਗਰਾਮ ਉਨ੍ਹਾਂ ਕਰਜ਼ਦਾਰਾਂ ਲਈ ਡਿਜ਼ਾਈਨ ਕੀਤਾ ਗਿਆ ਹੈ ਜੋ ਕਿਸੇ ਹੋਰ ਪ੍ਰੋਗਰਾਮ ਦੇ ਯੋਗ ਨਹੀਂ ਹਨ ਜਾਂ ਕਰਜ਼ੇ ਦੇ ਬੋਝ ਨੂੰ ਘੱਟ ਕਰਨ ਲਈ ਕੱਢੇ ਗਏ ਮੋਡੀਫਿਕੇਸ਼ਨ ਜਿਹੇ ਹੱਲ ਦਾ ਵੀ ਲਾਭ ਨਹੀਂ ਉਠਾ ਸਕੇ। ਲੀਜ਼ ਇਕਰਾਰਨਾਮਾ ਪ੍ਰੋਗਰਾਮ ਅਧੀਨ ਕਰਜ਼ਦਾਰ ਫੋਰਕਲੋਜ਼ਰ ਦੀ ਥਾਂ ਇਕ ਇਕਰਾਰਨਾਮਾ ਸਹੀਬੰਦ ਕਰਕੇ ਆਪਣੀ ਜਾਇਦਾਦ ਲੈਂਡਰ ਦੇ ਨਾਂ ਕਰ ਦਿੰਦੇ ਹਨ ਅਤੇ ਫਿਰ ਘਰ ਮਾਰਕਿਟ ਦੇ ਕਿਰਾਏ ਉਤੇ ਲੀਜ਼ ਉਤੇ ਲੈ ਲੈਂਦੇ ਹਨ।

ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਕਰਜ਼ਦਾਰ ਨੂੰ ਲਾਜ਼ਮੀ ਤੌਰ 'ਤੇ ਸਬੰਧਤ ਘਰ ਵਿਚ ਮੁਢਲੀ ਰਿਹਾਇਸ਼ ਦੇ ਤੌਰ 'ਤੇ ਰਹਿਣਾ ਪਵੇਗਾ ਅਤੇ ਇਸ ਘਰ ਨੂੰ ਹੋਰ ਅਧੀਨ ਲੀਅਨਾਂ ਤੋਂ ਮੁਕਤ ਕਰਨਾ ਪਵੇਗਾ। ਇਸ ਲੀਜ਼ ਪ੍ਰੋਗਰਾਮ ਦਾ ਲਾਭ ਲੈਣ ਦੇ ਚਾਹਵਾਨ ਕਰਜ਼ਦਾਰਾਂ ਨੂੰ ਇਹ ਦਸਤਾਵੇਜ਼ੀ ਸਬੂਤ ਦੇਣਾ ਪਵੇਗਾ ਕਿ ਘਰ ਦਾ ਨਵਾਂ ਚਲੰਤ ਕਿਰਾਇਆ ਉਨ੍ਹਾਂ ਦੀ ਕੁਲ ਆਮਦਨ ਦੇ 31 ਫੀਸਦੀ ਤੋਂ ਵੱਧ ਨਹੀਂ ਹੈ।

ਨਵੇਂ ਪ੍ਰੋਗਰਾਮ ਤਹਿਤ ਲੀਜ਼ ਕੁਲ 12 ਮਹੀਨਿਆਂ ਤੱਕ ਹੋ ਸਕਦੀ ਹੈ ਅਤੇ ਉਸ ਪਿਛੋਂ ਇਸ ਨੂੰ ਮਹੀਨਾਵਾਰ ਨਵਿਆਉਣ ਦੀ ਸੰਭਾਵਨਾ ਰਹੇਗੀ। ਲੀਜ਼ ਇਕਰਾਰਨਾਮਾ ਵਾਲੀ ਜਾਇਦਾਦ ਜੋ ਕਿ ਬਾਅਦ ਵਿਚ ਵੇਚੀ ਹੀ ਜਾਣੀ ਹੁੰਦੀ ਹੈ, ਅਖੀਰ ਖਰੀਦਦਾਰ ਦੇ ਨਾਂ ਹੋਣੀ ਹੋਵੇਗੀ। ਇਸ ਦਾ ਜ਼ਿਕਰ ਲੀਜ਼ ਇਕਰਾਰਨਾਮੇ ਵਿਚ ਹੋਵੇਗਾ। ਲੀਜ਼ ਇਕਰਾਰਨਾਮਾ ਪ੍ਰੋਗਰਾਮ ਲਈ ਯੋਗਤਾ ਅਤੇ ਹੋਰ ਵੇਰਵਿਆਂ ਲਈ ਮੇਰੇ ਪਾਸੋਂ ਫੋਨ 510-304-9292 ਜਾਂ ਹੇਠਾਂ ਦਿੱਤੀ ਵੈਬਸਾਈਟ ਤੋਂ ਜਾਣਕਾਰੀ ਲਈ ਜਾ ਸਕਦੀ ਹੈ:

www.efanniemae.com

*Visit us on the web:*
***www.punjabtimesusa.com***
***To Advertise with us call:***
***847-359-0746***









# ਗੁਰੂਸਰ ਸੁਧਾਰ ਕਾਲਜ ਦੇ ਵਿਦਿਆਰਥੀਆਂ ਦੀ ਮਿਲਣੀ

**ਫਰਿਜ਼ਨੋ (ਪੰਜਾਬ ਟਾਈਮਜ਼ ਬਿਊਰੋ):** ਜੀ ਐਚ ਜੀ ਖਾਲਸਾ ਕਾਲਜ ਗੁਰੂਸਰ ਸੁਧਾਰ ਦੇ ਸਾਬਕਾ ਵਿਦਿਆਰਥੀਆਂ ਦੀ ਨੌਂਵੀਂ ਪਰਿਵਾਰਕ ਮਿਲਣੀ ਇਥੇ ਡਾਂਟੇ ਕਲੱਬ ਵਿਚ ਹੋਈ ਜੋ ਕਿ ਸੁਧਾਰ ਇਲਾਕੇ ਦੇ ਉਘੇ ਸਮਾਜ ਸੇਵਕ ਮਾਸਟਰ ਨਛੱਤਰ ਸਿੰਘ ਗਿੱਲ (ਪ੍ਰਭ ਜੀ ਨਿਰਮਲ ਹਰੀ) ਨੂੰ ਸਮਰਪਿਤ ਸੀ। ਉਹ ਪਿਛਲੇ ਸਾਲ ਅਕਾਲ ਚਲਾਣਾ ਕਰ ਗਏ ਸਨ। ਪ੍ਰੋਗਰਾਮ ਵਿਚ ਪ੍ਰਭ ਜੀ ਦੀ ਪਤਨੀ ਸ੍ਰੀਮਤੀ ਕਿਰਨ ਹਰੀ ਅਤੇ ਬੇਟੀ ਮਨਦੀਪ ਉਚੇਚੇ ਤੌਰ 'ਤੇ ਸ਼ਾਮਲ ਹੋਏ।

ਲੋਕ ਗਾਇਕ ਰਾਜ ਬਰਾੜ, ਗੁਰਪ੍ਰੀਤ ਤੇ ਮਨਪ੍ਰੀਤ, ਕਮਲਰੂਪ, ਅਮਨਦੀਪ, ਪੱਪੀ ਭਦੌੜ, ਪ੍ਰਿਤਪਾਲ ਗਿੱਲ ਨੇ ਸਭਿਆਚਾਰਕ ਤੇ ਪਰਿਵਾਰਕ ਗੀਤ ਗਾ ਕੇ ਵਾਹ ਵਾਹ ਖੱਟੀ। ਪ੍ਰੀਤਮ ਸੋਹੀ ਤੇ ਬੱਬੂ ਗੁਰਪਾਲ ਨੇ ਵੀ ਚੰਗੀ ਰੌਣਕ ਲਾਈ। ਮੈਡਮ ਹਰਭਜਨ ਕੌਰ ਢਿੱਲੋਂ ਨੇ ਉਚੇਚੇ ਤੌਰ 'ਤੇ ਗਿੱਧੇ ਦੀ ਪੇਸ਼ਕਾਰੀ ਕੀਤੀ ਜਿਸ ਵਿਚ ਵਿਆਹ ਦੇ ਸੀਨ ਨੂੰ ਢੋਲਕ ਉਤੇ ਬੋਲੀਆਂ ਪਾ ਕੇ ਪੇਸ਼ ਕੀਤਾ ਗਿਆ। ਮਲਵਈ ਗਿੱਧਾ ਟੀਮ ਨੇ ਮਾਡਰਨ ਬੋਲੀਆਂ ਪਾ ਕੇ ਸਰੋਤਿਆਂ ਦਾ ਮਨ ਮੋਹ ਲਿਆ।

ਪ੍ਰੋਗਰਾਮ ਦੇ ਮੁੱਖ ਮਹਿਮਾਨ ਕਾਲਜ ਦੇ ਸਾਬਕਾ ਪ੍ਰਿੰਸੀਪਲ ਸ੍ਰੀਮਤੀ ਹਰਬੰਸ ਕੌਰ ਖੱਟੜਾ ਅਤੇ ਕਾਰਜਕਾਰੀ ਡਾਇਰੈਕਟਰ ਮਨਜੀਤ ਸਿੰਘ ਖੱਟੜਾ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸ੍ਰੀਮਤੀ ਹਰਬੰਸ ਕੌਰ ਖੱਟੜਾ ਨੇ ਕਾਲਜ ਦੀ ਪ੍ਰਿੰਸੀਪਲ ਹੁੰਦਿਆਂ ਕਾਲਜ ਨਾਲ ਗੁਜ਼ਾਰੇ ਆਪਣੇ 37 ਸਾਲਾਂ ਦੇ ਤਜ਼ਰਬੇ ਸਾਂਝੇ ਕੀਤੇ। ਸ. ਮਨਜੀਤ ਸਿੰਘ ਖੱਟੜਾ ਨੇ ਪ੍ਰਭ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਪ੍ਰੋਗਰਾਮ ਦੇ ਸ਼ੁਰੂ ਵਿਚ ਦੋ ਮਿੰਟ ਦਾ ਮੌਨ ਰੱਖ ਕੇ ਪ੍ਰਭ ਜੀ ਅਤੇ ਬੀ ਐਡ ਕਾਲਜ ਦੇ ਮੌਜੂਦਾ ਪ੍ਰਿੰਸੀਪਲ ਡਾ. ਹਰਜਿੰਦਰ ਸਿੰਘ ਬਰਾੜ ਦੀ ਧਰਮ ਪਤਨੀ ਤਰਸੇਮ ਕੌਰ ਬਰਾੜ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਰਿੰਦਰ ਸਿੰਘ ਗਿੱਲ, ਬਲਜੀਤ ਸਿੰਘ ਗਿੱਲ, ਅਜੀਤ ਸਿੰਘ ਭੱਠਲ, ਪ੍ਰੋ. ਸੁਖਦੇਵ ਸਿੰਘ ਅਟਾਲ, ਕੁਲਦੀਪ ਸਿੰਘ ਗਿੱਲ, ਪ੍ਰਿਤਪਾਲ ਸਿੰਘ ਗਿੱਲ, ਜਸਵਿੰਦਰ ਕੌਰ ਢਿੱਲੋਂ, ਕੁਲਵੰਤ ਉਭੀ, ਲਖਵੰਤ ਸਿੰਘ ਸਿੱਧੂ, ਗੁਰਪਾਲਜੀਤ ਸਿੰਘ ਦਿਓਲ, ਅਵਤਾਰ ਸਿੰਘ ਗਿੱਲ, ਧਰਮਿੰਦਰ ਸਿੰਘ ਸੰਘੇੜਾ, ਹਰਦੀਪ ਸਿੰਘ ਸੰਘੇੜਾ, ਚਰਨਜੀਤ ਸਿੰਘ ਚੀਮਾ, ਅੰਮ੍ਰਿਤ ਸਿੰਘ ਧਾਲੀਵਾਲ, ਸ਼ਿੰਗਾਰਾ ਸਿੰਘ ਵੀ ਹਾਜ਼ਰ ਸਨ। ਮੰਚ ਸੰਚਾਲਨ ਸੰਤੋਖ ਸਿੰਘ ਮਿਨਹਾਸ ਨੇ ਕੀਤਾ।

## ਨਿਊ ਯਾਰਕ ਅਕਾਲੀ ਦਲ ਵਿਚ ਦੋ ਹੋਰ ਨਿਯੁਕਤੀਆਂ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ ਦਲ (ਬਾਦਲ) ਦੀ ਅਮਰੀਕਾ ਵਿਚ ਨਿਊ ਯਾਰਕ ਇਕਾਈ ਦੇ ਪ੍ਰਧਾਨ ਸ. ਰਘਬੀਰ ਸਿੰਘ ਸੁਭਾਨਪੁਰ ਨੇ ਡਾ. ਸੁਬੇਗ ਸਿੰਘ ਨੂੰ ਇਸ ਇਕਾਈ ਦਾ ਸੀਨੀਅਰ ਮੀਤ ਪ੍ਰਧਾਨ ਅਤੇ ਬਲਕਾਰ ਸਿੰਘ ਬਾਠ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਹੈ।

ਇਨ੍ਹਾਂ ਨਿਯੁਕਤੀਆਂ ਦਾ ਹੋਰ ਬਹੁਤ ਸਾਰੇ ਅਕਾਲੀ ਵਰਕਰਾਂ ਦੇ ਨਾਲ ਹਰਪ੍ਰੀਤ ਸਿੰਘ ਤੂਰ, ਪ੍ਰੀਤਮ ਸਿੰਘ ਗਿਲਜੀਆਂ, ਮਲਕੀਤ ਸਿੰਘ, ਜਰਨੈਲ ਸਿੰਘ, ਕਰਨੈਲ ਸਿੰਘ ਬਾਠ, ਭੁਪਿੰਦਰ ਸਿੰਘ ਅਟਵਾਲ, ਬੂਟਾ ਸਿੰਘ, ਗੁਰਦੇਵ ਸਿੰਘ, ਉਪਕਾਰ ਸਿੰਘ, ਹਿੰਮਤ ਸਿੰਘ ਸਰਪੰਚ, ਬਲਵਿੰਦਰ ਸਿੰਘ ਸਰਪੰਚ ਅਤੇ ਜਸਬੀਰ ਸਿੰਘ ਪਠਾਨਕੋਟ ਨੇ ਸਵਾਗਤ ਕੀਤਾ ਹੈ।

## ਅਸੈਂਬਲੀਮੈਨ ਡੇਵ ਜੋਨਜ਼ ਲਈ ਫੰਡਰੇਜ਼ਰ

**ਸੈਕਰਾਮੈਂਟੋ:** ਕੈਲੀਫੋਰਨੀਆ ਦੇ ਇੰਸ਼ੋਰੈਂਸ ਕਮਿਸ਼ਨਰ ਦੀ ਚੋਣ ਲੜ ਰਹੇ ਕੈਲੀਫੋਰਨੀਆ ਦੇ ਧੜੱਲੇਦਾਰ ਅਸੈਂਬਲੀਮੈਨ ਡੇਵ ਜੋਨਜ਼ ਲਈ ਇਕ ਫੰਡਰੇਜ਼ਰ ਇੰਡਸ ਵੈਲੀ ਚੈਂਬਰ ਆਫ ਕਾਮਰਸ ਵਲੋਂ ਕੀਤਾ ਗਿਆ।

ਚੈਂਬਰ ਦੇ ਜਨਰਲ ਸਕੱਤਰ ਸੁਖਚੈਨ ਸਿੰਘ ਦੇ ਘਰ ਹੋਏ ਇਸ ਫੰਡਰੇਜ਼ਰ ਵਿਚ ਭਾਰਤੀ ਤੇ ਪੰਜਾਬੀ ਭਾਈਚਾਰੇ ਦੇ ਮੋਹਤਬਰ ਸੱਜਣ ਸ਼ਾਮਲ ਹੋਏ। ਚੈਂਬਰ ਦੇ ਮੀਤ ਪ੍ਰਧਾਨ ਇਕਬਾਲ ਬਡਵਾਲ ਨੇ ਡੇਵ ਜੋਨਜ਼ ਦੀ ਪੜ੍ਹਾਈ, ਉਸ ਵਲੋਂ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਨਾਲ ਵਾਈਟ ਹਾਊਸ ਵਿਚ ਬਿਤਾਏ ਤਿੰਨ ਸਾਲਾਂ ਅਤੇ ਭਾਰਤੀ ਭਾਈਚਾਰੇ ਲਈ ਵਿਸ਼ੇਸ਼ ਤੌਰ 'ਤੇ ਕੀਤੇ ਕੰਮਾਂ ਦਾ ਜ਼ਿਕਰ ਕੀਤਾ।

ਇਕੱਠ ਨੂੰ ਸੰਬੋਧਨ ਕਰਦਿਆਂ ਡੇਵ ਜੋਨਜ਼ ਨੇ ਘਰਾਂ ਅਤੇ ਮੋਟਰ ਗੱਡੀਆਂ ਦੀ ਇੰਸ਼ੋਰੈਂਸ ਵਿਚ ਹੋਏ 26% ਵਾਧੇ ਨੂੰ ਚੋਣ ਜਿੱਤ ਜਾਣ ਦੀ ਸੂਰਤ ਵਿਚ ਘਟਾਉਣ ਦਾ ਵਾਅਦਾ ਕੀਤਾ। ਰਾਤ ਦੇ ਖਾਣੇ ਦੀ ਇਸ ਦਾਅਵਤ ਵਿਚ ਹੋਰਨਾਂ ਤੋਂ ਇਲਾਵਾ ਸ੍ਰੀ ਸੁਖਚੈਨ ਸਿੰਘ ਅਤੇ ਸ੍ਰੀ ਜੇ.ਪੀ. ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹਾਜ਼ਰ ਸੱਜਣਾਂ ਵਿਚ ਏ.ਜੇ. ਸ਼ਰਮਾ, ਮਧਾਨ ਸਿੰਘ, ਪੂਨਮ ਮਲਹੋਤਰਾ, ਸੈਮ ਮਲਹੋਤਰਾ, ਗੈਰੀ ਸਿੱਧੂ, ਪਵਿੱਤਰ ਸਿੰਘ ਨਾਹਲ, ਰਛਪਾਲ ਸਿੰਘ ਫਰਵਾਲਾ, ਮਨਦੀਪ ਫਰਵਾਲਾ, ਸੁਰਿੰਦਰ ਬਿੰਦਰਾ, ਕਮਲ ਬੰਗਾ, ਜਰਨੈਲ ਸਿੰਘ ਸਰਪੰਚ, ਅਮਰੀਕ ਸਿੰਘ ਪਰਹਾਰ, ਜਸਬੀਰ ਸਿੰਘ, ਗੁਰਮੁਖ ਸਿੰਘ ਗੋਸਲ, ਜਾਵੇਦ ਅਖਤਰ, ਜੈਕ ਰਾਮ, ਪਾਲ ਰਾਮ, ਜੇ.ਐਸ. ਗਿੱਲ, ਬਲਵਿੰਦਰ ਬੰਕਾ, ਲਿੰਡਾ ਜਿਨ, ਚਾਹਲ ਪਰਿਵਾਰ, ਕੱਖਬੀਰ ਸਿੰਘ, ਕੁਲਦੀਪ ਸਿੰਘ, ਹਰਜੀਤ ਸਵੈਚ, ਜੇ.ਐਸ. ਸੰਧੂ, ਜੋਗਾ ਸਿੰਘ ਮਾਹਲ, ਮੱਖਣ ਜਾਹੂ, ਜਸਪਾਲ ਦਿਓਲ ਅਤੇ ਹੋਰ ਬਹੁਤ ਸਾਰੇ ਸੱਜਣ ਹਾਜ਼ਰ ਸਨ।

## ਦਾਦਾ ਲਛਮਣ ਚੇਲਾਰਾਮ ਨੂੰ 'ਸਾਲ ਦਾ ਉਤਮ ਸਿੱਖ ਪ੍ਰਚਾਰਕ' ਦਾ ਇਨਾਮ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਪੀੜ੍ਹੀਆਂ ਤੋਂ ਸਿੱਖ ਧਰਮ ਦਾ ਪ੍ਰਚਾਰ ਕਰਦੇ ਆ ਰਹੇ ਸਿੰਧੀ ਸਿੱਖ ਪਰਿਵਾਰ ਵਿਚੋਂ ਦਾਦਾ ਸ੍ਰੀ ਲਛਮਣ ਚੇਲਾਰਾਮ ਨੂੰ ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਨੇ ਸਾਲ ਦੇ 'ਉਤਮ ਸਿੱਖ ਪ੍ਰਚਾਰਕ' ਦੇ ਇਨਾਮ ਨਾਲ ਸਨਮਾਨਿਆ ਹੈ।



ਦਾਦਾ ਚੇਲਾਰਾਮ ਨੇ ਗੁਰਦੁਆਰਾ ਫਰੀਮਾਂਟ ਵਿਖੇ 3 ਦਿਨ ਕੀਰਤਨ ਦੀ ਸੇਵਾ ਨਿਭਾਈ। ਸਿੰਧੀ ਭਾਈਚਾਰੇ ਦੇ ਲੋਕਾਂ ਅਤੇ ਸਥਾਨਕ ਸੰਗਤ ਨੇ ਉਨ੍ਹਾਂ ਦਾ ਕੀਰਤਨ ਬੜੀ ਸ਼ਰਧਾ ਨਾਲ ਸਰਵਣ ਕੀਤਾ। ਚੇਲਾ ਰਾਮ ਜੀ ਨੇ ਇਸ ਦੌਰਾਨ ਖੇਦ ਪ੍ਰਗਟ ਕੀਤਾ ਕਿ ਬਹੁਤ ਸਾਰੇ ਸਿੱਖ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨ ਬਾਣੀ ਨੂੰ ਸਮਝਣ ਅਤੇ ਅਮਲ ਕਰਨ ਦੀ ਥਾਂ ਕੇਵਲ ਰਸਮੀ ਕਾਰਵਾਈਆਂ ਕਰਨ ਵਿਚ ਹੀ ਆਪਣਾ ਅਨਮੋਲ ਸਮਾਂ ਗੁਆ ਰਹੇ ਹਨ।

ਲਛਮਣ ਚੇਲਾਰਾਮ ਪਿਛਲੇ 50 ਸਾਲਾਂ ਤੋਂ ਦੁਨੀਆਂ ਭਰ 'ਚ ਕੀਰਤਨ ਦੀ ਸੇਵਾ ਕਰਦੇ ਆ ਰਹੇ ਹਨ। ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮੁਖੀ ਲਿਪੀ ਤੋਂ ਸਿੰਧੀ, ਹਿੰਦੀ, ਗੁਜਰਾਤੀ, ਮਰਾਠੀ, ਬੰਗਲਾ ਅਤੇ ਅੰਗਰੇਜ਼ੀ ਵਿਚ ਲਿਪੀਅਾਂਤਰ ਕੀਤਾ ਹੈ ਅਤੇ ਇਸ ਦਾ ਤਰਜਮਾ ਵੀ ਕੀਤਾ ਹੈ। ਉਨ੍ਹਾਂ ਨੂੰ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਕਈ ਸਿੱਖ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਗੁਰਦੁਆਰੇ ਦੇ ਪ੍ਰਧਾਨ ਭਾਈ ਹਰਜੋਤ ਸਿੰਘ ਖਾਲਸਾ ਨੇ ਕਿਹਾ ਕਿ ਦਾਦਾ ਸ੍ਰੀ ਲਛਮਣ ਚੇਲਾਰਾਮ ਮਹਾਨ ਸਿੰਧੀ ਸਿੱਖ ਵਿਦਵਾਨ ਹਨ। ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀ ਕਿਸਮ ਦੇ ਲੋਕ ਦਲਿਤਾਂ ਅਤੇ ਸਿੰਧੀ ਭਾਈਚਾਰੇ ਨੂੰ ਸਿੱਖਾਂ ਤੋਂ ਦੂਰ ਕਰਨਾ ਚਾਹੁੰਦੇ ਹਨ ਪਰ ਸਾਡੀ ਪ੍ਰਬੰਧਕ ਕਮੇਟੀ ਇਨ੍ਹਾਂ ਭਾਈਚਾਰਿਆਂ ਦਾ ਕੇਵਲ ਸਤਿਕਾਰ ਹੀ ਨਹੀਂ ਬਲਕਿ ਸਨਮਾਨ ਵੀ ਕਰਦੀ ਹੈ।

# 'ਗੁਰੂ ਮਾਨਿਓ ਗ੍ਰੰਥ' ਦੇ ਸੰਗੀਤ ਦੀ ਕਾਪੀ ਸਿੰਘ ਸਾਹਿਬਾਨ ਨੂੰ ਭੇਟ

**ਸੈਕਰਾਮੈਂਟੋ:** ਤਿਆਰੀ ਅਧੀਨ ਟੈਲੀਫਿਲਮ 'ਗੁਰੂ ਮਾਨਿਓ ਗ੍ਰੰਥ' ਦੇ ਸੰਗੀਤ ਦੀ ਇਕ ਕਾਪੀ ਇਸ ਦੇ ਪ੍ਰੋਡਿਊਸਰ, ਲੇਖਕ, ਗੀਤਕਾਰ ਅਤੇ ਸਰਵੇਸਰਵਾ ਅਟਾਰਨੀ ਜਸਪ੍ਰੀਤ ਸਿੰਘ ਨੇ ਕੈਲੀਫੋਰਨੀਆ ਦੇ ਦੌਰੇ 'ਤੇ ਆਏ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਦੇ ਹੈਡ ਗ੍ਰੰਥੀ ਭਾਈ ਰਣਜੀਤ ਸਿੰਘ ਅਤੇ ਪੰਜਾਬ ਦੇ ਖੇਤੀਬਾੜੀ ਮੰਤਰੀ ਸ. ਸੁੱਚਾ ਸਿੰਘ ਲੰਗਾਹ ਨੂੰ ਇਥੇ ਇਕ ਸਮਾਗਮ ਵਿਚ ਭੇਟ ਕੀਤੀ।

ਅਬੌਰਮ ਹੌਲੀਡੇ ਇੰਨ ਹੋਟਲ ਵਿਚ ਸ. ਅਮਰੀਕ ਸਿੰਘ ਦੇ ਉਦਮ ਨਾਲ ਪੰਜਾਬੀ ਵਿਰਸਾ ਸੰਭਾਲ ਸੁਸਾਇਟੀ ਵਲੋਂ ਕੀਤੇ ਗਏ ਇਸ ਸਮਾਗਮ ਮੌਕੇ ਹਾਜ਼ਰ ਸੱਜਣਾਂ ਵਿਚ ਪਰਗਣ ਸਿੰਘ ਬੈਂਸ, ਸਰਵਣ ਸਿੰਘ ਗਿੱਲ, ਅਵਤਾਰ ਸਿੰਘ ਦੁਸਾਂਝ, ਕਰਨੈਲ ਸਿੰਘ ਸੈਣੀ ਅਤੇ ਨਰਿੰਦਰਪਾਲ ਸਿੰਘ ਹੁੰਦਲ ਮੌਜੂਦ ਸਨ।

ਇਸ ਤੋਂ ਪਹਿਲਾਂ ਪਿਛਲੇ ਹਫਤੇ ਅਟਾਰਨੀ ਜਸਪ੍ਰੀਤ ਸਿੰਘ ਸ੍ਰੀ ਲੰਗਾਹ ਨੂੰ ਲੈ ਕੇ ਨਿਊ ਮੈਕਸੀਕੋ ਸਟੇਟ ਗਏ ਜਿਥੇ ਉਨ੍ਹਾਂ ਦੋਹਾਂ ਦਾ ਸੈਕਟਰੀ ਆਫ ਸਟੇਟ ਮੇਰੀ ਹਰੇਰਾ ਨੇ ਸਨਮਾਨ ਕੀਤਾ। ਇਸ ਮੌਕੇ ਨਿਊ ਮੈਕਸੀਕੋ ਦੇ ਸਟੇਟ ਟਰੈਜ਼ਰਰ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਸ੍ਰੀ ਜਸਪ੍ਰੀਤ ਸਿੰਘ ਅਨੁਸਾਰ ਇਸ ਮੀਟਿੰਗ ਵਿਚ ਪੰਜਾਬ ਨਾਲ ਤਾਲਮੇਲ ਵਧਾਉਣ ਲਈ ਨਿਊ ਮੈਕਸੀਕੋ ਦਾ ਇਕ ਵਫਦ ਜਲਦੀ ਹੀ ਪੰਜਾਬ ਭੇਜਣ ਬਾਰੇ ਵੀ ਵਿਚਾਰ ਹੋਈ। ਇਸ ਮੌਕੇ ਪਵਨ ਸਿੰਘ ਢੀਂਡਸਾ ਵੀ ਹਾਜ਼ਰ ਸਨ।

## ਪ੍ਰਮਿੰਦਰਜੀਤ ਨੂੰ 2009 ਦਾ ਇਆਪਾ ਅਵਾਰਡ

**ਸ਼ਿਕਾਗੋ:** ਪੰਜਾਬੀ ਲੇਖਕਾਂ ਅਤੇ ਆਰਟਿਸਟਾਂ ਦੀ ਅੰਤਰਰਾਸ਼ਟਰੀ ਐਸੋਸੀਏਸ਼ਨ ਆਫ ਕੈਨੇਡਾ (ਇਆਪਾ) ਦੀ ਸਾਹਿਤਕ ਕਮੇਟੀ ਨੇ 2009 ਦਾ ਪ੍ਰੋ. ਪਿਆਰਾ ਸਿੰਘ ਗਿੱਲ ਅਤੇ ਕਰਮ ਸਿੰਘ ਸੰਧੂ ਯਾਦਗਾਰੀ ਸ਼੍ਰੋਮਣੀ ਸਾਹਿਤਕਾਰ/ਸਮੀਖਿਆਕਾਰ ਅਵਾਰਡ ਪੰਜਾਬੀ ਦੇ ਪ੍ਰਸਿੱਧ ਕਵੀ ਅਤੇ ਪੱਤਰਕਾਰ ਪ੍ਰਮਿੰਦਰਜੀਤ ਨੂੰ, ਉਸ ਦੀ ਕਵਿਤਾ ਅਤੇ ਸਾਹਿਤਕ ਪੱਤਰਕਾਰੀ ਦੇ ਖੇਤਰਾਂ ਵਿਚ ਪਾਏ ਯੋਗਦਾਨ ਨੂੰ ਮੁੱਖ ਰਖਦਿਆਂ, ਦੇਣ ਦਾ ਫੈਸਲਾ ਕੀਤਾ ਹੈ। ਇਹ ਅਵਾਰਡ ਉਸ ਨੂੰ ਸਾਲ 2010 ਵਿਚ ਅੰਮ੍ਰਿਤਸਰ ਵਿਖੇ ਦਿੱਤਾ ਜਾਵੇਗਾ

ਪ੍ਰਮਿੰਦਰਜੀਤ ਆਧੁਨਿਕ ਸਮੇਂ ਦਾ ਪ੍ਰਸਿੱਧ ਪੰਜਾਬੀ ਕਵੀ ਅਤੇ ਸਾਹਿਤਕ ਪੱਤਰਕਾਰ ਹੈ। ਉਸ ਦੀ ਪੰਜਾਬੀ ਸਾਹਿਤ ਨੂੰ ਦੇਣ ਸਦਕਾ ਕਈ ਵੱਡਮੁੱਲੇ ਅਵਾਰਡ ਮਿਲ ਚੁਕੇ ਹਨ ਜਿਨ੍ਹਾਂ ਵਿਚ ਭਾਸ਼ਾ ਵਿਭਾਗ, ਪੰਜਾਬ, ਦਾ ਸ਼ਰੋਮਣੀ ਸਾਹਿਤਕਾਰ ਅਵਾਰਡ, ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੇਫੋਰਨੀਆ ਦਾ ਅਦੁਤੀ ਕਵੀ ਅਵਾਰਡ ਅਤੇ ਇੰਗਲੈਂਡ ਅਤੇ ਜਾਪਾਨ ਅਦਾਰਿਆਂ ਦੇ ਵੱਖ ਵੱਖ ਅਵਾਰਡ ਸ਼ਾਮਿਲ ਹਨ।

ਪ੍ਰਮਿੰਦਰਜੀਤ ਆਧੁਨਿਕ ਸੰਵੇਦਨਾ ਦਾ ਕਵੀ ਹੈ ਜਿਸ ਦੇ ਵਿਸ਼ੇ ਆਧੁਨਿਕ ਇਨਸਾਨ ਦੇ ਹੋਣ-ਥੀਣ ਦੀਆਂ ਬਹੁਪਰਤੀ ਸਮੱਸਿਆਵਾਂ ਨੂੰ ਬੜੇ ਕਲਾਤਮਕ ਅਤੇ ਸੂਖਮ ਢੰਗ ਨਾਲ ਚਿਤਰਦੇ ਹਨ। ਉਸ ਦੀ ਸ਼ਬਦਾਬਲੀ ਬਹੁਤ ਪ੍ਰਭਾਵਸ਼ਾਲੀ ਹੈ, ਤਸ਼ਬੀਹਾਂ ਅਤੇ ਅਲੰਕਾਰ ਤਾਜ਼ਾ ਅਤੇ ਮੌਲਿਕ ਹਨ। ਇਹ ਸਾਰੇ ਗੁਣ ਉਸ ਦੀ ਕਾਵਿ ਸ਼ੈਲੀ ਨੂੰ ਅਕਰਸ਼ਕ ਅਤੇ ਪੜ੍ਹਨਯੋਗ ਬਣਾਉਂਦੇ ਹਨ।

ਪ੍ਰਮਿੰਦਰਜੀਤ ਦੇ ਹੁਣ ਤੱਕ ਤਿੰਨ ਮੌਲਿਕ ਕਾਵਿ ਸੰਗ੍ਰਹਿ (ਲਿਖਤੁਮ ਪ੍ਰਮਿੰਦਰਜੀਤ, ਮੇਰੀ ਮਾਰਫਤ, ਬਚਪਨ ਘਰ ਤੇ ਮੈਂ) ਅਤੇ ਇਕ ਚੋਣਵੀਂ ਕਵਿਤਾ ਦੀ ਪੁਸਤਕ, 'ਮੇਰੇ ਕੁੱਝ ਹਾਸਿਲ' ਛਪ ਚੁਕੇ ਹਨ। ਉਸ ਦਾ ਸਫ਼ਰਨਾਮਾ ਅਤੇ ਆਤਮਕਥਾ ਛਪਾਈ ਅਧੀਨ ਹਨ। ਕਈ ਕਾਵਿ ਪੁਸਤਕਾਂ ਨੂੰ ਉਲਥਾਉਣ ਅਤੇ ਸੰਪਾਦਨਾ ਦੇ ਕਾਰਜ ਲਈ ਨਾਮਣਾ ਖੱਟ ਚੁਕਿਆ ਹੈ। ਉਸ ਨੇ ਸਾਹਿਤਕ ਪੱਤਰਕਾਰੀ ਦੀ ਉਤਪਤੀ ਅਤੇ ਇਸ ਦੇ ਵਿਕਾਸ ਵਿਚ ਮੋਹਰੀ ਰੋਲ ਨਿਭਾਇਆ ਹੈ। ਪਹਿਲਾਂ "ਲੋਅ" ਨਾਮੀਂ ਸਾਹਿਤਕ ਪੱਤਰ ਦੀ ਸੰਪਾਦਨਾ ਕੀਤੀ ਅਤੇ ਅਜ ਕਲ ਉਹ ਮਸ਼ਹੂਰ ਮੈਗਜ਼ੀਨ "ਅੱਖਰ " ਦੀ ਸੰਪਾਦਨਾ ਕਰ ਰਿਹਾ ਹੈ।

## ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਇਆ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਦੀ ਤਰਫੋਂ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਨਿਊਆਰਕ ਪੈਵੀਲੀਅਨ ਵਿਚ ਸੰਗਤਾਂ ਵਲੋਂ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ।

ਇਸ ਮੌਕੇ ਕੈਪਟਨ ਸਵਰਨ ਸਿੰਘ, ਲਾਲ ਸਿੰਘ ਭੱਟੀ ਅਤੇ ਸਰਬਜੀਤ ਸਿੰਘ ਤੇ ਉਨ੍ਹਾਂ ਦੇ ਰਾਗੀ ਸਾਥੀਆਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਿਆ। ਸੰਗਤਾਂ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਆਈਆਂ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਆਖਿਆ ਕਿ ਗੁਰੂ ਨਾਨਕ ਦੇਵ ਜੀ ਵਲੋਂ ਦਿੱਤਾ ਗਿਆ ਮਾਨਵਤਾ ਦਾ ਸੁਨੇਹਾ ਦੁਨੀਆਂ ਭਰ ਦੀ ਮਨੁੱਖ ਜਾਤੀ ਲਈ ਚਾਨਣ ਦਸੇਰਾ ਹੈ। ਇਸ ਮੌਕੇ ਕਮੇਟੀ ਦੇ ਸੀਨੀਅਰ ਫਾਊਂਡਰ ਮੈਂਬਰ ਸੁਭ ਰਾਜ ਚੋਪੜਾ, ਹਰਬੰਸ ਮਹੇ, ਬਲਦੇਵ ਸੁੰਮਨ, ਕੇਵਲ ਸਿੰਘ (ਚੇਅਰਮੈਨ), ਦਸ਼ਵਿੰਦਰਪਾਲ ਸਿੰਘ (ਪਿਟਸਬਰਗ), ਕਮਲ ਦੇਵ ਅਤੇ ਅਸ਼ੋਕ ਭੌਰਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰੂ ਨਾਨਕ ਦੇਵ ਜੀ ਵਲੋਂ ਦਰਸਾਏ ਮਾਰਗ ਉਤੇ ਚੱਲਦਿਆਂ ਮਾਨਵ ਭਲਾਈ ਲਈ ਕੰਮ ਕਰਨ ਦੀ ਪ੍ਰੇਰਣਾ ਕੀਤੀ। ਗੁਰੂ ਕਾ ਲੰਗਰ ਅਤੁੱਟ ਵਰਤਿਆ।














# ਸਭ ਤੋਂ ਸ਼ਕਤੀਸ਼ਾਲੀ ਓਬਾਮਾ ਤੇ ਮਨਮੋਹਨ ਸਿੰਘ





**ਨਿਊ ਯਾਰਕ:** ਵਿਸ਼ਵ ਦੀਆਂ ਸਭ ਸ਼ਕਤੀਸ਼ਾਲੀ ਹਸਤੀਆਂ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਚੋਟੀ ਉਤੇ ਹਨ। ਦੂਜੇ ਪਾਸੇ ਇਸ ਸੂਚੀ ਵਿਚ ਓਸਾਮਾ ਬਿਨ ਲਾਦੇਨ ਅਤੇ ਦਾਊਦ ਇਬਰਾਹੀਮ ਵਰਗੇ ਦਹਿਸ਼ਤਗਰਦ ਲੋਕ ਵੀ ਸ਼ਾਮਲ ਹਨ। ਅਮਰੀਕੀ ਰਸਾਲੇ ਫ਼ੋਰਬਸ ਵਲੋਂ ਤਿਆਰ ਇਸ ਸੂਚੀ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਦੇਸ਼ ਦੇ ਚੋਟੀ ਦੇ ਉਦਯੋਗਪਤੀ ਮੁਕੇਸ਼ ਅੰਬਾਨੀ ਅਤੇ ਰਤਨ ਟਾਟਾ ਨੂੰ ਵੀ ਥਾਂ ਮਿਲੀ ਹੈ। ਫ਼ੋਰਬਸ ਦੀ ਸਾਲਾਨਾ ਸੂਚੀ ਵਿਚ ਓਬਾਮਾ ਤੋਂ ਬਾਅਦ ਦੂਜੇ ਸਥਾਨ ਉਤੇ ਚੀਨ ਦੇ ਰਾਸ਼ਟਰਤੀ ਹੂ ਜਿਨਤਾਓ ਅਤੇ ਤੀਜੇ ਸਥਾਨ ਉਤੇ ਰੂਸ ਦੇ ਪ੍ਰਧਾਨ ਮੰਤਰੀ ਵਲਾਦੀਮੀਰ ਪੁਤਿਨ ਹਨ। ਤਿੰਨ ਭਾਰਤੀਆਂ ਵਿਚ ਡਾ. ਮਨੋਮਹਨ ਸਿੰਘ ਨੂੰ 36ਵੇਂ ਸਥਾਨ ਉਤੇ ਰਖਿਆ ਗਿਆ ਹੈ ਜਦਕਿ ਰਿਲਾਇੰਸ ਇੰਡਸਟਰੀਜ਼ ਦੇ ਮੁਖੀ ਮੁਕੇਸ਼ ਅੰਬਾਨੀ 44ਵੇਂ ਅਤੇ ਟਾਟਾ ਗਰੁਪ ਦੇ ਚੇਅਰਮੈਨ ਰਤਨ ਟਾਟਾ 58ਵੇਂ ਸਥਾਨ ਉਤੇ ਹਨ। ਸੂਚੀ ਵਿਚ ਦਿਲਚਸਪ ਗੱਲ ਇਹ ਹੈ ਕਿ ਅਲ-ਕਾਇਦਾ ਦਾ ਮੋਢੀ ਓਸਾਮਾ ਬਿਨ ਲਾਦੇਨ 37ਵੇਂ ਸਥਾਨ ਉਤੇ ਹੈ ਜਦਕਿ ਦਾਊਦ ਇਬਰਾਹੀਮ 50ਵੇਂ ਸਥਾਨ ਉਤੇ ਹੈ।





ਫ਼ੋਰਬਸ ਦੀ ਇਸ ਸੂਚੀ ਵਿਚ ਦਲਾਈਲਾਮਾ ਨੂੰ 39ਵਾਂ ਸਥਾਨ ਜਦਕਿ 16ਵੇਂ ਪੋਪ ਬੈਨੇਡਿਕਟ ਨੂੰ 11ਵੇ ਸਥਾਨ 'ਤੇ ਸ਼ੁਮਾਰ ਕੀਤਾ ਗਿਆ ਹੈ। ਸੂਚੀ ਵਿਚ ਵਿਸ਼ਵ ਭਰ ਦੀਆਂ ਕੁਲ 67 ਹਸਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਸੂਚੀ ਵਿਚ ਚੌਥੇ ਸਥਾਨ ਉਤੇ ਅਮਰੀਕੀ ਫ਼ੈਡਰਲ ਰੀਜ਼ਰਵ ਦੇ ਚੇਅਰਮੈਨ ਬੇਨ ਬਰਨਾਕੇ ਨੂੰ ਪੰਜਵੇਂ ਸਥਾਨ ਅਤੇ ਗੂਗਲ ਦੇ ਮੋਢੀ ਸਰਜੇਈ ਬਰਿਨ ਅਤੇ ਲੈਰੀ ਪੇਜ ਨੂੰ ਥਾਂ ਮਿਲੀ ਹੈ। ਸੂਚੀ ਵਿਚ ਦਾਊਦ ਇਬਰਾਹੀਮ 50ਵੇਂ ਸਥਾਨ 'ਤੇ ਹੈ।

# ਮਧੁਰ ਭੰਡਾਰਕਰ ਬਲਾਤਕਾਰ ਦਾ ਦੋਸ਼ੀ ਕਰਾਰ

**ਮੁੰਬਈ:** ਲੰਘੀ 11 ਨਵੰਬਰ ਨੂੰ ਮੁੰਬਈ ਦੀ ਇਕ ਹੇਠਲੀ ਅਦਾਲਤ ਨੇ ਫਿਲਮ ਡਾਇਰੈਕਟਰ ਮਧੁਰ ਭੰਡਾਰਕਰ ਨੂੰ ਮਾਡਲ ਪਰੀਤੀ ਜੈਨ ਨਾਲ 5 ਸਾਲ ਪੁਰਾਣੇ ਬਲਾਤਕਾਰ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਹੈ।

ਪ੍ਰੀਤੀ ਨੇ 2004 ਵਿਚ ਭੰਡਾਰਕਰ 'ਤੇ 16 ਵਾਰੀ ਬਲਾਤਕਾਰ ਦਾ ਦੋਸ਼ ਲਗਾਉਂਦੇ ਹੋਏ ਕੇਸ ਦਰਜ ਕਰਵਾਇਆ ਸੀ। ਪ੍ਰੀਤੀ ਨੇ ਕਿਹਾ ਸੀ ਕਿ ਭੰਡਾਰਕਰ ਨੇ ਉਸਨੂੰ ਫਿਲਮ ਵਿਚ ਕੰਮ ਦੇਣ ਦਾ ਵਾਅਦਾ ਕਰ ਕੇ ਸਰੀਰਕ ਸੰਬੰਧ ਬਣਾਉਣ ਲਈ ਕਿਹਾ ਸੀ ਪਰ ਜਦ ਉਸ ਨੇ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਉਸ ਨਾਲ ਬਲਾਤਕਾਰ ਕੀਤਾ।

# ਜਰਮਨ ਭਾਸ਼ਾ 'ਚ ਗੁਰਬਾਣੀ ਦਾ ਉਲਥਾ ਕਰ ਰਹੀ ਕੁੜੀ

**ਅੰਮ੍ਰਿਤਸਰ :** ਜਰਮਨੀ ਦੀ ਇੱਕ ਨਾਗਰਿਕ ਅਲੀਜਾਬੇਥ ਮੈਰੂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਇਸ਼ਟ ਮੰਨਦਿਆਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਬਾਰੇ ਕੇਵਲ ਜਰਮਨ ਅਤੇ ਅੰਗਰੇਜ਼ੀ ਵਿਚ ਦੋ ਕਿਤਾਬਾਂ ਹੀ ਨਹੀਂ ਲਿਖੀਆਂ, ਸਗੋਂ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਲਥਾ ਵੀ ਜਰਮਨ ਭਾਸ਼ਾ ਵਿਚ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ।

ਸਚਖੰਡ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਅਲੀਜਾਬੇਥ ਮੈਰੂ ਨੇ ਦੱਸਿਆ ਕਿ ਉਸ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਚਾਰਧਾਰਾ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਵਿਚ ਅਥਾਹ ਵਿਸ਼ਵਾਸ ਹੈ। ਉਸਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆ ਭਰ 'ਚ ਇੱਕ ਅਜਿਹਾ ਗ੍ਰੰਥ ਹੈ, ਜਿਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸ਼ਾਦੀ ਭਾਵੇਂ ਇੱਕ ਸਿੱਖ ਨੌਜਵਾਨ ਨਾਲ ਹੋਈ ਤੇ ਫਿਰ ਤਲਾਕ ਵੀ ਹੋਇਆ, ਪਰ ਉਹ ਲਗਾਤਾਰ ਗੁਰਦੁਆਰੇ ਜਾਂਦੇ ਰਹੇ। ਜਿੱਥੋਂ ਉਨ੍ਹਾਂ ਨੇ ਕੀਰਤਨ ਦੀਆਂ ਮਧੁਰ ਧੁਨਾਂ ਸੁਣੀਆਂ, ਜੋ ਉਨ੍ਹਾਂ ਦੇ ਦਿਲ ਅਤੇ ਦਿਮਾਗ 'ਤੇ ਮੋਹ ਗਈਆਂ। ਉਨ੍ਹਾਂ ਕਿਹਾ ਕਿ ਭਾਵੇਂ ਉਨ੍ਹਾਂ ਨੂੰ ਹੋ ਰਹੇ ਕੀਰਤਨ ਦੀ ਸਮਝ ਨਹੀਂ ਆਉਂਦੀ, ਪਰ ਜਿਸ ਲੈਅ ਵਿਚ ਕੀਰਤਨੀ ਜਥੇ ਕੀਰਤਨ ਕਰਦੇ ਹਨ, ਉਸ ਲੈਅ ਵਿਚ ਉਹ ਉਨ੍ਹਾਂ ਨੂੰ ਸਵਰਗ ਤੱਕ ਪਹੁੰਚਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਬਾਰੇ ਉਨ੍ਹਾਂ ਦੋ ਕਿਤਾਬਾਂ 'ਦ ਹਾਰਟ ਆਫ ਸਿਖਇਜ਼ਮ', 'ਗੁਰੂ ਨਾਨਕ ਦੇਵ ਦਿਨ ਯੂੱਰ ਕੁਆਇਟ ਰੋਜ ਗਾਰਡਨ' ਅਤੇ 'ਆਸਡੇਮ ਹਰਜਨਡੇਸ ਸਿਖਇਜ਼ਮ ਗੁਰੂ ਨਾਨਕ ਦੇਵ ਰੋਜ਼ ਗਾਰਡਨ' ਲਿਖੀਆਂ ਹਨ। ਇਨ੍ਹਾਂ ਦੋਵਾਂ ਵਿਚੋਂ ਪਹਿਲੀ ਤੇ ਦੂਸਰੀ ਜਰਮਨ ਵਿਚ ਹੈ।

ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਲਥਾ ਪਹਿਲਾਂ ਵੀ ਗੈਰ ਜਰਮਨ ਲੇਖ ਜਰਨੈਲ ਸਿੰਘ ਕਨੇਡਾ ਨੇ ਕੀਤਾ ਸੀ ਅਤੇ ਜਿਸ ਨੂੰ ਸਥਾਨਕ ਪਬਲਿਸ਼ਰ 'ਸਿੰਘ ਬ੍ਰਦਰਜ਼' ਨੇ ਛਾਪਿਆ। ਉਨ੍ਹਾਂ ਕਿਹਾ ਕਿ ਗੈਰ ਜਰਮਨ ਨਾਗਰਿਕ ਵਲੋਂ ਕੀਤੇ ਗਏ ਇਸ ਉਲਥੇ ਵਿਚ ਬਹੁਤ ਸਾਰੀਆਂ ਗਲਤੀਆਂ ਹਨ, ਜਿਹੜੀਆਂ ਗੁਰੂ ਸਾਹਿਬਾਨ ਦੀ ਬਾਣੀ ਦਾ ਨਿਰਾਦਰ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਅਫਸੋਸ ਦੀ ਗੱਲ ਹੈ ਕਿ ਸਿੱਖ ਬ੍ਰਦਰਜ਼ ਸੰਸਥਾ ਨੇ ਇਹ ਛਾਪਿਆ ਹੈ ਕਿ ਉਹ ਸਿੱਖਾਂ ਨਾਲ ਸੰਬੰਧਤ ਹੈ ਤੇ ਉਸ ਨੂੰ ਛਾਪਣ ਤੋਂ ਪਹਿਲਾਂ ਨਿਰੀਖਣ ਕਰ ਲੈਣਾ ਚਾਹੀਦਾ ਸੀ, ਪਰ ਅਜਿਹਾ ਨਹੀਂ ਹੋ ਸਕਿਆ। 1984 ਦੇ ਸਿੱਖ ਕਤਲੇਆਮ, ਸਾਕਾ ਨੀਲਾ ਤਾਰਾ ਤੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੀ ਗੱਲ ਕਰਦਿਆਂ ਬੀਬੀ ਅਲੀਜਾਬੇਥ ਨੇ ਕਿਹਾ ਕਿ ਜਰਮਨ ਵਿਚ ਸਿੱਖਾਂ ਨੂੰ ਇੰਦਰਾ ਕਤਲ ਕਾਂਡ ਤੋਂ ਬਾਅਦ ਨਫਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਉਸ ਦੀ ਕੋਸ਼ਿਸ਼ ਹੈ ਕਿ ਉਹ ਜਰਮਨ ਭਾਸ਼ਾ ਵਿਚ 1984 ਦੀਆਂ ਘਟਨਾਵਾਂ ਅਤੇ ਸਿੱਖਾਂ ਨਾਲ ਵਾਪਰੇ ਦੁਖਾਂਤ ਬਾਰੇ ਇਕ ਕਿਤਾਬ ਲਿਖੇਗੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਨੇ ਬੀਬੀ ਅਲੀਜਾਬੈਥ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਅਤੇ ਉਨ੍ਹਾਂ ਦੀ ਹਰ ਪ੍ਰਕਾਰ ਦੀ ਮਦਦ ਕਰਨ ਦਾ ਭਰੋਸਾ ਦਿੱਤਾ।

# ਵਿਦਿਆਰਥੀ ਸੁਰੱਖਿਆ ਸਾਡੀ ਜ਼ਿੰਮੇਵਾਰੀ-ਰੁਡ

**ਨਵੀਂ ਦਿੱਲੀ:** ਆਸਟਰੇਲੀਆ ਦੇ ਪ੍ਰਧਾਨ ਮੰਤਰੀ ਕੇਵਿਨ ਰੁਡ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ 'ਚ ਰਹਿ ਰਹੇ ਸਾਰੇ ਵਿਦੇਸ਼ੀ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਉਨ੍ਹਾਂ ਦੀ ਸਰਕਾਰ ਵਚਨਬੱਧ ਹੈ। ਇਹ ਵਿਚਾਰ ਉਨ੍ਹਾਂ ਨੇ ਉਦਯੋਗ ਮੰਡਲਾਂ ਸੀ ਆਈ ਆਈ, ਫਿੱਕੀ ਅਤੇ ਐਸੋਚੈਮ ਦੁਆਰਾ ਇਥੇ ਕੀਤੀ ਗਈ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਭਾਰਤੀ ਵਿਦਿਆਰਥੀ ਦੋਹਾਂ ਦੇਸ਼ਾਂ ਦੇ ਕਾਰੋਬਾਰੀ ਸਬੰਧਾਂ ਦੇ ਭਵਿੱਖ ਦੀ ਨੁਮਾਇੰਦਗੀ ਕਰਦੇ ਹਨ ਅਤੇ ਉਹ ਸਾਡੇ ਦੇਸ਼ ਦੇ ਮਾਨਯੋਗ ਮਹਿਮਾਨ ਹਨ। ਜ਼ਿਕਰਯੋਗ ਹੈ ਕਿ ਭਾਰਤੀ ਵਿਦਿਆਰਥੀਆਂ ਨੂੰ ਆਸਟਰੇਲੀਆ 'ਚ ਨਸਲੀ ਹਿੰਸਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਵਿਦੇਸ਼ ਮੰਤਰੀ ਐਸਐਮ ਕ੍ਰਿਸ਼ਨਾ ਪਹਿਲਾਂ ਹੀ ਇਸ ਮਾਮਲੇ ਨੂੰ ਆਸਟਰੇਲੀਆ ਸਰਕਾਰ ਕੋਲ ਉਠਾ ਚੁੱਕੇ ਹਨ। ਆਸਟਰੇਲੀਆਈ ਪ੍ਰਧਾਨ ਮੰਤਰੀ ਕੇਵਿਨ ਰੁੱਡ ਨੇ ਸ਼ੁੱਕਰਵਾਰ ਨੂੰ ਰਾਜਧਾਨੀ ਸਥਿਤ ਕੌਮੀ ਮਿਊਜ਼ੀਅਮ ਦਾ ਦੌਰਾ ਕੀਤਾ ਅਤੇ ਭਾਰਤੀ ਸੰਸਕ੍ਰਿਤੀ ਦੇ ਇਤਿਹਾਸ ਤੋਂ ਜਾਣੂ ਹੋਏ। ਮਿਊਜ਼ੀਅਮ 'ਚ ਮਸ਼ੂਹਰ ਇਤਿਹਾਸਕਾਰ ਏਐਲ ਬੈਸ਼ਮ ਦੀ ਕਿਤਾਬ 'ਦ ਵੰਡਰ ਦੈਟ ਵਾਜ਼ ਇੰਡੀਆ' ਵੇਖੀ ਤਾਂ ਉਨ੍ਹਾਂ ਕਿਤਾਬ 'ਚ ਭਾਰਤ ਬਾਰੇ ਦਿੱਤੀ ਜਾਣਕਾਰੀ ਨੂੰ ਦਿਲ ਨਾਲ ਮਹਿਸੂਸ ਕੀਤਾ। ਬੈਸ਼ਮ ਦੀ ਕਿਤਾਬ ਬਾਰੇ ਆਸਟਰੇਲੀਆਈ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਮਿਊਜ਼ੀਅਮ ਬੈਸ਼ਮ ਦੀ ਮਹਾਨਤਾ ਬਾਰੇ ਰੂਬਰੂ ਕਰਵਾਉਂਦਾ । ਇਸ ਤੋਂ ਇਲਾਵਾ ਮਿਊਜ਼ੀਅਮ ਦੀ ਤਾਰੀਫ਼ ਦੇ ਪੁਲ ਬੰਨ੍ਹਦਿਆਂ ਰੁੱਡ ਨੇ ਕਿਹਾ ਕਿ ਇਹ ਬੇਹੱਦ ਖੂਬਸੂਰਤ ਮਿਊਜ਼ੀਅਮ ਹੈ, ਜੋ ਭਾਰਤ ਦੀ ਮਹਾਨ ਸਭਿਅਤਾ ਦੀ ਤਸਵੀਰ ਅੱਖਾਂ ਸਾਹਮਣੇ ਪੇਸ਼ ਕਰਦਾ ਹੈ।

ਅਸੀਂ ਲਿਟਲ ਮਾਸਟਰ ਸਚਿਨ ਨੂੰ ਸਲਾਮ ਕਰਦੇ ਹਾਂ
– ਰੁਡ



ਇਸੇ ਦੌਰਾਨ ਲੰਘੈ ਦਿਨੀਂ ਭਾਰਤ ਦੌਰੇ 'ਤੇ ਆਏ ਆਸਟਰੇਲੀਆਈ ਪ੍ਰਧਾਨ ਮੰਤਰੀ ਕੇਵਿਨ ਰੁਡ ਨੇ ਸਚਿਨ ਤੇਂਦੁਲਕਰ ਦੀ ਪ੍ਰਸ਼ੰਸਾ ਕਰਦੇ ਹੋਏ ਉਸ ਨੂੰ 17000 ਦੌੜਾਂ ਪੂਰੀਆਂ ਕਰਨ ਲਈ ਵਧਾਈ ਦਿਤੀ। ਰੁਡ ਨੇ ਰਾਜਧਾਨੀ ਵਿਚ ਇੰਡੀਆ ਬਿਜ਼ਨਸ ਲੰਚ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਚਿਨ ਨੂੰ ਆਸਟਰੇਲੀਆ ਵਿਚ ਬਹੁਤ ਹੀ ਇੱਜ਼ਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਅਸੀਂ ਲਿਟਲ ਮਾਸਟਰ ਨੂੰ ਸਲਾਮ ਕਰਦੇ ਹਾਂ। ਰੁਡ ਨੇ ਕਿਹਾ ਕਿ ਜੇ ਸਚਿਨ ਸੰਨਿਆਸ ਲੈਣ ਦਾ ਫ਼ੈਸਲਾ ਕਰਦਾ ਹੈ ਤਾਂ ਅਸੀਂ ਆਸਟਰੇਲੀਆ ਵਲੋਂ ਪੂਰੀ ਹਮਾਇਤ ਕਰਾਂਗੇ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੂਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

Quik Signs
Signs • Graphics • Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# ਬ੍ਰਿਟਿਸ਼ ਸੰਸਦ ਮੈਂਬਰਾਂ ਲਈ ਸਹੂਲਤਾਂ ਬਾਰੇ ਸਿਆਸਤ ਗਰਮਾਈ

–ਪੰਜਾਬ ਟਾਈਮਜ਼ ਨਿਊਜ਼ ਸਰਵਿਸ

ਪੰਜਾਬ ਵਿਚ ਪਿਛਲੇ ਦਿਨੀਂ ਸੰਸਦ ਮੈਂਬਰਾਂ ਵਲੋਂ ਆਪਣੀਆਂ ਸਹੂਲਤਾਂ ਵਿਚ ਵਾਧੇ ਦਾ ਮਾਮਲਾ ਚਰਚਾ ਦਾ ਵਿਸ਼ਾ ਰਿਹਾ ਹੈ। ਪਾਰਲੀਮਾਨੀ ਸਿਆਸਤ ਵਿਚ ਵਿਕਸਤ ਮੁਲਕ ਵੀ ਇਸੇ ਪਾਸੇ ਤੁਰ ਪਏ ਹਨ। ਇਸ ਦੀ ਤਾਜ਼ਾ ਉਦਾਹਰ ਬਰਤਾਨੀਆ ਦੀ ਹੈ।

ਲੰਡਨ 'ਚ ਪਿਛਲੇ ਦਿਨੀਂ ਇਕ ਅਹਿਮ ਰਿਪੋਰਟ ਜਾਰੀ ਹੋਈ, ਜਿਸ ਵਿਚ ਬ੍ਰਿਟੇਨ ਦੇ ਸੰਸਦ ਮੈਂਬਰਾਂ ਦੀ ਇਸ ਗੱਲ ਲਈ ਸਖ਼ਤ ਆਲੋਚਨਾ ਕੀਤੀ ਗਈ ਸੀ ਕਿ ਕਿਸ ਤਰ੍ਹਾਂ ਉਹ ਨਿੱਜੀ ਸਹੂਲਤਾਂ ਲਈ ਸਰਕਾਰੀ ਖਜ਼ਾਨੇ ਤੋਂ ਖਰਚਾ ਵਸੂਲ ਰਹੇ ਹਨ।

ਰਿਪੋਰਟ ਵਿਚ ਸਰਕਾਰ ਨੂੰ ਕਿਹਾ ਗਿਆ ਹੈ ਕਿ ਅਜਿਹੇ ਨਿਯਮ ਲਾਗੂ ਕੀਤੇ ਜਾਣ ਕਿ ਭਵਿੱਖ ਵਿਚ ਸੰਸਦ ਮੈਂਬਰ ਜਨਤਾ ਦਾ ਮਾਲ ਆਪਣੇ ਐਸ਼ੋ-ਆਰਾਮ ਲਈ ਇਸਤੇਮਾਲ ਨਾ ਕਰ ਸਕਣ। ਬ੍ਰਿਟਿਸ਼ ਪਾਰਲੀਮੈਂਟ ਦੇ ਦੋਹਾਂ ਸਦਨਾਂ (ਹਾਊਸ ਆਫ਼ ਕਾਮਨਜ਼ ਅਤੇ ਹਾਊਸ ਆਫ਼ ਲਾਰਡਜ਼) ਦੇ ਮੈਂਬਰ ਪਿਛਲੇ ਕਈ ਸਾਲਾਂ ਤੋਂ 'ਨਿੱਜੀ ਖਰਚੇ' ਦੇ ਨਾਂ 'ਤੇ ਸਰਕਾਰੀ ਖ਼ਜ਼ਾਨੇ 'ਚੋਂ ਬੇਸ਼ੁਮਾਰ ਰਕਮ ਵਸੂਲਦੇ ਰਹੇ ਹਨ, ਜਿਸ ਨੂੰ ਬਿਲਕੁਲ ਗੁਪਤ ਰੱਖਿਆ ਜਾਂਦਾ ਸੀ ਕਿਉਂਕਿ ਨਿਯਮ ਹੀ ਕੁਝ ਅਜਿਹੇ ਸਨ। ਸੰਸਦ ਮੈਂਬਰ ਨੂੰ ਬ੍ਰਿਟੇਨ ਵਿਚ ਜਨਤਕ ਵਕਾਰ ਤੋਂ ਇਲਾਵਾ ਕਈ ਹੋਰ ਅਜਿਹੀਆਂ ਸਹੂਲਤਾਂ ਵੀ ਪ੍ਰਾਪਤ ਹਨ, ਜਿਨ੍ਹਾਂ ਦਾ ਆਮ ਲੋਕਾਂ ਨੂੰ ਪਤਾ ਹੀ ਨਹੀਂ ਸੀ। ਉਂਝ ਵੀ ਇੱਥੋਂ ਦਾ ਸਮਾਜ ਉਨ੍ਹਾਂ ਲੋਕਾਂ ਨੂੰ ਸਿਰ-ਅੱਖਾਂ 'ਤੇ ਬਿਠਾਈ ਰੱਖਣ ਦਾ ਆਦੀ ਹੈ, ਜਿਨ੍ਹਾਂ ਦੀ ਕਿਸੇ ਨਾ ਕਿਸੇ ਵਜ੍ਹਾ ਕਰਕੇ ਸ਼ਾਨ ਹੋਵੇ। ਕਿਸੇ ਨੂੰ ਪਤਾ ਹੀ ਨਹੀਂ ਲੱਗਦਾ ਸੀ ਕਿ ਸਮਾਜ ਵਿਚ ਵੱਕਾਰ ਹਾਸਿਲ ਹੋਣ ਕਰਕੇ ਸੰਸਦ ਮੈਂਬਰ ਨਿੱਜੀ ਸੁੱਖ ਸਹੂਲਤਾਂ ਲਈ ਸਰਕਾਰੀ ਖ਼ਜ਼ਾਨੇ ਤੋਂ ਕਿੰਨਾ ਪੈਸਾ ਲੈ ਰਹੇ ਹਨ ਪਰ ਜਦੋਂ ਤੋਂ ਸੂਚਨਾ ਦਾ ਅਧਿਕਾਰ ਕਾਨੂੰਨ ਲਾਗੂ ਹੋਇਆ ਹੈ, ਉਦੋਂ ਤੋਂ ਆਮ ਆਦਮੀ ਇਹ ਜਾਣਕਾਰੀ ਲੈ ਸਕਦਾ ਹੈ ਕਿ ਕੌਣ ਕੀ ਕਰ ਰਿਹਾ ਹੈ?

ਬ੍ਰਿਟੇਨ ਦੀ ਪ੍ਰਸਿੱਧ ਅਖ਼ਬਾਰ 'ਟੈਲੀਗ੍ਰਾਫ' ਨੇ ਪਿਛਲੇ ਸਾਲ ਇਹ ਜਾਣਕਾਰੀ ਹਾਸਿਲ ਕੀਤੀ ਕਿ ਸੰਸਦ ਮੈਂਬਰ ਕੀ ਕਰ ਰਹੇ ਹਨ। ਉਸਨੇ ਜਨਤਾ ਸਾਹਮਣੇ ਭੇਦ ਖੋਲ੍ਹਿਆ ਕਿ ਜਨਤਾ ਦੇ ਚੁਣੇ ਹੋਏ ਇਹ ਨੁਮਾਇੰਦੇ ਆਪਣੇ ਐਸ਼ੋ-ਆਰਾਮ ਲਈ ਕਿਸ ਤਰ੍ਹਾਂ ਦੋਵੇਂ ਹੱਥੀਂ ਸਰਕਾਰੀ ਖ਼ਜ਼ਾਨਾ ਲੁੱਟ ਰਹੇ ਹਨ। 'ਟੈਲੀਗ੍ਰਾਫ' ਨੇ ਜਦੋਂ ਇਹ ਭੇਦ ਖੋਲ੍ਹਣਾ ਸ਼ੁਰੂ ਕੀਤਾ ਤਾਂ ਦੇਸ਼ ਭਰ ਵਿਚ ਸਨਸਨੀ ਫੈਲ ਗਈ, ਸਾਰੀਆਂ ਸਿਆਸੀ ਪਾਰਟੀਆਂ ਦੇ ਮੈਂਬਰ, ਮੰਤਰੀ, ਹਾਊਸ ਆਫ਼ ਕਾਮਨਜ਼ ਦੇ ਸਪੀਕਰ, ਹਾਊਸ ਆਫ਼ ਲਾਰਡਜ਼ ਦੇ ਡਿਪਟੀ ਸਪੀਕਰ ਆਦਿ ਨਾਲ ਸੰਬੰਧਤ ਵੇਰਵੇ ਪੜ੍ਹ ਕੇ ਜਨਤਾ ਹੈਰਾਨ ਰਹਿ ਗਈ ਤੇ ਸਰਕਾਰ ਦੀ ਬੋਲਤੀ ਬੰਦ ਹੋ ਗਈ। ਅਖ਼ਬਾਰ ਨੇ ਵੀ ਇਕੋ ਸਮੇਂ ਸਾਰਿਆਂ ਦਾ ਭੇਦ ਨਹੀਂ ਖੋਲ੍ਹਿਆ ਕਿ ਕੌਣ ਕਿੰਨਾ-ਕਿੰਨਾ ਮਾਲ ਬਟੋਰ ਚੁੱਕਾ ਹੈ) ਉਸਨੇ ਇਕ-ਇਕ ਕਰਕੇ ਨਾਂ ਛਾਪਣੇ ਸ਼ੁਰੂ ਕੀਤੇ। ਹਾਲਤ ਇਹ ਹੋ ਗਈ ਕਿ ਸੰਸਦ ਮੈਂਬਰ ਜਨਤਾ ਸਾਹਮਣੇ ਆਉਣ ਤੋਂ ਝਿਜਕਣ ਲੱਗੇ। ਕਈ ਅਸਤੀਫ਼ਾ ਦੇ ਗਏ, ਜਿਨ੍ਹਾਂ 'ਚ ਗ੍ਰਹਿ ਮੰਤਰੀ ਜੈਕੀ ਸਮਿਥ ਵੀ ਸ਼ਾਮਿਲ ਹਨ। ਉਨ੍ਹਾਂ ਦੇ ਪਤੀ ਅਸ਼ਲੀਲ ਫਿਲਮਾਂ ਕਿਰਾਏ ਤੇ ਲੈ ਕੇ ਦੇਖਦੇ ਰਹੇ ਤੇ ਉਸ ਕਿਰਾਏ ਦਾ ਖ਼ਰਚਾ ਪੈਂਦਾ ਰਿਹਾ ਗ੍ਰਹਿ ਮੰਤਰੀ ਦੇ ਸਰਕਾਰੀ ਬਿੱਲਾਂ 'ਚ। ਨਿਯਮਾਂ ਅਨੁਸਾਰ ਸੰਸਦ ਮੈਂਬਰਾਂ ਨੂੰ ਇਸ ਗੱਲ ਦਾ ਅਧਿਕਾਰ ਹੈ ਕਿ ਆਪਣੀ ਰਿਹਾਇਸ਼ ਵਾਲੇ ਮਕਾਨ ਲਈ, ਉਸਦੀ ਮੁਰੰਮਤ 'ਤੇ ਆਉਣ ਵਾਲੇ ਖ਼ਰਚੇ ਆਦਿ ਲਈ ਰਕਮ ਵਸੂਲ ਸਕਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਇਹ ਵੀ ਅਧਿਕਾਰ ਹੈ ਕਿ ਜੇ ਉਹ ਪਾਰਲੀਮੈਂਟ ਤੋਂ 20 ਮੀਲ ਤੋਂ ਜ਼ਿਆਦਾ ਦੂਰ ਰਹਿੰਦੇ ਹਨ ਤਾਂ ਉਥੋਂ ਸਦਨ 'ਚ ਆਉਣ ਜਾਣ ਦੇ ਖ਼ਰਚੇ ਤੋਂ ਇਲਾਵਾ ਖ਼ਰੀਦੇ ਗਏ ਮਕਾਨ 'ਤੇ ਲਏ ਗਏ ਕਰਜ਼ੇ ਦੇ ਵਿਆਜ ਦੀ ਰਕਮ ਵੀ ਉਹ ਸਰਕਾਰੀ ਖਜ਼ਾਨੇ ਤੋਂ ਲੈ ਸਕਦੇ ਹਨ। ਇਹ ਸਹੂਲਤ ਦਾ ਸਾਰੇ ਸੰਸਦ ਮੈਂਬਰਾਂ ਨੇ ਦਿਲ ਖੋਲ੍ਹ ਕੇ ਲਾਭ ਉਠਾਇਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਇਕ ਹੋਰ ਸਹੂਲਤ ਵੀ ਪ੍ਰਾਪਤ ਹੈ। ਪਾਰਲੀਮੈਂਟ ਵਿਚ ਆਪਣੇ ਦਫ਼ਤਰੀ ਕੰਮਕਾਜ ਲਈ ਸੰਸਦ ਮੈਂਬਰ ਸੈਕਟਰੀ ਰੱਖ ਸਕਦੇ ਹਨ ਤੇ ਇਸ ਅਹੁਦੇ 'ਤੇ ਉਨ੍ਹਾਂ ਦੀ ਆਪਣੀ ਪਤਨੀ, ਰਿਸ਼ਤੇਦਾਰ ਤੇ ਆਪਣੇ ਬੇਟੇ ਨੂੰ, ਜੋ ਯੂਨੀਵਰਸਿਟੀ ਵਿਚ ਪੜ੍ਹਦਾ ਹੋਵੇ, ਨਿਯੁਕਤ ਕੀਤਾ ਜਾ ਸਕਦਾ ਹੈ। ਕਈ ਸੰਸਦ ਮੈਂਬਰਾਂ ਨੇ ਅਜਿਹੇ ਮਿੱਤਰ ਵੀ ਸੈਕਟਰੀ ਵਜੋਂ ਬਿੱਲਾਂ ਵਿਚ ਦਿਖਾਏ, ਜਿਨ੍ਹਾਂ ਨੇ ਕਦੇ ਕੰਮ ਹੀ ਨਹੀਂ ਕੀਤਾ। 415 ਅਜਿਹੇ ਸੰਸਦ ਮੈਂਬਰਾਂ ਦੇ ਨਾਂ ਸਾਹਮਣੇ ਆਏ, ਜੋ ਰਿਹਾਇਸ਼ ਲਈ ਦੂਜਾ ਮਕਾਨ ਦਿਖਾ ਕੇ ਸਰਕਾਰੀ ਖਜ਼ਾਨੇ 'ਚੋਂ ਉਸ ਦਾ ਖ਼ਰਚਾ ਵਸੂਲਦੇ ਰਹੇ ਤੇ ਅਜਿਹੇ ਸੰਸਦ ਮੈਂਬਰਾਂ ਦੀ ਗਿਣਤੀ 250 ਹੈ, ਜਿਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ 'ਨੌਕਰ' ਦਿਖਾ ਕੇ ਖ਼ਰਚਾ ਵਸੂਲਿਆ।



ਬ੍ਰਿਟੇਨ ਦੀ ਗ੍ਰਹਿ ਮੰਤਰੀ ਜੈਕੀ ਸਮਿਥ

ਖ਼ਰਚਾ ਵਸੂਲਣ ਦੇ ਵਿਸ਼ੇ 'ਤੇ ਇਸ ਸਮੇਂ ਬ੍ਰਿਟੇਨ ਦੀ ਸਿਆਸਤ ਖ਼ੂਬ ਗਰਮਾਈ ਹੋਈ ਹੈ। ਕਈ ਮੈਂਬਰ ਅਸਤੀਫ਼ਾ ਦੇ ਗਏ ਹਨ ਅਤੇ ਕਈਆਂ ਨੇ ਐਲਾਨ ਕਰ ਦਿੱਤਾ ਹੈ ਕਿ ਉਹ ਅਗਲੀਆਂ ਚੋਣਾਂ ਵਿਚ ਖੜ੍ਹੇ ਨਹੀਂ ਹੋਣਗੇ ਕਿਉਂਕਿ ਉਨ੍ਹਾਂ ਦੇ ਚੋਣ ਹਲਕੇ ਦੇ ਲੋਕ ਇਸ ਗੱਲੋਂ ਨਾਰਾਜ਼ ਹਨ ਕਿ ਉਹ ਕਿਸ ਤਰ੍ਹਾਂ ਸਰਕਾਰੀ ਖ਼ਜ਼ਾਨੇ ਨੂੰ ਲੁੱਟਦੇ ਰਹੇ। ਲੋਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਉੱਚੇ ਅਹੁਦੇ 'ਤੇ ਨਿਯੁਕਤ ਇਨ੍ਹਾਂ ਲੋਕਾਂ ਨੂੰ ਤਾਂ ਅਜਿਹੀ ਮਿਸਾਲ ਪੇਸ਼ ਕਰਨੀ ਚਾਹੀਦੀ ਸੀ, ਜੋ ਆਮ ਲੋਕਾਂ ਨੂੰ ਕੋਈ ਪ੍ਰੇਰਨਾ ਦਿੰਦੀ। ਨਵੀਂ ਰਿਪੋਰਟ ਵਿਚ ਸਰਕਾਰ ਨੂੰ ਕਿਹਾ ਗਿਆ ਹੈ ਕਿ ਦੋ ਮਕਾਨ ਦਿਖਾ ਕੇ ਸਰਕਾਰੀ ਖ਼ਜ਼ਾਨੇ 'ਚੋਂ ਪੈਸਾ ਵਸੂਲਣ ਤੇ ਆਪਣੇ ਰਿਸ਼ਤੇਦਾਰਾਂ ਨੂੰ 'ਨੌਕਰ' ਦਿਖਾ ਕੇ ਖਰਚਾ ਲੈਣ ਦੀਆਂ ਸਹੂਲਤਾਂ ਬੰਦ ਕੀਤੀਆਂ ਜਾਣ। ਕਈ ਮੈਂਬਰ ਇਸ ਗੱਲ ਦੇ ਵਿਰੁਧ ਹਨ ਅਤੇ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਜਦੋਂ ਇਹ ਰਿਪੋਰਟ ਪਾਰਲੀਮੈਂਟ ਵਿਚ ਪੇਸ਼ ਕੀਤੀ ਜਾਵੇਗੀ ਤਾਂ ਹੋ ਸਕਦਾ ਹੈ ਕਿ ਇਸਨੂੰ ਸਿਰੇ ਨਾ ਚੜ੍ਹਨ ਦਿੱਤਾ ਜਾਵੇ। ਜਿਨ੍ਹਾਂ-ਜਿਨ੍ਹਾਂ ਮੈਂਬਰਾਂ ਨੇ ਨਿਯਮਾਂ ਦੀ ਨਰਮੀ ਦਾ ਲਾਭ ਉਠਾ ਕੇ ਸਰਕਾਰੀ ਖ਼ਜ਼ਾਨੇ 'ਚੋਂ ਖ਼ਰਚਾ ਵਸੂਲਿਆ ਹੈ, ਉਨ੍ਹਾਂ ਦੀ ਜਾਂਚ-ਪੜਤਾਲ ਹੋ ਰਹੀ ਹੈ ਤੇ ਉਨ੍ਹਾਂ 'ਚ ਲਾਰਡ ਸਵਰਾਜਪਾਲ ਵੀ ਸ਼ਾਮਿਲ ਹਨ।

# ਬਿਹਾਰ ਵਿਚ ਤੇਜ਼ੀ ਨਾਲ ਬਦਲ ਰਹੀ ਸਿਆਸੀ ਹਾਲਤ

–ਪੰਜਾਬ ਟਾਈਮਜ਼ ਨਿਊਜ਼ ਸਰਵਿਸ

**ਪਟਨਾ:** ਲਾਲੂ ਤੇ ਉਨ੍ਹਾਂ ਦੀ ਪਤਨੀ ਰਾਬੜੀ ਦੇਵੀ ਨੇ ਬਿਹਾਰ ਵਿਚ 1990 ਤੋਂ 15 ਸਾਲਾਂ ਤਕ ਰਾਜ ਕੀਤਾ। ਲਾਲੂ ਆਪਣੇ ਬਿਹਾਰੀ ਪਹਿਰਾਵੇ, ਬੋਲੀ, ਹੇਅਰ ਸਟਾਈਲ ਤੇ ਕਦੇ ਗਾਂ ਦਾ ਦੁੱਧ ਚੋਂਦਿਆਂ ਤੇ ਕਦੇ ਸਬਜ਼ੀ ਬਣਾਉਂਦਿਆਂ ਖ਼ੁਦ ਨੂੰ ਆਮ ਆਦਮੀ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਰਹੇ। ਲਾਲੂ ਜੋੜੇ ਦੇ ਰਾਜ 'ਚ ਕਾਨੂੰਨ ਵਿਵਸਥਾ ਦੀ ਹਾਲਤ ਇੰਨੀ ਵਿਗੜੀ ਕਿ ਸੂਬੇ 'ਚ ਆਏ ਦਿਨ ਜਾਤੀ ਕਤਲੇਆਮ ਦੀਆਂ ਘਟਨਾਵਾਂ ਹੁੰਦੀਆਂ। ਅਪਰਾਧੀ ਸਾਰੇ ਸੂਬੇ 'ਚ ਸ਼ਰੇਆਮ ਘੁੰਮ ਰਹੇ ਸਨ, ਰੇਲ ਗੱਡੀਆਂ ਤੇ ਬੱਸਾਂ ਦਿਨ-ਦਿਹਾੜੇ ਲੁੱਟਣ, ਅਗਵਾ ਤੇ ਫਿਰੌਤੀਆਂ ਵਸੂਲਣ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ। ਸੂਬੇ 'ਚ ਸੜਕਾਂ ਟੁੱਟੀਆਂ ਭੱਜੀਆਂ ਸਨ ਤੇ ਲਾਲੂ ਅਕਸਰ ਕਹਿੰਦੇ ਹੁੰਦੇ ਸਨ ਕਿ ਚੰਗੀਆਂ ਸੜਕਾਂ ਬਣ ਗਈਆਂ ਤਾਂ ਬਹੁਕੌਮੀ ਕੰਪਨੀਆਂ ਅਤੇ ਵੱਡੇ ਉਦਯੋਗਪਤੀ ਇਥੋਂ ਦੀਆਂ ਜ਼ਮੀਨਾਂ ਹੜੱਪ ਲੈਣਗੇ। ਬਿਜਲੀ ਸਪਲਾਈ ਦੀ ਹਾਲਤ ਵੀ ਤਰਸਯੋਗ ਸੀ। ਸੂਬੇ ਵਿਚ ਵਧਦੇ ਅਪਰਾਧਾਂ ਤੇ ਬੁਨਿਆਦੀ ਢਾਂਚੇ 'ਚ ਕਮੀ ਕਾਰਨ ਉਦਯੋਗਪਤੀ ਤੇ ਵਪਾਰੀ ਬਿਹਾਰ ਛੱਡ ਕੇ ਹੋਰਨਾਂ ਸੂਬਿਆਂ ਵਿਚ ਪਲਾਇਨ ਕਰ ਰਹੇ ਸਨ।

ਨਤੀਜਾ ਇਹ ਨਿਕਲਿਆ ਕਿ ਬਿਹਾਰ 'ਚ ਰੋਜ਼ਗਾਰ ਖ਼ਤਮ ਹੋ ਗਏ ਤੇ ਲੋਕ ਵੱਡੀ ਗਿਣਤੀ 'ਚ ਰੋਜ਼ੀ ਰੋਟੀ ਲਈ ਕੋਲਕਾਤਾ, ਹਰਿਆਣਾ, ਪੰਜਾਬ, ਮੁੰਬਈ ਤੇ ਹੋਰਨਾਂ ਸ਼ਹਿਰਾਂ ਨੂੰ ਪਲਾਇਨ ਕਰਕੇ ਜਾਣ ਲੱਗੇ। ਲਾਲੂ ਤੇ ਰਾਬੜੀ ਵਲੋਂ ਵੱਡੇ-ਵੱਡੇ ਦਾਅਵੇ ਕਰਨ ਦੇ ਬਾਵਜੂਦ ਸਥਿਤੀਆਂ ਲਗਾਤਾਰ ਵਿਗੜਦੀਆਂ ਗਈਆਂ ਤੇ ਨਵੰਬਰ 2005 ਵਿਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਲਾਲੂ ਦੀ ਪਾਰਟੀ ਰਾਸ਼ਟਰੀ ਜਨਤਾ ਦਲ ਹਾਰ ਗਈ ਅਤੇ ਨਿਤਿਸ਼ ਕੁਮਾਰ ਦੀ ਅਗਵਾਈ ਹੇਠ ਜਨਤਾ ਦਲ (ਯੂ)-ਭਾਜਪਾ ਗਠਜੋੜ ਸੱਤਾ 'ਚ ਆ ਗਿਆ।ਸ਼ੁਰੂ-ਸ਼ੁਰੂ ਵਿਚ ਸੂਬੇ 'ਚ ਅਪਰਾਧਾਂ ਦੀਆਂ ਖ਼ਬਰਾਂ ਆਉਂਦੀਆਂ ਸਨ ਪਰ ਹੁਣ ਉਹ ਆਉਣੀਆਂ ਘਟ ਗਈਆਂ ਹਨ। ਨਿਤਿਸ਼ ਸਰਕਾਰ ਨੇ ਕਾਨੂੰਨ ਵਿਵਸਥਾ ਨੂੰ ਸੁਧਾਰਨ ਲਈ ਹੁਣ ਤਕ 35 ਹਜ਼ਾਰ ਤੋਂ ਜ਼ਿਆਦਾ ਅਪਰਾਧੀਆਂ ਨੂੰ ਜੇਲ ਵਿਚ ਬੰਦ ਕਰ ਦਿੱਤਾ ਹੈ। ਅਗਵਾ, ਫਿਰੌਤੀਆਂ ਤੇ ਗੁੰਡਾ ਟੈਕਸ ਵਸੂਲਣ ਦੀਆਂ ਖ਼ਬਰਾਂ ਹੁਣ ਕਦੇ-ਕਦਾਈਂ ਹੀ ਆਉਂਦੀਆਂ ਹਨ।ਪ੍ਰਸ਼ਾਸਨ ਵਲੋਂ ਹੁਣ ਅਪਰਾਧੀਆਂ ਨੂੰ ਛੇਤੀ ਤੋਂ ਛੇਤੀ ਸਖ਼ਤ ਸਜ਼ਾ ਦਿਵਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਤਾਂ ਕਿ ਉਨ੍ਹਾਂ ਦੇ ਮਨ 'ਚ ਕਾਨੂੰਨ ਦਾ ਡਰ ਰਹੇ। ਪੁਲਸ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਅਪਰਾਧੀਆਂ ਪ੍ਰਤੀ ਨਰਮੀ ਨਾ ਵਰਤਣ।

ਸੂਬੇ 'ਚ ਪੂੰਜੀ ਨਿਵੇਸ਼ ਨੂੰ ਆਕਰਸ਼ਿਤ ਕਰਨ ਤੇ ਰੋਜ਼ਗਾਰ ਵਧਾਉਣ ਲਈ ਨਿਤਿਸ਼ ਕੁਮਾਰ ਨੇ ਉਦਯੋਗਪਤੀਆਂ ਤੇ ਵਪਾਰੀਆਂ ਦਾ ਸੰਮੇਲਨ ਕੀਤਾ ਸੀ, ਜਿਸ 'ਚ 125 ਵੱਡੀਆਂ ਕੰਪਨੀਆਂ ਨੇ ਹਿੱਸਾ ਲਿਆ ਅਤੇ ਉਨ੍ਹਾਂ ਨੇ ਹੁਣ ਬਦਲਦੇ ਹਾਲਾਤ 'ਚ ਬਿਹਾਰ ਵਿਚ ਪੂੰਜੀ ਨਿਵੇਸ਼ ਤੇ ਉਦਯੋਗਾਂ ਦੀ ਸਥਾਪਨਾ 'ਚ ਦਿਲਚਸਪੀ ਵਿਖਾਈ ਹੈ। ਖੇਤੀ ਖੇਤਰ ਲਈ 6 ਹਜ਼ਾਰ ਕਰੋੜ ਰੁਪਏ ਦੀਆਂ ਯੋਜਨਾਵਾਂ ਬਣਾਈਆਂ ਗਈਆਂ ਹਨ। ਬੇ-ਜ਼ਮੀਨਿਆਂ ਨੂੰ 3-3 ਮਰਲੇ ਜ਼ਮੀਨ ਦਿੱਤੀ ਜਾ ਰਹੀ ਹੈ। ਗ੍ਰਾਮੀਣ ਰੋਜ਼ਗਾਰ ਗਾਰੰਟੀ ਯੋਜਨਾ ਦੇ ਤਹਿਤ ਕੇਂਦਰ ਤੋਂ ਮਿਲਣ ਵਾਲੀ ਗ੍ਰਾਂਟ ਨਾਲ ਦਿਹਾਤੀਆਂ ਨੂੰ ਉਨ੍ਹਾਂ ਦੇ ਪਿੰਡਾਂ ਵਿਚ ਹੀ ਜਨਤਕ ਨਿਰਮਾਣ ਕਾਰਜਾਂ 'ਚ ਰੋਜ਼ਗਾਰ ਮਿਲ ਰਿਹਾ ਹੈ। ਸੂਬੇ 'ਚ ਕਾਫੀ ਸੜਕਾਂ ਬਣੀਆਂ ਹਨ। ਇਸ ਤੋਂ ਇਲਾਵਾ ਪਿਛਲੇ 4 ਸਾਲਾਂ 'ਚ 2.40 ਲੱਖ ਅਧਿਆਪਕਾਂ ਦੀ ਭਰਤੀ ਵੀ ਕੀਤੀ ਗਈ ਹੈ। ਇਸ ਤਬਦੀਲੀ ਦਾ ਸਿੱਟਾ ਇਹ ਨਿਕਲਿਆ ਹੈ ਕਿ ਬਿਹਾਰ 'ਚੋਂ ਹੁਣ ਮਜ਼ਦੂਰਾਂ ਦਾ ਬਾਕੀ ਸੂਬਿਆਂ 'ਚ ਜਾਣਾ ਕੁਝ ਘਟਿਆ ਹੈ। ਪੰਜਾਬ ਵਿਚ ਉਥੋਂ ਮਜ਼ਦੂਰਾਂ ਦੇ ਨਾ ਆਉਣ ਕਰਕੇ ਜ਼ਿਮੀਂਦਾਰਾਂ ਤੇ ਕਾਰਖਾਨੇਦਾਰਾਂ ਨੂੰ ਮਜ਼ਦੂਰਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਿਹਾਰ ਤੇ ਯੂ.ਪੀ.ਤੋਂ ਵੱਡੀ ਗਿਣਤੀ 'ਚ ਆਉਣ ਵਾਲੇ ਮਜ਼ਦੂਰਾਂ ਕਾਰਨ ਹੀ ਮੁੰਬਈ ਵਿਚ ਸ਼ਿਵ ਸੈਨਾ ਤੇ ਮਨਸੇ ਇਨ੍ਹਾਂ ਦਾ ਵਿਰੋਧ ਕਰਦੀਆਂ ਆ ਰਹੀਆਂ ਹਨ।

# ਅਮਰੀਕਾ ਤੇ ਰੂਸ ਪ੍ਰਮਾਣੂ ਸੰਧੀ 'ਤੇ ਸਹਿਮਤ

**ਸਿੰਗਾਪੁਰ:** ਏਸ਼ੀਆ ਪ੍ਰਸ਼ਾਂਤ ਆਰਥਕ ਸਹਿਯੋਗ ਸੰਮੇਲਨ ਮੁਕੰਮਲ ਹੋਣ ਮੌਕੇ ਅਮਰੀਕੀ ਸਦਰ ਬਰਾਕ ਓਬਾਮਾ ਨੇ ਕਿਹਾ ਕਿ ਅਮਰੀਕਾ ਤੇ ਰੂਸ ਇਸੇ ਸਾਲ ਦੇ ਅੰਤ ਤਕ ਐਲਾਨੀ ਜਾਣ ਵਾਲੀ ਨਵੀਂ ਸੰਧੀ ਸਹੀਬੱਧ ਕਰਨ ਲਈ ਰਾਜ਼ੀ ਹੋ ਗਏ ਹਨ ਜੋ ਪ੍ਰਮਾਣੂ ਹਥਿਆਰਾਂ ਦੀ ਗਿਣਤੀ ਘਟਾਉਣ ਦੀਆਂ ਕੋਸ਼ਿਸ਼ਾਂ ਨੂੰ ਉਤਸ਼ਾਹਤ ਕਰਨ ਵਿਚ ਸਹਾਈ ਹੋਵੇਗੀ।

ਇਸ ਸੰਮੇਲਨ ਵਿਚ ਅਮਰੀਕੀ ਸਦਰ ਦੀਆਂ ਪ੍ਰਮਾਣੂ ਅਪਸਾਰ ਦੀਆਂ ਕੋਸ਼ਿਸ਼ਾਂ ਨੂੰ ਰੂਸੀ ਸਹਿਯੋਗ ਮਿਲ ਜਾਣ ਦੀ ਪ੍ਰਾਪਤੀ ਤੋਂ ਇਲਾਵਾ ਇਹ ਵੀ ਸਪਸ਼ਟ ਹੋ ਗਿਆ ਕਿ ਅਗਲੇ ਮਹੀਨੇ ਕੋਪਨਹੇਗਨ ਵਿਚ ਕਰਵਾਈ ਜਾਣ ਵਾਲੀ 192 ਦੇਸ਼ਾਂ ਦੀ ਬੈਠਕ ਦੌਰਾਨ, ਕਾਰਬਨ ਤਰਜ਼ੀਕਰਨ ਘਟਾਉਣ ਲਈ ਨਵੀਂ ਕੌਮਾਂਤਰੀ ਸੰਧੀ 'ਤੇ ਜ਼ੋਰ ਨਹੀਂ ਦਿੱਤਾ ਜਾਵੇਗਾ।

ਸ੍ਰੀ ਓਬਾਮਾ ਨੇ ਆਪਣੀ ਦੋ ਦਿਨਾਂ ਸਿੰਗਾਪੁਰ ਫੇਰੀ ਦੌਰਾਨ 10 ਦੱਖਣ ਪੂਰਬੀ ਏਸ਼ਿਆਈ ਦੇਸ਼ਾਂ ਦੇ ਆਗੂਆਂ ਦੀ ਬੈਠਕ ਵਿਚ ਵੀ ਸ਼ਿਰਕਤ ਕੀਤੀ ਤੇ ਉਹ ਸੈਨਿਕ ਸ਼ਾਸਨ ਹੇਠਲੇ ਮਿਆਂਮਾਰ ਦੇ ਪ੍ਰਧਾਨ ਮੰਤਰੀ ਦੀ ਹਾਜ਼ਰੀ ਵਾਲੀ ਇਸ ਬੈਠਕ ਵਿਚ ਸ਼ਾਮਲ ਹੋਣ ਵਾਲੇ ਪਹਿਲੇ ਅਮਰੀਕੀ ਸਦਰ ਬਣ ਗਏ। ਮਗਰੋਂ ਅਮਰੀਕਾ ਵਲੋਂ ਜਾਰੀ ਸਰਕਾਰੀ ਜਾਣਕਾਰੀ ਵਿਚ ਕਿਹਾ ਗਿਆ ਕਿ ਅਮਰੀਕੀ ਸਦਰ ਨੇ ਮਿਆਂਮਾਰ ਦੇ ਆਗੂ ਜਨਰਲ ਥੇਨ ਸੀਨ ਨੂੰ ਸਾਫ-ਸਾਫ ਕਿਹਾ ਕਿ ਉਨ੍ਹਾਂ ਨੂੰ ਜਮਹੂਰੀਅਤ ਪੱਖੀ ਤੇ ਨੋਬਲ ਸਨਮਾਨ ਜੇਤੂ ਆਗੂ ਔਂਗ ਸਾਂ ਸੂ ਕੀ ਤੇ ਹੋਰ ਸਿਆਸੀ ਕੈਦੀਆਂ ਨੂੰ ਰਿਹਾਅ ਕਰਨਾ ਹੀ ਪਵੇਗਾ। ਉਂਜ ਵਿਸ਼ਵ ਭਰ ਵਿਚ ਮਨੁੱਖੀ ਹੱਕਾਂ ਦੇ ਘਾਣ ਸਬੰਧੀ ਮਿਆਂਮਾਰ ਦਾ ਨਾਂ ਮੋਹਰੀ ਹੋਣ ਦੇ ਬਾਵਜੂਦ ਅਮਰੀਕਾ ਤੇ ਆਸੀਆਨ ਦੇਸ਼ਾਂ ਵਲੋਂ ਜਾਰੀ ਸਾਂਝੇ ਐਲਾਨਨਾਮੇ ਵਿਚ ਔਂਗ ਸੂ ਕੀ ਦਾ ਜ਼ਿਕਰ ਤੱਕ ਨਹੀਂ ਸੀ। ਇਸੇ ਦੌਰਾਨ ਅਮਰੀਕੀ ਸਦਰ ਬਰਾਕ ਓਬਾਮਾ ਤੇ ਰੂਸੀ ਸਦਰ ਦਮਿਤਰੀ ਮੈਦਵੇਦੇਵ ਨੇ, ਪ੍ਰਮਾਣੂ ਮਸਲੇ 'ਤੇ ਇਰਾਨ ਵਲੋਂ ਸੰਯੁਕਤ ਰਾਸ਼ਟਰ ਦੇ ਨਿਰਦੇਸ਼ਾਂ ਸਬੰਧੀ ਦਿਖਾਈ ਜਾ ਰਹੀ ਬੇਰੁਖ਼ੀ ਸਬੰਧੀ ਸਖ਼ਤ ਹੁੰਦਿਆਂ ਕਿਹਾ ਕਿ ਇਰਾਨ ਕੋਲ ਇਸ ਮਾਮਲੇ ਬਾਰੇ ਕਾਰਵਾਈ ਕਰਨ ਦਾ ਸਮਾਂ ਘੱਟਦਾ ਜਾ ਰਿਹਾ ਹੈ ਹਾਲਾਂਕਿ ਵਿਸ਼ਵ ਭਰ ਨੇ ਇਸ ਸਬੰਧ ਵਿਚ ਇਰਾਨ ਨੂੰ ਆਪਣੇ ਸਟੈਂਡ ਬਾਰੇ ਸਪਸ਼ਟ ਇਤਲਾਹ ਦੇ ਦਿੱਤੀ ਹੋਈ ਹੈ।

# ਐਟਮੀ ਕਰਾਰ ਵਿਚ ਅਮਰੀਕਾ ਨੇ ਨਵੀਂ ਸ਼ਰਤ ਰੱਖੀ

**ਵਾਸ਼ਿੰਗਟਨ :** ਭਾਰਤ-ਅਮਰੀਕਾ ਗ਼ੈਰ ਫ਼ੌਜੀ ਪ੍ਰਮਾਣੂ ਵਪਾਰ ਨੂੰ ਅੱਗੇ ਵਧਾਉਣ ਲਈ ਓਬਾਮਾ ਪ੍ਰਸ਼ਾਸਨ ਨੇ ਭਾਰਤ 'ਤੇ ਇੱਕ ਨਵੀਂ ਸ਼ਰਤ ਰੱਖਦਿਆਂ ਪ੍ਰਮਾਣੂ ਅਪ੍ਰਸਾਰ ਬਾਰੇ ਲਿਖਤੀ ਭਰੋਸਾ ਮੰਗਿਆ ਹੈ। ਸੂਤਰਾਂ ਅਨੁਸਾਰ ਭਾਰਤ ਵਲੋਂ ਦਿੱਤਾ ਜਾਣ ਵਾਲਾ ਇਹ ਭਰੋਸਾ ਹੁਣ ਭਾਰਤ-ਅਮਰੀਕਾ ਸਿਵੀਲਅਨ ਪ੍ਰਮਾਣੂ ਵਪਾਰ ਦੇ ਮਾਮਲੇ 'ਚ ਨਵੀਂ ਰੁਕਾਵਟ ਬਣ ਗਿਆ ਹੈ ਅਤੇ ਮਾਮਲੇ ਨਾਲ ਜੁੜੇ ਅਮਰੀਕੀ ਅਧਿਕਾਰੀ ਭਾਰਤ ਦੇ ਹੁੰਗਾਰੇ ਨੂੰ 'ਭਾਰਤ ਫੋਨ ਨਹੀਂ ਚੁੱਕ ਰਿਹਾ' ਦਾ ਨਾਂਅ ਦੇ ਰਹੇ ਹਨ।

ਅਮਰੀਕੀ ਅਧਿਕਾਰੀਆਂ ਅਨੁਸਾਰ ਭਾਰਤ ਵਲੋਂ ਇਸ ਸਬੰਧੀ ਭਰੋਸਾ ਨਾ ਦਿੱਤੇ ਜਾਣ ਦੀ ਸੂਰਤ 'ਚ ਅਮਰੀਕਾ ਦੇ ਊਰਜਾ ਵਿਭਾਗ ਵਲੋਂ ਅਮਰੀਕੀ ਕੰਪਨੀਆਂ ਨੂੰ ਭਾਰਤ ਨਾਲ ਕਿਸੇ ਤਰ੍ਹਾਂ ਦੇ ਪ੍ਰਮਾਣੂ ਵਪਾਰ ਲਈ ਜ਼ਰੂਰੀ ਲਾਇਸੈਂਸ 'ਪਾਰਟ 810' ਜਾਰੀ ਨਹੀਂ ਕੀਤਾ ਜਾ ਸਕਦਾ। ਅਮਰੀਕਾ ਦੇ ਪ੍ਰਮਾਣੂ ਊਰਜਾ ਐਕਟ 1954 ਦੇ ਸੈਕਸ਼ਨ 57 (ਬੀ) ਪਾਰਟ 810 ਅਨੁਸਾਰ ਊਰਜਾ ਸਕੱਤਰ ਹੀ ਅਮਰੀਕਾ ਤੋਂ ਬਾਹਰ ਵਿਸ਼ੇਸ਼ ਪ੍ਰਮਾਣੂ ਮਟੀਰੀਅਲ ਦੇ ਉਤਪਾਦਨ ਲਈ ਵਿਅਕਤੀਆਂ ਜਾਂ ਕੰਪਨੀਆਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਅਜਿਹੀ ਪ੍ਰਵਾਨਗੀ ਦੇ ਸਕਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਵਿਵਸਥਾ ਗੈਰ-ਊਰਜਾ ਰਿਐਕਟਰਾਂ ਸਮੇਤ ਪ੍ਰਮਾਣੂ ਈਂਧਨ ਸਾਈਕਲ ਨਾਲ ਸੰਬੰਧਤ ਸਾਰੀਆਂ ਸਰਗਰਮੀਆਂ ਨਾਲ ਸੰਬੰਧਤ ਟੈਕਨਾਲੋਜੀ ਦੇ ਵਟਾਂਦਰੇ ਅਤੇ ਤਕਨੀਕੀ ਸਹਾਇਤਾ ਲਈ ਲਾਗੂ ਹੁੰਦੀ ਹੈ। ਸਮਝਿਆ ਜਾਂਦਾ ਹੈ ਕਿ ਓਬਾਮਾ ਪ੍ਰਸ਼ਾਸਨ ਵਲੋਂ ਫਰਵਰੀ 'ਚ ਇਸ ਬਾਰੇ ਪੱਤਰ ਮਨਮੋਹਨ ਸਿੰਘ ਸਰਕਾਰ ਨੂੰ ਉਸ ਵੇਲੇ ਲਿਖਿਆ ਗਿਆ, ਜਦੋਂ ਉਸ ਵੇਲੇ ਦੇ ਬਦੇਸ਼ ਸਕੱਤਰ ਮੈਨਨ ਨੇ ਅਮਰੀਕਾ ਦੇ ਸਿਆਸੀ ਮਾਮਲਿਆਂ ਲਈ ਬਦੇਸ਼ ਰਾਜ ਮੰਤਰੀ ਵਿਲੀਅਮ ਬਰਨਸ ਨੂੰ ਪੱਤਰ ਲਿਖ ਕੇ 123 ਸਮਝੌਤੇ ਦੀਆਂ ਵਿਵਸਥਾਵਾਂ ਖ਼ਤਮ ਕਰਨ ਦੇ ਨਾਲ ਨਾਲ ਨਵੇਂ ਪ੍ਰਬੰਧਾਂ ਬਾਰੇ ਗੱਲਬਾਤ ਦੀ ਬੇਨਤੀ ਕੀਤੀ ਸੀ। ਜਿਸ ਤਹਿਤ ਅਮਰੀਕਾ ਵਲੋਂ ਬਾਲੇ ਗਏ ਪ੍ਰਮਾਣੂ ਈਂਧਨ ਨੂੰ ਮੁੜ ਭਾਰਤ 'ਚ ਵਰਤੋਂ ਲਾਇਕ ਬਣਾਇਆ ਜਾ ਸਕੇਗਾ।

ਐਟਮੀ ਕਰਾਰ ਨਾਲ ਜੁੜੇ ਸੂਤਰਾਂ ਅਨੁਸਾਰ ਓਬਾਮਾ ਪ੍ਰਸ਼ਾਸਨ ਦੇ ਪੱਤਰ ਦੇ ਜਵਾਬ 'ਚ ਭਾਰਤ ਦੀ ਪਹਿਲੀ ਪ੍ਰਤੀਕਿਰਿਆ ਸੀ ਕਿ ਕਾਹਦਾ ਭਰੋਸਾ, ਅਸੀਂ ਭਰੋਸਾ ਤਾਂ ਤੁਹਾਨੂੰ ਪਹਿਲਾਂ ਹੀ ਦੇ ਚੁੱਕੇ ਹਾਂ ਅਤੇ ਹੁਣ ਸਾਡੇ 'ਤੇ ਕਿਸੇ ਹੋਰ ਭਰੋਸੇ ਲਈ ਜ਼ੋਰ ਨਾ ਪਾਓ। ਇਨ੍ਹਾਂ ਸੂਤਰਾਂ ਅਨੁਸਾਰ ਜੁਲਾਈ ਮਹੀਨੇ ਅਮਰੀਕਾ ਦੀ ਬਦੇਸ਼ ਮੰਤਰੀ ਹਿਲੇਰੀ ਦੇ ਭਾਰਤ ਦੌਰੇ ਦੌਰਾਨ ਇਹ ਮਾਮਲਾ ਉੱਚ ਪੱਧਰ 'ਤੇ ਉਠਾਇਆ ਗਿਆ, ਜਿਸ ਦੇ ਨਤੀਜੇ ਵਜੋਂ ਇਸ ਮੁੱਦੇ ਤੇ ਹੁਣ ਉਹੀ ਅਧਿਕਾਰੀ ਦੋਹਾਂ ਪਾਸਿਆਂ ਤੋਂ ਗੱਲਬਾਤ ਕਰ ਰਹੇ ਹਨ, ਜਿਨ੍ਹਾਂ ਨੇ 123 ਸਮਝੌਤੇ ਦੀਆਂ ਵਿਵਸਥਾਵਾਂ ਤਹਿਤ ਗਲਬਾਤ ਕੀਤੀ ਸੀ।

## ਲਾਸ਼ਾਂ ਦਾ ਡੀ.ਐਨ.ਏ. ਰੱਖਣ ਸੰਬੰਧੀ ਨੋਟਿਸ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਅਣਪਛਾਤੀਆਂ ਲਾਸ਼ਾਂ ਦਾ ਡੀ.ਐਨ.ਏ. ਰਿਕਾਰਡ ਤਿਆਰ ਕਰਨਾ ਜ਼ਰੂਰੀ ਕੀਤੇ ਜਾਣ ਸੰਬੰਧੀ ਕੇਂਦਰ ਸਰਕਾਰ ਤੋਂ ਹੁੰਗਾਰਾ ਮੰਗਿਆ ਹੈ। ਅਜਿਹਾ ਹੋਣ ਨਾਲ ਮਰਨ ਵਾਲਿਆਂ ਦੇ ਪਰਿਵਾਰ ਤਕ ਪਹੁੰਚ ਸੁਖਾਲੀ ਹੋ ਸਕੇਗੀ।

ਹਰਿਆਣਾ ਦੇ ਇਕ ਡਾਕਟਰ ਵੱਲੋਂ ਇਕ ਜਨਹਿਤ ਪਟੀਸ਼ਨ ਦਾਇਰ ਕਰ ਕੇ ਕਿਹਾ ਗਿਆ ਹੈ ਕਿ 2007 'ਚ37000 ਤੋਂ ਵੱਧ ਲੋਕ ਬਿਨਾਂ ਪਛਾਣ ਦੇ ਮਰ ਗਏ ਤੇ ਉਨ੍ਹਾਂ ਦੀ ਪਛਾਣ ਕਰਨ ਦੇ ਢੰਗ ਏਨੇ ਬੇਤੁਕੇ ਸਨ ਕਿ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਉਨ੍ਹਾਂ ਬਾਰੇ ਕੁਝ ਵੀ ਥੁਹ-ਪਤਾ ਨਹੀਂ ਲੱਗਦਾ। ਏਹੀ ਆਂਕੜੇ ਬਾਕੀ ਸਾਲਾਂ ਦੌਰਾਨ ਦੇ ਹਨ। ਸੁਪਰੀਮ ਕੋਰਟ ਪਹਿਲਾਂ ਤਾਂ ਇਹ ਪਟੀਸ਼ਨ ਹੀ ਦਾਖ਼ਲ ਕਰਨ ਦੀ ਇੱਛੁਕ ਨਹੀਂ ਸੀ ਤੇ ਇਸ ਨੇ ਸੰਭਾਵਿਤ ਡੀ.ਐਨ.ਏ. ਰਿਕਾਰਡ ਰੱਖਣ ਦੀ ਤਕਨੀਕ 'ਤੇ ਹੀ ਸ਼ੰਕੇ ਪ੍ਰਗਟਾਏ ਸਨ।

# ਮਨਸੇ ਨੇ ਫ਼ਿਰ ਅਲਾਪਿਆ ਮਰਾਠੀ ਦਾ ਰਾਗ

**ਮੁੰਬਈ :** ਮਹਾਰਾਸ਼ਟਰ ਵਿਧਾਨ ਸਭਾ ਵਿਚ ਸਮਾਜਵਾਦੀ ਪਾਰਟੀ ਦੇ ਆਗੂ ਅਬੂ ਆਸਿਮ ਆਜ਼ਮੀ ਨੇ ਹਿੰਦੀ ਵਿਚ ਸਹੁੰ ਚੁੱਕਣ ਤੋਂ ਰੋਕਣ ਵਾਲੀ ਮਹਾਰਾਸ਼ਟਰ ਨਵ ਨਿਰਮਾਣ ਸੈਨਾ (ਮਨਸੇ) ਨੇ ਇਕ ਵਾਰ ਫਿਰ ਮਰਾਠੀ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ। ਪਾਰਟੀ ਨੇ ਭਾਰਤ ਦੀ ਸਭ ਤੋਂ ਵਡੀ ਸਰਕਾਰੀ ਬੈਂਕ ਸਟੇਟ ਬੈਂਕ ਆਫ਼ ਇੰਡੀਆ (ਐਸ ਬੀ ਆਈ) ਦੇ ਜਨਰਲ ਮੈਨੇਜਰ ਨੂੰ ਪੱਤਰ ਲਿਖਦਿਆਂ ਮੰਗ ਕੀਤੀ ਹੈ ਕਿ ਮਹਾਰਾਸ਼ਟਰ ਵਿਚ ਐਸ ਬੀ ਆਈ ਦੀ ਭਰਤੀ ਵਿਚ ਮਰਾਠੀਆਂ ਨੂੰ ਪਹਿਲ ਦਿੱਤੀ ਜਾਵੇ।



ਰਾਜ ਠਾਕਰੇ ਖ਼ਿਲਾਫ਼ ਦੇਸ਼ ਧ੍ਰੋਹ ਦਾ ਮੁਕੱਦਮਾ ਦਾਇਰ

ਮਨਸੇ ਦੇ ਜਨਰਲ ਸਕੱਤਰ ਸ਼ੀਰਸ ਪਾਰਕਰ ਨੇ ਲਿਖੇ ਪੱਤਰ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਮਹਾਰਾਸ਼ਟਰ ਵਿਚ ਐਸ ਬੀ ਆਈ 'ਚ ਕਲਰਕਾਂ ਦੀਆਂ 1100 ਅਸਾਮੀਆਂ ਭਰੀਆਂ ਜਾਣੀਆਂ ਹਨ ਤੇ ਇਨ੍ਹਾਂ ਲਈ ਐਤਵਾਰ ਨੂੰ ਦਾਖ਼ਲਾ ਪ੍ਰੀਖਿਆ ਹੋਣੀ ਹੈ। ਇਸ ਲਈ ਅਸੀਂ ਸੀਨੀਅਰ ਅਧਿਕਾਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਇਨ੍ਹਾਂ ਅਸਾਮੀਆਂ ਦੀ ਨਿਯੁਕਤੀ ਲਈ ਮਰਾਠੀਆਂ ਦੀ ਭਰਤੀ ਨੂੰ ਯਕੀਨੀ ਬਣਾਉਣ। ਸ੍ਰੀ ਪਾਰਕਰ ਨੇ ਕਿਹਾ ਕਿ ਸਾਨੂੰ ਪਤਾ ਲੱਗਿਆ ਸੀ ਕਿ ਇਨ੍ਹਾਂ ਅਸਾਮੀਆਂ ਲਈ ਜੋ ਡੇਢ ਲੱਖ ਅਰਜ਼ੀਆਂ ਆਈਆਂ ਹਨ, ਉਸ ਵਿਚੋਂ 70 ਫੀਸਦੀ ਬਾਹਰੀ ਲੋਕਾਂ ਨਾਲ ਸਬੰਧਤ ਹਨ। ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਬਾਹਰੀ ਲੋਕਾਂ ਦੀ ਥਾਂ ਮਰਾਠੀਆਂ ਨੂੰ ਪਹਿਲ ਦਿੱਤੀ ਜਾਵੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਰੇਲਵੇ ਦੀ ਪ੍ਰੀਖਿਆ ਦੌਰਾਨ ਮਨਸੇ ਨੇ ਬਿਹਾਰ ਤੇ ਦੂਜੇ ਸੂਬਿਆਂ ਦੇ ਵਿਦਿਆਰਥੀਆਂ ਨਾਲ ਧੱਕਾ-ਮੁੱਕੀ ਕੀਤੀ ਸੀ। ਇਸ ਧੱਕਾ- ਮੁੱਕੀ ਦੀ ਗੂੰਜ ਪੂਰੇ ਦੇਸ਼ ਵਿੱਚ ਸੁਣਾਈ ਦਿੱਤੀ ਸੀ। ਉਸ ਸਮੇਂ ਇੱਕ ਤਰ੍ਹਾਂ ਨਾਲ ਦੇਸ਼ ਵਿਚ ਖੇਤਰੀਵਾਦ ਨੂੰ ਹੱਲਾਸ਼ੇਰੀ ਮਿਲੀ ਸੀ।

ਜ਼ਿਕਰਯੋਗ ਹੈ ਕਿ ਮਨਸੇ ਨੇ ਮਰਾਠੀ ਲੋਕਾਂ ਦੀਆਂ ਮੰਗਾਂ ਨੂੰ ਆਧਾਰ ਬਣਾਉਂਦਿਆਂ ਹੀ ਮਹਾਰਾਸ਼ਟਰ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ ਸਨ। ਇਨ੍ਹਾਂ ਚੋਣਾਂ ਵਿੱਚ ਮਨਸੇ ਨੂੰ 13 ਸੀਟਾਂ 'ਤੇ ਜਿੱਤ ਹਾਸਲ ਹੋਈ ਸੀ। ਹਾਲਾਂਕਿ ਬਾਅਦ ਵਿੱਚ ਉਸ ਦੇ 4 ਵਿਧਾਇਕਾਂ ਨੂੰ ਸਪਾ ਵਿਧਾਇਕ ਨਾਲ ਦੁਰਵਿਵਹਾਰ ਕਰਨ ਦੇ ਦੋਸ਼ ਹੇਠ ਵਿਧਾਨ ਸਭਾ ਦੀ ਮੈਂਬਰੀ ਤੋਂ 4 ਸਾਲਾਂ ਲਈ ਮੁਅੱਤਲ ਕਰ ਦਿੱਤਾ ਗਿਆ ਸੀ। ਬਾਅਦ ਵਿਚ ਇਸ ਦੁਰਵਿਹਾਰ ਲਈ ਪਾਰਟੀ ਨੇ ਵਿਧਾਨ ਸਭਾ ਦੇ ਸਪੀਕਰ ਕੋਲੋਂ ਮੁਆਫੀ ਮੰਗ ਲਈ । ਇਸ ਦੌਰਾਨ ਮਹਾਰਾਸ਼ਟਰ ਨਵ ਨਿਰਮਾਣ ਸੈਨਾ (ਮਨਸੇ) ਦੇ ਪ੍ਰਧਾਨ ਰਾਜ ਠਾਕਰੇ ਖ਼ਿਲਾਫ ਉਥੋਂ ਦੀ ਇਕ ਅਦਾਲਤ 'ਚ ਰਾਸ਼ਟਰੀ ਭਾਸ਼ਾ ਹਿੰਦੀ ਦੇ ਅਪਮਾਨ ਅਤੇ ਦੇਸ਼ ਧ੍ਰੋਹ ਦਾ ਮੁਕੱਦਮਾ ਦਾਇਰ ਕੀਤਾ ਗਿਆ ਹੈ। ਇਸ ਧਾਰਾ ਅਨੁਸਾਰ ਧਰਮ, ਭਾਸ਼ਾ ਆਦਿ ਦੇ ਆਧਾਰ 'ਤੇ ਲੋਕਾਂ 'ਚ ਭੇਦ-ਭਾਵ ਕਰਨਾ ਜੁਰਮ ਹੈ।

# ਪੈਮਾਇਸ਼ਾਂ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*



## ਪ੍ਰਿੰਸੀਪਲ ਰਾਜ ਸਿੰਘ*

ਹੁਣ ਆਪਾਂ ਆਉਂਦੇ ਹਾਂ ਪਹਿਲੇ ਵਾਲੇ ਸੱਜਣ ਦੇ ਸੁਆਲ ਵਲ ਜਿਹੜਾ ਉਸਨੇ ਟੈਲੀਫੂਨ ਕਰਕੇ ਮੇਰੇ ਪਾਸੋਂ ਪੁੱਛਿਆ ਸੀ ਕਿ ਰਾਜ ਜ਼ਰਾ ਹਿਸਾਬ ਕਰਕੇ ਦੱਸੀਂ ਜੋ ਮੈਂ ਘਰ ਖਰੀਦਣ ਲੱਗਿਆਂ ਹਾਂ ਉਹ 4356 ਵਰਗ ਫੁੱਟਾਂ ਦੇ ਰਕਬੇ ਵਿਚ ਬਣਿਆ ਹੋਇਆ ਹੈ। ਉਸਨੇ ਪੁੱਛਿਆ ਸੀ ਇਸ ਰਕਬੇ ਦੇ ਕਿੰਨੇ ਕੁ ਮਰਲੇ ਜਾਂ ਫਿਰ ਕਨਾਲ ਬਣ ਜਾਣਗੇ।

ਹੁਣ ਆਪਾਂ ਉਸਦਾ ਉੱਤਰ ਦੇਣ ਲਈ ਬੜੀ ਆਸਾਨੀ ਨਾਲ 4356 ਵਰਗ ਫੁੱਟਾਂ ਦੇ ਮਰਲੇ ਬਣਾਉਣ ਲਈ ਇਸ ਰਕਮ ਨੂੰ 272.25 ਦੇ ਅੰਕ ਨਾਲ ਤਕਸੀਮ ਕਰਕੇ ਝਟਪਟ ਉੱਤਰ ਪ੍ਰਾਪਤ ਕਰ ਲਵਾਂਗੇ। 16 ਜਾਂ ਫਿਰ 16 ਮਰਲੇ। ਸੋ ਕਿਧਰੇ 4356 ਵਰਗ ਫੁੱਟਾਂ ਨੂੰ 30.25 ਨਾਲ ਤਕਸੀਮ ਨਾ ਕਰਨ ਲੱਗ ਜਾਇਉ ਕਿਉਂਕਿ 30.25 ਤਾਂ ਵਰਗ ਗਜ਼ ਹਨ।

4356 ਵਰਗ ਫੁੱਟ ਨੂੰ ਤੁਹਾਨੂੰ ਪਹਿਲਾਂ 9 ਦੇ ਅੰਕ ਨਾਲ ਤਕਸੀਮ ਕਰਕੇ ਵਰਗ ਗਜ਼ ਬਣਾਉਣੇ ਪੈਣੇ ਹਨ। ਸੋ ਹੁਣ 4356 ਵਰਗ ਫੁੱਟਾਂ ਨੂੰ ਦਿਉ ਤਕਸੀਮ 9 'ਤੇ ਤਾਂ ਉਤਰ ਆਵੇਗਾ 484 ਜਾਂ ਫਿਰ ਭਾਵ 484 ਵਰਗ ਗਜ਼। ਹੁਣ 484 ਵਰਗ ਗਜ਼ਾਂ ਨੂੰ ਦਿਉ ਤਕਸੀਮ 30.25 'ਤੇ ਤਾਂ ਉਤਰ ਮਿਲੇਗਾ 16 ਭਾਵ 16 ਮਰਲੇ।

ਜਿਸਨੇ ਮੇਰੇ ਪਾਸੋਂ 4356 ਵਰਗ ਫੁੱਟ ਦੇ ਲਾਟ ਜਾਂ ਘਰ ਦੇ ਰਕਬੇ ਬਾਰੇ ਪੁੱਛਿਆ ਸੀ ਦਰਅਸਲ ਉਸਦੇ ਲਾਟ ਦਾ ਸਾਈਜ਼ 99 ਫੁੱਟ ਲੰਬਾ ਤੇ 44 ਫੁੱਟ ਚੌੜਾ ਸੀ। ਮੈਂ ਝੱਟ ਦੇਣੀ 99 ਨੂੰ 44 ਗੁਣਾਂ ਕਰਕੇ ਉਸਦੇ ਲਾਟ ਦੀ ਪੈਮਾਇਸ਼ ਸਹੀ ਹੋਣ ਦਾ ਵੀ ਠੋਕ ਵਜਾ ਕੇ ਉੱਤਰ ਦੇ ਦਿੱਤਾ ਤੇ ਨਾਲ ਹੀ 4356 ਵਰਗ ਫੁੱਟਾਂ ਨੂੰ 272.25 ਦੇ ਅੰਕ ਨਾਲ ਤਕਸੀਮ ਕਰਕੇ ਫੁਰਤੀ ਦਿਖਾਉਂਦਿਆਂ ਹੋਇਆਂ ਉਸਨੂੰ ਉੱਤਰ ਦੇ ਦਿੱਤਾ ਕਿ ਤੇਰਾ ਲਾਟ ਆਪਣੇ ਪੰਜਾਬ ਵਾਲੇ ਸੋਲਾਂ ਮਰਲਿਆਂ ਦੇ ਬਿਲਕੁਲ ਬਰਾਬਰ ਹੈ।

ਪਰ ਯਾਰੋ ਪੰਜਾਬੀਆਂ ਦੀ ਤਸੱਲੀ ਕਰਵਾਉਣੀ ਵੀ ਬੜੀ ਔਖੀ ਹੁੰਦੀ ਹੈ। ਹੁਣ ਉਸ ਨੇ ਅਗਲਾ ਸੁਆਲ ਜੜ ਦਿੱਤਾ ਕਿ ਤੁਸੀਂ ਇਹ 16 ਮਰਲੇ ਕਿਵੇਂ ਬਣਾਏ ਹਨ? ਫਿਰ ਮੈਨੂੰ ਉਸਨੂੰ ਦੁਬਾਰਾ ਸਮਝਾਉਣ ਲਈ ਕਹਿਣਾ ਪਿਆ ਕਿ ਬਈ ਸੱਜਣਾ ਇਹ ਕੋਈ ਔਖਾ ਕੰਮ ਨਹੀਂ, ਤੂੰ ਖੁਦ ਆਪ ਆਪਣੇ ਘਰ ਦੇ ਲਾਟ ਜਾਂ ਰਕਬੇ ਦੀ ਲੰਬਾਈ ਨੂੰ ਚੌੜਾਈ ਨਾਲ ਗੁਣਾ ਕਰ ਲੈ ਭਾਵ 99 ਫੁੱਟਾਂ ਦੀ ਲੰਬਾਈ ਨੂੰ 44 ਫੁੱਟਾਂ ਦੀ ਚੌੜਾਈ ਨਾਲ ਗੁਣਾ ਕਰ ਲੈ ਭਾਵ ਤੈਨੂੰ ਉੱਤਰ ਮਿਲ ਜਾਵੇਗਾ ਕਿ ਤੇਰਾ ਲਾਟ 4356 ਵਰਗ ਫੁੱਟ ਹੈ।

ਮੈਂ ਪਹਿਲਾਂ ਹੀ ਸਮਝਾ ਚੁੱਕਾ ਹਾਂ ਕਿ ਇਕ ਮਰਲੇ ਵਿਚ 272.25 ਵਰਗ ਫੁੱਟ ਹੁੰਦੇ ਹਨ। ਹੁਣ ਜਦੋਂ ਤੂੰ 4356 ਵਰਗ ਫੁੱਟਾਂ ਨੂੰ 272.25 ਵਰਗ ਫੁੱਟਾਂ ਨਾਲ ਤਕਸੀਮ ਕਰੇਂਗਾ ਤਾਂ ਉਤਰ ਤੁਰੰਤ ਆ ਜਾਵੇਗਾ 16, ਭਾਵ 16 ਮਰਲੇ।

ਤੁਹਾਡੀ ਸੌਖ ਲਈ ਹੇਠਾਂ ਉਦਾਹਰਣ ਦੇ ਦਿੱਤੀ ਹੈ।

ਲਾਟ ਦੀ ਲੰਬਾਈ=99 ਫੁੱਟ

ਲਾਟੀ ਦੀ ਚੌੜਾਈ=44 ਫੁੱਟ

ਲੰਬਾਈ×ਚੌੜਾਈ=ਖੇਤਰਫ਼ਲ

99×44=4356 ਵਰਗ ਫੁੱਟ ਖ਼ੇਤਰਫ਼ਲ

ਇਕ ਮਰਲੇ ਵਿਚ ਹੁੰਦੇ ਹਨ 272.25 ਵਰਗ ਫੁੱਟ

ਸੋ 4356 ਵਰਗ ਫੁੱਟਾਂ ਦੇ ਬਣੇ ਮਰਲੇ=4356 ਤਕਸੀਮ 272.22=16 ਮਰਲੇ

ਹੁਣ ਜੇ ਇਸ ਲਾਟ ਬਾਰੇ ਇਹ ਪਤਾ ਕਰਨਾ ਹੈ ਕਿ ਇਸਦੇ ਕਿੰਨੇ ਵਰਗ ਗਜ਼ ਹਨ ਤਾਂ ਆਪਾਂ ਝੱਟ ਦੇਣੀ 4356 ਦੇ ਅੰਕ ਨੂੰ 9 ਦੇ ਅੰਕ ਨਾਲ ਤਕਸੀਮ ਕਰਕੇ ਭਾਗਫ਼ਲ 484 ਭਾਵ 484 ਵਰਗ ਗਜ਼ ਉੱਤਰ ਪ੍ਰਾਪਤ ਕਰ ਲਵਾਂਗੇ। ਪਰ ਤੁਸੀਂ ਅਮਰੀਕਾ ਵਿਚ ਜੋ ਵੀ ਜ਼ਮੀਨੀ ਜਾਇਦਾਦ ਖਰੀਦਣੀ ਹੈ ਤਾਂ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ



ਕਿ ਇਨ੍ਹਾਂ ਨੇ ਜ਼ਿਆਦਾ ਕਰਕੇ ਫੁੱਟਾਂ ਤੇ ਏਕੜਾਂ ਨਾਲ ਹੀ ਕੰਮ ਸਾਰੀ ਜਾਣਾ ਹੁੰਦਾ ਹੈ।

ਇਸ ਲਈ ਜ਼ਮੀਨੀ ਜਾਇਦਾਦ ਖਰੀਦਣ ਉਪਰੰਤ ਤੁਹਾਨੂੰ ਡੀਡ ਜਾਂ ਰਜਿਸਟਰੀ ਮਿਲ ਜਾਣੀ ਹੁੰਦੀ ਹੈ। ਉਸ ਡੀਡ ਵਿਚ ਇਨ੍ਹਾਂ ਨੇ ਜ਼ਮੀਨ ਜਾਂ ਲਾਟ ਦੀ ਪੈਮਾਇਸ਼ ਵਰਗ ਫੁੱਟਾਂ ਜਾਂ ਫਿਰ ਏਕੜਾਂ ਵਿਚ ਹੀ ਲਿਖ ਕੇ ਪ੍ਰਗਟਾਉਣੀ ਹੁੰਦੀ ਹੈ। ਸੋ ਵਰਗ ਫੁੱਟਾਂ ਦੇ ਏਕੜ ਬਣਾਉਣੇ ਵੀ ਸਿੱਖ ਲਉ। ਇਥੇ ਅਮਰੀਕਾ ਵਿਚ ਤੁਹਾਨੂੰ ਇਸਦੀ ਪੈਰ ਪੈਰ 'ਤੇ ਲੋੜ ਪੈਂਦੀ ਰਹਿਣੀ ਹੈ।

ਹੁਣ ਤੁਸੀਂ 4356 ਵਰਗ ਫੁੱਟਾਂ ਦੇ ਏਕੜ ਬਣਾਉਣੇ ਸਿੱਖ ਲਵੋ। ਆਪਾਂ ਨੂੰ ਪਹਿਲਾਂ ਹੀ ਗਿਆਨ ਹੋ ਚੁੱਕਾ ਹੈ ਕਿ ਏਕ ਏਕੜ ਵਿਚ 43560 ਵਰਗ ਫੁੱਟਾਂ ਹੁੰਦੇ ਹਨ। ਇਸ ਲਈ ਆਪਾਂ 4356 ਵਰਗ ਫੁੱਟ ਦਾ ਏਕੜ ਬਣਾਉਣ ਲਈ ਜਦੋਂ 4356 ਵਰਗ ਫੁੱਟਾਂ ਨੂੰ 43560 ਵਰਗ ਫੁੱਟਾਂ ਨਾਲ ਤਕਸੀਮ ਕਰਾਂਗੇ ਤਾਂ ਭਾਗਫ਼ਲ ਪ੍ਰਾਪਤ ਹੋਵੇਗਾ 0.1, ਭਾਵ 0.1 ਏਕੜ। ਇਸਨੂੰ ਹੋਰ ਸਪੱਸ਼ਟ ਕਰਨ ਲਈ ਇਕ ਹੋਰ ਉਦਾਹਰਣ ਦੇ ਰਿਹਾ ਹਾਂ:

ਜੋਗਾ ਸਿੰਘ ਤੇ ਗੇਂਦਾ ਸਿੰਘ ਸਕੇ ਭਰਾ ਹਨ। ਜੋਗਾ ਸਿੰਘ ਪਾਸ 1025 ਵਰਗ ਫੁੱਟ ਦੇ ਲਾਟ ਦਾ ਘਰ ਹੈ ਤੇ ਗੇਂਦਾ ਸਿੰਘ ਪਾਸ 2585 ਵਰਗ ਫੁੱਟ ਦੇ ਲਾਟ ਦਾ ਘਰ ਹੈ। ਤਾਂ ਦੱਸੋ ਦੋਹਾਂ ਪਾਸ ਕੁਲ ਕਿੰਨੇ ਏਕੜ ਜ਼ਮੀਨ ਵਿਚ ਘਰ ਬਣੇ ਹੋਏ ਹਨ।

ਜੋਗਾ ਸਿੰਘ=1025 ਤਕਸੀਮ 43560=0.0235 ਏਕੜ

ਗੇਂਦਾ ਸਿੰਘ=2585 ਤਕਸੀਮ 43560=0.0593 ਏਕੜ

ਦੋਹਾਂ ਪਾਸ ਕੁੱਲ ਜ਼ਮੀਨ, ਕਰੋ ਜੋੜ=0.0828 ਏਕੜ

ਇਕ ਹੋਰ ਰੌਚਕ ਗੱਲ ਮੈਂ ਕਈ ਹਿਸਾਬਦਾਨਾਂ ਪਾਸੋਂ ਪੁੱਛ ਚੁੱਕਾ ਹਾਂ ਕਿ ਦਸੋਂ ਕਿ ਤੁਸੀਂ ਇਕ ਕੀਮਤੀ ਲੱਕੜ ਜਾਂ ਧਾਤ ਦਾ ਟੁਕੜਾ ਜੋ ਅੱਧਾ ਫੁੱਟ ਚੌੜਾ ਹੈ ਤੇ ਅੱਧਾ ਫੁੱਟ ਲੰਬਾ ਹੈ। ਤੁਸੀਂ ਇਸ ਨੂੰ ਖਰੀਦਣ ਲਈ ਦੁਕਾਨ ਤੇ ਜਾਂਦੇ ਹੋ ਤਾਂ ਦੁਕਾਨਦਾਰ ਇਕ ਵਰਗ ਫੁੱਟ ਦੀ ਕੀਮਤ 140 ਡਾਲਰ ਦਸਦਾ ਹੈ ਤੁਸੀਂ ਇਸ ਬੋਰਡ ਦੇ ਕਿੰਨੇ ਪੈਸੇ ਦਿਉਗੇ ਤਾਂ ਹਿਸਾਬਦਾਨ ਸੱਜਣ ਝਟ ਆਖ ਦੇਵੇਗਾ ਕਿ 70 ਡਾਲਰ।

ਪਰ ਇਹ ਉੱਤਰ ਬਿਲਕੁਲ ਹੀ ਗਲਤ ਹੈ। ਧਿਆਨ ਦਿਉ ਅੱਧਾ ਫੁੱਟ ਗੁਣਾ ਅੱਧਾ ਫੁੱਟ, ਅੱਧਾ ਵਰਗ ਫੁੱਟ ਨਹੀਂ ਬਣਨਾ ਸਗੋਂ ਇਕ ਵਰਗ ਫੁੱਟ ਦਾ ਚੌਥਾ ਹਿੱਸਾ ਜਾਂ ਫਿਰ 1/4 ਵਰਗ ਫੁੱਟ ਬਣਨਾ ਹੈ। ਹੁਣ ਜੇ ਇਹ ਟੁਕੜੀ ਬਣਨਾ ਹੈ ਇਕ ਵਰਗ ਫੁੱਟ ਦਾ ਚੌਥਾ ਹਿੱਸਾ ਤਾਂ ਫਿਰ ਆਪਾਂ 140 ਡਾਲਰ ਦੀ ਰਕਮ ਦਾ ਵੀ ਚੌਥਾ ਹਿੱਸਾ ਭਾਵ 35 ਡਾਲਰ ਹੀ ਅਦਾ ਕਰਾਂਗੇ। ਹੇਠ ਦਿੱਤੀ ਸ਼ਕਲ ਨੂੰ ਦੇਖ ਕੇ ਤੁਸੀਂ ਝੱਟ ਸਮਝ ਜਾਵੋਗੇ।

6 ਇੰਚਾਂ ਨੂੰ ਜੇ 6 ਇੰਚਾਂ ਨਾਲ ਗੁਣਾਂ ਕਰਾਂਗੇ ਤਾਂ ਉੱਤਰ ਆ ਜਾਵੇਗਾ 36 ਵਰਗ ਇੰਚ। ਹੁਣ

## ਪਤੇ ਦੀ ਗੱਲ

ਯਾਦ ਰੱਖਿਓ ਇਕ ਵਰਗ ਫੁੱਟ ਵਿਚ 144 ਵਰਗ ਇੰਚ ਹੁੰਦੇ ਹਨ। ਇਸ ਲਈ ਆਪਾਂ ਜਦੋਂ 36 ਵਰਗ ਇੰਚ ਦੇ ਵਰਗ ਫੁੱਟ ਬਣਾਉਣੇ ਹਨ ਤਾਂ ਆਪਾਂ 36 ਵਰਗ ਇੰਚਾਂ ਨੂੰ 144 ਵਰਗ ਇੰਚਾਂ ਨਾਲ ਤਕਸੀਮ ਕਰਾਂਗੇ ਤਾਂ ਉੱਤਰ ਮਿਲੇਗਾ 0.25 ਭਾਵ 1/4 ਵਰਗ ਫੁੱਟ ਜਾਂ ਫਿਰ ਇਕ ਵਰਗ ਫੁੱਟ ਦਾ ਚੌਥਾ ਹਿੱਸਾ।

ਇਸ ਸਾਰੀ ਲਿਖਤ ਉੱਪਰ ਜੇ ਬਰੀਕੀ ਨਾਲ ਝਾਤ ਮਾਰਾਂਗੇ ਤਾਂ ਇਕ ਬੜਾ ਸਪੱਸ਼ਟ ਤੇ ਸੰਖੇਪ ਨਕਸ਼ਾ ਉੱਘੜ ਕੇ ਸਾਹਮਣੇ ਆ ਜਾਵੇਗਾ। ਇਸ ਸੰਖੇਪ ਖ਼ਾਕੇ ਅਨੁਸਾਰ ਤੁਸੀਂ ਹਰ ਪੈਮਾਇਸ਼ ਦਾ ਹੱਲ ਆਪ ਕਰਨ ਲਈ ਕਾਬਲ ਤੇ ਯੋਗ ਹੋ ਜਾਵੋਗੇ:

ਇੱਕ ਫੁੱਟ=12 ਇੰਚ

ਇਕ ਵਰਗ ਫੁੱਟ=144 ਵਰਗ ਇੰਚ (12'×12')

12 ਇੰਚ×12'=144 ਵਰਗ ਇੰਚ

3 ਇੰਚ×3 ਇੰਚ=9ਵਰਗ ਇੰਚ ਜਾਂ 1/16 ਵਰਗ ਫੁੱਟ

6 ਇੰਚ×6ਇੰਚ=36 ਵਰਗ ਇੰਚ ਜਾਂ 0.25 ਵਰਗ ਫੁੱਟ ਜਾਂ 1/4 ਵਰਗ ਫੁੱਟ

9 ਇੰਚ×9 ਇੰਚ=81 ਵਰਗ ਇੰਚ ਜਾਂ 9/16 ਵਰਗ ਫੁੱਟ

ਇਕ ਵਰਗ ਗਜ਼=9 ਵਰਗ ਫੁੱਟ (3 ਫੁੱਟ×3 ਫੁੱਟ(

ਇਕ ਏਕੜ=43560 ਵਰਗ ਫੁੱਟ ਜਾਂ 4840 ਵਰਗ ਗਜ਼

ਇਕ ਏਕੜ=8 ਕਨਾਲ ਜਾਂ 160 ਮਰਲੇ ਜਾਂ 43560 ਵਰਗ ਫੁੱਟ

ਇਕ ਕਨਾਲ=2- ਮਰਲੇ ਜਾਂ 605 ਵਰਗ ਗਜ਼

ਇਕ ਕਨਾਲ=5445 ਵਰਗ ਫੁੱਟ ਜਾਂ 0.125 ਏਕੜ

***ਫੋਨ:510-452-7370**

# ਅਮਰੀਕਾ 'ਚ ਗਰੈਜੂਏਸ਼ਨ ਕਰਨ ਦਾ ਰੁਝਾਨ ਘਟ ਰਿਹੈ

**ਵਾਸ਼ਿੰਗਟਨ:**ਅਮਰੀਕਾ ਵਿਚ ਗਰੈਜੂਏਸ਼ਨ ਕਰਨ ਦੇ ਇਛੁੱਕ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ ਪਿਛਲੇ ਸਾਲ ਦੇ ਮੁਕਾਬਲੇ 16 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਕੌਂਸਲ ਆਫ ਗਰੈਜੂਏਟ ਸਕੂਲਜ਼ (ਸੀ.ਜੀ.ਐਸ.) ਦੀ ਰਿਪੋਰਟ 'ਚ ਕਿਹਾ ਗਿਆ ਹੈ, ''ਚੀਨ ਤੋਂ ਪਹਿਲੀ ਵਾਰ ਰਜਿਸਟਰੇਸ਼ਨ ਕਰਾਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ 'ਚ 16 ਫੀਸਦੀ ਵਾਧਾ ਹੋਇਆ ਹੈ।

ਪੱਛਮੀ ਏਸ਼ੀਆ ਦੇ ਵਿਦਿਆਰਥੀਆਂ ਦੀ ਗਿਣਤੀ ਵਿਚ ਵੀ 22 ਫੀਸਦੀ ਦਾ ਵਾਧਾ ਹੋਇਆ ਹੈ, ਜਦਕਿ ਭਾਰਤ ਦੇ ਵਿਦਿਆਰਥੀਆਂ ਤੇ ਦੱਖਣੀ ਕੋਰੀਆ ਦੇ ਵਿਦਿਆਰਥੀਆਂ ਦੀ ਗਿਣਤੀ ਵਿਚ ਕ੍ਰਮਵਾਰ 16 ਤੇ 13 ਫੀਸਦੀ ਦੀ ਕਮੀ ਆਈ ਹੈ।'' ਉੱਚ ਸਿੱਖਿਆ ਲਈ ਭਾਰਤ, ਚੀਨ ਤੇ ਦੱਖਣੀ ਕੋਰੀਆ ਤੋਂ ਵੱਡੀ ਗਿਣਤੀ ਵਿਚ ਵਿਦਿਆਰਥੀ ਅਮਰੀਕਾ ਆਉਂਦੇ ਹਨ, ਪਰ ਪਿਛਲੇ ਤਿੰਨ ਸਾਲਾਂ ਵਿਚ ਇਸ ਸੰਖਿਆ ਵਿਚ ਗਿਰਾਵਟ ਦਰਜ ਹੋਈ। 2008 'ਚ ਪਿਛਲੇ ਸਾਲ ਦੇ ਮੁਕਾਬਲੇ 2 ਫੀਸਦੀ ਗਿਰਾਵਟ ਦਰਜ ਹੋਈ। ਰਿਪੋਰਟ ਮੁਤਾਬਕ 2009 ਵਿਚ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਕੁੱਲ ਗਿਣਤੀ 16 ਫੀਸਦੀ ਘਟੀ।


**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

**ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ**

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

**DHMS, Hons, BAMS, MDEH, 30 Years experience**

Working as per ACT.SB-577 State of CA.

**CALL: TOLL FREE: 877-OK-HOMEO**

**(877-654-6636)OFFICE: 408-729-6691**

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

- *License Plates
- *IFTA *Fuel tax Return
- *DOT, ICC-MC Registration Services
- *New Mexico & Kentucky Permit
- *Corporation and LLC Formation,
- *Highway Use Tax (2290)
- *UCR Permit, Oregon Permits, CA #,
- *MCP, New York Permits etc.



*Rajinder Singh*

Insurance Lic No. 0G73739

**RAM Commercial Insurance**

High Five Plaza #204

19625 Harlan Rd Lathrop CA 95330

Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**

# ਮਨੋਹਰ ਪਾਰਿਕਰ ਨੇ ਅਡਵਾਨੀ ਨੂੰ 'ਉੱਲੀ ਲੱਗਾ ਅਚਾਰ' ਕਿਹਾ

**-ਜਤਿੰਦਰ ਪਨੂੰ**

ਹੁਣੇ-ਹੁਣੇ ਭਾਰਤ ਦੇ ਕੁਝ ਰਾਜਾਂ ਅੰਦਰ ਵਿਧਾਨ ਸਭਾ ਦੀਆਂ ਖਾਲੀ ਸੀਟਾਂ ਲਈ ਉਪ-ਚੋਣਾਂ ਹੋਈਆਂ ਹਨ। ਹਾਲੇ ਥੋੜ੍ਹੇ ਦਿਨ ਪਹਿਲਾਂ ਤਿੰਨ ਰਾਜਾਂ ਦੀਆਂ ਚੋਣਾਂ ਵਿਚ ਕਾਂਗਰਸ ਨੇ ਤਿੰਨੇ ਥਾਂ ਮੁੜ ਕੇ ਸਰਕਾਰ ਬਣਾ ਲਈ ਸੀ। ਦੋ ਥਾਂਈਂ ਉਹ ਅੱਗੇ ਵਧੀ, ਇੱਕ ਥਾਂ ਹਰਿਆਣੇ ਵਿਚ ਵਾਹਵਾ ਸੱਟ ਖਾ ਕੇ ਮਸਾਂ ਸਰਕਾਰ ਬਣਾਉਣ ਦਾ ਜੋੜ ਜੋੜਿਆ ਤੇ ਵਿਰੋਧੀ ਧਿਰ ਦੀ ਮੁੱਖ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ ਓਥੇ ਮਜ਼ਬੂਤ ਹੋ ਗਈ ਸੀ, ਪਰ ਦੇਸ਼ ਦੀ ਵਿਰੋਧੀ ਧਿਰ ਦਾ ਦਰਜਾ ਰੱਖਦੀ ਭਾਰਤੀ ਜਨਤਾ ਪਾਰਟੀ ਹਰ ਥਾਂ ਭੁਆਂਟਣੀਆਂ ਖਾਂਦੀ ਰਹਿ ਗਈ ਸੀ। ਉਸਦੇ ਮਗਰੇ-ਮਗਰ ਹੁਣ ਹੋਈਆਂ ਇਕੱਤੀ ਸੀਟਾਂ ਦੀਆਂ ਵਿਧਾਨ ਸਭਾ ਉੱਪ-ਚੋਣਾਂ ਉੱਤੇ ਹਰ ਕਿਸੇ ਦੀ ਨਜ਼ਰ ਸੀ ਤੇ ਓਥੇ ਕਾਂਗਰਸ ਫਿਰ ਅੱਗੇ ਨਿਕਲ ਗਈ ਹੈ।

ਇਹਨਾਂ ਉੱਪ-ਚੋਣਾਂ ਵਿਚ ਦੋ ਥਾਂਈ ਪੱਛਮੀ ਬੰਗਾਲ ਅਤੇ ਕੇਰਲਾ ਵਿਚ ਖੱਬੇ-ਪੱਖੀਆਂ ਨੂੰ ਵੀ ਤਕੜੀ ਮਾਰ ਪਈ ਹੈ। ਕੇਰਲਾ ਵਿਚ ਤਿੰਨ ਦੀਆਂ ਤਿੰਨ ਸੀਟਾਂ ਕਾਂਗਰਸ ਲੈ ਗਈ ਤੇ ਖੱਬੇ-ਪੱਖੀ ਖਾਲੀ ਹੱਥ ਰਹਿ ਗਏ। ਪੱਛਮੀ ਬੰਗਾਲ ਵਿਚ ਦਸਾਂ ਵਿਚੋਂ ਸੱਤ ਸੀਟਾਂ ਤ੍ਰਿਣਮੂਲ ਕਾਂਗਰਸ, ਇੱਕ ਸੀਟ ਕਾਂਗਰਸ ਤੇ ਇੱਕ ਕੋਈ ਅਜ਼ਾਦ ਲੈ ਗਿਆ, ਜਦਕਿ ਖੱਬੇ-ਪੱਖ ਨੂੰ ਇੱਕੋ ਇੱਕ ਸੀਟ ਫਾਰਵਰਡ ਬਲਾਕ ਦਾ ਉਮੀਦਵਾਰ ਜਿੱਤਣ ਵਾਲੀ ਮਿਲੀ, ਮੋਰਚੇ ਦੀ ਮੁਖੀ ਮਾਰਕਸੀ ਕਮਿਊਨਿਸਟ ਪਾਰਟੀ ਦੇ ਸੱਤ ਉਮੀਦਵਾਰਾਂ ਵਿਚੋਂ ਇੱਕ ਵੀ ਜਿੱਤ ਨਹੀਂ ਸਕਿਆ। ਹੋਰ ਸਵਾ ਸਾਲ ਤੱਕ ਓਥੇ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ ਤੇ ਜੋ ਸੰਕੇਤ ਮਿਲਦੇ ਹਨ, ਉਹ ਨਾ ਤਾਂ ਕੇਰਲਾ ਬਾਰੇ ਸ਼ੁਭ ਹਨ, ਨਾ ਪੱਛਮੀ ਬੰਗਾਲ ਬਾਰੇ, ਸਗੋਂ ਪੱਛਮੀ ਬੰਗਾਲ ਵਿਚ ਤਾਂ ਖੱਬੇ-ਪੱਖ ਦੇ ਅੰਦਰੋਂ ਵੀ ਮਾਰਕਸੀ ਪਾਰਟੀ ਨੂੰ ਸਲਵਾਤਾਂ ਸੁਣਾਈਆਂ ਜਾਣ ਲੱਗ ਪਈਆਂ ਹਨ। ਕੇਰਲਾ ਵਿਚ ਕਿਸੇ ਬਾਹਰਲੇ ਨੂੰ ਯਤਨ ਕਰਨ ਦੀ ਲੋੜ ਨਹੀਂ, ਮਾਰਕਸੀ ਪਾਰਟੀ ਦੇ ਮੁੱਖ ਮੰਤਰੀ ਅਤੇ ਸੂਬਾ ਪਾਰਟੀ ਦੇ ਸਕੱਤਰ ਦੀ ਆਪਸੀ ਲੜਾਈ ਨੇ ਹੀ ਪਾਰਟੀ ਨੂੰ, ਤੇ ਨਾਲ ਦੀ ਨਾਲ ਖੱਬੇ ਮੋਰਚੇ ਨੂੰ, ਕਾਸੇ ਜੋਗਾ ਨਹੀਂ ਛੱਡਣਾ ਜਾਪਦਾ। ਖੱਬੇ ਮੋਰਚੇ ਦੀ ਇਹ ਹਾਲਤ ਚਿੰਤਨ ਦੀ ਮੰਗ ਕਰਦੀ ਹੈ, ਪਰ ਇਸ ਨਾਲੋਂ ਵਧ ਧਿਆਨ ਮੰਗਦੀ ਹੈ ਦੇਸ਼ ਦੀ ਵਿਰੋਧੀ ਧਿਰ ਦੀ ਆਗੂ ਭਾਰਤੀ ਜਨਤਾ ਪਾਰਟੀ ਦੀ ਪਾਣੀਓਂ ਪਤਲੀ ਹਾਲਤ।

ਇਕੱਤੀ ਸੀਟਾਂ ਦੀ ਉੱਪ-ਚੋਣ ਹੋਈ ਹੈ ਤੇ ਭਾਰਤੀ ਜਨਤਾ ਪਾਰਟੀ ਨੂੰ ਸਿਰਫ਼ ਦੋ ਸੀਟਾਂ ਮਿਲੀਆਂ ਹਨ। ਇੱਕ ਰਾਜਸਥਾਨ ਦੀ ਉਸਨੇ ਕਿਸੇ ਅਜ਼ਾਦ ਤੋਂ ਖੋਹੀ ਹੈ ਤੇ ਦੂਜੀ ਹਿਮਾਚਲ ਪ੍ਰਦੇਸ਼ ਵਿਚ ਕਾਂਗਰਸ ਤੋਂ ਖੋਹ ਕੇ ਬਦਲੇ ਵਿਚ ਇਕ ਆਪਣੀ ਸੀਟ ਕਾਂਗਰਸ ਤੋਂ ਖੁਹਾ ਵੀ ਲਈ ਹੈ। ਫਿਰ ਵੀ ਬਾਹਲਾ ਬੁਰਾ ਹਾਲ ਉਸਦਾ ਉੱਤਰ ਪ੍ਰਦੇਸ਼ ਵਿਚ ਹੋਇਆ ਹੈ। ਓਥੇ ਗਿਆਰਾਂ ਸੀਟਾਂ ਦੀ ਚੋਣ ਹੋਈ ਤੇ ਭਾਰਤੀ ਜਨਤਾ ਪਾਰਟੀ ਨੂੰ ਇੱਕ ਵੀ ਸੀਟ ਨਸੀਬ ਨਹੀਂ ਹੋ ਸਕੀ। ਇਹ ਉਹੋ ਉੱਤਰ ਪ੍ਰਦੇਸ਼ ਹੈ, ਜਿਸ ਵਿਚ ਰਾਮ ਮੰਦਰ ਬਣਾਉਣ ਦੀ ਮੁਹਿੰਮ ਚੜ੍ਹਾ ਕੇ ਭਾਰਤੀ ਜਨਤਾ ਪਾਰਟੀ ਨੇ ਮੁੜ-ਮੁੜ ਸਰਕਾਰ ਬਣਾਈ ਸੀ। ਪੰਜ ਵਾਰੀ ਉਸ ਰਾਜ ਵਿਚ ਸਰਕਾਰ ਚਲਾ ਚੁੱਕੀ ਇਸ ਪਾਰਟੀ ਦੀ ਹਾਲਤ ਏਨੀ ਮਾੜੀ ਹੋ ਚੁੱਕੀ ਹੈ ਕਿ ਭਾਜਪਾ ਦੇ ਉਸ ਰਾਜ ਅੰਦਰਲੇ ਸਿਰਮੌਰ ਲੀਡਰ ਤੇ ਅਟਲ ਬਿਹਾਰੀ ਵਾਜਪਾਈ ਦਾ ਖਾਸ-ਉਲ-ਖਾਸ ਮੰਨੇ ਜਾਂਦੇ ਲਾਲਜੀ ਟੰਡਨ ਵਲੋਂ ਪਾਰਲੀਮੈਂਟ ਮੈਂਬਰ ਬਣਨ ਕਰ ਕੇ ਛੱਡੀ ਲਖਨਊ ਵਾਲੀ ਵਿਧਾਨ ਸਭਾ ਸੀਟ ਵੀ ਕਾਂਗਰਸ ਖੋਹ ਕੇ ਲੈ ਗਈ ਤੇ ਫ਼ਿਰੋਜ਼ਾਬਾਦ ਦੀ ਇਕਲੌਤੀ ਪਾਰਲੀਮੈਂਟ ਸੀਟ ਦੀ ਉੱਪ-ਚੋਣ ਵਿਚ ਵੀ ਭਾਜਪਾ ਕਿਸੇ ਗਿਣਤੀ ਵਿਚ ਨਹੀਂ ਰੜਕੀ। ਛੱਤੀਸਗੜ੍ਹ ਵਿਚ ਉਸ ਦੀ ਸਰਕਾਰ ਲਗਾਤਾਰ ਦੂਜੀ ਵਾਰੀ ਰਾਜ ਕਰਦੀ ਹੋਣ ਦੇ ਬਾਵਜੂਦ ਸਿਰਫ਼ ਇਕ ਸੀਟ ਦੀ ਉੱਪ-ਚੋਣ ਵਿਚ ਕਾਂਗਰਸ ਤੋਂ ਉਹ ਮਾਰ ਖਾ ਗਈ।

ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਹਾਲਤ ਪਹਿਲਾਂ ਹੀ ਮਾੜੀ ਹੈ, ਰਾਜਾਂ ਦੀਆਂ ਜ਼ਿਮਨੀ ਚੋਣਾਂ ਨੇ ਉਸਨੂੰ ਹੋਰ ਝਟਕਾ ਦੇ ਦਿੱਤਾ ਹੈ। ਪਾਰਲੀਮੈਂਟ ਚੋਣਾਂ ਦੀ ਹਾਰ ਮਗਰੋਂ ਪਾਰਟੀ ਅੰਦਰ ਪਾਟਕ ਦਾ ਜਿਹੜਾ ਦੌਰ ਸ਼ੁਰੂ ਹੋਇਆ ਸੀ, ਉਹ ਹੁਣ ਤੱਕ ਨਹੀਂ ਰੁਕ ਸਕਿਆ। ਸਿਰਫ਼ ਇੱਕ ਕਿਤਾਬ ਲਿਖਣ ਕਰ ਕੇ, ਤੇ ਉਹ ਕਿਤਾਬ ਪੜ੍ਹਨ ਤੋਂ ਵੀ ਬਗੈਰ ਹੀ, ਜਦੋਂ ਸਾਬਕਾ ਵਿਦੇਸ਼ ਮੰਤਰੀ ਜਸਵੰਤ ਸਿੰਘ ਨੂੰ ਪਾਰਟੀ ਵਿਚੋਂ ਕੱਢਿਆ ਗਿਆ, ਉਸਨੇ ਖਿੱਦੋ ਦੀਆਂ ਲੀਰਾਂ ਦਾ ਖਿਲਾਰਾ ਖੋਲ੍ਹ ਦਿੱਤਾ ਸੀ। ਪਾਰਟੀ 'ਚੋਂ ਕੱਢੇ ਜਾਣ ਪਿੱਛੋਂ ਜਸਵੰਤ ਸਿੰਘ ਘੁੰਡ ਚੁੱਕ ਕੇ ਨੱਚਣ ਲੱਗ ਪਿਆ। ਉਸਨੇ ਪਾਰਟੀ ਦੇ ਮੋਹਰੀ ਆਗੂ ਲਾਲ ਕ੍ਰਿਸ਼ਨ ਅਡਵਾਨੀ ਬਾਰੇ ਇਹ ਵੀ ਦੱਸ ਦਿੱਤਾ ਕਿ ਕੰਧਾਰ ਜਹਾਜ਼ ਕਾਂਡ ਸਮੇਤ ਕਿੰਨੇ ਮਾਮਲਿਆਂ ਵਿਚ ਉਹ ਜਨਤਕ ਤੌਰ 'ਤੇ ਝੂਠ ਬੋਲਦਾ ਫਿਰਦਾ ਹੈ। ਗੱਲ ਜ਼ਾਹਰ ਹੋਣ ਪਿੱਛੋਂ ਜਦੋਂ ਕੁਝ ਹੋਰਨਾਂ ਨੇ ਵੀ ਉਸ ਦੀ ਤਾਈਦ ਕਰ ਦਿੱਤੀ ਤਾਂ ਅਡਵਾਨੀ ਸਾਹਿਬ ਨੂੰ ਮੰਨਣਾ ਪੈ ਗਿਆ ਕਿ ਗੱਲ ਜਸਵੰਤ ਸਿੰਘ ਹੀ ਸਹੀ ਹੈ। ਫਿਰ ਸਾਬਕਾ ਕੇਂਦਰੀ ਮੰਤਰੀ ਅਰੁਣ ਸ਼ੋਰੀ ਨੇ ਵਿਰੋਧ ਦਾ ਝੰਡਾ ਚੁੱਕ ਕੇ ਪਾਰਟੀ ਨੂੰ ਆਪਣੇ ਖ਼ਿਲਾਫ ਕਾਰਵਾਈ ਕਰਨ ਲਈ ਲਲਕਾਰਿਆ। ਓਦੋਂ ਤਾਂ ਹੱਦ ਹੀ ਹੋ ਗਈ, ਜਦੋਂ ਪਾਰਟੀ ਦੀ ਪ੍ਰਧਾਨਗੀ ਦੇ ਇਕ ਦਾਅਵੇਦਾਰ ਮਨੋਹਰ ਪਾਰਿਕਰ ਨੇ ਲਾਲ ਕ੍ਰਿਸ਼ਨ ਅਡਵਾਨੀ ਨੂੰ 'ਉੱਲੀ ਲੱਗਾ ਅਚਾਰ' ਆਖ ਕੇ ਜਲੂਸ ਕੱਢ ਦਿੱਤਾ।

ਭਾਜਪਾ ਦੇ ਲੀਡਰਾਂ ਦੀ ਇਸ ਲੜਾਈ ਨੂੰ ਨਿਪਟਾਉਣ ਦੇ ਬਹਾਨੇ ਰਾਸ਼ਟਰੀ ਸੋਇਮਸੇਵਕ ਸੰਘ ਦੇ ਨਵੇਂ ਮੁਖੀ ਮੋਹਨ ਭਾਗਵਤ ਨੇ ਵੱਖ-ਵੱਖ ਲੀਡਰਾਂ ਨੂੰ ਸਦਾ ਕੇ ਉਨ੍ਹਾਂ ਦੇ ਕੰਨ ਮਰੋੜਨੇ ਸ਼ੁਰੂ ਕਰ ਦਿੱਤੇ। ਉਸ ਦੇ ਹਰ ਸੱਦੇ ਉੱਤੇ ਭਾਜਪਾ ਲੀਡਰ ਇੰਜ ਦੌੜੇ ਜਾਂਦੇ ਵੇਖੇ ਗਏ, ਜਿਵੇਂ ਉਨ੍ਹਾਂ



ਉੱਤਰ ਪ੍ਰਦੇਸ਼ ਵਿਚ ਗਿਆਰਾਂ ਸੀਟਾਂ ਦੀ ਚੋਣ ਹੋਈ ਤੇ ਭਾਰਤੀ ਜਨਤਾ ਪਾਰਟੀ ਨੂੰ ਇੱਕ ਵੀ ਸੀਟ ਨਸੀਬ ਨਹੀਂ ਹੋ ਸਕੀ। ਇਹ ਉਹੋ ਉੱਤਰ ਪ੍ਰਦੇਸ਼ ਹੈ, ਜਿਸ ਵਿਚ ਰਾਮ ਮੰਦਰ ਬਣਾਉਣ ਦੀ ਮੁਹਿੰਮ ਚੜ੍ਹਾ ਕੇ ਭਾਰਤੀ ਜਨਤਾ ਪਾਰਟੀ ਨੇ ਮੁੜ-ਮੁੜ ਸਰਕਾਰ ਬਣਾਈ ਸੀ।

ਦੇ ਪਿੱਛੇ ਭੂਤ ਲੱਗ ਗਏ ਹੋਣ। ਜਿੰਨੀ ਵਾਰੀ ਓਧਰ ਜਾਣਾ, ਜਾਣ ਤੋਂ ਪਹਿਲਾਂ ਵੀ ਮੀਟਿੰਗ ਲਾਉਣੀ ਤੇ ਮੁੜਦੇ ਸਾਰ ਫਿਰ ਸਿਰ ਜੋੜਕੇ ਬੈਠ ਜਾਣਾ, ਜਿਵੇਂ ਸਿਰ ਪਈ ਮੁਸੀਬਤ ਨੂੰ ਟਾਲਣ ਦਾ ਰਾਹ ਲੱਭ ਰਹੇ ਹੋਣ। ਮੁਸੀਬਤ ਫਿਰ ਵੀ ਗਲੋਂ ਨਾ ਲੱਥੀ। ਹੋਇਆ ਇਹ ਕਿ ਜਿਹੜਾ ਆਰ ਐਸ ਐਸ ਹੁਣ ਤੱਕ ਪਰਦੇ ਪਿੱਛੇ ਰਹਿਕੇ ਹਦਾਇਤਾਂ ਦੇਂਦਾ ਤੇ ਅਮਲ ਹੋਇਆ ਉਡੀਕਦਾ ਹੁੰਦਾ ਸੀ, ਉਸ ਦੇ ਮੁਖੀ ਨੇ ਸਿੱਧੇ ਇਹ ਬਿਆਨ ਦਾਗਣੇ ਸ਼ੁਰੂ ਕਰ ਦਿੱਤੇ ਕਿ ਭਾਜਪਾ ਦਾ ਕੇਂਦਰੀ ਪ੍ਰਧਾਨ ਬਦਲਿਆ ਜਾਵੇਗਾ, ਤੇ ਇਹ ਵੀ ਕਿ ਉਹ ਨਵਾਂ ਪ੍ਰਧਾਨ ਦਿੱਲੀ ਦਾ ਨਹੀਂ ਹੋਵੇਗਾ। ਭਾਜਪਾ ਇਕ ਰਾਜਨੀਤਕ ਪਾਰਟੀ ਹੈ, ਪਰਦੇ ਪਿੱਛੇ ਜੋ ਵੀ 'ਪਰਵਾਰਕ ਸੰਬੰਧ' ਹੋਣ, ਆਰ ਐਸ ਐਸ ਨੂੰ ਇਹ ਹੱਕ ਨਹੀਂ ਹੋਣਾ ਚਾਹੀਦਾ ਕਿ ਉਹ ਅਜਿਹਾ ਦਖ਼ਲ ਦੇਵੇ, ਪਰ ਉਸਨੇ ਦਖ਼ਲ ਵੀ ਦਿੱਤਾ ਤੇ ਇਹ ਵੀ ਦੁਹਰਾਇਆ ਕਿ ''ਅਸੀਂ ਦਖ਼ਲ ਨਹੀਂ ਦੇਣਾ ਚਾਹੁੰਦੇ।''

ਇਸ ਔਝੜ ਦੀ ਸ਼ਿਕਾਰ ਭਾਰਤੀ ਜਨਤਾ ਪਾਰਟੀ ਹੋਈ ਕਿਉਂ? ਇਸ ਲਈ ਕਿ ਅੱਧੀ ਸਦੀ ਤੱਕ ਪਾਰਟੀ ਦੇ ਸਿਖਰ ਉੱਤੇ ਇਕੱਠੇ ਰਹੇ ਦੋ ਲੀਡਰਾਂ ਦੀ ਆਪੋ ਵਿਚ ਉੱਤੋਂ ਸਾਂਝ ਹੁੰਦੀ ਸੀ ਤੇ ਪਿੱਠ ਪਿੱਛੇ ਵਾਰ ਕੀਤੇ ਜਾਂਦੇ ਸਨ। ਇੱਕ ਸਮੇਂ ਅਟਲ ਬਿਹਾਰੀ ਵਾਜਪਾਈ ਨੂੰ ''ਭਾਜਪਾ ਦਾ ਮੁੱਖੜਾ ਨਹੀਂ, ਸਿਰਫ਼ ਮੁਖੌਟਾ'' ਕਿਹਾ ਗਿਆ ਸੀ। ਇਹ ਗੱਲ ਪਾਰਟੀ ਦੇ ਜਨਰਲ ਸਕੱਤਰ ਗੋਵਿੰਦਾਚਾਰੀਆ ਨੇ ਕਹੀ ਸੀ ਤੇ ਸਭ ਨੂੰ ਪਤਾ ਸੀ ਕਿ ਗੋਵਿੰਦਾਚਾਰੀਆ ਤੇ ਉਮਾ ਭਾਰਤੀ ਹਰ ਮਾਮਲੇ ਵਿਚ ਲਾਲ ਕ੍ਰਿਸ਼ਨ ਅਡਵਾਨੀ ਦੇ ਜੋਟੀਦਾਰ ਮੰਨੇ ਜਾਂਦੇ ਸਨ। ਜਦੋਂ ਹਵਾਲਾ ਕਾਂਡ ਵਿਚ ਲਾਲ ਕ੍ਰਿਸ਼ਨ ਅਡਵਾਨੀ ਦਾ ਨਾਂਅ ਆਇਆ ਸੀ, ਓਦੋਂ ਇਸ ਮੁੱਦੇ ਬਾਰੇ ਖੋਜੀ ਰਿਪੋਰਟਾਂ ਦੇ ਰਹੇ ਇੱਕ ਪੱਤਰਕਾਰ ਨੂੰ ਅਟਲ ਬਿਹਾਰੀ ਵਾਜਪਾਈ ਨੇ ਕੁਰੇਦ ਕੇ ਪੁੱਛ ਲਿਆ ਸੀ, ''ਹਮਾਰੇ ਸਿੰਧੀ ਭਾਈ ਕਾ ਕਿਆ ਬਨੇਗਾ?'' ਕਈ ਦਿਨਾਂ ਤੱਕ ਭਾਜਪਾ ਅੰਦਰ ਇਸ ਗੱਲ ਨੇ ਵੀ ਭਗਦੜ ਪਾਈ ਰੱਖੀ ਸੀ। ਹੁਣ ਜਦੋਂ ਮਨੋਹਰ ਪਾਰਿਕਰ ਨੇ ਅਡਵਾਨੀ ਨੂੰ 'ਉੱਲੀ ਲੱਗਾ ਆਚਾਰ' ਕਿਹਾ ਹੈ ਤਾਂ ਇਹ ਵੀ ਉਸਨੇ ਨਹੀਂ ਕਿਹਾ, ਉਸਦੇ ਅੰਦਰਲੇ ਵਾਜਪਾਈ-ਭਗਤ ਨੇ ਆਪਣੇ ਮਨ ਵਿਚ ਚਿਰਾਂ ਦੀ ਦਬਾ ਕੇ ਰੱਖੀ ਹਵਾੜ ਕੱਢੀ ਹੈ।

ਜਦੋਂ ਪਾਰਟੀ ਦਾ ਕੇਂਦਰ ਵਿਚ ਇਹ ਹਾਲ ਹੈ ਤਾਂ ਰਾਜਾਂ ਅੰਦਰ ਹਾਲਤ ਹੋਰ ਵੀ ਮਾੜੀ ਹੈ। ਕੋਈ ਇਕ ਵੀ ਰਾਜ ਇਹੋ ਜਿਹਾ ਨਹੀਂ, ਜਿੱਥੇ ਭਾਜਪਾ ਦੇ ਭਾਂਡੇ ਖੜਕਦੇ ਨਾ ਹੋਣ। ਹੋਰ ਤਾਂ ਹੋਰ, ਨਰਿੰਦਰ ਮੋਦੀ ਵਰਗਾ ਬੰਦਾ ਜਦੋਂ ਆਪਣੇ ਰਾਜ ਵਿਚ ਆਪਣੇ-ਪਰਾਏ ਕਿਸੇ ਦਾ ਵਿਰੋਧ ਸਹਾਰਨ ਨੂੰ ਹੀ ਤਿਆਰ ਨਹੀਂ, ਉਸ ਦੇ ਰਾਜ ਵਿਚ ਵੀ ਭਾਜਪਾ ਅੰਦਰ ਬਗਾਵਤੀ ਸੁਰਾਂ ਸ਼ੁਰੂ ਹੋ ਗਈਆਂ ਹਨ। ਘੱਟੋ-ਘੱਟ ਚਾਰ ਰਾਜਾਂ ਦੇ ਸਾਬਕਾ ਮੁੱਖ ਮੰਤਰੀ ਆਪਣੇ ਰਾਜ ਦੀ ਪਾਰਟੀ ਲੀਡਰਸ਼ਿਪ ਨੂੰ ਮੰਨਣ ਨੂੰ ਤਿਆਰ ਨਹੀਂ। ਸਭ ਤੋਂ ਮਾੜੀ ਗੱਲ ਇਹ ਕਿ ਕਦੇ ਇਸ ਪਾਰਟੀ ਬਾਰੇ ਸਮਝਿਆ ਜਾਂਦਾ ਸੀ ਕਿ ਇਹ ਛੋਟੇ ਭਾਈਵਾਲਾਂ ਨੂੰ ਖਾ ਜਾਵੇਗੀ, ਹੁਣ ਰਾਜਾਂ ਵਿਚ ਛੋਟੇ ਭਾਈਵਾਲ ਇਸਨੂੰ ਉਂਗਲਾਂ 'ਤੇ ਨਚਾ ਰਹੇ ਹਨ।

ਮਿਸਾਲ ਵਜੋਂ ਮਹਾਰਾਸ਼ਟਰ ਇਹ ਹੈ, ਜਿੱਥੇ ਭਾਰਤੀ ਜਨਤਾ ਪਾਰਟੀ ਦਾ ਸ਼ਿਵ ਸੈਨਾ ਨਾਲ ਗੱਠਜੋੜ ਹੈ। ਖੋਰਾ ਤਾਂ ਦੋਵਾਂ ਧਿਰਾਂ ਨੂੰ ਲੱਗਾ, ਪਰ ਸ਼ਿਵ ਸੈਨਾ ਨੂੰ ਵਧ ਲੱਗਾ ਹੈ। ਇਸਦੇ ਬਾਵਜੂਦ ਸ਼ਿਵ ਸੈਨਾ ਦਾ ਮੁਖੀ ਬਾਲ ਠਾਕਰੇ ਹੀ ਭਾਜਪਾ ਵਾਲਿਆਂ ਨੂੰ ਅੱਗੇ ਲਾਈ ਫਿਰਦਾ ਹੈ। ਵਧ ਸੀਟਾਂ ਜਿੱਤਣ ਦੇ ਬਾਵਜੂਦ ਭਾਜਪਾ ਵਾਲੇ ਉਸ ਦੇ ਮੂਹਰੇਂ ਕੁਸਕਣ ਜੋਗੇ ਨਹੀਂ। ਵਿਧਾਨ ਸਭਾ ਚੋਣ ਵੇਲੇ ਭਾਜਪਾ ਕੋਟੇ ਦੀਆਂ ਕਈ ਸੀਟਾਂ ਉੱਤੇ ਉਮੀਦਵਾਰ ਵੀ ਬਾਲ ਠਾਕਰੇ ਦੀ ਮਰਜ਼ੀ ਦੇ ਖੜੇ ਕਰਨੇ ਪਏ ਤੇ ਜਿੱਥੇ ਇੰਜ ਨਾ ਕੀਤਾ, ਓਥੇ ਸ਼ਿਵ ਸੈਨਾ ਪੂਰੀ ਤਰ੍ਹਾਂ ਨਾਲ ਨਹੀਂ ਸੀ ਤੁਰੀ।

ਦੂਜੀ ਮਿਸਾਲ ਬਿਹਾਰ ਦੀ ਹੈ। ਓਥੇ ਹੁਣ ਜਾਰਜ ਫ਼ਰਨਾਂਡੇਜ਼ ਕਿਸੇ ਖਾਤੇ ਵਿਚ ਨਹੀਂ ਗਿਣਿਆ ਜਾਂਦਾ ਤੇ ਭਾਈਵਾਲ ਜਨਤਾ ਦਲ (ਯੂਨਾਈਟਿਡ) ਦੀ ਕਮਾਨ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਹੱਥਾਂ ਵਿਚ ਹੈ। ਫ਼ਰਨਾਂਡੇਜ਼ ਨਾਲ ਨੇੜਤਾ ਦੇ ਦੌਰ ਵਿਚ ਭਾਜਪਾ ਵਾਲੇ ਨਿਤੀਸ਼ ਕੁਮਾਰ ਨੂੰ ਟਕੇ ਸੇਰ ਨਹੀ ਸਨ ਜਾਣਦੇ ਹੁੰਦੇ। ਹੁਣ ਜਦੋਂ ਉਹ ਮੁਖੀ ਲੀਡਰ ਹੈ, ਉਸਨੇ ਭਾਜਪਾ ਅੰਦਰਲੇ ਮੱਤਭੇਦਾਂ ਨੂੰ ਵਰਤ ਕੇ ਪੁਰਾਣਾ ਹਿਸਾਬ ਬਰਾਬਰ ਕਰਨ ਦਾ ਰਾਹ ਫੜ ਲਿਆ ਜਾਪਦਾ ਹੈ। ਡਿਪਟੀ ਮੁੱਖ ਮੰਤਰੀ ਤੇ ਭਾਜਪਾ ਆਗੂ ਸੁਸ਼ੀਲ ਕੁਮਾਰ ਮੋਦੀ ਦੇ ਵਿਰੋਧ ਵਿਚ ਉਸ ਨੇ ਜਿਹੜੀ ਵੀ ਭਾਜਪਾਈ ਸੁਰ ਨਿਕਲਦੀ ਵੇਖੀ, ਉਸੇ ਨੂੰ ਕਿਸੇ ਨਾ ਕਿਸੇ ਢੰਗ ਨਾਲ ਚੋਗਾ ਪਾ ਕੇ ਨਾਲ ਗੰਢ ਲਿਆ। ਐਨ ਉਸ ਸਮੇਂ ਜਦੋਂ ਕਰਨਾਟਕਾ ਅੰਦਰ ਭਾਜਪਾ ਮੁੱਖ ਮੰਤਰੀ ਯੇਦੂਰੱਪਾ ਵਿਰੁਧ ਖੁੱਲ੍ਹੀ ਬਗਾਵਤ ਹੋਈ ਪਈ ਸੀ, ਤੇ ਕੇਂਦਰ ਦੀ ਲੀਡਰਸ਼ਿਪ ਉਸ ਦੀਆਂ ਗੁੰਝਲਾਂ ਛਾਂਟਦੀ ਪਈ ਸੀ, ਬਿਹਾਰ ਦੇ ਭਾਜਪਾ ਬਾਗੀਆਂ ਨੇ ਡਿਪਟੀ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ ਵਿਰੁਧ ਝੰਡਾ ਚੁੱਕ ਕੇ ਮੈਦਾਨ ਮੱਲ ਲਿਆ ਤੇ ਮੀਟਿੰਗਾਂ ਦਾ ਇੱਕ ਨਵਾਂ ਦੌਰ ਸ਼ੁਰੂ ਕਰ ਦਿੱਤਾ ਸੀ।

ਤੀਜੀ ਤੇ ਉੱਘੜਵੀਂ ਮਿਸਾਲ ਹੈ ਪੰਜਾਬ ਦੀ। ਏਥੇ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਵਿਚ ਬਾਦਲ ਅਕਾਲੀ ਦਲ 1978 ਤੋਂ ਬਾਅਦ ਪਹਿਲੀ ਵਾਰ ਆਪਣੇ ਸਿਰ ਬਹੁ-ਸੰਮਤੀ ਹਾਸਲ ਕਰਨੋਂ ਖੁੰਝਿਆ ਸੀ। ਪਿਛਲੀ 1997 ਵਾਲੀ ਵਾਰੀ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੋਵਾਂ ਨੇ ਹੀ ਭਾਜਪਾ ਦੇ ਸਭ ਤੋਂ ਸੀਨੀਅਰ ਲੀਡਰ ਬਲਰਾਮਜੀ ਦਾਸ ਟੰਡਨ ਨੂੰ ਡਿਪਟੀ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰਨ ਦੇ ਬਾਵਜੂਦ ਬਣਾਇਆ ਨਹੀਂ ਸੀ। ਓਦੋਂ ਦੀ ਕੁੜੱਤਣ ਸਾਂਭੀ ਬੈਠੇ ਭਾਜਪਾ ਵਾਲਿਆਂ ਨੇ ਇਸ ਵਾਰੀ ਜਦੋਂ ਵੇਖਿਆ ਕਿ ਅਕਾਲੀ ਦਲ ਕੋਲ ਆਪਣੇ ਸਿਰ ਬਹੁ-ਸੰਮਤੀ ਨਹੀਂ, ਉਨ੍ਹਾਂ ਨੇ ਡਿਪਟੀ ਮੁੱਖ ਮੰਤਰੀ ਦੇ ਅਹੁਦੇ ਦੀ ਮੰਗ ਚੁੱਕ ਦਿੱਤੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਦਿੱਲੀ ਜਾ ਕੇ ਵਾਜਪਾਈ-ਅਡਵਾਨੀ ਜੋੜੀ ਨੂੰ ਮਨਾ ਲਿਆ ਤੇ ਕੰਮ ਚੱਲਦਾ ਰਿਹਾ, ਪਰ ਇਸੇ ਸਾਲ ਜਨਵਰੀ ਵਿਚ ਜਦੋਂ ਸੁਖਬੀਰ ਸਿੰਘ ਬਾਦਲ ਨੂੰ ਡਿਪਟੀ ਮੁੱਖ ਮੰਤਰੀ ਬਣਾਉਣ ਦਾ ਫ਼ੈਸਲਾ ਅਕਾਲੀ ਦਲ ਨੇ ਆਪਣੇ ਆਪ ਲੈ ਲਿਆ, ਭਾਜਪਾ ਵਾਲਿਆਂ ਨੇ ਆਪਣੀ ਪੁਰਾਣੀ ਮੰਗ ਫੇਰ ਉਠਾ ਦਿੱਤੀ। ਕਈ ਦਿਨ ਚੰਡੀਗੜ੍ਹ ਤੇ ਦਿੱਲੀ ਦੀਆਂ ਦੌੜਾਂ ਲਾ ਕੇ ਬਾਦਲ ਬਾਪ-ਬੇਟੇ ਨੇ ਜ਼ਿਦ ਛੱਡਣ ਲਈ ਤਾਂ ਉਨ੍ਹਾਂ ਨੂੰ ਮਨਾ ਲਿਆ, ਪਰ ਮਨ ਵਿਚ ਕੋਈ ਪੱਕਾ ਹੱਲ ਕੱਢਣ ਦੀ ਧਾਰ ਲਈ। ਜਦੋਂ ਪਾਰਲੀਮੈਂਟ ਚੋਣਾਂ ਵਿਚ ਹਾਰ ਤੇ ਫਿਰ ਕੇਂਦਰੀ ਭਾਜਪਾ ਲੀਡਰਾਂ ਦੀ ਖਾਨਾਜੰਗੀ ਦਾ ਮਾਹੌਲ ਬਣਿਆ, ਉਹ ਮਾਹੌਲ ਬਾਦਲ ਅਕਾਲੀ ਦਲ ਲਈ ਕਿਸੇ ਵੀ ਹੋਰ ਤੋਂ ਵਧ ਲਾਹੇਵੰਦਾ ਸਾਬਤ ਹੋਣ ਲੱਗ ਪਿਆ, ਜਿਸ ਦਾ ਪ੍ਰਭਾਵ ਹੁਣ ਕੋਈ ਕੱਚ-ਘਰੜ ਵਿਸ਼ਲੇਸ਼ਣਕਾਰ ਵੀ ਵੇਖ ਤੇ ਸਮਝ ਸਕਦਾ ਹੈ।

ਅੰਦਰਲੇ ਹਾਲਾਤ ਦਾ ਪਹਿਲਾ ਪਟਾਕਾ ਪਿਆ ਅੰਮ੍ਰਿਤਸਰ ਵਿਚ, ਜਿੱਥੇ ਪਾਰਲੀਮੈਂਟ ਚੋਣ ਦੀ ਮੁਹਿੰਮ ਦਾ ਲੇਖਾ-ਜੋਖਾ ਕਰਨ ਲਈ ਸੱਦੀ ਭਾਜਪਾ ਮੀਟਿੰਗ ਵਿਚ ਇਕ ਭਾਜਪਾ ਵਿਧਾਇਕ ਨੇ ਆਪਣੇ ਮੂੰਹ 'ਤੇ ਆਪੇ ਚਪੇੜਾਂ ਮਾਰ ਲਈਆਂ। ਅਜਿਹਾ ਕਿਉਂ ਹੋ ਰਿਹਾ ਹੈ? ਇਸ ਲਈ ਕਿ ਭਾਜਪਾ ਹੁਣ ਪਹਿਲਾਂ ਵਾਲੀ ਭਾਜਪਾ ਨਹੀਂ ਰਹੀ। ਦੂਜੇ ਪਾਸੇ ਬਾਦਲ ਅਕਾਲੀ ਦਲ ਵੀ ਇਸ ਗੱਲ ਨੂੰ ਸਮਝ ਕੇ ਆਪਣੀ ਨਵੀਂ ਨੀਤੀ ਉਤੇ ਚੱਲ ਰਿਹਾ ਹੈ। ਅੱਗੇ ਇਹ ਦੋਸ਼ ਲੱਗਦਾ ਹੁੰਦਾ ਸੀ ਕਿ ਅਕਾਲੀ ਦਲ ਦੇ ਫਲਾਣੇ-ਫਲਾਣੇ ਆਗੂ ਭਾਜਪਾ ਦੀ ਕੇਂਦਰੀ ਕਮਾਨ ਤੋਂ ਹਦਾਇਤਾਂ ਲੈ ਕੇ ਚੱਲਦੇ ਹਨ। ਹੁਣ ਇਹ ਕਿਹਾ ਜਾਂਦਾ ਹੈ ਕਿ ਭਾਜਪਾ ਦੇ ਪੰਜਾਬ ਦੇ ਫਲਾਣੇ-ਫਲਾਣੇ ਮੰਤਰੀ ਜਾਂ ਵਿਧਾਇਕ ਆਪਣੀ ਪਾਰਟੀ ਦੀ ਲੀਡਰਸ਼ਿਪ ਦੀ ਬਜਾਏ ਮੁੱਖ ਮੰਤਰੀ ਬਾਦਲ ਸਾਹਿਬ ਤੋਂ ਉਨ੍ਹਾਂ ਦੀ ਰਾਏ ਪੁੱਛ ਕੇ ਚੱਲਦੇ ਹਨ। ਉਨ੍ਹਾਂ ਨੂੰ 'ਭਾਜਪਾ ਅੰਦਰਲੇ ਅਕਾਲੀ' ਤੱਕ ਕਿਹਾ ਜਾ ਰਿਹਾ ਹੈ। ਤੇ ਜਿਹੜੀ ਹਾਲਤ ਪੰਜਾਬ ਵਿਚ ਹੈ, ਬਿਹਾਰ ਜਾਂ ਮਹਾਰਾਸ਼ਟਰ ਵਿਚ ਹੈ, ਘੱਟ ਜਾਂ ਵੱਧ ਹਰ ਰਾਜ ਵਿਚ ਹੈ। ਹੁਣ ਇਹ ਪਾਰਟੀ ਭਾਈਵਾਲਾਂ ਦੀ ਹੋਂਦ ਲਈ ਖ਼ਤਰਾ ਬਣਨ ਜੋਗੀ ਨਹੀਂ, ਆਪਣੀ ਹੋਂਦ ਨੂੰ ਖੋਰੇ ਤੋਂ ਬਚਾਉਣ ਲਈ ਵੀ ਨਿਤਾਣੀ ਸਾਬਤ ਹੁੰਦੀ ਨਜ਼ਰ ਆਉਂਦੀ ਹੈ।

## ਨਰਿੰਦਰ ਮੋਦੀ ਦੇ ਭਾਜਪਾ ਪ੍ਰਧਾਨ ਬਣਨ ਦੀ ਚਰਚਾ

**ਨਵੀਂ ਦਿੱਲੀ:** ਹੁਣ ਇਹ ਗੱਲ ਤੈਅ ਹੈ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਭਾਜਪਾ ਦਾ ਅਗਲਾ ਪ੍ਰਧਾਨ ਬਣਾਇਆ ਜਾ ਰਿਹਾ ਹੈ। ਮੌਜੂਦਾ ਪ੍ਰਧਾਨ ਰਾਜਨਾਥ ਸਿੰਘ ਦੇ ਅਹੁਦੇ ਦੀ ਮਿਆਦ ਅਗਲੇ ਮਹੀਨੇ ਖਤਮ ਹੋ ਰਹੀ ਹੈ।



ਆਰ.ਐੱਸ.ਐੱਸ. ਨੇ ਮੋਦੀ ਨੂੰ ਪ੍ਰਧਾਨ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਮੋਦੀ ਨੇ ਪ੍ਰਧਾਨਗੀ ਸੰਭਾਲਣੀ ਮੰਨ ਲਈ ਹੈ ਪਰ ਨਾਲ ਇਹ ਕਿਹਾ ਹੈ ਕਿ ਆਰ.ਐੱਸ.ਐੱਸ.ਪਾਰਟੀ ਦੇ ਨਿੱਤ ਦੇ ਕੰਮਾਂ ਵਿਚ ਦਖਲ ਨਾ ਦੇਵੇ। ਓਧਰ ਇਹ ਚਰਚਾ ਹੈ ਕਿ ਐੱਲ.ਕੇ.ਅਡਵਾਨੀ ਦੀ ਥਾਂ ਸੁਸ਼ਮਾ ਸਵਰਾਜ ਨੂੰ ਸੰਸਦ 'ਚ ਪਾਰਟੀ ਲੀਡਰ ਬਣਾਇਆ ਜਾ ਰਿਹਾ ਹੈ।

ਮੋਦੀ ਨੂੰ ਪ੍ਰਧਾਨ ਬਣਾਉਣ ਦੇ ਸੰਬੰਧ ਵਿਚ ਆਰ.ਐਸ.ਐਸ.ਮੁਖੀ ਮੋਹਨ ਭਾਗਵਨ ਨੂੰ ਸੂਚਿਤ ਕੀਤਾ ਗਿਆ ਜਿਨ੍ਹਾਂ ਨੇ ਉਨ੍ਹਾਂ ਦਾ ਨਾਂ ਮਨਜ਼ੂਰ ਕਰ ਲਿਆ। ਨਰਿੰਦਰ ਮੋਦੀ ਨੇ ਕਿਹਾ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਇਮਾਨਦਾਰੀ, ਲਗਨ ਤੇ ਵਫਾਦਾਰੀ ਨਾਲ ਨਿਭਾਉਣਗੇ ਅਤੇ ਪਾਰਟੀ ਦੀਆਂ ਆਸਾਂ 'ਤੇ ਪੂਰੇ ਉਤਰਨ ਦਾ ਯਤਨ ਕਰਨਗੇ। ਇਸ ਦੌਰਾਨ ਪਤਾ ਲੱਗਾ ਹੈ ਕਿ ਅਡਵਾਨੀ ਦੀ ਥਾਂ ਸੁਸ਼ਮਾ ਸਵਰਾਜ ਨੂੰ ਲੋਕ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਦਾ ਅਹੁਦਾ ਸੌਂਪਣ ਦਾ ਫੈਸਲਾ ਲਗਭਗ ਹੋ ਚੁੱਕਾ ਹੈ।

# ਪੰਜਾਬ ਭਾਜਪਾ ਦਾ ਕੇਡਰ ਆਪਣੇ ਲੀਡਰਾਂ ਤੋਂ ਹੀ ਦੁਖੀ

**ਚੰਡੀਗੜ੍ਹ:** ਗਿਲੇ-ਸ਼ਿਕਵਿਆਂ ਨੂੰ ਆਧਾਰ ਬਣਾ ਕੇ ਅਕਾਲੀਆਂ ਨੂੰ ਪਲ-ਪਲ ਘੇਰਨ ਵਾਲੀ ਸਰਕਾਰ ਦੀ ਭਾਈਵਾਲ ਪਾਰਟੀ ਹੀ ਬੀਤੀ 13 ਨਵੰਬਰ ਨੂੰ ਆਪਸ ਵਿਚ ਮੁੱਦਿਆਂ ਨੂੰ ਲੈ ਕੇ ਉਲਝ ਗਈ। ਭਾਜਪਾ ਵਿਧਾਇਕਾਂ ਨੇ ਅਪਣੇ ਮੰਤਰੀਆਂ ਨੂੰ ਰੱਜ ਕੇ ਕੋਸਿਆ। ਇਥੇ ਭਾਜਪਾ ਵਿਧਾਇਕ ਦਲ ਦੀ ਹੋਈ ਮੀਟਿੰਗ ਦੌਰਾਨ ਕਰੀਬ ਸਾਰੇ ਭਾਜਪਾਈ ਵਿਧਾਇਕਾਂ ਨੇ ਕੌਮੀ ਸੰਗਠਨ ਸਕੱਤਰ ਅਜੇ ਜੈਮੁਅਲ ਦੇ ਕੋਲ ਅਪਣਾ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਅਕਾਲੀ ਮੰਤਰੀਆਂ ਵਿਰੁਧ ਕੀ ਦੋਸ਼ ਲਾਉਣੇ ਹਨ, ਕਿਉਂਕਿ ਉਨ੍ਹਾਂ ਦੇ ਅਪਣੇ ਹੀ ਮੰਤਰੀ ਕੰਮ ਨਹੀਂ ਕਰਦੇ। ਕਈ ਵਾਰ ਤਾਂ ਉਹ ਫ਼ੋਨ ਚੁੱਕਣ ਦੀ ਵੀ ਜ਼ਹਿਮਤ ਨਹੀਂ ਉਠਾਉਂਦੇ। ਸੂਤਰਾਂ ਮੁਤਾਬਕ ਵਿਧਾਇਕਾਂ ਨੇ ਮੀਟਿੰਗ ਸ਼ੁਰੂ ਹੁੰਦਿਆਂ ਹੀ ਭਾਜਪਾ ਦੇ 5 ਮੰਤਰੀਆਂ ਨੂੰ ਘੇਰ ਲਿਆ ਕਿ ਉਨ੍ਹਾਂ ਦੇ ਕੰਮ ਨਹੀਂ ਹੋ ਰਹੇ, ਜਿਸ ਕਾਰਨ ਆਮ ਵਰਕਰ ਭਾਜਪਾ ਤੋਂ ਦੂਰ ਹੁੰਦਾ ਜਾ ਰਿਹਾ ਹੈ। ਮੀਟਿੰਗ ਵਿਚ ਕਿਹਾ ਗਿਆ ਕਿ ਕਈ ਮੰਤਰੀ ਤਾਂ ਵਿਧਾਇਕਾਂ ਦਾ ਫ਼ੋਨ ਵੀ ਨਹੀਂ ਚੁੱਕਦੇ ਜਿਸ ਕਾਰਨ ਆਮ ਵਰਕਰਾਂ ਵਿਚ ਸ਼ਰਮਸਾਰ ਹੋਣਾ ਪੈਂਦਾ ਹੈ। ਇਹ ਵੀ ਪਤਾ ਲੱਗਾ ਹੈ ਕਿ ਸ੍ਰੀ ਜੈਮੁਅਲ ਨੇ ਸਾਰੇ ਮੰਤਰੀਆਂ ਨੂੰ ਸਖ਼ਤੀ ਨਾਲ ਆਦੇਸ਼ ਦਿਤੇ ਹਨ ਕਿ ਇਕ ਹਫ਼ਤੇ ਦੇ ਅੰਦਰ-ਅੰਦਰ ਨਿੰਦਣਯੋਗ ਰਵਈਆ ਬਦਲਿਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਅਗਲੇ ਹਫ਼ਤੇ ਤਕ ਕਿਸੇ ਵੀ ਵਿਧਾਇਕ ਦੀ ਸ਼ਿਕਾਇਤ ਉਨ੍ਹਾਂ ਨੂੰ ਨਹੀਂ ਮਿਲਣੀ ਚਾਹੀਦੀ ਕਿਉਂਕਿ ਇਸ ਨਾਲ ਭਾਜਪਾ ਦਾ ਅਕਸ ਖ਼ਰਾਬ ਹੁੰਦਾ ਹੈ। ਮੀਟਿੰਗ ਵਿਚ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਕਿਸੇ ਕਾਰਨ ਨਹੀਂ ਪਹੁੰਚ ਸਕੇ ਜਦਕਿ ਮਨੋਰੰਜਨ ਕਾਲੀਆ ਅਤੇ ਤੀਕਸ਼ਣ ਸੂਦ ਮੀਟਿੰਗ ਖ਼ਤਮ ਹੋਣ ਤੋਂ ਪਹਿਲਾਂ ਪਹੁੰਚ ਗਏ ਸਨ। ਮੀਟਿੰਗ ਉਪਰੰਤ ਭਾਜਪਾ ਵਿਧਾਇਕਾਂ ਦੀ ਮੀਟਿੰਗ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਦਫ਼ਤਰ ਵਿਚ ਹੋਈ ਜਿਥੇ ਸੰਘ ਦੇ ਕੇਂਦਰੀ ਸੰਗਠਨ ਸਕੱਤਰ ਪ੍ਰੇਮਜੀ ਗੋਇਲ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ। ਇਹ ਮੀਟਿੰਗ ਸੰਘ ਦੇ ਰਾਸ਼ਟਰੀ ਮੁਖੀ ਮੋਹਨ ਭਾਗਵਤ ਦੀ ਪੰਜਾਬ ਫੇਰੀ ਬਾਰੇ ਕੀਤੀ ਗਈ।

ਸ੍ਰੀ ਭਾਗਵਤ 4-6 ਦਸੰਬਰ ਨੂੰ ਚੰਡੀਗੜ੍ਹ ਆ ਰਹੇ ਹਨ। ਇਸ ਕਰ ਕੇ ਭਾਜਪਾ ਵਿਧਾਇਕਾਂ ਦੀਆਂ ਸ੍ਰੀ ਭਾਗਵਤ ਦੀ ਫੇਰੀ ਬਾਰੇ ਡਿਊਟੀਆਂ ਲਗਾਈਆਂ ਗਈਆਂ ਅਤੇ ਪ੍ਰੋਗਰਾਮ ਦੀ ਰੂਪ-ਰੇਖਾ ਤਿਆਰ ਕੀਤੀ ਗਈ। ਸੂਤਰਾਂ ਮੁਤਾਬਕ ਦੋਹਾਂ ਮੀਟਿੰਗਾਂ ਵਿਚ ਅਕਾਲੀ ਸਰਕਾਰ ਦੇ ਭਾਜਪਾ ਪ੍ਰਤੀ ਵਤੀਰੇ ਦਾ ਕੋਈ ਜ਼ਿਕਰ ਨਾ ਕੀਤਾ ਗਿਆ। ਸਿਰਫ਼ ਅਪਣੇ ਹੀ ਸ਼ਿਕਵੇ-ਸ਼ਿਕਾਇਤਾਂ ਦੂਰ ਕਰਨ ਲਈ ਦੁਖੜੇ ਸੁਣਾਏ ਗਏ।

## ਪੰਜ ਸ਼ਹਿਰਾਂ 'ਤੇ ਹਮਲਿਆਂ ਦੀ ਚਿਤਾਵਨੀ

**ਨਵੀਂ ਦਿੱਲੀ :** ਕੇਂਦਰ ਸਰਕਾਰ ਨੇ ਇਕ ਅਡਵਾਇਜ਼ਰੀ ਨੋਟ ਜਾਰੀ ਕਰਦਿਆਂ ਦੇਸ਼ ਦੇ 5 ਸ਼ਹਿਰਾਂ 'ਤੇ ਦਹਿਸ਼ਤਗਰਦੀ ਹਮਲੇ ਹੋਣ ਦੀ ਚਿਤਾਵਨੀ ਦਿੱਤੀ ਹੈ। ਆਪਣੇ ਅਡਵਾਇਜ਼ਰੀ ਨੋਟ 'ਚ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਪ੍ਰਾਪਤ ਖ਼ੁਫ਼ੀਆ ਰਿਪੋਰਟਾਂ ਮੁਤਾਬਕ ਮੁੰਬਈ ਹਮਲਿਆਂ ਦੀ ਪਹਿਲੀ ਬਰਸੀ ਮੌਕੇ ਦਹਿਸ਼ਤਗਰਦਾਂ ਵਲੋਂ ਕੁਝ ਸ਼ਹਿਰਾਂ 'ਚ ਹਮਲੇ ਕੀਤੇ ਜਾ ਸਕਦੇ ਹਨ। ਖ਼ੁਫ਼ੀਆ ਏਜੰਸੀਆਂ ਨੇ ਇਹ ਖ਼ੁਲਾਸਾ ਅਮਰੀਕੀ ਦਹਿਸ਼ਤਗਰਦ ਡੇਵਿਡ ਹੈਡਲੇ ਤੋਂ ਅਮਰੀਕੀ ਖ਼ੁਫ਼ੀਆ ਏਜੰਸੀ ਐਫ਼ ਬੀ ਆਈ ਵਲੋਂ ਕੀਤੀ ਗਈ ਪੁੱਛ ਪੜਤਾਲ ਨੂੰ ਆਧਾਰ ਬਣਾਉਂਦਿਆਂ ਕੀਤਾ ਹੈ। ਆਪਣੇ ਅਡਵਾਇਜ਼ਰੀ ਨੋਟ 'ਚ ਕੇਂਦਰ ਸਰਕਾਰ ਨੇ ਦਿੱਲੀ, ਮੁੰਬਈ, ਲਖਨਊ, ਆਗਰਾ ਤੇ ਅਹਿਮਦਾਬਾਦ ਨੂੰ ਮੁੱਖ ਤੌਰ 'ਤੇ ਹਮਲਿਆਂ ਦੀ ਮਾਰ ਹੇਠ ਦੱਸਿਆ ਹੈ। ਅਡਵਾਇਜ਼ਰੀ ਨੋਟ ਮੁਤਾਬਕ ਹੈਡਲੇ ਨੇ ਇਨ੍ਹਾਂ 5 ਸ਼ਹਿਰਾਂ ਦਾ ਦੌਰਾ ਕੀਤਾ ਸੀ। ਇਸ ਤੋਂ ਇਲਾਵਾ ਉੱਚ ਅਧਿਕਾਰੀਆਂ ਨੇ ਪੱਛਮੀ ਤੱਟ ਤੋਂ 50 ਤੋਂ ਵਧ ਦਹਿਸ਼ਤਗਰਦਾਂ ਵਲੋਂ ਘੁਸਪੈਠ ਕਰਨ ਦਾ ਵੀ ਖ਼ੁਲਾਸਾ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪਿਛਲੇ ਹਫ਼ਤੇ ਵੀ ਸਰਕਾਰ ਨੇ ਇਸੇ ਤਰ੍ਹਾਂ ਦੀ ਇਕ ਚਿਤਾਵਨੀ ਜਾਰੀ ਕੀਤੀ ਸੀ। ਸਰਕਾਰ ਨੇ ਸੂਬਿਆਂ ਨੂੰ ਕਿਹਾ ਸੀ ਕਿ ਉਹ ਇਸ ਚਿਤਾਵਨੀ ਨੂੰ ਗੰਭੀਰਤਾ ਨਾਲ ਲੈਣ ਅਤੇ ਸੰਵੇਦਨਸ਼ੀਲ ਥਾਵਾਂ 'ਤੇ ਸੁਰੱਖਿਆ ਦੇ ਪ੍ਰਬੰਧ ਸਖ਼ਤ ਕਰ ਦਿੱਤੇ ਜਾਣ।

### ਨਾਲੀ ਦੇ ਮੰਡ ਵਿਚ ਵੱਸਿਆ ਪਿੰਡ ਕੁੱਤੇਵੱਢ

# ਅੱਜ ਵੀ ਚੀਕਾਂ ਸੁਣਦੀਆਂ ਨੇ ਉਸ ਦੀਆਂ ਟਿਕੀ ਹੋਈ ਰਾਤ ਨੂੰ

"ਨੀਂ ਬੀਬੀ ਮੈਨੂੰ ਬਚਾ ਲੈ। ਮੈਂ ਤੇਰੀਆਂ ਧੀਆਂ ਵਰਗੀ!" ਆਪਣੇ ਦਿਓਰ ਵਲੋਂ ਦਾਤਰ ਨਾਲ ਕੀਤੇ ਪਹਿਲੇ ਵਾਰ ਤੋਂ ਬਚਦੀ ਉਹ ਆਪਣੀ ਸੱਸ ਦੇ ਪੈਰੀਂ ਜਾ ਢੱਠੀ ਸੀ। ਉਸ ਇਕ ਹੋਰ ਲੇਰ ਮਾਰੀ, "ਨੀਂ ਮਾਂ ਮੈਨੂੰ ਬਚਾ ਲੈ, ਮੈਂ ਤੇਰੇ ਪੈਰ ਧੋ ਧੋ ਕੇ ਪੀਊਂ।"

ਫਿਰ ਉਸ ਭੱਜ ਕੇ ਵਿਹੜੇ ਵਿਚ ਤੁਰੇ ਫਿਰਦੇ ਆਪਣੇ ਦੋ ਕੁ ਸਾਲ ਦੇ ਪੁੱਤਰ ਨੂੰ ਜਾ ਗੋਦੀ ਚੁੱਕ ਲਿਆ। ਉਸ ਦੀ ਲੇਰ ਵਰਗੀ ਇਕ ਵਾਰ ਫਿਰ ਆਵਾਜ਼ ਨਿਕਲੀ, "ਨੀਂ ਬੀਬੀ ਮੈਂ ਤੇਰੇ ਪੋਤੇ ਦੀ ਮਾਂ, ਮੈਨੂੰ ਬਚਾ ਲੈ।" ਪੁੱਤਰ ਸਮੇਤ ਸੱਸ ਨੂੰ ਚੰਬੜਦੀ ਨੇ ਉਸ ਫਿਰ ਚੀਕ ਮਾਰੀ, "ਵੇ ਲੋਕੋ ਮੈਨੂੰ ਬਚਾ ਲੋ, ਮਾਰ ਦੇਣਗੇ ਮੈਨੂੰ।" ਪਰ ਕਿਸੇ

**ਅਮੋਲਕ ਸਿੰਘ ਜੰਮੂ**

ਉਸ ਦੀ ਚੀਕ ਨਾ ਸੁਣੀ। ਸੱਸ ਨੂੰ ਚੰਬੜੀ ਮੀਤ ਨੂੰ ਉਸ ਦੇ ਦਿਓਰ ਨੇ ਬਾਹੋਂ ਫੜ੍ਹ ਕੇ ਧੂਹ ਲਿਆ। ਸੱਸ ਨੇ ਡੈਂਬਰਿਆ ਰੋਂਦਾ ਪੋਤਰਾ ਆਪਣੀ ਨੂੰਹ ਦੇ ਹੱਥੋਂ ਖੋਹ ਲਿਆ। ਇੰਨੇ ਨੂੰ ਉਸ ਦੇ ਦਿਓਰ ਨੇ ਹੱਥ ਫੜੇ ਦਾਤਰ ਦਾ ਇਕ ਹੋਰ ਵਾਰ ਉਸ ਵੱਲ ਕੀਤਾ। ਇਸ ਵਾਰ ਉਹ ਆਪਣੇ ਆਪ ਨੂੰ ਬਚਾ ਨਾ ਸਕੀ ਤੇ ਉਸ ਦੀ ਬਾਂਹ ਜਿਵੇਂ ਅੱਧਿਓਂ ਜ਼ਿਆਦਾ ਵੱਢ ਹੋ ਕੇ ਲਮਕ ਗਈ, ਪਰ ਉਸ ਹੌਂਸਲਾ ਨਾ ਛੱਡਿਆ। ਉਸੇ ਤਰ੍ਹਾਂ ਲਹੂ ਲੁਹਾਣ ਉਹ ਭੱਜ ਕੇ ਡੰਗਰਾਂ ਦੀਆਂ ਖੁਰਲੀਆਂ ਵੱਲ ਅਹੁਲੀ ਕਿ ਕੰਧ ਟੱਪ ਕੇ ਦੂਜੇ ਪਾਸੇ ਛਾਲ ਮਾਰ ਜਾਵੇ। ਉਹ ਅਜੇ ਵੀ ਲੱਗੇ ਜ਼ਖ਼ਮਾਂ ਦੀ ਪੀੜ ਜਰਦੀ ਚੀਕਾਂ ਮਾਰ ਰਹੀ ਸੀ, "ਬਚਾਓ ਲੋਕੋ, ਮੈਨੂੰ ਬਚਾ ਲਓ।"

ਆਂਢੀਆਂ ਗਵਾਂਢੀਆਂ ਨੇ ਉਸ ਦੀਆਂ ਚੀਕਾਂ ਤਾਂ ਸੁਣੀਆਂ ਹੋਣਗੀਆਂ ਪਰ ਕੋਈ ਨਾ ਬਹੁੜਿਆ। ਖੁਰਲੀ ਵਿਚ ਖੜ੍ਹੀ ਹੋ ਕੇ ਉਸ ਕੰਧ ਟੱਪਣ ਲਈ ਹੰਭਲਾ ਮਾਰਿਆ ਪਰ ਜ਼ਖ਼ਮੀ ਹੋਈ ਬਾਂਹ ਨੇ ਉਸ ਦੀ ਪੇਸ਼ ਨਾ ਜਾਣ ਦਿੱਤੀ। ਇਸ ਤੋਂ ਪਹਿਲਾਂ ਕਿ ਉਹ ਕੰਧ ਤੋਂ ਪਰਲੇ ਪਾਸੇ ਛਾਲ ਮਾਰਨ ਲਈ ਹੋਰ ਯਤਨ ਕਰਦੀ, ਉਸ ਦੇ ਦਿਓਰ ਨੇ ਉਸ ਨੂੰ ਲੱਤੋਂ ਫੜ੍ਹ ਕੇ ਪਿਛੇ ਧੂਹ ਲਿਆ। ਇੰਨੇ ਨੂੰ ਉਸ ਦੀ ਸੱਸ ਵੀ ਆਣ ਪਹੁੰਚੀ। ਪਲ ਦੀ ਪਲ ਉਸ ਨੂੰ ਲੱਗਾ ਕਿ ਸ਼ਾਇਦ ਸੱਸ ਦੇ ਮਨ ਮਿਹਰ ਪੈ ਗਈ ਹੈ ਅਤੇ ਉਸ ਨੂੰ ਛੁਡਾਉਣ ਆਈ ਹੈ। ਉਸ ਫਿਰ ਹਾੜਾ ਕੱਢਿਆ, "ਨੀਂ ਬੀਬੀ ਮੈਨੂੰ ਬਚਾ ਲੈ, ਜਿਵੇਂ ਆਖੇਂਗੀ ਮੈਂ ਉਵੇਂ ਕਰੂੰ। ਜ਼ਰਾ ਉਜ਼ਰ ਨਹੀਂ ਕਰਦੀ।"

ਪਰ ਉਸ ਦੀ ਇਹ ਆਸ ਝੂਠੀ ਸੀ। ਉਸ ਦੀ ਸੱਸ ਅਤੇ ਦਿਓਰ ਨੇ ਉਸ ਨੂੰ ਦੋਹਾਂ ਬਾਹਾਂ ਤੋਂ ਫੜ੍ਹਿਆ। ਇੰਨੇ ਨੂੰ ਉਸ ਦਾ ਸਹੁਰਾ ਵੀ ਆ ਪਹੁੰਚਾ। ਸੱਸ ਦੇ ਇਕ ਹੱਥ ਰੋ ਰੋ ਹਾਲੋਂ ਬੇਹਾਲ ਹੋਇਆ ਉਸ ਦਾ ਮੁੰਡਾ ਸੀ ਤੇ ਦੂਜੇ ਹੱਥ ਨਾਲ ਉਹ ਮੀਤ ਨੂੰ ਧੱਕੇ ਦੇ ਰਹੀ ਸੀ। ਅਖੀਰ ਜਾਲਮ ਉਸ ਨੂੰ ਧੂਹ ਕੇ ਘਰ ਦੇ ਅੰਦਰ ਲੈ ਗਏ।

ਆਂਢ ਗੁਆਂਢ ਦੇ ਲੋਕਾਂ ਨੇ ਕੁੜੀ ਦੀਆਂ ਚੀਕਾਂ ਸੁਣੀਆਂ। ਉਨ੍ਹਾਂ ਦੇ ਐਨ ਗਵਾਂਢ ਉਸ ਦੇ ਪਤੀ ਦੇ ਚਾਚੇ ਦਾ ਘਰ ਸੀ। ਮੀਤ ਦੀਆਂ ਚੀਕਾਂ ਉਸ ਟੱਬਰ ਨੇ ਵੀ ਸੁਣੀਆਂ। ਪਰ ਪਤਾ ਨਹੀਂ ਕਿਹੜੀ ਗੱਲ ਨੇ ਹਰ ਕਿਸੇ ਨੂੰ ਰੋਕੀ ਰੱਖਿਆ ਅਤੇ ਭਾਣਾ ਵਾਪਰ ਜਾਣ ਤੱਕ ਕੋਈ ਵੀ ਅੱਗੇ ਨਾ ਆਇਆ। ਥੋੜ੍ਹੇ ਹੀ ਚਿਰ ਪਿਛੋਂ ਆਂਢ ਗਵਾਂਢ ਦੇ ਘਰਾਂ ਵਿਚ ਹੋਈ-ਵਾਪਰੀ ਦਾ ਕਿਆਸ ਹੋਣ ਲੱਗ ਪਿਆ। ਇਹ ਗੱਲ ਅਪਰੈਲ ਮਹੀਨੇ ਦੀ ਇਕ ਦੁਪਹਿਰ ਵੇਲੇ ਦੀ ਹੈ।

ਬਸ ਘੰਟੇ ਕੁ ਵਿਚ ਹੀ ਕਿਸੇ ਦੇ ਖ਼ਬਰ ਕਰ ਦੇਣ 'ਤੇ ਪੁਲਿਸ ਵੀ ਆਣ ਪਹੁੰਚੀ। ਪੁਲਿਸ ਨੇ ਲਾਸ਼ ਬਿਲੇ ਲਾਏ ਜਾਣ ਤੋਂ ਪਹਿਲਾਂ ਹੀ ਬਰਾਮਦ ਕਰ ਲਈ। ਲਾਸ਼ ਪੂਰੀ ਤਰ੍ਹਾਂ ਵੱਢੀ-ਟੁੱਕੀ ਹੋਈ ਸੀ। ਬਾਅਦ ਵਿਚ ਪਤਾ ਲੱਗਾ ਕਿ ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ ਲਾਸ਼ ਉਤੇ ਕਿਸੇ ਤਿੱਖੇ ਹਥਿਆਰ ਦੇ 46 ਜ਼ਖ਼ਮ ਸਨ। ਪੁਲਿਸ ਮੀਤ ਦੀ ਸੱਸ, ਸਹੁਰੇ, ਦਿਓਰ ਅਤੇ ਪਤੀ ਨੂੰ ਗ੍ਰਿਫ਼ਤਾਰ ਕਰ ਕੇ ਲੈ ਜਾ ਚੁੱਕੀ ਸੀ।

ਸ਼ਾਮ ਤੱਕ ਸਾਰੇ ਪਿੰਡ ਵਿਚ ਇਸ ਕਤਲ ਦੀਆਂ ਗੱਲਾਂ ਹੋ ਰਹੀਆਂ ਸਨ। ਕੋਈ ਕਹਿ ਰਿਹਾ ਸੀ, "ਮੈਂ ਚੀਕਾਂ ਤਾਂ ਸੁਣੀਆਂ ਪਰ ਇਹ ਚੀਕਾਂ ਤਾਂ ਇਨ੍ਹਾਂ ਦੇ ਘਰੋਂ ਅਕਸਰ ਆਉਂਦੀਆਂ ਰਹਿੰਦੀਆਂ ਸਨ।" ਕੋਈ ਹੋਰ ਕਹਿ ਰਿਹਾ ਸੀ, "ਕੁੜੀ ਦੀ ਲੇਰ ਸੁਣ ਕੇ ਮੇਰੇ ਜੀਅ ਨੂੰ ਕੁਝ ਹੋਇਆ, ਮੈਂ ਘਰੋਂ ਉਠ ਕੇ ਉਧਰ ਨੂੰ ਤੁਰਿਆ ਵੀ। ਫਿਰ ਸੋਚਿਆ ਕਿਸੇ ਦੇ ਘਰ ਦੇ ਮਾਮਲਿਆਂ 'ਚ ਕਿਉਂ ਦਖ਼ਲ ਦੇਣਾ ਹੋਇਆ।" ਕੋਈ ਹੋਰ ਕਹਿ ਰਿਹਾ ਸੀ, "ਮੈਨੂੰ ਤੇ ਮੇਰੀ ਘਰ ਵਾਲੀ ਨੇ ਰੋਕ ਲਿਆ।" ਔਰਤਾਂ ਘਰ ਬਾਰੇ ਭਾਂਤ ਸੁਭਾਂਤੀਆਂ ਗੱਲਾਂ ਕਰ ਰਹੀਆਂ ਸਨ। ਬਹੁਤੀਆਂ ਕਹਿ ਰਹੀਆਂ ਸਨ, "ਨੀ ਉਹ ਆਪਣੇ ਸ਼ਰੀਕਾਂ ਦੇ ਮੁੰਡੇ ਨਾਲ ਮਾੜੀ ਸੀ।" ਕੋਈ ਹੋਰ ਕਹਿੰਦੀ, "ਭਲਾ ਮਰਦੀ ਹੋਰ ਕਰਦੀ ਵੀ ਕੀ?"

ਮੀਤ ਇਸ ਘਰ ਵਿਚ ਕੋਈ ਚਾਰ ਸਾਲ ਪਹਿਲਾਂ ਵਿਆਹੀ ਆਈ ਸੀ। ਮੀਤ ਹੋਰਾਂ ਦੇ ਕਿਸੇ ਰਿਸ਼ਤੇਦਾਰ ਨੇ ਹੀ ਰਿਸ਼ਤਾ ਕਰਾਇਆ ਸੀ। ਰਿਸ਼ਤਾ ਕਰਵਾਉਣ ਵੇਲੇ ਵਿਚੋਲੇ ਨੇ ਮੁੰਡੇ ਅਤੇ ਇਸ ਪਰਿਵਾਰ ਦੀਆਂ ਸਿਫ਼ਤਾਂ ਦੇ ਵੱਡੇ ਪੁਲ ਬੰਨ੍ਹੇ ਸਨ। ਇਹ ਤਾਂ ਉਸ ਨੂੰ ਵਿਆਹੀ ਆਈ ਨੂੰ ਹੀ ਪਤਾ ਲੱਗਾ ਕਿ ਉਸ ਦਾ ਪਤੀ ਤਾਂ ਬਿਲਕੁਲ ਹੀ ਸਿੱਧਰਾ ਹੈ, ਨਾ ਸਿਰਫ ਸਿੱਧਰਾ ਹੀ ਸਗੋਂ...। ਵੇਖਣ ਨੂੰ ਕਰੀਬ ਛੇ ਫੁੱਟ ਦਾ ਸੋਹਣਾ ਸੁਨੱਖਾ ਜਵਾਨ ਪਰ ਅਕਲ ਏਨੀ ਕੁ ਕਿ ਜੇ ਮਾਂ ਨੇ ਕੁਝ ਆਖਿਆ ਤਾਂ ਮਾਂ ਦੀ ਮੰਨ ਲਈ, ਜੇ ਕਿਸੇ ਹੋਰ ਆਖਿਆ ਤਾਂ ਕਿਸੇ ਹੋਰ ਦੀ। ਮੀਤ ਇਹ ਵੀ ਜਰ ਲੈਂਦੀ ਪਰ ਜੋ ਬੰਦਾ ਹੀ ਨਹੀਂ ਉਸ ਦਾ ਕੀ ਕਰਦੀ। ਆਪਣੀ ਇਸ ਹੋਣੀ 'ਤੇ ਮੀਤ ਨੇ ਆਪਣੇ ਮੱਥੇ 'ਤੇ ਹੱਥ ਮਾਰਿਆ। ਇਕ ਮੌਕੇ ਮਾਪਿਆਂ ਕੋਲ ਉਜਰ ਵੀ ਕੀਤਾ ਕਿ ਉਹ ਸਹੁਰੇ ਨਹੀਂ ਜਾਏਗੀ ਪਰ ਮਾਪਿਆਂ ਦੇ ਨੱਕ-ਨਮੂਜ ਨੂੰ ਉਸ ਅਖੀਰ ਹੋਣੀ ਮੰਨ ਲਈ। ਉਸ ਦਾ ਪਤੀ ਜੇ ਖੇਤ ਗਿਆ ਹੁੰਦਾ ਤਾਂ ਕਈ ਵਾਰ ਤਿੰਨ ਤਿੰਨ ਦਿਨ ਉਥੋਂ ਹੀ ਨਾ ਮੁੜਦਾ। ਉਥੇ ਹੀ ਬੰਬੀ ਉਤੇ ਪਿਆ ਰਹਿੰਦਾ। ਅਜੇ ਦੋ ਮਹੀਨੇ ਵੀ ਵਿਆਹ ਨੂੰ ਗੁਜਰੇ ਨਹੀਂ ਸਨ ਕਿ ਇਕ ਰਾਤ ਜਦੋਂ ਉਹ ਇਕੱਲੀ ਆਪਣੇ ਕਮਰੇ ਵਿਚ ਸੀ ਤਾਂ ਉਸ ਦਾ ਦਿਓਰ ਆ ਵੜਿਆ। ਦਿਓਰ ਨੇ ਉਸ ਨਾਲ ਜ਼ੋਰ ਜ਼ਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਵਿਰੋਧ ਕਰਨ 'ਤੇ ਉਹ ਚਲਾ ਗਿਆ। ਸਵੇਰੇ ਮੀਤ ਨੇ ਸੱਸ ਨਾਲ ਗੱਲ ਕੀਤੀ ਤਾਂ ਉਸ ਨੇ ਅੱਗੋਂ ਗੱਲ ਸੁਣਨ ਦੀ ਥਾਂ ਉਸੇ ਉਤੇ ਊਜਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅਖੇ ਤੂੰ ਮੇਰੇ ਸਰਵਣ ਪੁੱਤ ਉਤੇ ਦੋਸ਼ ਮੜ੍ਹਦੀ ਏਂ। ਫਿਰ ਮੱਤਾਂ ਦੇਣ ਲੱਗੀ ਘਰ ਦੀ ਇੱਜ਼ਤ ਢਕ ਕੇ ਰੱਖੀਦੀ ਐ।

ਇਸ ਤੋਂ ਬਾਅਦ ਕਈ ਵਾਰ ਇਸ ਤਰ੍ਹਾਂ ਹੋਇਆ ਕਿ ਮੀਤ ਦੀ ਸੱਸ ਜਾਣ ਬੁੱਝ ਕੇ ਦਿਨੇ ਉਸ ਨੂੰ ਉਸ ਦੇ ਦਿਓਰ ਦੇ ਹੁੰਦਿਆਂ ਇਕੱਲਿਆਂ ਘਰ ਛੱਡ ਜਾਂਦੀ। ਮੀਤ ਬਚਦੀ ਰਹਿੰਦੀ। ਉਸ ਦੇ ਮਨ ਵਿਚ ਕੋਈ ਡਰ ਹਮੇਸ਼ਾ ਘਰ ਕਰੀ ਰੱਖਦਾ। ਮੀਤ ਦੇ ਦਿਓਰ ਦਾ ਹੌਸਲਾ ਲਗਾਤਾਰ ਵਧਦਾ ਜਾ ਰਿਹਾ ਸੀ। ਮੀਤ ਨੂੰ ਜਾਪਣ ਲੱਗ ਪਿਆ ਜਿਵੇਂ ਉਸ ਦੇ ਸੱਸ-ਸਹੁਰੇ ਦੀ ਵੀ ਇਸ ਵਿਚ ਕੋਈ ਸਾਜਿਸ਼ੀ ਮਰਜੀ ਹੁੰਦੀ ਹੈ। ਮੀਤ ਨੇ ਆਪਣੇ ਪਤੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਭੋਲੇ ਪਾਤਸ਼ਾਹ ਦੀ ਤਾਂ ਸਮਝ ਵਿਚ ਕੁਝ ਵੀ ਨਾ ਆਇਆ। ਅਖੀਰ ਇਕ ਦਿਨ ਉਹੀ ਹੋਇਆ ਜਿਸ ਦਾ ਮੀਤ ਨੂੰ ਡਰ ਸੀ। ਇਕ ਦੁਪਹਿਰ ਜਦੋਂ ਉਹ ਘਰ ਇਕੱਲੀ ਸੀ। ਉਸ ਦਾ ਪਤੀ, ਸੱਸ-ਸਹੁਰਾ ਤੇ ਦਿਓਰ ਸਾਰੇ ਹੀ ਖੇਤ ਗਏ ਹੋਏ ਸਨ। ਅਚਾਨਕ ਹੀ ਉਸ ਦਾ ਦਿਓਰ ਘਰ ਆ ਵੜਿਆ। ਇਸ ਤੋਂ ਪਹਿਲਾਂ ਕਿ ਉਹ ਖ਼ਬਰਦਾਰ ਹੁੰਦੀ, ਦਿਓਰ ਨੇ ਉਸ ਦੇ ਮੂੰਹ 'ਤੇ ਹੱਥ ਰੱਖ ਕੇ ਢਾਹ ਲਿਆ। ਉਹ ਕੁਝ ਵਾਪਰ ਗਿਆ ਜਿਸ ਤੋਂ ਉਹ ਡਰਦੀ ਸੀ। ਸ਼ਾਮ ਨੂੰ ਰੋ ਰੋ ਹਾਲੋਂ ਬੇਹਾਲ ਹੋਈ ਮੀਤ ਨੇ ਗੱਲ ਆਪਣੀ ਸੱਸ ਕੋਲ ਕੀਤੀ ਪਰ ਉਸ ਨੇ ਪਹਿਲਾਂ ਵਾਂਗ ਹੀ ਉਸ ਨੂੰ ਘਰ ਦੀ ਇੱਜ਼ਤ ਢਕ ਕੇ ਰੱਖਣ ਦੀ ਮੱਤ ਦੇਣੀ ਸ਼ੁਰੂ ਕਰ ਦਿੱਤੀ। ਮੀਤ ਨੇ ਕਸੀਸ ਹੀ ਵੱਟ ਲਈ।

ਇਸ ਘਟਨਾ ਤੋਂ ਬਾਅਦ ਮੀਤ ਜਿਵੇਂ ਬਿਲਕੁਲ ਹੀ ਬਦਲ ਗਈ ਸੀ। ਉਹ ਪਹਿਲਾਂ ਵਾਲੀ ਸ਼ਰਮਾਕਲ ਅਤੇ ਬੀਬੀ ਮੀਤ ਰਹੀ ਹੀ ਨਹੀਂ ਸੀ। ਫਿਰ ਕਿਸੇ ਨੇ ਉਸ ਨੂੰ ਆਪਣੇ ਪਤੀ ਦੇ ਚਾਚੇ ਦੇ ਪੁੱਤ ਸੀਬ ਨਾਲ ਹੱਸ ਹੱਸ ਗੱਲਾਂ ਕਰਦਿਆਂ ਵੇਖਿਆ। ਕੁਝ ਹੀ ਮਹੀਨਿਆਂ ਵਿਚ ਆਂਢ-ਗਵਾਂਢ ਵਿਚ ਮੀਤ ਅਤੇ ਸੀਬ ਬਾਰੇ ਕਈ ਤਰ੍ਹਾਂ ਦੀਆਂ ਗੱਲਾਂ ਹੋਣ ਲੱਗ ਪਈਆਂ। ਫਿਰ ਤਾਂ ਇਹ ਵੀ ਹੋਣ ਲੱਗ ਪਿਆ ਕਿ ਮੀਤ ਸੱਸ ਨੂੰ ਅੱਗੋਂ ਇਕ ਦੀਆਂ ਚਾਰ ਚਾਰ ਸੁਣਾਉਂਦੀ। ਸੱਸ ਜਦੋਂ ਦਾਅ ਲੱਗਦਾ ਆਪਣੇ ਛੋਟੇ ਮੁੰਡੇ ਤੋਂ ਮੀਤ ਨੂੰ ਕੁਟਵਾ ਛੱਡਦੀ ਪਰ ਮੀਤ ਹੋਰ ਆਪ ਮੁਹਾਰੀ ਹੁੰਦੀ ਚਲੀ ਗਈ। ਸਾਲ ਬਾਅਦ ਉਸ ਦੇ ਮੁੰਡਾ ਹੋਇਆ। ਪਰ ਮੀਤ ਦੇ ਵਿਹਾਰ ਵਿਚ ਕੋਈ ਮੋੜ ਨਾ ਆਇਆ ਉਹ ਸਗੋਂ ਹੋਰ ਅਮੋੜ ਹੁੰਦੀ ਚਲੀ ਗਈ। ਉਨ੍ਹਾਂ ਦੇ ਘਰ ਹਰ ਚੌਥੇ ਦਿਨ ਇੱਟ-ਖੜੱਕਾ ਆਂਢ-ਗਵਾਂਢ ਲਈ ਆਮ ਗੱਲ ਹੋ ਗਈ। ਉਸ ਦੇ ਸਹੁਰਿਆਂ ਨੇ ਸੀਬਕਿਆਂ ਨੂੰ ਵੀ ਡਾਂਟਿਆ ਪਰ ਕਿਸੇ ਤਰ੍ਹਾਂ ਕੋਈ ਫਰਕ ਨਾ ਪਿਆ।

ਹੁਣ ਇਸ ਘਟਨਾ ਨੂੰ ਕਈ ਸਾਲ ਹੋ ਗਏ ਹਨ। ਕਹਿੰਦੇ ਨੇ ਕਈ ਵਾਰ ਟਿਕੀ ਰਾਤ ਮੀਤ ਦੀਆਂ ਚੀਕਾਂ ਸੁਣਾਈ ਦਿੰਦੀਆਂ ਹਨ। ਸ਼ਾਇਦ ਇਹ ਚੀਕਾਂ ਲੋਕਾਂ ਦੇ ਅੰਦਰੋਂ ਉਠਦੀਆਂ ਹਨ। ਉਨ੍ਹਾਂ ਦੇ ਅੰਦਰੋਂ ਉਠਦੀਆਂ ਹਨ ਜੋ ਉਸ ਦੀਆਂ ਚੀਕਾਂ ਸੁਣ ਕੇ ਵੀ ਬਹੁੜ ਨਾ ਸਕੇ। ਤੁਹਾਡੇ ਮਨ 'ਚ ਹੋਏਗਾ ਕਿ ਮੀਤ ਦੇ ਸਹੁਰਿਆਂ ਦਾ ਕੀ ਬਣਿਆ? ਉਨ੍ਹਾਂ ਦੇ ਬਸ ਤਿੰਨ ਕਿਲੇ ਵਿਕੇ ਕੇਸ ਉਤੇ ਲਾਉਣ ਨੂੰ। ਮੀਤ ਦੇ ਮਾਪਿਆਂ ਨੂੰ ਉਨ੍ਹਾਂ ਇਧਰੋਂ-ਉਧਰੋਂ ਦਬਾਅ ਲਿਆ। ਤਿੰਨ ਸਾਲ ਦੀ ਕੈਦ ਕੱਟਣ ਬਾਅਦ ਸਾਰੇ ਘਰ ਆ ਗਏ। ਮੀਤ ਦਾ ਮੁੰਡਾ ਨਾਨਕੀਂ ਪਲਦਾ ਹੈ। ਉਹਦੇ ਹਿੱਸੇ ਦੀ ਜ਼ਮੀਨ ਮੀਤ ਦੇ ਸਹੁਰਿਆਂ ਨੇ ਉਦੋਂ ਹੀ ਦੇ ਦਿਤੀ ਸੀ।

***

ਉਪਰੋਕਤ ਮੀਤ ਵਾਲੀ ਘਟਨਾ ਸ਼ਾਇਦ ਸੱਚਮੁੱਚ ਹੀ ਪਿੰਡ ਦੇ ਕਿਰਦਾਰ ਉਤੇ ਇਕ ਧੱਬਾ ਹੈ ਪਰ ਇਹ ਵੀ ਨਾ ਸਮਝ ਲੈਣਾ ਕਿ ਮੇਰੇ ਪਿੰਡ ਵਿਚ ਹਮੇਸ਼ਾ ਲੜਾਈ ਝਗੜਾ ਅਤੇ ਕਤਲ ਹੀ ਹੁੰਦੇ ਰਹਿੰਦੇ ਸਨ। ਸਾਰੇ ਲੜਾਈ ਝਗੜਿਆਂ ਅਤੇ ਕਤਲਾਂ ਦੇ ਬਾਵਜੂਦ ਇਸ ਪਿੰਡ ਵਿਚ ਇਕ ਆਪਣੀ ਕਿਸਮ ਦਾ ਰਸੂਖ ਵੀ ਰਿਹਾ ਹੈ। ਪਿੰਡ ਵਿਚ ਪਾਕਿਸਤਾਨ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਵੱਖ ਵੱਖ ਜਾਤਾਂ, ਗੋਤਾਂ ਅਤੇ ਬਰਾਦਰੀਆਂ ਦੇ ਲੋਕ ਉਜਾੜੇ ਤੋਂ ਬਾਅਦ ਇਥੇ ਆ ਵੱਸੇ ਸਨ। ਕਈਆਂ ਪਾਸ ਜ਼ਮੀਨਾਂ ਸਨ। ਕਈ ਵੱਡੇ ਅਲਾਟੀ ਸਨ ਅਤੇ ਕਈ ਬਿਲਕੁਲ ਬੇਜ਼ਮੀਨੇ। ਕੋਈ ਲਾਹੌਰ ਤੋਂ ਹੈ, ਕੋਈ ਗੁੱਜਰਾਂਆਲੇ ਤੋਂ ਤੇ ਕੋਈ ਲਾਇਲਪੁਰ ਤੋਂ, ਕੋਈ ਮੁਲਤਾਨ ਤੋਂ ਹੈ ਤੇ ਕੋਈ ਝੰਗ ਤੋਂ, ਕੋਈ ਸ਼ੇਖੂਪੁਰੇ

## ਰੰਗ-ਬੇਰੰਗ

ਦਾ ਹੈ ਤਾਂ ਕੋਈ ਹੋਰ ਰਾਵਲਪਿੰਡੀ ਤੋਂ, ਕੋਈ ਪਿਸ਼ਾਵਰ ਤੋਂ ਹੈ ਤਾਂ ਕੋਈ ਕਸੂਰ ਤੋਂ। ਕੋਈ ਕਿਸੇ ਜਾਤ ਦਾ ਤੇ ਕੋਈ ਕਿਸੇ ਜਾਤ ਦਾ ਤੇ ਜਾਤਾਂ ਵਿਚ ਵੀ ਕੋਈ ਸਿੱਖ ਤੇ ਕੋਈ ਹੁੱਕਾ ਬੀੜੀ ਪੀਣਾ। ਲੜਾਈ ਝਗੜੇ ਅਤੇ ਕਤਲੋਗਾਰਤ ਦੀ ਜੜ੍ਹ ਬਹੁਤੀ ਵਾਰ ਜ਼ਮੀਨ ਜਾਂ ਫਿਰ ਝੂਠੀ ਜਾਂ ਸੱਚੀ ਅਣਖ ਹੀ ਰਹੀ ਹੈ।

ਜਦੋਂ 1948-49 ਵਿਚ ਇਸ ਪਿੰਡ ਆ ਕੇ ਵੱਸਣ ਲੱਗੇ ਪਿੰਡ ਵਿਚ ਪੀਣ ਵਾਲੇ ਪਾਣੀ ਦੀ ਵੀ ਤੰਗੀ ਸੀ। ਦੂਰ ਦੂਰ ਤੱਕ ਜੰਗਲ ਹੀ ਨਜ਼ਰ ਆਉਂਦਾ ਸੀ। ਆਬਾਦ ਜ਼ਮੀਨਾਂ ਬਹੁਤ ਹੀ ਥੋੜ੍ਹੀਆਂ ਸਨ। ਪਿੰਡ ਵਿਚ ਪਹਿਲਾ ਟਿਊਬਵੈਲ 1966 ਵਿਚ ਲੱਗਾ ਜਦੋਂਕਿ ਪਹਿਲਾ ਟਰੈਕਟਰ ਮੈਸੀ ਫਰਗੂਸਨ 1967 ਵਿਚ ਆਇਆ। ਖੇਤੀ ਬਲਦਾਂ ਨਾਲ ਹੀ ਹੁੰਦੀ ਸੀ। ਫਲ੍ਹਿਆਂ ਦਾ ਵੇਲਾ ਸੀ। ਥਰੈਸ਼ਰ ਵੀ ਅਜੇ ਨਹੀਂ ਸਨ ਆਏ। ਫਿਰ ਜਦੋਂ ਟਰੈਕਟਰ ਆਉਣ ਲੱਗੇ ਤਾਂ 1970 ਤੱਕ 4000 ਦੀ ਆਬਾਦੀ ਵਾਲੇ ਇਸ ਪਿੰਡ ਵਿਚ ਕੋਈ 50 ਟਰੈਕਟਰ ਸਨ। ਹੁਣ ਪਿੰਡ ਵਿਚ ਹਾਈ ਸਕੂਲ ਹੈ, ਮੰਡੀ ਹੈ, ਹਸਪਤਾਲ ਵੀ ਹੈ ਅਤੇ ਹੋਰ ਵੀ ਬਥੇਰਾ ਕੁਝ। ਇਹ ਪਿੰਡ ਦੇ ਲੋਕਾਂ ਦੀ ਮਿਹਨਤ ਹੀ ਸੀ ਜੋ ਇਥੋਂ ਤੱਕ ਪਹੁੰਚੀ। 1970ਵਿਆਂ ਵਿਚ ਹਰੀ ਕ੍ਰਾਂਤੀ ਦੇ ਆਉਣ ਤੋਂ ਪਹਿਲਾਂ ਤੱਕ ਪਿੰਡ ਦੇ ਹਰ ਘਰ ਵਲੋਂ ਉਚੇਚਾ ਬੱਚਿਆਂ ਲਈ ਖਰਬੂਜੇ ਬੀਜੇ ਜਾਂਦੇ, ਕਮਾਦ ਬੀਜਿਆ ਜਾਂਦਾ, ਮੱਕੀ ਬੀਜੀ ਜਾਂਦੀ ਅਤੇ ਇਹ ਕਿਹਾ ਜਾਂਦਾ ਕਿ ਸਾਡੇ ਬੱਚੇ ਨਾ ਤਰਸਣ। ਦੋਧ ਵੇਚਣ ਦਾ ਵੀ ਇਡਾ ਰਿਵਾਜ਼ ਨਹੀਂ ਸੀ। ਹਰੀ ਕ੍ਰਾਂਤੀ ਦਾ ਠੁੱਕ ਕੁਝ ਅਜਿਹਾ ਬੱਝਾ ਕਿ ਪਿੰਡ ਵਿਚ ਸਿਵਾਏ ਕਣਕ ਝੋਨੇ ਤੋਂ ਕੁਝ ਵੀ ਨਹੀਂ ਬੀਜ ਹੁੰਦਾ। 1970 ਦੇ ਗੇੜ 'ਚ ਪਾਣੀ ਛੇ-ਸੱਤ ਫੁੱਟ 'ਤੇ ਹੀ ਪੱਖਾ ਰੱਖ ਕੇ ਮਿਲ ਜਾਂਦਾ ਸੀ। ਪਿੰਡ ਦੇ ਸਾਰੇ ਘਰ ਕੱਚੇ ਸਨ। ਲੋਕਾਂ ਕੋਲ ਜ਼ਮੀਨਾਂ ਹੋਣ ਦੇ ਬਾਵਜੂਦ ਖਰਚਣ ਲਈ ਪੈਸਾ ਨਹੀਂ ਸੀ ਪਰ ਲੋਕਾਂ ਦੇ ਚਿਹਰਿਆਂ 'ਤੇ ਇਕ ਤਸੱਲੀ ਸੀ-ਰੱਜੇ ਪੁੱਜੇ ਹੋਣ ਦੀ। ਫਸਲਾਂ ਦੇ ਭਾਅ ਜ਼ਰੂਰ ਵਧੇ, ਲੋਕਾਂ ਕੋਲ ਪੈਸਾ ਵੀ ਆਇਆ, ਘਰ ਵੀ ਪੱਕੇ ਹੋ ਗਏ ਪਰ ਖ਼ੁਸ਼ੀ ਦੀ ਕਿਰਨ ਚਿਹਰਿਆਂ ਤੋਂ ਉਸੇ ਤਰ੍ਹਾਂ ਕਿਧਰੇ ਡੂੰਘੀ ਚਲੀ ਗਈ ਹੈ ਜਿਵੇਂ ਟਿਊਬਵੈਲਾਂ ਦਾ ਪਾਣੀ। ਉਨ੍ਹਾਂ ਭਲੇ ਵੇਲਿਆਂ 'ਚ ਜੇ ਕਿਸੇ ਇਕ ਘਰ ਵਿਆਹ ਹੁੰਦਾ ਸੀ ਤਾਂ ਪਿੰਡ ਦੀ ਮੰਡ੍ਹੀਰ ਮੰਜੇ-ਬਿਸਤਰੇ ਕੱਠੀ ਕਰਦੀ ਫਿਰਦੀ ਹੁੰਦੀ। ਵਿਆਹਾਂ ਸ਼ਾਦੀਆਂ 'ਤੇ ਦੂਰ ਦੂਰ ਦੇ ਰਿਸ਼ਤੇਦਾਰ ਬੁਲਾਏ ਜਾਂਦੇ। ਘਰ ਵਿਚ ਸੱਚੀ-ਮੁੱਚੀ ਇਕ ਖ਼ੁਸ਼ੀ ਵਾਲਾ ਮਾਹੌਲ ਹੁੰਦਾ ਸੀ। ਵਿਆਹ ਹੁਣ ਵੀ ਹੁੰਦੇ ਹਨ, ਵਾਜਾ ਗਾਜਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪਰ ਪਹਿਲਾਂ ਵਾਲੀ ਰੌਣਕ ਗਾਇਬ ਹੈ। ਇਹ ਕਹਾਣੀ ਸ਼ਾਇਦ ਕੱਲੇ ਮੇਰੇ ਪਿੰਡ ਦੀ ਨਹੀਂ ਹਰ ਪਿੰਡ ਦੀ ਹੋਵੇਗੀ, ਤੁਹਾਡੇ ਪਿੰਡ ਦੀ ਵੀ। *(ਜਾਰੀ)*

# ਕੰਮ ਤਾਂ ਵਿਆਹੀਆਂ ਵਾਲੇ ਕਰਦੀ ਹੀਰ ਕੁਆਰੀ...

**–ਡੇਵਿਡ ਐਲਿਨ ਲੌਂਗਫ਼ੈਲੋ**

ਮਹਾਰਾਜ, ਬੇਬੇ ਨਾਨਕੀ ਦੇ ਦੇਸ਼ ਵਿਚ ਅੱਜ ਕੱਲ੍ਹ ਤਵੇ ਉਤੇ ਫੁਲਕਾ ਕਿਉਂ ਨਹੀਂ ਫੁੱਲਦਾ? ਕੀ ਪਿਆਰ ਦੀ ਤਾਂਘ ਨੂੰ ਵੀ ਵਕਤ ਦੀ ਸਿਉਂਕ ਚੱਟ ਗਈ ਹੈ? ਕਿਸੇ ਅੰਗਰੇਜ਼ੀ ਕਵੀ ਨੇ ਸ਼ਾਇਦ ਠੀਕ ਹੀ ਕਿਹਾ ਹੋਵੇ ਕਿ ਸਮੇਂ-ਸਮੇਂ ਸਿਰ ਪ੍ਰਕ੍ਰਿਤੀ ਆਪਣਾ ਆਲਾ-ਦੁਆਲਾ ਕਿਸੇ ਅੱਲ੍ਹੜ ਮੁਟਿਆਰ ਵਾਂਗ ਸਿੰਗਾਰਦੀ ਹੈ, ਪਰ ਅਸੀਂ ਪਦਾਰਥਵਾਦੀ ਸੱਭਿਆਚਾਰ ਦੀ ਘਿਨਾਉਣੀ ਕਠਪੁਤਲੀ ਬਣ ਗਏ ਹਾਂ ਕਿ ਸਾਡੇ ਕੋਲ ਇਕ ਪਲ ਵੀ ਖੜੋ ਕਿ ਸ਼ਿੰਗਾਰ ਰਸ ਮਾਣਨ ਦਾ ਸਮਾਂ ਨਹੀਂ। ਅੱਜ ਦਾ ਮਨੁੱਖ ਅਮੂਰਤ ਜਾਂ ਭਾਵਵਾਦ ਦੇ ਜਟਿਲ ਜਾਲ ਵਿਚ ਫਸਣ ਦਾ ਆਦੀ ਨਹੀਂ ਰਿਹਾ, ਬਲਕਿ ਸਥੂਲ ਗੁਣਾਂ ਦਾ ਆਦੀ ਹੋ ਚੁੱਕਾ ਹੈ। ਮਿਸਾਲ ਵਜੋਂ ਇਮਾਨਦਾਰੀ, ਸੱਚਾਈ, ਬਲੀਦਾਨ, ਨੇਕ-ਨਾਮੀ, ਪਰਉਪਕਾਰ, ਆਦਿ ਕਿਸੇ ਪ੍ਰਸ਼ੰਸਾ ਜਾਂ ਬਜ਼ੁਰਗ ਦੀਆਂ ਅਸੀਸਾਂ ਵਾਲੇ ਭਾਵੁਕ ਗੁਣ ਨਹੀਂ, ਸਗੋਂ ਨੇਤਾ ਦੇ ਹੱਥੋਂ ਪ੍ਰਮਾਣ-ਪੱਤਰ ਅਥਵਾ ਇਨਾਮ ਦੀ ਸ਼ਕਲ ਵਿਚ ਵਿਚਰਦੇ ਛਪੇ ਕਾਗਜ਼ ਹੀ ਰਹਿ ਗਏ ਹਨ। ਕਲਾ ਅਤੇ ਕਾਵਿ ਨੂੰ ਪਦਾਰਥਵਾਦ ਗਹਿਰੀ ਢਾਹ ਲਾਉਣ ਵਿਚ ਕੋਈ ਕਸਰ ਨਹੀਂ ਛੱਡਦਾ। ਕੌਣ ਸਮਝਦਾ ਹੈ ਸਰਦਾਰ ਸੋਭਾ ਸਿੰਘ ਦੀ ਚਿੱਤਰਕਲਾ ਵਿਚ ਉਕਰੀ ਡੂੰਘਾਈ ਨੂੰ, ਉਸ ਵਿਚ ਅੰਕਿਤ ਸੰਤਾਪ ਨੂੰ, ਜਾਂ ਮਨੁੱਖੀ ਭਾਵਨਾਵਾਂ ਦੇ ਵੇਗ ਨੂੰ, ਜਿਸ ਨੂੰ ਅੱਜ ਦਾ ਪਦਾਰਥਵਾਦ ਕਿਸੇ ਰਾਖਸ਼ ਦੀ ਤਰ੍ਹਾਂ ਨਿਗਲ ਰਿਹਾ ਹੈ? ਅੱਜ ਮਾਡਲਿੰਗ ਦੇ ਯੁੱਗ ਵਿਚ ਲੋਕ ਕਿਸੇ ਔਰਤ ਦੇ ਸੁੰਦਰ ਚਿਹਰੇ ਦੀ ਸਲਾਘਾ ਨਹੀਂ ਕਰਦੇ ਅਤੇ ਨਾ ਹੀ ਸੀਰਤ ਦੀ, ਜੋ ਕੁਦਰਤੀ ਅਨਮੋਲ ਦੇਣ ਹੈ, ਸਗੋਂ ਸਰੀਰ ਦੇ ਨੰਗੇ ਅੰਗਾਂ ਉੱਤੇ ਫੱਬਦੀ ਚੱਡੀ ਦੀ ਤਾਰੀਫ ਕਰਦੇ ਹਨ, ਘੁੱਟਵੀਂ ਅੰਗੀ ਵਿਚੋਂ ਉੱਭਰਦੇ ਉਭਾਰ ਦੀ ਤਾਰੀਫ ਕਰਦੇ ਹਨ, ਅਰਥਾਤ ਨੰਗੇਜਵਾਦ, ਜੋ ਸਮੇਂ ਦਾ ਫੈਸ਼ਨ ਹੈ ਜਾਂ ਕੁਲਹਿਣੀ ਪੱਛਮੀ ਪਰੰਪਰਾ, ਜੋ ਸੋਹਣੇ ਲੱਗਣ ਦੀ ਆੜ ਵਿਚ ਵਾਰਸ ਦੀ ਕਮਾਈ ਸ਼ਰਮ ਹਯਾ ਨੂੰ ਮਿੱਟੀ ਵਿਚ ਮਿਲਾ ਰਹੀ ਹੈ, "ਬਦੀਆਂ ਛੱਡ ਦੇਹ ਰੰਨੇ ਸਹਿਤੀਏ ਨੀ, ਜੇ ਤੂੰ ਨੇਕੀਆਂ ਨਹੀਂ ਕਮਾਉਣ ਜੋਗੀ...।"

ਮੈਂ ਕਿਸੇ ਮਨੋਰੰਜਨ ਪ੍ਰੋਗਰਾਮ ਵਿਚ ਪੰਜਾਬ ਸਰਕਾਰ ਵਲੋਂ ਆਯੋਜਤ 'ਵਿਰਾਸਤ' ਦੇਖਣ ਗਿਆ। ਮੇਰੀ ਸਮਝ ਮੁਤਾਬਕ 'ਵਿਰਾਸਤ' ਦੀ ਝਲਕ ਆਟੇ ਵਿਚ ਨਮਕ ਦੇ ਬਰਾਬਰ ਸੀ ਤੇ ਵਿਰਾਸਤ ਦਾ ਅਫਰੇਵਾਂ ਬੀਬੀਆਂ ਦੀ ਸਕਿਨ-ਟਾਈਟ ਜੀਨ ਵਿਚੋਂ ਠਾਠਾਂ ਮਾਰਦਾ ਸੀ। ਕਿੰਨੀ ਅਜੀਬ ਹਾਲਤ ਹੈ ਕਿ ਰਾਜਨੀਤਕ ਛਲੇਡੇ ਵਿਰਾਸਤ ਦੇ ਨਾਮ 'ਤੇ ਲੋਕਾਂ ਨੂੰ ਬੁੱਧੂ ਬਣਾ ਰਹੇ ਸਨ, ਜਦੋਂਕਿ ਵਿਰਾਸਤ ਸਭਿਆਚਾਰਕ ਸੰਪਤੀ ਹੈ, ਉਨ੍ਹਾਂ ਲੋਕਾਂ ਦਾ ਪਿਛੋਕੜ ਹੈ, ਜਿਨ੍ਹਾਂ ਨੇ ਆਪਣੇ ਸੰਤਾਪ ਦੇ ਹੰਝੂ ਰੋਕ ਕੇ ਸਮੂਹਿਕ ਖ਼ੁਸ਼ਹਾਲੀ ਦੇ ਨਗਮੇ ਗਾਏ ਹਨ। ਇਕ ਪੁਰਾਣੇ ਮੁਸਲਮਾਨ ਗਾਇਕ ਨੇ ਸਾਰੰਗੀ ਉੱਤੇ ਲੰਮੀ ਹੇਕ ਨਾਲ ਗਾਉਣਾ ਸ਼ੁਰੂ ਕੀਤਾ, ਉਸ ਦੀ ਤੁਕ ਸੀ, "ਕੰਮ ਤਾਂ ਵਿਆਹੀਆਂ ਵਾਲੇ ਕਰਦੀ ਹੀਰ ਕੁਆਰੀ...।" ਰੰਗ-ਮੰਚ ਦੇ ਸਰੋਤਿਆਂ ਵਲੋਂ ਉਸ ਦੀ ਕਦਰ ਪਾਉਣ ਦੀ ਬਜਾਏ ਉਸ ਦਾ ਮਜ਼ਾਕ ਉਡਾਇਆ ਗਿਆ। ਵਿਅੰਗਮਈ ਹੂਟਿੰਗ ਨੇ ਕਾਵਾਂ-ਰੌਲੀ ਪਾ ਕੇ ਪੁਰਾਣੇ ਵਿਰਾਸਤੀ ਗਾਇਕ ਨੂੰ ਸਟੇਜ ਤੋਂ ਉਤਾਰਨ 'ਚ ਕੋਈ ਕਸਰ ਬਾਕੀ ਨਾ ਛੱਡੀ, ਜਦੋਂਕਿ ਉਸਨੇ ਦੋ ਸੁੱਚੇ ਸ਼ਬਦਾਂ ਵਿਚ ਐਨੀ ਵੱਡੀ ਗੱਲ ਆਖ ਦਿੱਤੀ, ਜਿਸਨੂੰ ਕਹਿਣ ਲਈ ਪੁਸਤਕ ਦੇ ਸ਼ਾਇਦ ਕਈ ਪੰਨਿਆਂ ਦੀ ਲੋੜ ਪਵੇ।

ਹੁਣ ਵਾਰੀ ਆਈ ਇੱਕ ਕੰਨ-ਪਾਟੇ ਲਮਢੀਂਗ ਲੰਗੂਰਨੁਮਾ ਆਦਮੀ ਦੀ, ਜੋ ਆਪਣੀ ਕਲਾ ਵਿਚ ਮਾਈਕਲ ਜੈਕਸਨ ਹੋਣ ਦਾ ਅਭਿਨੈ ਕਰਦਾ ਸੀ ਜਾਂ ਜੈਕਸਨ ਨਾਂ ਦੀ ਭਿਆਨਕ ਬੀਮਾਰੀ ਤੋਂ ਪੀੜਤ ਸੀ। ਰੰਗ-ਮੰਚ ਉਤੇ ਨਾਰਦ ਟਪੂਸੀ ਮਾਰ ਕੇ ਉਸ ਨੇ ਪੌਪ ਗੀਤ ਦੇ ਬੋਲ ਅਲਾਪੇ, "ਡੈਡੀ ਕੌਡੀ ਦਾ ਤੇ ਮੰਮੀ ਸਾਡੀ ਢਾਈ ਲੱਖ ਦੀ....।" ਕਹਿਣ ਦੀ ਦੇਰ ਹੀ ਸੀ ਕਿ ਜੀਨ ਵਾਲੀਆਂ ਬੀਬੀਆਂ ਦੀ ਟੋਲੀ ਨੇ ਬਾਹਾਂ ਉਲਾਰ ਕੇ ਹਿੱਪੀ-ਨਾਚ ਸ਼ੁਰੂ ਕਰ ਦਿੱਤਾ। ਕਮਾਊਣ ਵਾਲੇ ਡੈਡੀ ਦੀ ਕੀਮਤ ਸਿਰਫ ਇਕ ਕੌਡੀ, ਜੋ ਕੋਈ ਹਰਾਮ ਦੀ ਔਲਾਦ ਹੀ ਕਹਿ ਸਕਦੀ ਹੈ।

ਪੰਜਾਬੀ ਭਾਸ਼ਾ ਦੀ ਦਾਰਸ਼ਨਿਕ ਦੁਬਿਧਾ ਇਹ ਹੈ ਕਿ ਇਹ ਪੱਛਮੀ ਪਦਾਰਥਵਾਦ ਅਤੇ ਗੁਰਦੁਆਰੇ ਦੇ ਉਪਦੇਸ਼ਕਾਂ ਵਿਚਕਾਰ ਬੁਰੀ ਤਰ੍ਹਾਂ ਪਿਸ ਰਹੀ ਹੈ। ਅੰਗਰੇਜ਼ੀ ਭਾਸ਼ਾ ਦਾ ਵਿਕਾਸ ਤਦ ਹੀ ਸੰਭਵ ਹੋ ਸਕਿਆ, ਜਦੋਂ ਇਹ ਇੰਗਲੈਂਡ ਦੇ ਲਾਟ-ਪਾਦਰੀਆਂ ਦੀ ਕੈਦ ਵਿਚੋਂ ਆਜ਼ਾਦ ਹੋਈ।

ਅਸਲ ਵਿਚ ਸਾਡੀ ਪੰਜਾਬੀ ਸਿਆਸੀ ਅਖਾੜੇ ਦੀ ਤਰਲ ਭਾਸ਼ਾ ਦੇ ਰੂਪ ਵਿਚ ਵਿਚਰਦੀ ਹੈ, ਜਿਸ ਵਿਚ ਰਾਜਨੀਤਕ ਛਲ ਦੇ ਅਲੰਕਾਰ ਰਬੜ ਦੇ ਛੱਲਿਆਂ ਵਾਂਗ ਉਭਰ ਕੇ ਗ਼ਲਤ-ਫਹਿਮੀਆਂ ਪੈਦਾ ਕਰਦੇ ਹਨ। ਸਮਾਜਿਕ ਸੰਤਾਪ ਜਾਂ ਲੋਕ-ਮਨ ਦਾ ਸਭਿਆਚਾਰਕ ਵਿਦਰੋਹ ਅਥਵਾ ਗਿਲਾ ਬੇਗਾਨਗੀ ਦੀ ਚਾਦਰ ਹੇਠ ਛੁਪਿਆ ਰਹਿੰਦਾ ਹੈ। ਬ੍ਰਿਟਿਸ਼ ਕੋਲੰਬੀਆ ਵਿਚ ਰਹਿੰਦੇ ਪੰਜਾਬੀ ਤਰਸ ਭਰੀਆਂ ਹਸਰਤਾਂ ਨਾਲ ਮਾਂ ਦੇ ਹੱਥ ਦੀ ਮਿੱਸੀ ਰੋਟੀ ਅਤੇ ਪੰਜਾਬੀ ਲੱਸੀ ਜਾਂ ਮੱਖਣ ਦੀ ਗੱਲ ਕਰਦੇ ਹਨ, ਕਿਉਂਕਿ ਸਭਿਆਚਾਰਕ ਬੇਗਾਨਗੀ ਜਾਂ ਨਿਰਾਦਰ ਨੇ ਉਨ੍ਹਾਂ ਅੰਦਰ ਵਿਰਾਸਤ ਦਾ ਅਹਿਸਾਸ ਜਗਾਇਆ ਹੈ, ਜਦੋਂਕਿ ਅਸੀਂ ਦੇਸੀ ਗੁਲਗੁਲਿਆਂ ਵਿਚ ਅਮਰੀਕਨ ਹਾਂਡੀ ਦੇ ਉੱਬਲੇ ਆਲੂ, ਕਿਊਬਾ ਦੀ ਚੀਨੀ ਦੀ ਚਾਸ਼ਣੀ ਵਿਚ ਤਰ ਕਰ ਕੇ ਭਰਨ ਦੇ ਆਦੀ ਹੋ ਚੁੱਕੇ ਹਾਂ, ਅਰਥਾਤ ਜੋ ਸੋਹਣਾ ਲੱਗਿਆ, ਅਪਣਾ ਲਿਆ ਅਤੇ ਹੰਢਾਏ ਰਸਮੋ-ਰਿਵਾਜ਼ ਨੂੰ ਨਫਰਤ ਕਰਨੀ ਸ਼ੁਰੂ ਕਰ ਦਿੱਤੀ।

ਮੈਨੂੰ ਲਾਹੌਰ ਵਿਚ ਇੱਕ ਦਿੱਕਤ ਪੇਸ਼ ਆਈ। ਕਿਸੇ ਪਿੰਡ ਜਾਣ ਲਈ ਮੈਨੂੰ ਟਾਂਗੇ ਦੀ ਲੋੜ ਪੈ ਗਈ। ਟਾਂਗਾ ਚਾਲਕ ਨੇ ਮੈਨੂੰ ਪੁੱਛਿਆ, "ਕੀ ਤੁਸੀਂ ਸਾਲਮ ਟਾਂਗਾ ਲਵੋਗੇ?" ਇਹੀ ਗੱਲ ਜੇਕਰ ਅਸੀਂ ਆਪਣੀ ਪੰਜਾਬੀ ਵਿਚ ਕਹਿਣੀ ਹੋਵੇ, "ਕੀ ਪੂਰਾ ਟਾਂਗਾ ਲਵੋਗੇ?" ਤਾਂ ਅਰਥਹੀਣ, ਕੋਝੀ ਲੱਗਦੀ ਹੈ, ਕਿਉਂਕਿ ਅਸੀਂ ਅਰਥਪੂਰਨ ਸ਼ਬਦਾਵਲੀ ਲੱਭਣ ਦੀ ਕੋਸ਼ਿਸ਼ ਘੱਟ-ਵੱਧ ਹੀ ਕਰਦੇ ਹਾਂ। ਪਰਮਾਰਥਵਾਦੀ ਪੰਜਾਬੀ ਸਦਾਚਾਰੀ ਨਿਯਮਾਂ ਦੇ ਘੁੰਡ ਵਿਚ ਛੁਪੀ ਹੋਣ ਕਰਕੇ ਸ਼ੁੱਧ ਹੁੰਦੀ ਹੈ। ਇਸ ਦਾ ਮੁੱਖ ਕਾਰਨ ਹੈ ਸਾਹਿਤਕ ਜਾਂ ਸਮੂਹਿਕ ਲੋਕ ਰਾਏ, ਜੋ ਸ਼ਬਦ ਦੇ ਨਿਰਮਾਣ ਵਿਚ ਖ਼ਿਆਲ ਦੇ ਵਿਕਾਸ ਲਈ ਵਡਮੁੱਲਾ ਯੋਗਦਾਨ ਪਾਉਂਦੀ ਹੈ। ਮੌਲੀਅਰ ਦੇ ਸੁਖਾਂਤ ਦਾ ਇੱਕ ਪ੍ਰਸਿੱਧ ਪਾਤਰ ਹੈ 'ਟਾਰਟੂਫ', ਜੋ ਨਾਰਦ ਕਲਾ ਵਿਚ ਨਾਰਦ ਮੁਨੀ ਦਾ ਵੀ ਉਸਤਾਦ ਹੈ। ਅਰਥਾਤ ਪਾਖੰਡ ਰਚਣਾ, ਦੋਗਲੀ ਨੀਤੀ, ਬਗਲੇ ਭਗਤ ਜਿਹੀ ਫ਼ਿਤਰਤ, ਸ਼ੇਖੀਖੋਰੀ, ਆਦਿ ਉਸਦੇ ਸੁਭਾਅ ਵਿਚ ਸ਼ਾਮਲ ਹਨ। ਅਸੀਂ ਇਨ੍ਹਾਂ ਨੂੰ ਸਭਿਆਚਾਰਕ ਕਾਰਕਾਂ ਵਜੋਂ ਅਪਨਾ ਚੁੱਕੇ ਹਾਂ। ਦੁਨੀਆਂ 'ਚ ਪੰਜਾਬੀ ਮਹਿਮਾਨ-ਨਿਵਾਜ਼ੀ ਲਈ ਪ੍ਰਸਿੱਧ ਹਨ ਅਤੇ ਚੰਗੀ ਸ਼ੁੱਧ ਖ਼ੁਰਾਕ ਖਾਣ ਦੇ ਆਦੀ ਹਨ। ਵਿਸ਼ਵ ਸਿਹਤ ਸੰਸਥਾ ਦੀ ਤਾਜ਼ਾ ਰਿਪੋਰਟ ਦੇ ਅੰਕੜੇ ਸਿੱਧ ਕਰਦੇ ਹਨ ਕਿ ਇਸਾਈਆਂ ਅਤੇ ਸਿੱਖਾਂ ਦੇ ਬੱਚੇ ਅਸੰਤੁਲਿਤ ਭੋਜਨ ਕਰ ਕੇ ਹੋਣ ਵਾਲੀਆਂ ਬੀਮਾਰੀਆਂ ਦੇ ਸ਼ਿਕਾਰ ਨਹੀਂ, ਬਲਕਿ ਬਾਕੀਆਂ ਦੇ ਮੁਕਾਬਲੇ ਰਿਸ਼ਟ-ਪੁਸ਼ਟ ਹਨ। ਇਸ ਦਾ ਕਾਰਨ ਸੰਤੁਲਤ ਖ਼ੁਰਾਕ ਤੋਂ ਇਲਾਵਾ ਅਥਾਹ ਪਿਆਰ, ਚੰਗਾ ਸ਼ੁੱਧ ਵਾਤਾਵਰਣ ਫਟੇ ਹੋਏ ਘਰਾਂ ਦੀ ਦਰ ਘੱਟ ਹੋਣਾ, ਮਿਹਨਤੀ ਸੁਭਾਅ ਅਤੇ ਅਸਮਾਨ ਵਰਗੀ ਖੁੱਲ੍ਹੀ ਸੋਚ ਹੈ। ਸਿੱਖਾਂ 'ਚ ਮੀਟ ਖਾਣ ਵਾਲਿਆਂ ਦੀ ਦਰ 30% ਤੋਂ ਵੀ ਘੱਟ ਹੈ ਅਤੇ ਕਈ ਸਿੱਖ ਪਰਿਵਾਰ ਤਾਂ ਦੁੱਧ-ਆਹਾਰੀ ਹਨ। ਮਾਰਕਫੈੱਡ ਦਾ ਡੱਬਿਆਂ ਵਿਚ ਬੰਦ ਸਾਗ ਕਦੇ ਖਾ ਕੇ ਦੇਖੋ। ਇਸ ਨਾਲੋਂ ਉੱਬਲੇ ਘਾਹ ਦਾ ਵੀ ਸੁਆਦ ਦੋ ਘੜੀ ਚੰਗਾ ਹੁੰਦਾ ਹੈ।

### ਗੱਲ ਕਹਿਣ ਦੀ ਵੀ ਨਹੀਂ-ਚੁੱਪ ਰਹਿਣ ਦੀ ਵੀ ਨਹੀਂ

# ਲਾਲ ਬੱਤੀ ਵਾਲੀ ਗੱਡੀ ਵਾਲੇ ਬਾਬਿਆਂ ਦੇ ਅੰਗ-ਸੰਗ

***ਜੇ ਰੱਬ ਕਿਤੇ ਮਨੁੱਖੀ ਭੇਸ ਵਿਚ ਹੁੰਦਾ ਤਾਂ ਇਹ ਅਮਰੀਕਾ ਦੇ ਕਬਜ਼ੇ 'ਚ ਹੋਣਾ ਸੀ ਤੇ ਉਸਨੂੰ ਵਾਈਟ ਹਾਊਸ ਦਾ ਪ੍ਰਾਹੁਣਾ ਬਣਾਉਣ ਵਿਚ ਦੇਰੀ ਨਹੀਂ ਕਰਨੀ ਸੀ। ਦਬਾਅ ਤੇ ਹੁਕਮਨਾਮੇ ਜ਼ਰੂਰੀ ਹੋਣੇ ਸਨ। ਤੂਫਾਨ ਨਾਲ ਇਰਾਕ ਤੇ ਅਫਗਾਨਿਸਤਾਨ ਵਿਚਲੀਆਂ ਤੋਰਾ-ਮੋਰਾ ਦੀਆਂ ਪਹਾੜੀਆਂ ਭੂਚਾਲ ਨਾਲ ਹਿਲਾ ਕੇ ਸਣੇ ਝੋਟੇ ਦੇ ਜੂਆਂ ਮਾਰ ਦੇਣੀਆਂ ਸਨ। ਯਾਨਿ ਕਿ ਲਾਦੇਨ ਲੱਭਣ ਲਈ ਫਿਰ ਸੈਟੇਲਾਈਟਾਂ ਨੂੰ ਲਗਾਤਾਰ ਮਿਹਨਤ ਨਹੀਂ ਕਰਨੀ ਪੈਣੀ ਸੀ। ਜੈਕਾਰੇ ਬੁਲਾਉਣ ਦਾ ਅਰਥ ਰੱਬ ਨੂੰ ਇਕੱਠਿਆਂ ਹੋ ਕੇ ਫਰਿਆਦ ਕਰਨ ਵਾਂਗ ਹੈ। ਭੁੱਲ ਚੁੱਕ ਮੁਆਫ ਕਰੀਂ ਉਨ੍ਹਾਂ ਲੋਕਾਂ ਦੇ ਸ਼ਬਦਕੋਸ਼ ਦਾ ਵਾਕ ਹੈ ਜਿਨ੍ਹਾਂ ਨੇ ਕਦੇ ਭੁੱਲ ਕੇ ਵੀ ਗਲਤੀ ਨਹੀਂ ਕੀਤੀ। ਅੱਜ ਕੱਲ੍ਹ ਗਲਤੀਆਂ ਕਰਨ ਵਾਲੇ ਬਖਸ਼ਣਹਾਰ ਬਣ ਗਏ ਹਨ। ਵੈਣਾਂ ਦਾ ਕੋਈ ਰਚੇਤਾ ਨਹੀਂ ਪਰ ਸੰਗੀਤ ਨੂੰ ਸਮਝਣ ਵਾਲੇ ਜਾਣਦੇ ਹਨ ਕਿ ਇਹ ਵਿਯੋਗੀ ਗੀਤ ਭੈਰਵੀ ਰਾਗ 'ਚ ਹੀ ਗਾਏ ਜਾਂਦੇ ਹਨ। ਸੱਜਣਾਂ ਦੀ ਗੜਬੀ ਵਿਚਲਾ ਪਾਣੀ ਹਾਲੇ ਤੀਕਰ ਪ੍ਰੇਮੀ ਨੂੰ ਹੀ ਮਿੱਠਾ ਲਗਦਾ ਆਇਆ ਹੈ। ਹੰਸ ਨੂੰ ਕਿਸੇ ਨੇ ਢੇਰ ਤੇ ਬੈਠਿਆਂ ਨਹੀਂ ਵੇਖਿਆ ਤੇ ਮੋਰ ਦੇ ਮੂੰਹ 'ਚ ਮਾਸ ਦਾ ਟੁਕੜਾ ਨਹੀਂ ਹੁੰਦਾ। ਚਿੜੀ ਨੇ ਹਾਲੇ ਤੀਕਰ ਕਾਂ ਨਹੀਂ ਜਖ਼ਮੀ ਕੀਤੇ। ਕੂੰਜ ਜਦੋਂ ਵੀ ਘੇਰੀ ਹੈ ਕਾਵਾਂ ਨੇ ਕੱਲੀ ਵੇਖ ਕੇ ਘੇਰੀ ਹੈ, ਕਿਉਂਕਿ ਸ਼ਰੀਫਾਂ ਦੇ ਕੱਠ ਵੀ ਪ੍ਰਮਾਣੂ ਹਥਿਆਰਾਂ ਵਰਗੇ ਹੁੰਦੇ ਹਨ। ਗਰੀਬ ਨੂੰ ਜਵਾਨੀ ਤੇ ਪੋਹ ਦੀ ਚਾਨਣੀ ਦੂਰੋਂ ਹੀ ਖੜ੍ਹ ਕੇ ਕਹੀ ਜਾਂਦੀਆਂ ਹਨ, 'ਝੋਰਾ ਨਾ ਕਰ ਅਗਲੇ ਜਨਮ 'ਚ ਮਿਲਾਂਗੇ।' ਲੀਡਰ ਦਾ ਭਾਸ਼ਣ ਸੱਚ ਦੀ ਢੋਲਕੀ ਨਾਲ ਫਰੇਬ ਦੇ ਵਾਜੇ 'ਚ ਗਾਇਆ ਜਾਣ ਵਾਲਾ ਝੂਠ ਦਾ ਗੀਤ ਹੁੰਦਾ ਹੈ। ਜਨਤਾ ਤਾਲੀਆਂ ਵਜਾ ਵਜਾ ਕੇ ਵਾਹ ਵਾਹ ਇਸ ਕਰਕੇ ਕਰਦੀ ਹੈ ਕਿ ਇਸਨੂੰ ਸੁਆਦ ਦਾ ਤੜਕਾ ਬੜੀ ਰੀਝ ਨਾਲ ਲਾਇਆ ਹੁੰਦਾ ਹੈ। ਸ਼ੇਰਾਂ ਨੇ ਕਦੇ ਅੰਬ ਦਾ ਆਚਾਰ ਤੇ ਕੇਲੇ ਫਲੀਆਂ ਨਹੀਂ ਖਾਧੀਆਂ, ਕਾਵਾਂ ਨਾਲ ਜਦੋਂ ਘੁੱਗੀਆਂ ਉਡਣ ਲੱਗ ਪਈਆਂ ਤਾਂ ਹਵਾ 'ਚ ਕਤਲ ਹੋਣ ਦੇ ਆਧਾਰ ਵਧਣਗੇ ਤੇ ਵਿੰਨ੍ਹੀਆਂ ਲਾਸ਼ਾਂ ਧਰਤੀ ਵਲ ਡਿੱਗਣਗੀਆਂ। ਲੰਗੜੇ ਬੰਦੇ ਨੂੰ ਭੰਗੜਾ ਪਾਉਣ ਲਈ ਆਖੋਗੇ ਤਾਂ ਉਹ ਕਹੇਗਾ 'ਮੈਨੂੰ ਮਣ ਪੱਕੀ ਗਾਲ੍ਹ ਨਾ ਕੱਢ।' 'ਖੈਰ! ਸੋਚ ਦੇ ਫੀਤੇ ਦਰਜੀਆਂ ਵਾਂਗ ਹਰ ਇਕ ਕੋਲ ਆਪਣੇ ਆਪਣੇ ਹਨ, ਇਸ ਲਈ ਸਵਾਰੀ ਵਾਂਗ ਆਪਣੇ ਸਮਾਨ ਦੀ ਆਪ ਰਾਖੀ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ...।***

**ਗੱਲੀਂ-ਬਾਤੀਂ**



**ਐਸ. ਅਸ਼ੋਕ ਭੌਰਾ**

*ਫੋਨ: 925-752-8025*

ਫਿਕਰਾਂ, ਚਿੰਤਾਵਾਂ, ਤਣਾਓ ਤੇ ਬਿਮਾਰੀਆਂ 'ਚ ਫਸੇ ਮਨੁੱਖ ਦੀ ਮਾਨਸਿਕ ਸਥਿਤੀ ਏਨੀ ਕਾਹਲੀ ਵਾਲੀ ਬਣਦੀ ਜਾ ਰਹੀ ਹੈ ਕਿ ਉਹ ਰੱਬ ਕਿਸੇ ਭਾਅ ਵੀ, ਕਿਵੇਂ ਵੀ ਮਿਲ ਜਾਵੇ, ਉਹਨੂੰ ਲੱਭਣ ਲਈ ਤਰਲੋ-ਮੱਛੀ ਹੋ ਰਿਹਾ ਹੈ ਤਾਂ ਕਿ ਜੀਵਨ ਸੁਖਾਲਾ ਤੇ ਚਿੰਤਾਮੁਕਤ ਬਣ ਜਾਵੇ। ਇਹ ਤਾਂ ਸੁਣਦੇ ਆਏ ਸੀ ਕਿ ਰੱਬ ਬੰਦਿਆਂ ਅੰਦਰ ਹੀ ਵਸਦਾ ਹੈ ਪਰ ਹੁਣ ਬੰਦੇ ਹੀ ਆਪਣੇ-ਆਪ ਨੂੰ ਉਸ ਦਾ ਰੂਪ ਸਮਝਣ ਲੱਗ ਪਏ ਹਨ। ਬਿਮਾਰ ਤੇ ਮਰਨ ਲੱਗੇ ਬੰਦੇ ਨੂੰ ਵੀ ਜੇ ਆਖ ਦਿੱਤਾ ਜਾਵੇ ਕਿ 'ਅਹੁ ਵੇਖ ਰੱਬ ਤੁਰਿਆ ਆਉਂਦੈ ਤਾਂ ਉਹ ਝੱਟ ਦੇਣੀ ਉੱਠ ਕੇ ਬੈਠ ਜਾਣਗੇ 'ਖਲੋ ਜੋ, ਦੋ ਘੜੀਆਂ ਮੈਨੂੰ ਵੀ ਉਹਦੇ ਨਾਲ ਹੱਥ ਮਿਲਾ ਲੈਣ ਦਿਓ।' ਇਸ ਕਰਕੇ ਰੱਬ ਨੂੰ ਤਾਅਨਾ ਮਾਰਨ ਵਾਲੇ ਆਖਦੇ ਨੇ;

ਤੈਨੂੰ ਲੱਭਦਿਆਂ ਆਪ ਗੁਆਚ ਗਏ ਹਾਂ
ਕਿਹੜਾ ਹੱਥੀਂ ਸਹੇੜਿਆ ਜੱਭ ਵੇਖੋ।
ਤੇਰੀ ਹੋਂਦ 'ਤੇ ਲੱਗਾ ਪ੍ਰਸ਼ਨ ਕਿੱਡਾ
ਏਥੇ ਬੰਦੇ ਹੀ ਬਣ ਗਏ ਰੱਬ ਵੇਖੋ।

'ਨਾਨਕ ਦੁਖੀਆ ਸਭ ਸੰਸਾਰ' ਵਾਲੀ ਗੱਲ ਤਾਂ ਅਸੀਂ ਸੁਣਦੇ ਆਏ ਹਾਂ ਪਰ ਅੱਜ ਦੇ ਕਲਯੁੱਗੀ ਵਰਤਾਰੇ ਵਿਚ ਪਹਿਲਾਂ ਬੰਦਾ ਗਲਤ ਤਰੀਕਿਆਂ ਨਾਲ ਪੈਸਾ ਕੱਠਾ ਕਰਕੇ ਸੁੱਖੀ ਰਹਿਣ ਦਾ ਭਰਮ ਪਾਲਦਾ ਹੈ ਪਰ ਜਦੋਂ ਇਹ ਵੀ ਸਭ ਕੁਝ ਮਿਲ ਜਾਂਦਾ ਹੈ ਤਾਂ ਫਿਰ ਸੁਖੀ ਹੋਣ ਦੀ ਥਾਂ ਦੁਖੀ ਇਸ ਕਰਕੇ ਹੋਈ ਜਾਂਦਾ ਹੈ ਕਿ 'ਹਾਏ ਓ ਰੱਬਾ ਮੇਰਿਆ ਹੁਣ ਇਹਦਾ ਔਲਾਦ ਨੇ ਫੱਕਾ ਨ੍ਹੀਂ ਛੱਡਣਾ।'

ਮੇਰੇ ਦੱਸਣ ਦੀ ਲੋੜ ਨਹੀਂ ਆਪਾਂ ਸਾਰੇ ਜਾਣਦੇ ਹਾਂ ਕਿ ਆਪਣੇ ਪੰਜਾਬ ਵਿਚ ਡੇਰਿਆਂ, ਸਾਧਾਂ, ਜਠੇਰਿਆਂ ਤੇ ਬੁਬਨੇ ਬਾਬਿਆਂ ਦੀਆਂ ਢੇਰੀਆਂ ਲੱਗੀਆਂ ਹੋਈਆਂ ਹਨ। ਪੰਜਾਬ ਵਿਚ 12 ਹਜ਼ਾਰ ਤੋਂ ਵਧ ਪਿੰਡ ਨੇ ਤੇ ਹਰ ਪਿੰਡ ਸ਼ਹਿਰ ਵਿਚ ਕਰਿਆਨੇ ਦੀਆਂ ਦੁਕਾਨਾਂ ਵਾਂਗ ਇਨਾਂ ਉਪਰਲੇ ਬਲੀ ਜੋਧਿਆਂ ਦੇ ਡੇਰਿਆਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਹਨ। ਇਕ ਸਾਧਾਰਣ ਬੰਦਾ ਇਕ ਵਾਰ ਕਹਿਣ ਲੱਗਾ, 'ਇਹ ਬਾਬੇ ਖਾਂਦੇ ਤਾਂ ਵਿਹਲੀਆਂ ਹਨ, ਖਾਂਦੇ ਵੀ ਗਿਰੀ ਬਦਾਮ ਤੇ ਦੁੱਧ ਖੀਰਾਂ ਨੇ ਪਰ ਇਨ੍ਹਾਂ ਦੀਆਂ ਲੱਤਾਂ ਕਿਉਂ ਦੁਖਣ ਲੱਗ ਪੈਂਦੀਆਂ ਹਨ, ਜਿਹੜੇ ਬੀਬੀਆਂ ਤੋਂ ਘੁਟਾਉਣ ਲੱਗ ਪੈਂਦੇ ਨੇ।' ਉੱਤਰ ਸੀ 'ਸੋਹਲ ਸਰੀਰ ਨੂੰ ਕੂਲੇ ਹੱਥਾਂ ਦੀ ਛੋਹ ਪ੍ਰਾਪਤ ਕਰਨ ਲਈ ਖੇਡਿਆ ਜਾਣ ਵਾਲਾ ਸਫਲ ਡਰਾਮਾ।' ਜਦੋਂ ਬਹੁ-ਗਿਣਤੀ ਵਿਚ ਬਦਨਾਮ ਲੋਕ ਹੋਣ ਤਾਂ ਘੱਟ ਗਿਣਤੀ ਵਾਲੇ ਸ਼ਰੀਫ ਲੋਕ ਵੀ ਉਸੇ ਘੱਟੇ ਦੇ ਹੇਠਾਂ ਆ ਜਾਂਦੇ ਹਨ। ਸਾਰਿਆਂ ਨੂੰ ਤਾਂ ਨਿੰਦ ਨਹੀਂ ਸਕਦੇ, ਕਿਉਂਕਿ ਚੰਗੇ ਲੋਕਾਂ ਦੀਆਂ ਉਸਤਤਾਂ ਵੀ ਹੁੰਦੀਆਂ ਹਨ, ਕੱਠ ਹੁੰਦੇ ਹਨ, ਸੰਗਤਾਂ ਵੱਡੀ ਗਿਣਤੀ ਵਿਚ ਹੁੰਦੀਆਂ ਹਨ, ਸਿਰ ਨੀਵੇਂ ਹੁੰਦੇ ਨੇ, ਮੱਥੇ ਪੈਰਾਂ ਵਲ ਝੁਕਦੇ ਹਨ, ਮਿਹਨਤ ਦੀਆਂ ਕਮਾਈਆਂ ਚੜ੍ਹਾਵੇ ਦਾ ਰੂਪ ਲੈ ਲੈਂਦੀਆਂ ਹਨ ਪਰ ਫਿਰ ਵੀ ਸੁੱਖਾਂ ਦੀ ਸੁਖਾਲੀ ਖਾਣ ਪੱਟਣ ਦੇ ਚੱਕਰ ਵਿਚ ਦੁਨੀਆਂ ਪੈਸੇ ਵਾਂਗ ਘੁਮਾਈ ਪਈ ਹੈ। ਪੰਜਾਬ ਵਿਚ ਸਾਧ ਤੇ ਬਾਬੇ ਮਸ਼ਹੂਰ ਵੀ ਹੋਏ ਹਨ ਪਰ ਬਦਨਾਮ ਵਧ। ਇਸੇ ਲਈ ਹਾਲੇ ਤੀਕਰ ਵੀ ਬਾਬਿਆਂ ਦੀਆਂ ਅਜੀਬ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣੀ ਜਾਂਦੀਆਂ ਹਨ। ਇਸੇ ਲਈ ਪੰਜਾਬ ਨੂੰ ਬਾਬਿਆਂ ਤੋਂ ਬਚਾਉਣ ਲਈ ਫਿਰ ਕਿਸੇ ਬਾਬੇ ਨਾਨਕ ਦੀ ਉਡੀਕ ਕਰਨੀ ਪੈ ਰਹੀ ਹੈ।

ਇਨ੍ਹਾਂ ਦਿਨਾਂ ਵਿਚ ਆਪਣੇ ਮੁਲਕ ਵਿਚ ਵੀ ਤੇ ਬਾਹਰ ਜਿਥੇ ਵੀ ਪੰਜਾਬੀ ਵਸਦੇ ਹਨ, ਉਥੇ ਬੱਬੂ ਮਾਨ ਦਾ ਇਕ ਗੀਤ;

ਇਕ ਬਾਬਾ ਨਾਨਕ ਸੀ
ਜੀਹਨੇ ਤੁਰ ਕੇ ਦੁਨੀਆ ਗਾਹ 'ਤੀ
ਇਕ ਅੱਜ ਦੇ ਬਾਬੇ ਨੇ
ਬੱਤੀ ਲਾਲ ਗੱਡੀ 'ਤੇ ਲਾਤੀ...।

ਵੱਜ ਰਿਹਾ ਹੈ।ਅਸਲ ਵਿਚ ਇਸ ਗੀਤ 'ਤੇ ਬੁਖਲਾਉਣ ਦੀ ਲੋੜ ਨਹੀਂ, ਗੀਤ ਦੀ ਭਾਵਨਾ ਨੂੰ ਸਮਝਣ ਦੀ ਲੋੜ ਹੈ। ਇਹ ਸੱਚ ਹੈ ਕਿ ਜਿਨ੍ਹਾਂ ਨੇ ਕਦੇ ਬੱਬੂ ਮਾਨ ਨੂੰ ਨਹੀਂ ਵੀ ਸੁਣਿਆ ਹੋਵੇਗਾ, ਉਨ੍ਹਾਂ ਨੇ ਵੀ ਇਸ ਗੀਤ ਨੂੰ ਇਕ ਵਾਰ ਨਹੀਂ ਕਈ ਵਾਰ ਸੁਣਿਆ ਹੋਵੇਗਾ। ਅਸਲ ਵਿਚ ਇਹ ਕਿਸੇ ਇਕ ਬਾਬੇ ਦੀ ਗੱਲ ਨਹੀਂ। ਇਹ ਸਮੂਹਿਕ ਗਲਤ ਵਰਤਾਰੇ 'ਤੇ ਤਿੱਖਾ ਵਿਅੰਗ ਤੇ ਮਾਨਸਿਕ ਨੋਕ-ਝੋਕ ਹੈ। ਬੱਬੂ ਮਾਨ ਆਪਣੇ ਅੱਖੜ ਸੁਭਾਅ ਕਰਕੇ ਅਖ਼ਬਾਰਾਂ ਨੂੰ ਬੋਲੇ, ਪੱਤਰਕਾਰਾਂ ਨਾਲ ਉਲਝੇ ਇਹ ਵੱਖਰਾ ਵਿਸ਼ਾ ਹੈ, ਪਰ ਉਹਦੀ ਰਾਜਨੀਤਕ ਟਕੋਰਾਂ ਕਰਨ ਵਾਲੀ ਲੇਖਣੀ ਸਹਿਜ ਤੇ ਮਿੱਠੀ ਗਾਇਕੀ, ਸੁਰੀਲੀ ਆਵਾਜ਼ ਸਰਬਪ੍ਰਵਾਨਿਤ ਹੈ। ਉਹ ਗੁਰਦਾਸ ਮਾਨ ਵਾਲੀ ਕਤਾਰ ਦਾ ਗਾਇਕ ਹੈ। ਬਾਬਿਆਂ ਦੇ ਸਿਰ ਖਾਲੀ ਟਕੋਰਾਂ ਹੀ ਨਹੀਂ ਭੰਨਿਆਂ, ਪੰਜਾਬ 'ਚ ਰਹਿ ਕੇ ਜਦੋਂ ਸਿੱਖ ਲੀਡਰ ਚੁੱਪ ਹਨ ਤਾਂ ਜਗਤਾਰ ਸਿੰਘ ਹਵਾਰੇ ਵਰਗੇ ਸਿੰਘਾਂ ਦੀ ਗੱਲ ਕਰਨੀ ਤਿੱਖੇ ਕੰਡਿਆਂ ਵਾਲੀ ਵਾੜ 'ਚ ਲੀੜੇ ਫਸਾ ਕੇ ਪੜਾਉਣ ਵਾਲੀ ਗੱਲ ਹੈ। ਇਹ ਵੱਖਰੀ ਗੱਲ ਹੈ ਕਿ ਜਿਨ੍ਹਾਂ ਨੂੰ ਲੋਕੀਂ ਮਹਾਂਪੁਰਸ਼ ਆਖਣ ਉਨ੍ਹਾਂ ਨੂੰ ਪੁਰਸ਼ਾਂ ਨਾਲ ਨਹੀਂ ਉਲਝਣਾ ਚਾਹੀਦਾ। ਕਿਉਂਕਿ ਉਨ੍ਹਾਂ ਕੋਲ ਤਾਂ ਸਹਿਣ-ਸ਼ੀਲਤਾ ਦਾ ਵੱਡਾ ਖਜਾਨਾ ਹੁੰਦਾ ਹੈ। ਮਰਹੂਮ ਨੰਦ ਲਾਲ ਨੂਰਪੁਰੀ ਨੇ ਲਿਖਿਆ ਸੀ;

ਕਾਠੀ ਉੱਤੇ ਲੱਗੇ ਹੋਏ
ਲਹੂ ਨੇ ਇਹ ਦੱਸਿਆ
ਮਾਏਂ ਤੇਰੀ ਜੋੜਾ
ਦਾਦੇ ਕੋਲ ਹੈ ਜਾਂ ਵਸਿਆ।
ਛੱਡ ਦੇ ਉਡੀਕ ਹੁਣ ਹੰਸਾਂ ਦੀ ਡਾਰ ਦੀ
ਚੁੰਮ ਚੁੰਮ ਰੱਖੋ ਨੀ
ਇਹ ਕਲਗੀ ਜੁਝਾਰ ਦੀ...।

ਹੰਸ ਰਾਜ ਦਾ 'ਪੱਤਾ ਪੱਤਾ ਸਿੰਘਾਂ ਦਾ ਵੈਰੀ'..ਹਰਭਜਨ ਮਾਨ ਦਾ 'ਇਹ ਨਿੱਕੀਆਂ ਜਿੰਦਾਂ ਚੱਲੀਆਂ ਸਾਕੇ ਕਰਨ ਬੜੇ...ਗਜ਼ਲ ਗਾਇਕ ਜਗਜੀਤ ਦਾ ਗੁਰਬਾਣੀ ਗਾਇਨ, ਗੁਰਦਾਸ ਮਾਨ ਦਾ 'ਸਰਬੰਸ ਦਾਨੀਆਂ ਵੇ ਦੇਣਾ ਕੌਣ ਦਊਗਾ ਤੇਰਾ' ਕੁਲਦੀਪ ਮਾਣਕ ਦਾ 'ਝੰਡੇ ਖਾਲਸ ਰਾਜ ਦੇ' ਤੇ 'ਮੱਸਾ ਰੰਘੜ ਸਿੱਖ ਕੌਮ 'ਚ ਤੇ ਠੰਡਿਆਂ ਤੇ ਗਰਮ ਦੋਹਾਂ ਦਲਾਂ 'ਚ ਸਰਵ-ਪ੍ਰਵਾਨਿਤ ਧਾਰਮਿਕ ਵੰਨਗੀਆਂ ਹੀ ਨਹੀਂ ਹਨ ਸਗੋਂ ਬੱਬੂ ਮਾਨ ਦਾ ਗੀਤ, 'ਪਹਿਲਾਂ ਸਰਦਾਰ ਹਾਂ'... ਹਰ ਪੰਜਾਬੀ ਦਾ ਸਿਰ ਉੱਚਾ ਤੇ ਮਾਣ ਨਾਲ ਛਾਤੀ ਫਲਾਉਂਦਾ ਹੈ। ਪਰ ਤੁਸੀਂ ਜਾਣਦੇ ਹੋ ਕਿ ਇਹ ਸਾਰੇ ਸਣੇ ਨੂਰਪੁਰੀ ਦੇ ਘੋਨੇ ਮੋਨੇ ਤੇ ਰੋਡੇ ਭੋਡੇ ਹੀ ਹਨ।

ਜੇ ਕੋਈ ਅੱਜ ਦੇ ਯੁੱਗ ਵਿਚ ਇਹ ਪੁੱਛੇ ਕਿ ਸਭ ਤੋਂ ਵਧ ਖੁਸ਼ਹਾਲ, ਧਨੀ ਤੇ ਰਿਸ਼ਟ-ਪੁਸ਼ਟ, ਚਿੰਤਾ ਮੁਕਤ ਕੌਣ ਹੈ? ਤਾਂ ਜੁਆਬ ਹੋਵੇਗਾ ਜਿਨ੍ਹਾਂ ਨੇ ਮਨੁੱਖ ਨੂੰ ਅਗਲੇ ਜਨਮ ਦਾ ਡਰਾਵਾ ਦੇ ਕੇ ਫ਼ਿਕਰਾਂ 'ਚ ਸੁੱਕਣੇ ਪਾ ਦਿੱਤਾ ਹੈ ਤੇ ਆਪ ਐਸ ਜਨਮ ਵਿਚ ਮੌਜਾਂ ਲੁੱਟ ਰਹੇ ਹਨ। ਸਾਧਾਂ-ਬਾਬਿਆਂ ਕੋਲ ਸਭ ਤੋਂ ਵਧ ਮਹਿੰਗੀਆਂ ਵਾਤਾਨਕੂਲ ਗੱਡੀਆਂ ਹਨ, ਮਖਮਲੀ ਗਦੈਲੇ ਹਨ। ਰਾਜਿਆਂ-ਮਹਾਂਰਾਜਿਆਂ ਵਾਂਗ ਮੁੱਠਾਚਾਪੀ ਕਰਨ ਵਾਲੇ ਬੇਥਾਹ ਚੇਲੇ ਹਨ। ਠੀਕ ਹੈ ਵਿਗਿਆਨ ਦੇ ਯੁੱਗ ਵਿਚ ਆਧੁਨਿਕ ਸੁੱਖ ਸਹੂਲਤਾਂ ਦੀ ਲੋੜ ਵੀ ਹੈ ਗੱਡੀਆਂ 'ਤੇ ਲਾਲ ਬੱਤੀ ਲਗਾਉਣ ਦਾ ਅਰਥ ਨਹੀਂ ਸਮਝ ਆਉਂਦਾ। ਕਿਤੇ ਇਹ ਤਾਂ ਨਹੀਂ ਕਿ ਜਦੋਂ ਹੂਟਰ ਵੱਜਦੇ ਆਉਣ ਤਾਂ ਲੋਕ ਸਮਝਣ 'ਰੱਬ ਜੀ ਲੰਘ ਰਹੇ ਹਨ।'

ਇਸ ਹਕੀਕਤ ਨੂੰ ਵੀ ਮੰਨਣਾ ਪਵੇਗਾ ਕਿ ਜੇ ਪੰਜਾਬ ਵਿਚਲੇ ਇਨ੍ਹਾਂ ਸਾਰੇ ਧਾਰਮਿਕ ਪ੍ਰਵਿਰਤੀ ਵਾਲੇ ਲੋਕਾਂ ਨੂੰ ਇਕ ਕਤਾਰ ਵਿਚ ਖੜ੍ਹੇ ਕਰ ਲਈਏ ਤਾਂ ਹਰ ਇਕ ਕੋਲ ਚੰਗੀ ਗੱਡੀ ਹੋਵੇਗੀ ਤੇ ਹਰ ਤੀਜੀ ਗੱਡੀ 'ਤੇ ਲਾਲ ਬੱਤੀ ਹੋਵੇਗੀ। ਹਾਈਕੋਰਟ ਦੇ ਹੁਕਮਾਂ ਨੇ ਪਿੱਛੇ ਜਿਹੇ ਅਜਿਹੀਆਂ ਗੱਡੀਆਂ ਤੋਂ ਲਾਲ ਬੱਤੀਆਂ ਲਾਹੁਣ ਦੀ ਗੱਲ ਤੋਰੀ ਸੀ ਪਰ ਉਤਰੀਆਂ ਕਿਉਂ ਨਹੀਂ ਅੱਗੇ ਚੱਲ ਕੇ ਦੱਸਾਂਗਾ।

ਇਤਿਹਾਸਕ ਸੱਚ ਹੈ ਕਿ ਬਾਬਾ ਨਾਨਕ ਮੱਕੇ ਤੱਕ, ਬਗਦਾਦ ਤੇ ਕਾਬਲ-ਕੰਧਾਰ ਤੱਕ ਰੱਬ ਇਕ ਹੈ, ਸਮਝਾਉਣ ਲਈ ਵਲੀ ਕੰਧਾਰੀ ਨੂੰ ਪੈਦਲ ਤੁਰਕੇ ਘੇਰਿਆ। ਹਾਲਾਂਕਿ ਘੋੜੇ 'ਤੇ ਹਾਥੀ ਬਾਬੇ ਨਾਨਕ ਤੋਂ ਪਹਿਲਾਂ ਮੌਜੂਦ ਸਨ ਤੇ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਪਟਵਾਰੀ ਸਨ ਤੇ ਉਹ ਗੁਰੂ ਸਾਹਿਬ ਲਈ ਘੋੜੇ ਦਾ ਪ੍ਰਬੰਧ ਵੀ ਸੁਖਾਲਿਆਂ ਕਰ ਸਕਦੇ ਸਨ ਪਰ ਬਾਬੇ ਨਾਨਕ ਨੇ ਅਜਿਹਾ ਕਰਨਾ ਨਹੀਂ ਸੀ।

ਖੈਰ! ਮੈਂ ਇਕ ਲਾਲ ਬੱਤੀ ਵਾਲੇ ਬਾਬੇ ਦੀ ਕਾਰ ਵਿਚ ਕੁਝ ਗੁਜਾਰੀਆਂ ਘੜੀਆਂ ਦੀ ਹਕੀਕੀ ਕਹਾਣੀ ਤੁਹਾਡੇ ਨਾਲ ਸਾਂਝੀ ਕਰਨ ਲੱਗਾ ਹਾਂ।

ਹੋਇਆਂ ਇਉਂ ਕਿ ਪੰਦਰਾਂ ਸੋਲਾਂ ਸਾਲ ਪਹਿਲਾਂ ਜਦੋਂ ਪੰਜਾਬ ਦੇ ਹਾਲਾਤ ਬੜੇ ਨਾਜੁਕ ਸਨ ਤੇ ਘਟਨਾ ਦੀ ਤਾਰੀਖ ਇਕੱਤੀ ਜਨਵਰੀ ਸੀ। ਪੰਜਾਬ ਦੀ ਇਕ ਸੁਰੀਲੀ ਗਾਇਕਾ ਤੇ ਅਤਿ ਸੁਰੀਲਾ ਗਾਇਕ ਜਦੋਂ ਵਿਆਹ ਦੇ ਬੰਧਨਾਂ 'ਚ ਬੱਝੇ ਤਾਂ ਉਸ ਦਿਨ ਵਿਆਹ ਦੀ ਸਵਾਗਤੀ ਪਾਰਟੀ ਸੀ। ਪੰਜਾਬ ਦੇ ਸਾਰੇ ਧੜੱਲੇਦਾਰ ਗਾਇਕ, ਗੀਤਕਾਰ, ਰਾਜਨੀਤਕ ਲੋਕ, ਸੰਗੀਤਕਾਰ, ਸਾਜਾਂ ਵਾਲੇ, ਅਵਾਜ਼ਾਂ ਵਾਲੇ ਹਾਜ਼ਿਰ ਸਨ। ਇਕ ਲਾਲ ਬੱਤੀ ਵਾਲੀ ਗੱਡੀ ਵਾਲਾ ਬਾਬਾ ਵੀ ਹਾਜ਼ਿਰ ਸੀ। ਖੂਬ ਗੌਣ-ਪਾਣੀ ਚੱਲਿਆ ਤੇ ਬਾਬੇ ਨੇ ਨੋਟਾਂ ਦਾ ਛੱਟਾ ਨਹੀਂ ਮੀਂਹ ਵਰ੍ਹਾਈ ਰੱਖਿਆ। ਜਦੋਂ ਦੋ ਕੁ ਵੱਜੇ ਜਲ ਪਾਣੀ ਛਕ ਕੇ ਤੁਰਨ ਲੱਗੇ ਤਾਂ ਬਾਬਾ ਮੇਰੇ ਕੰਨ 'ਚ ਕਹਿਣ ਲੱਗਾ, 'ਕੌਣ ਏ ਐਹ ਤੇਰੇ ਨਾਲ।' ਮੈਂ ਕਿਹਾ 'ਮੇਰੇ ਨਾਲ ਦੋ ਆਸਟਰੀਆ ਤੋਂ ਆਏ ਮਿੱਤਰ ਨੇ।' 'ਏਦਾਂ ਕਰਦੇ ਆਂ ਹਾਲਾਤ ਠੀਕ ਨਹੀਂ, ਮੇਰੇ ਕੋਲ ਗੰਨਮੈਨ ਵੀ ਹੈਗੇ ਆ, ਲਾਲ ਬੱਤੀ ਆਲੀ ਗੱਡੀ ਵੀ, ਕੱਠੇ ਚੱਲਦੇ ਆਂ।' ਬਾਬੇ ਦੀ ਪੇਸ਼ਕਸ਼ ਮੈਨੂੰ ਵੀ ਚੰਗੀ ਲੱਗੀ।

ਤੇ ਬਾਬੇ ਨੇ ਗੰਨਮੈਨ ਸਾਡੀ ਗੱਡੀ 'ਚ ਬਿਠਾ ਦਿੱਤੇ ਸਾਨੂੰ ਲਾਲ ਬੱਤੀ ਵਾਲੀ ਗੱਡੀ 'ਚ ਬਿਠਾ ਲਿਆ। ਬਾਬਾ ਅਗਲੀ ਸੀਟ 'ਤੇ ਡਰਾਇਵਰ ਨਾਲ ਤੇ ਅਸੀਂ ਤਿੰਨੇ ਪਿੱਛੇ। ਸਫਰ ਖੰਨੇ ਤੋਂ ਸ਼ੁਰੂ ਹੋਇਆ। ਨੀਲੋਂ ਆਲੀ ਨਹਿਰ ਤੋਂ ਪਹਿਲਾਂ ਹੀ ਬਾਬੇ ਨੇ ਆਪਣੇ ਡਰਾਇਵਰ ਨੂੰ ਹੁਕਮ ਚਾੜ੍ਹਿਆ 'ਓਏ ਤੀਰਥਾ ਲਾ ਜ਼ਰਾ ਸਤਿਸੰਗ।'

'ਬਾਬਾ ਜੀ ਵਿਆਹ ਦੀ ਪਾਰਟੀ ਤੋਂ ਆਏ ਹਾਂ। ਸਾਰਿਆਂ ਨੇ ਘੁੱਟ-ਘੁੱਟ ਲਾਈ ਵੀ ਹੋਈ ਐ। ਸਤਿਸੰਗ ਰਹਿਣ ਹੀ ਦਿਉ ਤਾਂ ਚੰਗਾ ਨ੍ਹੀ।'

'ਸੁਣ ਤਾਂ ਸਹੀ।'

ਤੇ ਫਿਰ ਚੜ੍ਹ ਗਿਆ ਕਲਯੁੱਗ ਦਾ ਰੰਗ। ਇਕੋ ਜਿਹੀਆਂ ਦੋ ਭੈਣਾਂ, ਕਦੇ ਚਮਕੀਲਾ ਤੇ ਕਦੇ ਭੜਕੀਲਾ, ਬਾਬਾ ਨਾਲ ਨਾਲ ਗਾਣੇ ਵੀ ਤੇ ਲੁੱਡੀਆਂ ਵੀ ਪਾਵੇ।

ਜਿਮੀਂਦਾਰਾ ਢਾਬੇ ਤੇ ਬਾਬਾ ਕਹੇ ਲੱਸੀ ਪੀਣੀ ਆਂ। ਮੈਂ ਸਹਿਜ ਸੁਭਾਅ ਪੁੱਛਿਆ 'ਬਾਬਾ ਜੀ ਹਾਈਕੋਰਟ ਦੇ ਹੁਕਮ ਤਾਂ ਹਨ ਕਿ ਅਧਿਕਾਰਤ ਅਫਸਰਾਂ ਤੋਂ ਬਿਨਾਂ ਸਭ ਗੱਡੀਆਂ ਤੋਂ ਲਾਲ ਬੱਤੀਆਂ ਉਤਾਰ ਦਿਉ।'

'ਕਿਹੜੀ ਹਾਈ ਕੋਰਟ? ਬਾਬਿਆਂ ਦੀ ਆਪਣੀ ਹਾਈਕੋਰਟ ਹੁੰਦੀ ਐ। ਨਾਲੇ ਇਹ ਕਾਨੂੰਨ ਦੇ ਕਾਇਦੇ ਤਾਂ ਸਾਡੀ ਕੱਛ 'ਚ ਹੁੰਦੇ ਨੇ। ਜਿਨ੍ਹਾਂ ਨੇ ਲਾਹੁਣੀਆਂ ਨੇ ਉਹ ਤਾਂ ਸਾਡੀਆਂ ਚੌਂਕੀਆਂ ਭਰਦੇ ਨੇ। ਜ਼ਿਲ੍ਹੇ ਦਾ ਪੁਲਿਸ ਮੁਖੀ ਤਾਂ ਚਰਨਾਂ 'ਚ ਆ ਕੇ ਬਹਿੰਦੈ। ਕਿਹੜੇ....ਦੀ ਜੁਅਰਤ ਹੈ ਬਾਬੇ ਦੀ ਗੱਡੀ ਤੋਂ ਲਾਲ ਬੱਤੀ ਲਾਹ ਦਊ। ਮਰਨੈਂ, ਉਨ੍ਹਾਂ...ਦੀ ਭਕਨਾ ਭੂਸ ਕਰ ਦਈਏ।'

ਤੇ ਡੇਰੇ 'ਤੇ ਪਹੁੰਚਦਿਆਂ ਹੀ ਬਾਬੇ ਨੇ ਸੁਰੱਖਿਆ ਗਾਰਡਾਂ ਨੂੰ ਕਿਹੈ, 'ਚਲੋਂ ਦਫਾ ਹੋਵੋ ਕਰੋ ਆਰਾਮ।' ਤੇ ਹੌਲੀ ਦੇਣੀ ਸਾਨੂੰ ਕਹਿਣ ਲੱਗਾ 'ਮਿੱਤਰ ਤੇਰੇ ਬਾਹਰੋਂ ਆਏ ਨੇ ਪੀਣੀ ਕਿਹੜੀ ਐ?'

ਮੈਂ ਸੋਚਿਆ ਕਿ ਏਥੇ ਤਾਂ ਲੋਕ ਬੜੀ ਸ਼ਰਧਾ ਨਾਲ ਸੁੱਖਾਂ ਮਨੌਤਾਂ ਲੈ ਕੇ ਆਉਂਦੇ ਨੇ। ਇਹ ਬਾਬਾ ਕੀ ਕਹਿ ਰਿਹੈ? ਮੈਂ ਹੌਲੀ ਜਿਹੀ ਪੁੱਛਿਆ। ਬਾਬਾ ਜੀ ਦਾਰੂ।'

'ਨਾ ਹੋਰ ਥੋਨੂੰ ਚਾਹ ਪੁੱਛਦੈਂ?'

'ਹੈਗੀ ਐ?'

'ਜਿਹੜੀ ਕਹੋਂ, ਤੇ ਬਾਬਾ ਅੰਦਰੋਂ ਸ਼ਿਵਾਸ ਰੀਗਲ ਤੇ ਜਾਨੀ ਵਾਕਰ ਬਲੈਕ ਲੇਵਲ ਦੇ ਘੜੇ ਚੱਕੀ ਆਵੇ।

'ਬਾਬਾ ਜੀ ਚਾਰ ਵੱਜੇ ਨੇ ਇਹ ਪਹਿਰ ਤਾਂ ਰੱਬ ਦਾ ਨਾਂ ਲੈਣ ਦਾ ਐ।'

'ਇਹ ਤਾਂ ਬਾਬਿਆਂ ਦੀ ਮੌਜ ਐ, ਰੱਬ ਸਾਡੇ ਤੋਂ ਕਿਤੇ ਵੱਖ ਐ।' ਬੋਲੋ ਖਾਰਾ ਪਾਉਣਾ ਕਿ ਪਾਣੀ?'

'ਸੋਚਦਾ ਸਾਂ ਸਾਨੂੰ ਰੱਬ ਕਿਥੇ ਟੱਕਰੂ। ਏਡੀਆਂ ਪਵਿੱਤਰ ਥਾਵਾਂ 'ਤੇ ਬਹਿ ਕੇ ਜੇ ਇਹ ਲੋਕ ਨ੍ਹੀ ਡਰਦੇ ਤਾਂ ਅਸੀਂ ਐਵੇਂ ਡਰ ਡਰ ਕੇ ਰੱਬ ਰੱਬ ਕਰਦਿਆਂ ਸੁੱਕ ਕੇ ਤੀਲਾ ਹੋਈ ਜਾਨੇ ਐਂ।

'ਏ ਰੁਕਮਣੀਏ ਚਾਰ ਗਲਾਸ ਤੇ ਖਾਰਾ ਚੁੱਕ ਲਿਆ।' ਬਾਬੇ ਦਾ ਅਗਲਾ ਹੁਕਮ ਸੀ।

ਹੈਰਾਨੀ ਵਾਲੀ ਗੱਲ ਇਹ ਸੀ ਕਿ ਕੂੰਜ-ਕੁਆਰੇ ਬਾਬੇ ਦੇ ਸੌਣ ਵਾਲੇ ਕਮਰੇ 'ਚੋਂ ਟਰੇਅ 'ਚ ਗਲਾਸ ਤੇ ਖਾਰਾ ਲਈ ਆਉਂਦੀ ਔਰਤ ਨੇ ਨਾਈਟ ਸੂਟ ਪਾਇਆ ਹੋਇਆ ਸੀ ਤੇ ਮੈਂ ਸਿਆਣ ਲਈ ਸੀ ਕਿ ਇਹ ਤਾਂ ਕੈਨੇਡਾ 'ਚ ਰਹਿਣ ਵਾਲੀ ਇਕ ਨੱਚਣ ਵਾਲੀ ਕੁੜੀ ਦੀ ਮਾਂ ਐਂ...।'

ਅਣਜਾਣ ਬਣਦਿਆਂ ਮੈਂ ਪੁੱਛਿਆ 'ਇਹ ਬੀਬੀ ਕੌਣ ਐ?'

'ਤਲਾਕ ਹੋ ਗਿਐ ਵਿਚਾਰੀ ਦਾ ਆਪਣੇ ਕੋਲ ਐ ਹਫ਼ਤੇ ਕੁ ਤੋਂ, ਆਂਹਦੀ ਐਂ ਕਰੋ ਮੇਰਾ ਕਿਤੇ ਬੰਨ੍ਹ-ਸੁੱਬ।'

ਤੇ ਸਮਝਣ ਵਿਚ ਦੇਰੀ ਨਾ ਲੱਗੀ ਕਿ ਬੱਤੀ ਲਾਲ ਕਾਰ 'ਤੇ ਹੀ ਨਹੀਂ, ਬਾਬੇ ਦੇ ਘਰੇ ਵੀ ਲਾਲ ਲਾਟੂ ਜਗਣ ਨੂੰ ਫਿਰਦੈ।

ਪੈੱਗ ਤਾਂ ਖੜਕਦੇ ਰਹੇ ਦਿਨ ਚੜ੍ਹਦੇ ਤੱਕ ਪਰ ਬਾਬੇ ਦੀ ਮੌਜ ਦੇਖ ਕੇ ਅੰਦਰ ਵੀ ਖੜਕਾ ਦੜਕਾ ਹੁੰਦਾ ਰਿਹਾ'

'ਹੈਂ! ਆਏਂ ਵੀ ਹੋਈ ਜਾਂਦੈ।'

ਅਸਲ ਵਿਚ ਜਦੋਂ ਦਾ ਬਾਬਿਆਂ ਨੇ ਡਾਕਟਰਾਂ ਵਾਲਾ ਕੰਮ ਵੀ ਕਰਨਾ ਸ਼ੁਰੂ ਕਰ ਦਿਤੈ ਉਦੋਂ ਦੀ ਇਨ੍ਹਾਂ ਦੀ ਪੁੱਛ ਹੋਰ ਵੀ ਵਧ ਗਈ ਹੈ। ਜੋੜਾਂ ਦੇ ਦਰਦ, ਦਿਲ ਦੇ ਰੋਗ, ਔਲਾਦ ਦੀ ਸਮੱਸਿਆ, ਨੂੰ ਸੁਲਝਾਉਂਦੇ ਪੁੱਤਰ ਵੀ ਵੰਡਣ ਲੱਗ ਪਏ ਹਨ। ਇਹ ਅਦਾਲਤਾਂ ਵਾਂਗ ਘਰਾਂ ਦੇ ਕਲੇਸ਼, ਮੁਕੱਦਮੇ, ਤਲਾਕ ਦੀ ਸੁਣਵਾਈ ਵੀ ਸੁਣਦੇ ਹਨ।

ਫਿਰ ਲਗਦੈ ਨਹੀਂ ਕਿ ਰੱਬ ਬਣਨ ਦੀ ਧੁਰ ਅੰਦਰ ਇੱਛਾ ਰਾਜਨੀਤਕ ਲੋਕਾਂ ਦੀ ਹੀ ਨਹੀਂ ਹੁੰਦੀ ਇਹ ਬਾਬੇ ਵੀ ਰੱਬ ਹੀ ਬਣ ਗਏ ਹਨ । ਜਿਥੇ ਲੋਕ ਤਰ੍ਹਾਂ ਤਰਾਂ ਦੀਆਂ ਖਹਿਸ਼ਾਂ, ਮੰਗਾਂ ਤੇ ਉਮੀਦਾਂ ਦੀ ਆਸ ਲੈ ਕੇ ਝੋਲੀਆਂ ਭਰਨ ਦਾ ਅਸ਼ੀਰਵਾਦ ਲਈ ਬੈਠੇ ਹਨ।

ਗੱਲ ਪੰਜ-ਛੇ ਸਾਲ ਪੁਰਾਣੀ ਐਂ। ਲੰਡਨ ਦੇ ਇਕ ਵੱਡੇ ਧਾਰਮਿਕ ਅਸਥਾਨ 'ਤੇ ਬਾਬਿਆਂ ਨੇ ਖੂਬ ਰੌਣਕ ਲਾਈ, ਬੜੇ ਚਿਮਟੇ ਛੈਣੇ, ਢੋਲਕੀਆਂ ਵੱਜੀਆਂ, ਪੰਜ ਕੋਹ ਤੱਕ ਪਾਰਕਿੰਗ ਲਈ ਥਾਂ ਨਹੀਂ ਸੀ। ਬਾਬਿਆਂ ਦੇ ਮੂਹਰੇ ਪੌਂਡਾਂ ਦੇ ਢੇਰ ਏਨੇ ਉੱਚੇ ਸਨ ਕਿ ਸਾਰੇ ਗਲ ਗਲ ਤੀਕਰ ਲੁਕ ਗਏ ਸਨ। ਮੇਰੇ ਨਾਲ ਬੈਠੇ ਇਕ ਕਾਮਰੇਡ ਨੇ ਕਿਹਾ 'ਲਾ ਤਾਂ ਮੋਟਾ ਜਿਹਾ ਹਿਸਾਬ ਕਿਨੇ ਕੁ ਹੋਣਗੇ?' ਮੈਂ ਇਕਨਾਮਿਕਸ ਨਹੀਂ ਪੜ੍ਹੀ, ਮਨਮੋਹਨ ਸਿੰਘ ਹੁੰਦਾ ਤਾਂ ਬਿੰਦ ਨਾ ਲਾਉਂਦਾ। ਪਰ ਦੋ ਕੁ ਘੰਟੇ 'ਚ ਜਿੰਨੇ ਕੁ ਬਣਾਏ ਨੇ ਇਹ ਸਾਰੇ ਗਿਣਨ ਲੱਗ ਪੈਣ ਤਾਂ ਪੰਜ ਸੱਤ ਘੰਟੇ ਲੱਗ ਜਾਣਗੇ। ਊਂ ਲੱਖ ਕੁ ਤਾਂ ਹੋਊ।'

'ਉਹ ਪਟਾਕ ਕੇ ਬੋਲਿਆ 'ਕਾਰੂ ਬਾਦਸ਼ਾਹ ਨੂੰ ਤਾਂ ਐਵੇਂ ਭੰਡੀਂ ਆਉਂਦੈ ਬੰਦਾ, ਇਹ ਬੱਤੀਆਂ ਵਾਲੀਆਂ ਗੱਡੀਆਂ ਤਾਂ ਕੀ ਜਹਾਜ਼ 'ਤੇ ਲਾਲ ਬੱਤੀ ਲਾ ਲੈਣਗੇ, ਵੀਹਾਂ ਸਾਲਾਂ 'ਚ ਧੱਕੇ ਖਾ ਕੇ ਨ੍ਹੀ ਏਨੇ ਪੌਂਡ ਵੇਖੇ।'

ਤੇ ਆਥਣੇ ਸਾਡੇ ਗੁਰਬਾਣੀ ਚੈਨਲ 'ਤੇ ਔਖਾ ਹੋ ਕੇ ਪੌੜੀਆਂ ਚੜ੍ਹ ਕੇ ਆਪਣੀ ਬੀਬੀ ਨੇ ਪੰਜਾਹ ਪੌਂਡ ਦਾ ਨੋਟ ਫੜਾਉਂਦਿਆਂ ਕਿਹਾ, 'ਇਹ ਰੇਡੀਓ ਲਈ ਨੇ। ਢਾਈ ਸੋ ਲਫਾਫੇ 'ਚ ਪਾ ਕੇ ਬਾਬੇ ਮੂਹਰੇ ਰੱਖ ਆਈਂ ਕਿਤੇ ਗੋਡਿਆਂ ਤੇ ਬਾਬਿਆਂ ਦੀ ਕ੍ਰਿਪਾ ਹੋ ਜਾਏ।'

ਦੱਸੋ ਬਾਬਿਆਂ ਨੂੰ ਕਹੀਏ ਕਿ ਬੀਬੀਆਂ ਨੂੰ।

ਮੰਨੋਗੇ ਕਿ ਪਹਿਲਾਂ ਗਾਉਣ ਵਾਲੇ ਨੂੰ ਬੁਲਾ ਕੇ ਪ੍ਰਮੋਟਰ ਚੰਗੇ ਪੈਸੇ ਬਣਾ ਲੈਂਦੇ ਸਨ ਤੇ ਪਤੈ ਹੁਣ ਬਾਬੇ ਵੀ ਸਾਈ ਲੈ ਕੇ ਚੰਗੀ ਪੇਮੈਂਟ ਨਾਲ ਬਾਹਰ ਆਉਣ ਲੱਗ ਪਏ ਨੇ। ਗਾਇਕਾਂ ਵਾਲੇ ਪ੍ਰਮੋਟਰ ਤਾਂ ਹੱਥ ਖੜ੍ਹੇ ਕਰੀ ਜਾਂਦੇ ਨੇ ਪਰ ਬਾਬਿਆਂ ਵਾਲੇ ਕੱਛਾਂ ਵਜਾਉਣ ਲੱਗ ਪਏ ਨੇ।

ਗੱਲ ਇਨ੍ਹਾਂ ਸੱਤਰਾਂ ਨਾਲ ਮੁਕਦੀ ਕਰਨ ਲੱਗਾ ਹਾਂ, ਇਨ੍ਹਾਂ ਦੇ ਅਰਥ ਆਪੋ-ਆਪਣੇ ਢੰਗ ਨਾਲ ਕੱਢ ਲਿਓ;

ਕਰਦੇ ਮਖੌਲਾਂ ਲੋਕੀ ਬੜੇ ਭਲੇ ਮਾਣਸਾਂ ਨੂੰ
ਜਿਧਰ ਵੀ ਦੇਖੋ ਬਣੇ ਰਿੰਡ ਪ੍ਰਧਾਨ ਨੇ।
ਮਾਰਿਆ ਵਗਾਹ ਕੇ ਇਨ੍ਹਾਂ ਦੂਰ ਕੜੇ-ਕਾਨਿਆਂ ਨੂੰ
ਹੱਥੀਂ ਹੀ ਵਜਾਉਂਦੇ ਹੁਣ ਟਿੰਡ ਪ੍ਰਧਾਨ ਨੇ।
ਮੈਂ ਮੈਂ ਫਸੇ ਕਹਿਣ ਤੂੰ ਕੌਣ ਦੱਸ ਖਾਂ
ਪੂਰੀ ਹੀ ਪੁਗਾਉਂਦੇ ਇਹੇ ਹਿੰਡ ਪ੍ਰਧਾਨ ਨੇ।
ਚਿੱਟੀਆਂ ਤੇ ਨੀਲੀਆਂ 'ਚ ਕਿੰਨੀ ਖਿੱਚੋਤਾਣ ਵੇਖੋ,
ਮਾਰਦੇ ਨੇ ਡੰਗ ਜਿਉਂ ਭਰਿੰਡ ਪ੍ਰਧਾਨ ਨੇ।
ਜਿਥੇ ਜਿਥੇ ਹਾਕਮਾਂ ਦੇ ਹੱਥ ਦਾ ਆਸ਼ੀਰਵਾਦ
ਗਹੁ ਨਾਲ ਵੇਖੋ ਉਹ ਪਿੰਡ ਪ੍ਰਧਾਨ ਨੇ।

ਤੇ ਸਾਡੀ ਬਾਬਿਆਂ ਤੇ ਬੱਬੂ ਮਾਨ ਦੋਹਾਂ ਨੂੰ ਸਲਾਮ ਹੈ। ਕਿਉਂਕਿ ਕੋਈ ਮਰਦਾ ਰਹਿੰਦੈ ਤੇ ਕੋਈ ਜਰਦੈ। ਝੋਰਾ ਨਾ ਕਰੋ ਹਾਲੇ ਤੀਕਰ ਬੇਹੇ ਫੁੱਲਾਂ ਦਾ ਚੜ੍ਹਾਵਾ ਕੋਈ ਵੀ ਲੈ ਕੇ ਨਹੀਂ ਗਿਆ। ਲਗਦਾ ਨਹੀਂ ਅੰਧ ਵਿਸ਼ਵਾਸ਼, ਵਿਸ਼ਵਾਸ ਨਾਲ ਲੋਹਾ-ਲਾਖਾ ਹੋਣ ਲੱਗ ਪਿਆ ਹੈ।


DRIVERS
COMTRAK
LOGISTICS
LEASING: INTERMODAL OWNER OPERATORS
10% Incentive Pay On ALL Weekly Compensation for Zero Down Payment
• CARB Compliance Truck Program Available.
• Trade In for a Compliant Truck
• Zero Down Payment
• Easy & Affordable with No Credit Hassles!
• Excellent Rate & FSC
• Paid On LD & Empty Miles
• 75% Drop & Hook
• Fleet Fuel & Tire Discounts
• 1 Year Tractor Trailer Experience with Class A CDL Required
Call For Details Today
209-323-9806
BE HOME DAILY & MAKE $$$$
www.comtrakinc.com

# ਪੰਜਾਬੀਆਂ ਨੂੰ ਸਹਿਣ ਕਰਦੇ ਗੋਰਿਆਂ ਦਾ ਜ਼ਿਗਰਾ ਵੇਖਣਾ ਬਣਦਾ

**ਬੀ.ਐਸ.ਢਿੱਲੋਂ, ਐਡਵੋਕੇਟ**

ਭਾਰਤ ਤੇ ਪਾਕਿਸਤਾਨ ਦੀ ਦੋਸਤੀ ਪ੍ਰਕਿਰਿਆ ਸ਼ੁਰੂ ਹੋਣ ਨਾਲ ਦੋਵਾਂ ਦੇਸ਼ਾਂ ਦੇ ਲੋਕਾਂ ਦਾ ਆਉਣ-ਜਾਣ ਵੀ ਵਧ ਗਿਆ ਸੀ। ਮੋਹਾਲੀ 'ਚ ਭਾਰਤ ਤੇ ਪਾਕਿਸਤਾਨ ਦਾ ਕ੍ਰਿਕਟ ਮੈਚ ਸੀ। ਇਸ ਮੈਚ ਨੂੰ ਵੇਖਣ ਲਈ ਸੈਂਕੜੇ ਪਾਕਿਸਤਾਨੀ ਵੀਜ਼ਾ ਲੈ ਕੇ ਆਏ। ਤਿੰਨ ਦਿਨ ਪੱਛਮੀ ਪੰਜਾਬ ਤੋਂ ਆਏ ਲੋਕ ਚੰਡੀਗੜ੍ਹ 'ਚ ਮੇਲੇ ਵਾਂਗ ਘੁੰਮ ਕੇ ਖੁਸ਼ ਹੁੰਦੇ ਰਹੇ। ਪਾਕਿਸਤਾਨ ਵਿਚ ਸ਼ਰਾਬ 'ਤੇ ਪਾਬੰਦੀ ਲੱਗੀ ਹੋਣ ਕਰਕੇ ਪਾਕਿਸਤਾਨੀਆਂ ਨੇ ਦਾਰੂ ਪੀਣ ਦੀ ਧੁੱਕੀ ਕੱਢ ਦਿੱਤੀ। ਉਹ ਸਲਵਾਰਾਂ ਦੇ ਡੱਬਾਂ ਵਿਚ ਬੋਤਲਾਂ ਟੰਗੀ ਚੰਡੀਗੜ੍ਹ ਨੂੰ ਲਾਹੌਰ ਦਾ ਅਨਾਰਕਲੀ ਬਾਜ਼ਾਰ ਬਣਾਈ ਫਿਰਦੇ ਸਨ। ਇਕ ਸ਼ਾਮ ਨੂੰ ਮੁੱਖ ਮੰਤਰੀ ਵਲੋਂ ਪਾਕਿਸਤਾਨੋਂ ਆਏ ਮਹਿਮਾਨਾਂ ਲਈ ਚੰਡੀਗੜ੍ਹ ਕਲੱਬ 'ਚ ਸਮਾਗਮ ਰੱਖਿਆ ਗਿਆ। ਹੰਸ ਰਾਜ ਹੰਸ ਗਾਣਾ ਗਾ ਰਿਹਾ ਸੀ, ''ਇਕ ਕੰਡਿਆਲੀ ਤਾਰ ਨੇ ਇਕ ਦਿਨ ਫੁੱਲ ਬਣਨਾ..।'' ਗਾਣੇ ਉਪਰੰਤ ਮੁੱਖ ਮੰਤਰੀ ਅਮਰਿੰਦਰ ਸਿੰਘ ਭਾਸ਼ਣ ਦੇਣ ਲੱਗੇ। ਘੁੱਟ-ਘੁੱਟ ਲੱਗੀ ਹੋਣ ਕਾਰਨ ਮਹਿਮਾਨ ਬਣ ਕੇ ਆਏ ਵਾਹਗੇ ਪਾਰ ਦੇ ਪੰਜਾਬੀ ਜ਼ੋਰ-ਸ਼ੋਰ ਨਾਲ 'ਮੁੱਖ ਮੰਤਰੀ-ਜ਼ਿੰਦਾਬਾਦ' ਦੇ ਨਾਹਰੇ ਲਾਉਣ ਲੱਗ ਪਏ। ਅਮਰਿੰਦਰ ਸਿੰਘ ਕਹਿ ਰਹੇ ਸਨ, ''ਭਰਾਵੋ, ਮੈਨੂੰ ਅੱਗੇ ਵੀ ਬੋਲਣ ਦਿਓ। ਜਿੰਨਾ ਪਿਆਰ ਤੁਸੀਂ ਅੱਜ ਦਿਖਾ ਰਹੇ ਹੋ, ਮੈਨੂੰ ਲੱਗਦਾ ਹੈ, ਮੈਨੂੰ ਅਗਲੀ ਇਲੈਕਸ਼ਨ ਲਾਹੌਰ ਤੋਂ ਲੜਨੀ ਪਏਗੀ।''

ਮੈਂ ਆਪਣੇ ਕੋਲ ਕੁਰਸੀਆਂ 'ਤੇ ਬੈਠੇ ਦੋ-ਤਿੰਨਾਂ ਜਣਿਆਂ ਨਾਲ ਗੱਲਾਂ ਕਰਨ ਲੱਗ ਪਿਆ। ਉਹ ਬਹੁਤ ਖੁਸ਼ ਸਨ। ਉਹ ਹੰਸ ਰਾਜ ਹੰਸ ਦੇ ਗਾਣੇ ਤੋਂ ਏਨੇ ਜੋਸ਼ ਵਿਚ ਆ ਗਏ ਸਨ ਕਿ ਜੇ ਉਸ ਦਿਨ ਕੋਈ ਹੱਲਾਸ਼ੇਰੀ ਦੇ ਕੇ ਉਨ੍ਹਾਂ ਨੂੰ ਵਾਹਗੇ ਬਾਰਡਰ 'ਤੇ ਛੱਡ ਦਿੰਦਾ ਤਾਂ ਉਹ ਬਰਲਿਨ ਦੀਵਾਰ ਦੀ ਤਰ੍ਹਾਂ ਰਾਤੋ-ਰਾਤ ਸਰਹੱਦ ਢਾਹੁਣ ਲਈ ਤਿਆਰ ਸਨ। ਉਹ ਜੋਸ਼ ਵਿਚ ਆਏ ਮੈਨੂੰ ਕਹਿਣ ਲੱਗੇ, ''ਭਾਅ ਜੀ, ਜੇ ਧਾੜੀਆਂ ਤੇ ਸਾਡੀਆਂ ਫੌਜਾਂ ਰਲ ਜਾਣ ਤਾਂ ਆਪਾਂ ਸਾਰੀ ਦੁਨੀਆਂ ਕੁੱਟ ਸੁੱਟੀਏ।'' ਮੈਂ ਉਨ੍ਹਾਂ ਨੂੰ ਕਿਹਾ, ''ਪਤੰਦਰੋ, ਹੌਲੀ ਬੋਲੋ। ਜੇ ਆਪਣੇ ਇਸ 'ਗੁਪਤ ਏਜੰਡੇ' ਦਾ ਅੰਗਰੇਜ਼ਾਂ ਨੂੰ ਪਤਾ ਚੱਲ ਗਿਆ, ਉਹ ਫਿਰ ਲੜਾ ਦੇਣਗੇ। ਨਾਲ ਮਿੱਤਰੋ, ਇਹ ਤੁਸੀਂ ਨਹੀਂ ਬੋਲਦੇ, ਤੁਹਾਡੇ ਵਿਚ ਸਿਕੰਦਰ ਤੇ ਚੰਗੇਜ਼ ਖਾਨ ਹੋਰੀਂ ਬੋਲ ਰਹੇ ਹਨ। ਇਹ ਸਾਡਾ ਇਤਿਹਾਸਕ ਦੁਖਾਂਤ ਹੈ।'' ਉਹ ਉਸੇ ਵੇਲੇ ਕਹਿਣ ਲੱਗੇ, ''ਭਾਅ ਜੀ, ਅਸੀਂ ਧਾਡੇ ਵਾਂਗ ਬਹੁਤਾ ਪੜ੍ਹੇ ਤਾਂ ਨਹੀਂ ਹਾਂ, ਪਰ ਤੁਸੀਂ ਮੰਨੋ ਨਾ ਮੰਨੋ, ਹੈ ਇਹ ਗੱਲ ਸੱਚ।''

ਸਾਡੇ ਪੜਦਾਦੇ, ਲੱਕੜਦਾਦੇ ਵੀ ਗੋਰੀਆਂ ਚੁੱਕਣ ਬਾਰੇ ਆਪਣਾ 'ਗੁਪਤ ਏਜੰਡਾ' ਰੱਖਦੇ ਸਨ। ਸਭਰਾਵਾਂ ਦੀ ਲੜਾਈ ਵੇਲੇ ਸਿੱਖ ਫੌਜਾਂ ਵਲੋਂ ਜਾਨ-ਹੂਲਵੀਂ ਲੜੀ ਗਈ ਲੜਾਈ 'ਤੇ ਅੱਸ਼-ਅੱਸ਼ ਕਰਦਾ ਸ਼ਾਹ ਮੁਹੰਮਦ ਲਿਖਦਾ ਹੈ, ''ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ, ਵਾਂਗ ਨਿੰਬੂਆਂ ਲਹੂ ਨਚੋੜ ਸੁੱਟੇ।'' ਪਰ ਨਾਲ ਹੀ ਸਿੱਖ ਫੌਜਾਂ ਦੇ ਮੇਮਾਂ ਬਾਰੇ 'ਗੁਪਤ ਏਜੰਡੇ' ਦਾ ਜ਼ਿਕਰ ਕਰਦਾ ਲਿਖਦਾ ਹੈ ਕਿ ਲੜਾਈ ਲਈ ਤੁਰਨ ਤੋਂ ਪਹਿਲਾਂ ਸਿੰਘ ਕਹਿੰਦੇ ਸਨ, ''...ਫੇਰ ਵੜਾਂਗੇ ਉਨ੍ਹਾਂ ਦੇ ਸਤਰ-ਖਾਨੇ, ਬੰਨ੍ਹ ਲਿਆਵਾਂਗੇ ਸਾਰੀਆਂ ਗੋਰੀਆਂ ਨੀ।'' ਇਹ ਤਾਂ ਕੁਦਰਤੀ ਪਾਸਾ ਪੁੱਠਾ ਪੈ ਗਿਆ, ਜਿਵੇਂ ਨੈਪੋਲੀਅਨ ਦਾ ਵਾਟਰਲੂ ਅਤੇ ਹਿਟਲਰ ਦਾ ਨੌਰਮੰਡੀ ਵਿਚ ਪਿਆ ਸੀ। ਵਰਨਾ ਪੰਜਾਬ ਦੇ ਹਰ ਪਿੰਡ ਵਿਚ ਗੁੱਤ ਵਾਲੀਆਂ ਜੈਨੀਫਰ ਕੌਰਾਂ ਜਾਗੋ ਕੱਢਦੀਆਂ ਨਜ਼ਰੀਂ ਪੈਣੀਆਂ ਸਨ।

ਇੰਗਲੈਂਡ ਵਿਚ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਨ ਮਨਾਇਆ ਜਾ ਰਿਹਾ ਸੀ। ਪੰਜਾਬ ਤੋਂ ਗਿਆ ਇਕ ਕਵੀਸ਼ਰੀ ਜਥਾ ਸ਼ਹੀਦ ਦੀ ਵਾਰ ਗਾ ਰਿਹਾ ਸੀ। ''ਊਧਮ ਸਿੰਘ ਗੋਰੇ ਹਾਕਮ ਨੂੰ ਮਾਰ ਕੇ ਗਰਜਿਆ, ਮੈਂ ਕਰਾਂਗਾ ਮੇਮਾਂ ਰੰਡੀਆਂ ਤੇ ਫੂਕ ਸੁੱਟਾਂਗਾ ਲੰਦਨ ਨੂੰ...।'' ਜਲੰਧਰ ਤੋਂ ਉਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਬਣ ਕੇ ਗਏ ਮੇਰੇ ਮਿੱਤਰ ਕੌਮਾਂਤਰੀ ਪੱਧਰ ਦੇ ਨਾਮੀ ਪੱਤਰਕਾਰ ਨੇ ਪ੍ਰਬੰਧਕਾਂ ਨੂੰ ਸਮਝਾਇਆ, ''ਜੇ ਗੋਰਿਆਂ ਨੂੰ ਇਸ ਕਵੀਸ਼ਰੀ ਦਾ ਤਰਜ਼ਮਾ ਕਰ ਕੇ ਸੁਣਾਇਆ ਜਾਵੇ ਤਾਂ ਉਹ ਇਸ 'ਤੇ ਪਾਬੰਦੀ ਤਾਂ ਲਾਉਣਗੇ ਹੀ, ਨਾਲ ਹੀ ਇਸ ਸੰਘ ਪਾੜ-ਪਾੜ ਕੇ ਗਾਉਣ ਵਾਲੇ ਝੁੱਡੂ ਨਾਥ ਨੂੰ ਵੀ ਜਹਾਜ਼ੇ ਚੜ੍ਹਾ ਦੇਣਗੇ। ਇਹ ਜਾਂਦਾ-ਜਾਂਦਾ ਇਕ-ਦੋ ਪ੍ਰਬੰਧਕਾਂ ਨੂੰ ਵੀ ਨਾਲ ਲੈ ਡੁੱਬੇਗਾ।''

ਇਹੋ ਜਿਹੇ ਲੋਕਾਂ ਨੂੰ ਪਤਾ ਹੀ ਨਹੀਂ ਕਿ ਸ਼ਹੀਦ ਊਧਮ ਸਿੰਘ ਅੰਗਰੇਜ਼ਾਂ ਦਾ ਕੀ ਲੱਗਦਾ ਸੀ? ਊਧਮ ਸਿੰਘ ਸਾਡਾ ਕੌਮੀ ਸ਼ਹੀਦ ਹੈ, ਗੋਰਿਆਂ ਦਾ ਨਹੀਂ। ਗੋਰਿਆਂ ਦਾ ਸ਼ਹੀਦ ਸਰ ਮਾਈਕਲ ਓਡਵਾਇਰ ਹੈ, ਜਿਸਨੂੰ ਊਧਮ ਸਿੰਘ ਨੇ ਮਾਰਿਆ ਸੀ। ਕਦੇ ਅੰਗਰੇਜ਼ਾਂ ਨੇ ਇਕੱਠੇ ਹੋ ਕੇ ਪੰਜਾਬ ਵਿਚ ਜਨਰਲ ਡਾਇਰ ਦਾ ਜਨਮ ਦਿਨ ਨਹੀਂ ਮਨਾਇਆ। ਅਸੀਂ ਕਦੀ ਅਫਗਾਨਿਸਤਾਨ ਵਿਚ ਜਾ ਕੇ ਹਰੀ ਸਿੰਘ ਨਲੂਏ ਦੀ ਬਰਸੀ ਨਹੀਂ ਮਨਾਈ, ਕਿਉਂਕਿ ਉਹ ਗੋਰੇ ਨਹੀਂ ਹਨ। ਪਰ ਧੰਨ ਜੇਰਾ ਗੋਰਿਆਂ ਦਾ...।

ਮੈਂ ਨਿਊ ਯਾਰਕ ਵਿਚ ਆਪਣੇ ਦੋਸਤਾਂ ਕੋਲ ਠਹਿਰਿਆ ਹੋਇਆ ਸੀ। ਸ਼ਾਮ ਨੂੰ ਉਨ੍ਹਾਂ ਦੇ ਘਰ ਕਿੱਟੀ ਪਾਰਟੀ ਸੀ। ਛੋਟੀ ਜਿਹੀ ਇਸ ਪਾਰਟੀ ਵਿਚ ਇਕੱਲਾ ਮੈਂ ਹੀ ਪੱਗ ਵਾਲਾ ਸੀ, ਬਾਕੀ ਸਾਰੇ 'ਅਮਰੀਕਨ' ਬਣ ਚੁੱਕੇ ਸਨ। ਕਈ ਪੰਜਾਬ ਆ ਕੇ ਪੱਗਾਂ ਬੰਨ੍ਹ ਲੈਂਦੇ ਹਨ। ਮੈਂ ਉਸ ਮਹਿਫ਼ਲ ਵਿਚ ਆਪਣੇ ਨਾਲ ਮੇਰੀ ਪਿਛਲੀ ਅਮਰੀਕਾ ਫੇਰੀ ਵੇਲੇ ਲਾਸ ਏਂਜਲਸ ਦੇ ਏਅਰਪੋਰਟ 'ਤੇ ਵਾਪਰੀ ਘਟਨਾ ਦਾ ਜ਼ਿਕਰ ਕੀਤਾ ਕਿ ਕਿਵੇਂ ਮੈਨੂੰ ਬਾਕੀ ਸਵਾਰੀਆਂ ਨਾਲੋਂ ਨਿਖੇੜ ਕੇ ਉਨ੍ਹਾਂ ਵਿਸ਼ੇਸ਼ ਕੈਮਰੇ ਰਾਹੀਂ ਮੇਰੀ ਪੱਗ ਦੀ ਜਾਂਚ ਕੀਤੀ ਸੀ। ਬੂਟ, ਬੈਲਟ, ਬਟੂਆ, ਕੋਟ, ਪੈਂਨ, ਸਿੱਕੇ, ਬੈਗ ਸਮੇਤ ਸਾਰਾ ਸਾਮਾਨ ਐਕਸਰੇ ਮਸ਼ੀਨ ਵਿਚੋਂ ਲੰਘ ਗਿਆ। ਮੈਂ ਵੀ ਦੂਜੇ ਪਾਸੇ ਲੱਗੇ ਮੈਟਲ ਡਿਟੈਕਟਰ ਵਿਚੋਂ ਲੰਘ ਕੇ ਬਾਕੀ ਮੁਸਾਫ਼ਰਾਂ ਨਾਲ ਅਗਾਂਹ ਜਾਣ ਲੱਗਾ ਤਾਂ ਸਕਿਉਰਟੀ ਵਾਲੇ ਨੇ ਮੈਨੂੰ ਅਗੇ ਹੋ ਕੇ ਰੋਕ ਲਿਆ। ਮੇਰੇ ਰੁਕਦਿਆਂ ਹੀ ਉਹਨੇ ਮੈਨੂੰ ਕੰਧ ਉੱਤੇ ਲਗੇ ਕੈਮਰੇ ਹੇਠ ਖਲੋਣ ਲਈ ਕਿਹਾ। ਮੈਂ ਸੂਲੀ ਚੜ੍ਹੇ ਈਸਾ ਵਾਂਗ ਬਾਹਾਂ ਫੈਲਾਅ ਕੇ ਕੰਧ ਨਾਲ ਢੋਅ ਲਾ ਕੇ ਖੜੋ ਗਿਆ। ਬੜਾ ਅਜੀਬ ਲੱਗ ਰਿਹਾ ਸੀ, ਪਰ ਡੇਢ ਸੌ ਮੁਸਾਫ਼ਰਾਂ ਦੀ ਜਾਨ ਦਾ ਸਵਾਲ ਸੀ। ਮੈਨੂੰ ਪਿਛੋਂ ਦੱਸਿਆ ਗਿਆ ਕਿ ਪੱਗ ਵਿਚ ਛੁਪੇ ਵਿਸ਼ੇਸ਼ ਧਮਾਕਾਖੇਜ਼ ਤਰਲ ਪਦਾਰਥ ਦੀ ਸਹੀ ਸਕਰੀਨਿੰਗ ਕਰਨ ਲਈ ਵਿਸ਼ੇਸ਼ ਕੈਮਰੇ ਦੀ ਲੋੜ ਹੈ। ਉਂਜ ਸਾਡਾ ਆਪਣਾ ਵੀ ਕਸੂਰ ਹੈ। ਸਾਡੇ ਵਿਚ ਕੁਝ ਅਜਿਹੇ ਲੋਕ ਹਨ, ਜੋ ਸਾਰੀ ਕੌਮ ਨੂੰ ਸ਼ੱਕੀ ਬਣਾਉਂਦੇ ਹਨ।

ਪਿਛਲੇ ਸਾਲ ਹੀ ਇਕ ਸ਼੍ਰੋਮਣੀ ਕਮੇਟੀ ਮੈਂਬਰ ਦੀ ਪੱਗ 'ਚੋਂ ਪੁਲਿਸ ਨੇ ਅਫੀਮ ਬਰਾਮਦ ਕੀਤੀ ਸੀ। ਅਮਰੀਕਨ ਅਧਿਕਾਰੀ ਪੱਗ ਨੂੰ ਵਿਸ਼ੇਸ਼ ਕੈਮਰੇ ਨਾਲ ਵੇਖਦੇ ਸਨ। ਮੈਨੂੰ ਪੱਗ ਲਾਹੁਣ ਲਈ ਨਹੀਂ ਸੀ ਕਿਹਾ। ਇਸ ਦਾ ਜ਼ਿਕਰ ਮੈਂ ਟੀ.ਵੀ. 'ਤੇ ਆਪਣੇ ਟਾਕ ਸ਼ੋਅ 'ਚ ਵੀ ਕੀਤਾ ਸੀ। ਅਮਰੀਕਾ ਦੌਰਿਆਂ 'ਤੇ ਜਾਣ ਵਾਲੇ ਸਿੱਖ ਮੰਤਰੀਆਂ ਅਤੇ ਅਫ਼ਸਰਾਂ 'ਚੋਂ ਕਿਸੇ ਨੇ ਵੀ ਪੱਗ ਲਾਹੁਣ ਦੀ ਸ਼ਿਕਾਇਤ ਨਹੀਂ ਕੀਤੀ। ਮੇਰੀ ਗੱਲ ਸੁਣ ਕੇ ਉਸ ਮਹਿਫਲ ਵਿਚ ਹਾਜ਼ਰ ਮਿੱਤਰ ਕਹਿਣ ਲੱਗੇ ਕਿ ਮੈਂ ਹੀ ਇਸ ਤਰ੍ਹਾਂ ਦੀ ਸਕਰੀਨਿੰਗ ਦਾ ਬੁਰਾ ਨਹੀਂ ਮਨਾਇਆ। ਜਦੋਂ ਮਹਿਫਲ ਥੋੜ੍ਹੀ ਗਰਮ ਹੋਈ ਤਾਂ ਚੁਟਕਲੇ ਸੁਣਾਉਣੇ ਸ਼ੁਰੂ ਹੋ ਗਏ। ਗੱਲ ਪੰਜਾਬ ਦੀ ਚਲ ਪਈ। ਮੇਰੀ ਪੱਗ ਵਾਲੀ ਘਟਨਾ 'ਤੇ ਇਕ ਦੋਸਤ ਨੇ ਚੁਟਕਲਾ ਸੁਣਾਇਆ, ''ਇਕ ਵਾਰ ਪੰਜਾਬੀ ਇਕੱਠੇ ਹੋ ਕੇ ਪੰਜਾਬ ਦੀਆਂ ਸੜਕਾਂ, ਸਕੂਲਾਂ, ਹਸਪਤਾਲਾਂ ਦੀ ਮਾੜੀ ਹਾਲਤ ਦੀ ਚਰਚਾ ਕਰ ਰਹੇ ਸਨ। ਅਖੀਰ ਅਮਰੀਕਾ 'ਤੇ ਹਮਲਾ ਕਰਨ ਬਾਰੇ ਸੋਚਿਆ ਗਿਆ, ਕਿਉਂਕਿ ਅਮਰੀਕਾ ਜਿਸ

## ਪੀੜ੍ਹੀ ਹੇਠ ਸੋਟਾ

ਮੁਲਕ ਨਾਲ ਵੀ ਲੜਦਾ ਹੈ, ਉਸਨੂੰ ਤਬਾਹ ਕਰਨ ਪਿਛੋਂ ਯੂ.ਐਨ.ਓ., ਵਿਸ਼ਵ ਬੈਂਕ ਅਤੇ ਅਮਰੀਕਨ ਕੰਪਨੀਆਂ ਰਾਹੀਂ ਸਹਾਇਤਾ ਕਰ ਕੇ ਸਾਰੀਆਂ ਸੜਕਾਂ, ਸਕੂਲਾਂ, ਹਸਪਤਾਲਾਂ, ਪੁਲਾਂ ਆਦਿ ਦੀ ਮੁੜ-ਉਸਾਰੀ ਕਰ ਦਿੰਦਾ ਹੈ। ਅਮਰੀਕਾ ਨਾਲ ਪੰਗਾ ਲੈ ਕੇ ਇਕ ਵਾਰੀ ਤਾਂ ਤਬਾਹੀ ਹੋਵੇਗੀ, ਪਰ ਪਿਛੋਂ ਉਹ ਸਭ ਕੁਝ ਬਣਾ ਦੇਣਗੇ। ਅਜੇ ਅਮਰੀਕਾ 'ਤੇ ਹਮਲਾ ਕਰਨ ਬਾਰੇ ਜੈਕਾਰਾ ਛੱਡਿਆ ਹੀ ਸੀ ਕਿ ਇਕੱਠ ਵਿਚੋਂ ਇਕ ਬਾਬਾ ਬੋਲਿਆ, 'ਮੁੰਡਿਓ, ਕਾਹਲੀ ਨਾ ਕਰੋ, ਅਜੇ ਹੋਰ ਸੋਚ ਲਵੋ। ਜੇ ਆਪਾਂ 'ਮਰੀਕਾ ਨੂੰ ਹਰਾ ਦਿਤਾ, ਫਿਰ ਸੜਕਾਂ ਕੌਣ ਬਣਾਏਗਾ?''



ਪਿਛੋਂ ਜਦੋਂ ਪੰਜਾਬੀ ਮੀਡੀਏ ਵਿਚ ਅਮਰੀਕਾ ਵਿਚ 'ਪੱਗਾਂ ਲੁਹਾ ਕੇ ਹੁੰਦੀ ਤਲਾਸ਼ੀ' ਦੀਆਂ ਖ਼ਬਰਾਂ ਛਪਣ ਲੱਗੀਆਂ ਤਾਂ ਇਹ ਚੁਟਕਲਾ ਸੱਚਾ ਸਾਬਤ ਹੋ ਗਿਆ। ਇਕ ਲੀਡਰ, ਜਿਸ ਦਾ ਆਪਣੀ ਕੁਰਸੀ ਜਿੰਨਾ ਮਾਨਸਿਕ ਵਿਕਾਸ ਨਹੀਂ ਸੀ ਹੋਇਆ, ਨੇ ਅਖ਼ਬਾਰਾਂ ਵਿਚ ਬਿਆਨ ਦਾਗ ਦਿਤਾ ਕਿ ''ਅਮਰੀਕਾ ਸਿੱਖਾਂ ਨਾਲ ਪੰਗੇ ਲੈਣ ਤੋਂ ਬਾਜ਼ ਆਵੇ।'' ਮੈਂ ਅਖ਼ਬਾਰ ਪੜ੍ਹ ਕੇ ਦੁਆ ਕੀਤੀ ਕਿ ਦੇਖੀ ਭਰਾਵਾ, ਕਿਤੇ ਅਗਲਾ ਪ੍ਰੋਗਰਾਮ ਬੋਲ ਦੇਵੇਂ''। ਜਿਹੜੇ ਲੱਖਾਂ ਪੰਜਾਬੀ ਅਮਰੀਕਾ ਵਿਚ ਸੌਖੀ ਰੋਟੀ ਖਾਂਦੇ ਹਨ, ਖਾ ਲੈਣ ਦਿਉ। ਧੰਨ ਜੇਰਾ ਗੋਰਿਆਂ ਦਾ...।

ਤੀਹ ਸਾਲ ਅਮਰੀਕਾ ਵਿਚ ਰਹੇ ਅਤੇ ਗੋਰੀ ਨੂੰ ਵਿਆਹੇ ਮੇਰੇ ਮਿੱਤਰ ਸ. ਪ੍ਰਤਾਪ ਸਿੰਘ ਨੇ ਯੋਗੀ ਹਰਭਜਨ ਸਿੰਘ ਨਾਲ ਚਾਰ ਸਾਲ ਅਮਰੀਕਨਾਂ ਨੂੰ ਸਿੱਖ ਬਣਾਉਣ ਦਾ ਪ੍ਰਚਾਰ ਕੀਤਾ ਹੈ। ਉਹ ਦੱਸਦੇ ਹਨ, ''ਗੋਰੇ ਪਦਾਰਥਵਾਦ ਦੇ ਸਤਾਏ ਰੂਹਾਨੀਅਤ ਦੀ ਤਲਾਸ਼ ਵਿਚ ਹੀ ਪੂਰਬ ਵਲ ਵੇਖਦੇ ਹਨ। ਯੋਗੀ ਹਰਭਜਨ ਸਿੰਘ ਗੋਰਿਆਂ ਨੂੰ ਗੁਰੂ ਨਾਨਕ ਦੀ ਫਿਲਾਸਫੀ ੴ ਅਤੇ ਯੋਗਾ ਅਭਿਆਸ ਨਾਲ ਹੀ ਸਿੱਖੀ ਸਮਝਾਉਂਦੇ ਸੀ। ਸਾਡੇ ਵਾਹਿਗੁਰੂ ਨੂੰ ਉਨ੍ਹਾਂ ਦੇ ਗਾਡ ਵਰਗਾ ਬਣਾ ਦਿੰਦੇ ਸਨ। ਜੇ ਕਿਤੇ 'ਢਾਡੀ ਵਾਰਾਂ' ਸੁਣਾ ਬਹਿੰਦੇ, ਫੇਰ ਉਨ੍ਹਾਂ ਦੌੜ ਜਾਣਾ ਸੀ। ਅਸੀਂ ਆਪਣੇ 'ਗੁਪਤ ਏਜੰਡੇ' ਬਾਰੇ ਨਹੀਂ ਸਾਂ ਦੱਸਦੇ।'' ਉਹ ਦਿੱਲੀ ਵਿਚ ਦੱਖਣੀ ਅਮਰੀਕਾ ਦੀਆਂ ਸੋਲਾਂ ਅੰਬੈਸੀਆਂ ਲਈ ਸਪੈਨਿਸ਼ ਭਾਸ਼ਾ ਦੇ ਦੋ-ਭਾਸ਼ੀਏ ਵਜੋਂ ਕੰਮ ਕਰਦੇ ਹਨ। ਪੰਜ-ਛੇ ਰਾਜਦੂਤਾਂ ਨਾਲ ਉਹ ਬਤੌਰ ਲੇਖਕ ਮੇਰੀ ਗੱਲ ਕਰਵਾ ਚੁੱਕੇ ਹਨ। ਅਰਜਨਟਾਈਨਾ ਦੇ ਪ੍ਰਵਾਸ ਵਿਭਾਗ ਲਈ ਵੀ ਕੰਮ ਕਰਦੇ ਹਨ। ਉਨ੍ਹਾਂ ਦਾ ਨਿੱਜੀ ਤਜ਼ਰਬਾ ਹੈ ਕਿ ਜਦੋਂ ਸਿੱਖ ਵਿਦੇਸ਼ਾਂ ਵਿਚ ਸੜਕਾਂ 'ਤੇ ਬਰਛਿਆਂ-ਤਲਵਾਰਾਂ ਨਾਲ ਜਲੂਸ ਕੱਢਣ ਸਮੇਂ ਗੱਤਕਾ ਖੇਡਦੇ ਹਨ ਤਾਂ ਗੋਰਿਆਂ ਦੇ ਮੂੰਹ ਵੇਖਣ ਵਾਲੇ ਹੁੰਦੇ ਹਨ। ਇਹ ਗੱਲ ਮੈਂ ਵੀ ਅਮਰੀਕਾ ਅਤੇ ਕੈਨੇਡਾ ਵਿਚ ਮਹਿਸੂਸ ਕੀਤੀ ਹੈ। ਗੋਰੇ ਮਨ ਵਿਚ ਜ਼ਰੂਰ ਸੋਚਦੇ ਹਨ ਕਿ ਇਹ ਸੜਕਾਂ ਉੱਤੇ ਨੰਗੇ ਹਥਿਆਰ ਕਿਉਂ ਲਹਿਰਾਉਂਦੇ ਹਨ? ਗੋਰੇ ਸਾਨੂੰ ਮੀਡੀਏ ਵਿਚ ਕਿਰਪਾਨੋਂ ਕਿਰਪਾਨੀਂ ਹੁੰਦਿਆਂ ਨੂੰ ਵੇਖਦੇ ਹਨ। ਪੱਛਮ ਵਿਚ ਜਨਤਕ ਥਾਂ 'ਤੇ ਨੰਗਾ ਹਥਿਆਰ ਸੁਰੱਖਿਆ ਨੂੰ ਖ਼ਤਰਾ ਸਮਝਿਆ ਜਾਂਦਾ ਹੈ। ਪੰਜਾਬ ਵਿਚ ਤਾਂ ਠੀਕ ਹੈ, ਪਰ ਵਿਦੇਸ਼ੀ ਸੜਕਾਂ 'ਤੇ ਇਸ ਦੀ ਕੋਈ ਤੁੱਕ ਨਹੀਂ ਬਣਦੀ। ਪਰ ਧੰਨ ਜੇਰਾ ਗੋਰਿਆਂ ਦਾ...।

ਹੋਰ ਕੌਮਾਂ ਵੀ ਆਪਣੇ ਦਿਨ-ਦਿਹਾੜੇ ਤੇ ਤਿੱਥ-ਤਿਉਹਾਰ ਮਨਾਉਂਦੀਆਂ ਹਨ। ਸੜਕਾਂ 'ਤੇ ਜਾਮ ਲਾਉਣ ਦਾ ਰਿਵਾਜ਼ ਭਾਰਤ ਵਿਚ ਹੀ ਹੈ, ਵਿਕਸਤ ਦੇਸ਼ਾਂ ਵਿਚ ਨਹੀਂ। ਗੋਰੇ ਸ਼ੋਰਬਾਜ਼ ਨਹੀਂ ਹਨ, ਕਾਗਜ਼ੀ ਕਾਰਵਾਈ ਕਰਦੇ ਹਨ। ਆਸਟਰੇਲੀਆ ਰਹਿੰਦੇ ਮੇਰੇ ਇਕ ਲੇਖਕ ਮਿੱਤਰ ਨੇ ਦੱਸਿਆ ਹੈ ਕਿ 'ਨਸਲੀ ਹਮਲਿਆਂ' (ਜੋ ਲੁਟ-ਖੋਹ ਦੀਆਂ ਵਾਪਰੀਆਂ ਸਾਰੀਆਂ ਹਿੰਸਕ ਘਟਨਾਵਾਂ ਦਾ ਮਹਿਜ਼ ਪੰਜ ਫੀਸਦੀ ਹੀ ਸਨ) ਦਾ ਭਾਰਤ ਸਰਕਾਰ ਸਖਤ ਨੋਟਿਸ ਲੈ ਰਹੀ ਸੀ। ਸਾਡਾ ਵਿਦੇਸ਼ ਮਹਿਕਮਾ ਤੇ ਪ੍ਰਧਾਨ ਮੰਤਰੀ ਦਾ ਦਫ਼ਤਰ ਆਸਟਰੇਲੀਆ ਸਰਕਾਰ ਕੋਲ ਆਪਣੀ ਨਾਰਾਜ਼ਗੀ ਜ਼ਾਹਰ ਕਰ ਰਹੇ ਸਨ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਅਫਸੋਸ ਪ੍ਰਗਟ ਕਰ ਰਹੇ ਸੀ, ਪਰ ਕੁਝ ਪੰਜਾਬੀਆਂ ਨੇ ਮੁਜਾਹਰੇ ਦੌਰਾਨ ਇਕ ਸਰਕਾਰੀ ਇਮਾਰਤ ਤੇ ਆਸਟਰੇਲੀਆ ਦਾ ਝੰਡਾ ਲਾਹ ਕੇ ਉਸ ਦੀ ਥਾਂ ਭਾਰਤ ਦਾ ਝੰਡਾ ਲਹਿਰਾ ਦਿੱਤਾ ਤੇ ਨਾਲ ਹੀ ਬੱਕਰੇ ਬੁਲਾਏ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਦੇ ਪੁਤਲੇ ਜਲਾਏ। ਜੇ ਕਿਸੇ ਗੋਰੇ ਨੇ ਭਾਰਤ ਵਿਚ ਇੰਜ ਕੀਤਾ ਹੁੰਦਾ ਤਾਂ ਉਸ ਦੇ ਹਸ਼ਰ ਦਾ ਅੰਦਾਜ਼ਾ ਤੁਸੀਂ ਖ਼ੁਦ ਲਗਾ ਲਉ। ਪਰ ਧੰਨ ਜੇਰਾ ਗੋਰਿਆਂ ਦਾ...।

ਫੂਕ ਛਕਾਉਣ ਵਾਲੇ ਤੇ ਅੱਗ ਲਾ ਕੇ ਕੰਧ 'ਤੇ ਚੜ੍ਹਨ ਵਾਲੇ ਡੱਬੂ ਹਰ ਥਾਂ ਹੀ ਹੁੰਦੇ ਹਨ। ਗਿਣਤੀ ਦੇ ਲੋਕਾਂ ਦੀ ਗਲਤੀ ਕਰ ਕੇ ਮੌਜਾਂ ਕਰਦੇ ਲੱਖਾਂ ਪ੍ਰਵਾਸੀ ਪੰਜਾਬੀਆਂ ਦਾ ਨੁਕਸਾਨ ਹੋਵੇਗਾ। ਮੇਰੇ ਆਪਣੇ ਪਰਿਵਾਰਕ ਮੈਂਬਰ ਵੀ ਪਰਵਾਸੀ ਹਨ। ਗੱਲ ਦੋ ਸਾਲ ਪੁਰਾਣੀ ਹੈ। ਅਮਰੀਕਾ ਦੀ ਟੈਕਸਸ ਸਟੇਟ ਵਿਚ ਇਕ ਵਾਰ ਐਤਵਾਰ ਦੇ ਦਿਨ ਜਦੋਂ ਅਰਦਾਸ ਕਰ ਕੇ ਭੋਗ ਉਪਰੰਤ ਸੰਗਤ ਲੰਗਰ ਛਕ ਕੇ ਘਰਾਂ ਨੂੰ ਚਲੀ ਗਈ ਤਾਂ ਦਸ ਕੁ ਮੁੰਡੇ ਗੁਰਦਵਾਰੇ ਦੇ ਪਿਛਵਾੜੇ ਲੱਗੇ ਨੈੱਟ 'ਤੇ ਵਾਲੀਬਾਲ ਖੇਡਣ ਲੱਗ ਗਏ। ਉਸ ਦਿਨ ਉੱਥੇ ਮੇਰੇ ਦੋਸਤ ਮੈਨੂੰ ਦੱਸਣ ਲੱਗੇ ਕਿ ਇਹ ਰਾਸ਼ਟਰਪਤੀ ਬੁਸ਼ ਦੀ ਹੋਮ ਸਟੇਟ ਹੈ ਤੇ ਉਹ ਅਕਸਰ ਇਥੇ ਆਉਂਦੇ ਰਹਿੰਦੇ ਹਨ। ਮੈਂ ਕਿਹਾ ਕਿ ਯਾਰ, ਜੇ ਬੁਸ਼ ਨੂੰ ਅੱਜ ਦੀ ਕੀਤੀ ਅਰਦਾਸ ਵਿਚਲੇ ਸਾਡੇ 'ਰਾਜ ਕਰੇਗਾ ਖਾਲਸਾ ...ਬਚੇ ਸ਼ਰਨ ਜੋ ਹੋਏ' ਵਾਲੇ ਪ੍ਰੋਗਰਾਮ ਦਾ ਪਤਾ ਚਲ ਜਾਏ ਤਾਂ ਪਰੀ ਕਹਾਣੀਆਂ ਦੀ ਰਾਜਕੁਮਾਰੀ ਵਾਂਗ ਪਹਿਲਾਂ ਤਾਂ ਉਹ ਹੱਸੇਗਾ...ਫਿਰ ਰੋਏਗਾ। ਹੱਸੇਗਾ ਇਸ ਲਈ ਕਿ ਮੈਨੂੰ ਹੋਰ ਜੋਟੀਦਾਰ ਮਿਲ ਗਏ ਹਨ। ਰੋਏਗਾ ਇਸ ਲਈ ਕਿ ਮੈਂ ਸਾਰੀ ਦੁਨੀਆ 'ਤੇ ਰਾਜ ਕਰ ਰਿਹਾਂ। ਇਹ ਭਲੇ ਮਾਣਸ ਮੇਰੇ ਘਰ ਦੇ ਪਿਛਵਾੜੇ ਬੈਠੇ ਸਾਨੂੰ ਹੀ ਮਾਂਜਣ ਦਾ ਪ੍ਰੋਗਰਾਮ ਉਲੀਕੀ ਬੈਠੇ ਹਨ।

ਪਿਛਲੇ ਹਫ਼ਤੇ ਡਿਸਕਵਰੀ ਚੈਨਲ 'ਤੇ ਮਨੀਲਾ ਦੇ ਜੰਗਲਾਂ ਵਿਚ ਸ਼ੇਰਾਂ ਵਲੋਂ ਮਨੁੱਖਾਂ ਦੇ ਮਾਰੇ ਜਾਣ 'ਤੇ ਡਾਕੂਮੈਂਟਰੀ ਫ਼ਿਲਮ ਦਿਖਾਈ ਜਾ ਰਹੀ ਸੀ। ਇਕ ਕਿਸਾਨ ਖੇਤ ਵਿਚ ਪੱਠੇ ਵੱਢ ਰਿਹਾ ਸੀ ਤੇ ਕੋਲ ਹੀ ਉਸ ਦਾ ਕੁੱਤਾ ਬੈਠਾ ਸੀ। ਸਾਹਮਣੇ ਘਾਤ ਲਾਈ ਬੈਠੇ ਸ਼ੇਰ ਦੀ ਰੇਂਜ ਵਿਚ ਜਦੋਂ ਬਾਰਾਂ ਬੋਰ ਦੀ ਰੇਂਜ ਵਿਚ ਤਿੱਤਰ ਦੇ ਆ ਜਾਣ ਵਾਂਗ ਕਿਸਾਨ ਆ ਗਿਆ ਤਾਂ ਸ਼ੇਰ ਨੇ ਹਮਲਾ ਕਰ ਦਿਤਾ। ਸ਼ੇਰ ਦਾ ਹਮਲਾ ਅਸਮਾਨੀ ਬਿਜਲੀ ਦੀ ਚਲਕੋਰ ਵਾਂਗ ਹੁੰਦਾ ਹੈ ਤੇ ਉਸ ਦੇ ਸ਼ਿਕਾਰ ਨੂੰ ਪਤਾ ਹੀ ਨਹੀਂ ਚੱਲਦਾ ਕਿ ਕੀ ਭਾਣਾ ਵਰਤ ਗਿਆ। ਪਰ ਸ਼ੇਰ ਦਾ ਨਿਸ਼ਾਨਾ ਚੁੱਕ ਗਿਆ। ਕਿਸਾਨ ਦਾ ਮੋਢਾ ਤੋੜਦਾ ਸ਼ੇਰ ਆਪਣੇ ਭਾਰ ਅਗਾਂਹ ਜਾ ਡਿੱਗਾ। ਓਦੋਂ ਹੀ ਕੁੱਤਾ ਜ਼ੋਰ ਦੀ ਭੌਂਕਿਆ। ਸ਼ੇਰ ਹੁਰੀਂ ਇਸ ਅਚਾਨਕ ਹੋਈ ਆਵਾਜ਼ ਤੋਂ ਘਬਰਾ ਕੇ ਚੱਡਿਆਂ ਵਿਚ ਪੂਛ ਦੇਈ ਵਾਹੋ-ਦਾਹ ਦੌੜ ਪਏ। ਸ਼ੇਰ ਅੱਗੇ-ਅੱਗੇ ਤੇ ਕੁੱਤਾ ਪਿੱਛੇ-ਪਿੱਛੇ। ਕੁੱਤਾ ਜ਼ੋਰ-ਜ਼ੋਰ ਨਾਲ ਭੌਂਕਦਾ ਸ਼ੇਰ ਨੂੰ ਇਕ ਫਰਲਾਂਗ ਤੱਕ ਜੰਗਲ ਵਿਚ ਦੌੜਾ ਕੇ ਮੁੜ ਆਇਆ। ਮੇਰੇ ਨਾਲ ਬੈਠੀ ਮੇਰੀ ਬੇਟੀ ਮੀਨੂੰ ਨੇ ਕਿਹਾ, ''ਪਾਪਾ, ਜੇ ਕੁੱਤੇ ਨੂੰ ਪਤਾ ਚੱਲ ਜਾਂਦਾ ਕਿ ਜੋ ਚਾਰ ਪੈਰਾਂ ਵਾਲਾ ਜਾਨਵਰ ਉਸ ਦੇ ਭੌਂਕਣ ਤੋਂ ਡਰ ਕੇ ਅੱਗੇ ਅੱਗੇ ਦੌੜ ਰਿਹਾ ਹੈ, ਉਹ ਕੌਣ ਹੈ ਤਾਂ ਕੁੱਤੇ ਦਾ ਹਾਰਟ ਫੇਲ੍ਹ ਹੋ ਜਾਣਾ ਸੀ। ਜੇ ਸ਼ੇਰ ਪਿਛਾਂਹ ਮੂੰਹ ਘੁੰਮਾ ਕੇ ਵੇਖ ਲੈਂਦਾ ਕਿ ਉਸਨੂੰ ਡਰਾਉਣ ਵਾਲਾ ਕੌਣ ਹੈ ਤਾਂ ਉਹਨੇ ਸ਼ਰਮ ਨਾਲ ਮਰ ਜਾਣਾ ਸੀ।''

ਗੋਰੇ ਸਾਡੇ ਵਾਂਗ ਰੌਲਾ ਨਹੀਂ ਪਾਉਂਦੇ, ਕਲਮ ਚਲਾਉਂਦੇ ਹਨ। ਮੈਨੂੰ ਪੜ੍ਹੇ-ਲਿਖੇ ਤੇ ਆਪੋ ਆਪਣੇ ਖੇਤਰਾਂ ਵਿਚ ਕਾਮਯਾਬ ਪਰਵਾਸੀਆਂ ਨੇ ਦੱਸਿਆ ਹੈ ਕਿ ਆਸਟਰੀਆ, ਆਸਟਰੇਲੀਆ ਸਮੇਤ ਦੋ ਕੁ ਹੋਰ ਯੂਰਪੀਅਨ ਦੇਸ਼ਾਂ ਨੇ ਪੰਜਾਬੀਆਂ ਜਾਂ ਭਾਰਤੀਆਂ, ਜੋ ਪੱਕੇ ਹੋਣਾ ਚਾਹੁੰਦੇ ਹਨ, ਦੀ ਵਿਸ਼ੇਸ਼ ਜਾਂਚ ਦੇ ਖੁਫ਼ੀਆ ਹੁਕਮ ਜਾਰੀ ਕਰ ਦਿੱਤੇ ਹਨ। ਦਿੱਲੀ ਸਥਿਤ ਕੈਨੇਡਾ ਦਾ ਰਾਜਦੂਤ ਤਾਂ ਮੀਡੀਏ ਵਿਚ ਕਹਿ ਚੁੱਕਾ ਹੈ ਕਿ ਪੰਜਾਬੀਆਂ ਦੀ ਥਾਂ ਦੱਖਣੀ ਭਾਰਤੀਆਂ ਨੂੰ ਪਰਵਾਸ ਲਈ ਪਹਿਲ ਦਿਤੀ ਜਾਵੇਗੀ। ਇਸ 'ਨਸਲਵਾਦ' ਨੂੰ ਸੱਦਾ ਅਸੀਂ ਖੁਦ ਦੇ ਰਹੇ ਹਾਂ। ਸੱਚ ਇਹ ਵੀ ਹੈ ਕਿ ਭਾਰਤ ਵਰਗਾ ਵਿਤਕਰਾ (ਛੂਆ-ਛੂਤ) ਹੋਰ ਕਿਧਰੇ ਵੀ ਨਹੀਂ ਹੈ।

ਵਿਦੇਸ਼ਾਂ ਵਿਚ ਉਨ੍ਹਾਂ ਦੇਸ਼ਾਂ ਦੇ ਕਾਇਦੇ-ਕਨੂੰਨਾਂ ਅਨੁਸਾਰ ਹੀ ਚੱਲਣਾ ਚਾਹੀਦਾ ਹੈ। ਕਈ ਅਨਪੜ੍ਹ ਪੇਂਡੂ **ਲੋਕ** ਤਾਂ ਵਿਦੇਸ਼ਾਂ ਨੂੰ ਵੀ ਪੰਜਾਬ ਸਰਕਾਰ ਦੇ ਅਧੀਨ ਹੀ ਸਮਝਦੇ ਹਨ। ਮੈਂ ਯੋਰਪ, ਅਮਰੀਕਾ, ਕੈਨੇਡਾ ਘੁੰਮ ਕੇ ਵੇਖਿਆ ਹੈ ਕਿ ਬਹੁ-ਕੌਮੀ, ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਅਨੇਕਾਂ ਸੱਭਿਆਚਾਰਾਂ ਵਾਲੇ ਮਾਹੌਲ ਵਿਚ 'ਕੱਟੜਤਾ' ਮੁੱਖ ਧਾਰਾ ਤੋਂ ਨਿਖੇੜ ਦਿੰਦੀ ਹੈ। ਵਿਤਕਰਿਆਂ ਨੂੰ ਸੱਦਾ ਦਿੰਦੀ ਹੈ। 'ਜੇਹਾ ਦੇਸ ਤਿਹਾ ਭੇਸ' ਵਰਗੇ ਮੁਹਾਵਰੇ ਐਵੇਂ ਨਹੀਂ ਬਣੇ। 'ਪੰਜਾਬੀਆਂ' ਨੂੰ ਇੱਕੀਵੀਂ ਸਦੀ ਅਤੇ ਅਠਾਰ੍ਹਵੀਂ ਸਦੀ ਵਿਚ ਫਰਕ ਸਮਝਣ ਦੀ ਲੋੜ ਹੈ।

***ਗੋਰੇ ਸਾਡੇ ਵਾਂਗ ਰੌਲਾ ਨਹੀਂ ਪਾਉਂਦੇ, ਕਲਮ ਚਲਾਉਂਦੇ ਹਨ। ਮੈਨੂੰ ਪੜ੍ਹੇ-ਲਿਖੇ ਤੇ ਆਪੋ ਆਪਣੇ ਖੇਤਰਾਂ ਵਿਚ ਕਾਮਯਾਬ ਪਰਵਾਸੀਆਂ ਨੇ ਦੱਸਿਆ ਹੈ ਕਿ ਆਸਟਰੀਆ, ਆਸਟਰੇਲੀਆ ਸਮੇਤ ਦੋ ਕੁ ਹੋਰ ਯੂਰਪੀਅਨ ਦੇਸ਼ਾਂ ਨੇ ਪੰਜਾਬੀਆਂ ਜਾਂ ਭਾਰਤੀਆਂ, ਜੋ ਪੱਕੇ ਹੋਣਾ ਚਾਹੁੰਦੇ ਹਨ, ਦੀ ਵਿਸ਼ੇਸ਼ ਜਾਂਚ ਦੇ ਖੁਫ਼ੀਆ ਹੁਕਮ ਜਾਰੀ ਕਰ ਦਿੱਤੇ ਹਨ। ਦਿੱਲੀ ਸਥਿਤ ਕੈਨੇਡਾ ਦਾ ਰਾਜਦੂਤ ਤਾਂ ਮੀਡੀਏ ਵਿਚ ਕਹਿ ਚੁੱਕਾ ਹੈ ਕਿ ਪੰਜਾਬੀਆਂ ਦੀ ਥਾਂ ਦੱਖਣੀ ਭਾਰਤੀਆਂ ਨੂੰ ਪਰਵਾਸ ਲਈ ਪਹਿਲ ਦਿਤੀ ਜਾਵੇਗੀ। ਇਸ 'ਨਸਲਵਾਦ' ਨੂੰ ਸੱਦਾ ਅਸੀਂ ਖੁਦ ਦੇ ਰਹੇ ਹਾਂ। ਸੱਚ ਇਹ ਵੀ ਹੈ ਕਿ ਭਾਰਤ ਵਰਗਾ ਵਿਤਕਰਾ (ਛੂਆ-ਛੂਤ) ਹੋਰ ਕਿਧਰੇ ਵੀ ਨਹੀਂ ਹੈ।***

# ਸਾਂਝਾਂ ਖਤਮ ਹੋਈਆਂ, ਰਿਸ਼ਤੇ ਤਾਰ ਤਾਰ

**ਡਾ. ਧਰਮਵੀਰ ਗਾਂਧੀ**

ਅਜੋਕੇ ਪੰਜਾਬ ਦੀ ਆਰਥਿਕ ਸਿਹਤ ਬਾਰੇ ਸੰਖੇਪ ਚਰਚਾ ਕੀਤੇ ਬਗੈਰ ਪੰਜਾਬ ਦੇ ਸਿਹਤ ਦ੍ਰਿਸ਼ ਬਾਰੇ ਕੋਈ ਵੀ ਗੰਭੀਰ ਟਿੱਪਣੀ ਕਰਨੀ ਅਸੰਭਵ ਹੈ। ਕੋਈ ਸਮਾਂ ਸੀ ਕਿ ਪੰਜਾਬ ਆਰਥਿਕ ਤੇ ਜਿਸਮਾਨੀ ਸਿਹਤ ਪੱਖੋਂ ਦੇਸ਼ ਦਾ ਨੰਬਰ ਇਕ ਸੂਬਾ ਗਿਣਿਆ ਜਾਂਦਾ ਸੀ। ਪੰਜਾਬ ਦੀ ਖੁਸ਼ਹਾਲੀ ਤੇ ਪੰਜਾਬੀ ਲੋਕਾਂ ਦੀ ਜਿਸਮਾਨੀ ਸਿਹਤ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਸਨ, ਪਰ ਪਿਛਲੇ 35-40 ਸਾਲਾਂ ਦੌਰਾਨ ਸਮਾਜਕ ਵਿਕਾਸ ਤੇ ਇਨ੍ਹਾਂ ਦੇ ਮਹੱਤਵਪੂਰਨ ਮਾਪਦੰਡਾਂ ਦੇ ਮਾਮਲੇ ਵਿਚ ਪੰਜਾਬ ਤਸ਼ਵੀਸ਼ਨਾਕ ਹੱਦ ਤੱਕ ਪੱਛੜ ਚੁੱਕਿਆ ਹੈ। ਪੰਜਾਬ ਦੀ ਖੇਤੀ ਤੇ ਸਨਅਤ ਖੜ੍ਹੋਤ ਦਾ ਸ਼ਿਕਾਰ ਹਨ। ਵਿਕਾਸ ਕਾਰਜ ਲਗਪਗ ਠੱਪ ਹਨ। ਹੁਨਰਮੰਦ ਤੇ ਗੈਰ ਹੁਨਰਮੰਦ ਬੇਰੁਜ਼ਗਾਰਾਂ ਦੀਆਂ ਕਤਾਰਾਂ ਲੰਮੀਆਂ ਹੋਈਆਂ ਹਨ। ਵਿਦਿਅਕ ਪ੍ਰਬੰਧ ਗੰਭੀਰ ਵਿਗਾੜਾਂ ਤੋਂ ਨਿਘਾਰ ਦਾ ਸ਼ਿਕਾਰ ਹੈ ਅਤੇ ਪਹਿਲਾਂ ਹੀ ਨਿਗੂਣੀਆਂ ਸਿਹਤ ਸੇਵਾਵਾਂ ਬੰਦ ਹੋਣ ਕਿਨਾਰੇ ਹਨ। ਭੂਮੰਡਲੀਕਰਨ, ਢਾਂਚਾਗਤ ਸੁਧਾਰਾਂ ਅਤੇ ਨਿੱਜੀਕਰਨ ਦੀ ਅੰਨ੍ਹੀ ਧੁੱਸ ਹੇਠ, ਵਿਸ਼ਵ ਬੈਂਕ ਅਤੇ ਕੌਮਾਂਤਰੀ ਮਾਲੀ ਫੰਡ ਵਰਗੀਆਂ ਸੰਸਥਾਵਾਂ ਦੇ ਜ਼ਾਹਰਾ ਤੇ ਲੁਕਵੇਂ ਦਿਸ਼ਾ ਨਿਰਦੇਸ਼ਾਂ ਤਹਿਤ ਵਿਦਿਆ, ਸਿਹਤ ਤੇ ਦੂਜੀਆਂ ਸੇਵਾਵਾਂ ਦਾ ਤੇਜ਼ੀ ਨਾਲ ਕੀਤਾ ਜਾ ਰਿਹਾ ਵਪਾਰੀਕਰਨ ਹਾਲਤ ਨੂੰ ਬਦ ਤੋਂ ਬਦਤਰ ਬਣਾਈ ਜਾ ਰਿਹਾ ਹੈ। ਕਿਸਾਨੀ ਅਤੇ ਪੇਂਡੂ ਤੇ ਸ਼ਹਿਰੀ ਮਜ਼ਦੂਰਾਂ ਦਾ ਵੱਡਾ ਹਿੱਸਾ ਗੰਭੀਰ ਆਰਥਿਕ ਮੰਦਹਾਲੀ 'ਚੋਂ ਲੰਘ ਰਿਹਾ ਹੈ ਤੇ ਅਤੇ ਭਾਰੀ ਕਰਜ਼ਿਆਂ ਦਾ ਸ਼ਿਕਾਰ ਹੈ। ਮੁੱਠੀ ਭਰ ਪੇਂਡੂ ਤੇ ਸ਼ਹਿਰੀ ਧਨਾਢਾਂ, ਭ੍ਰਿਸ਼ਟ ਤੇ ਬੇਈਮਾਨ ਸਿਆਸਤਦਾਨਾਂ ਤੇ ਅਫਸਰਸ਼ਾਹਾਂ ਅਤੇ ਪ੍ਰਬੰਧ ਦਾ ਭੇਤ ਪਾ ਚੁੱਕੇ ਅਤੇ ਇਸ ਨੂੰ ਚੂੰਡਣ ਚੱਟਣ ਦਾ ਵੱਲ ਸਿੱਖ ਚੁੱਕੇ ਕੁਝ ਚੁਸਤ ਚਲਾਕ ਬੰਦਿਆਂ ਨੂੰ ਛੱਡ ਕੇ ਲੋਕਾਈ ਦਾ ਵੱਡਾ ਹਿੱਸਾ ਅਜੋਕੇ ਬਹੁ-ਚਰਚਿਤ ਵਿਕਾਸ ਦੇ ਹਾਸ਼ੀਏ 'ਤੇ ਖੜ੍ਹਾ ਹੈ। 21ਵੀਂ ਸਦੀ ਦੇ ਹਾਣ ਦੀਆਂ ਸਹੂਲਤਾਂ ਤੋਂ ਸੱਖਣਾ ਇਹ ਪੰਜਾਬ ਗਰੀਬੀ, ਅਨਪੜ੍ਹਤਾ, ਬਿਮਾਰੀ, ਜ਼ਹਾਲਤ ਤੇ ਜਲਾਲਤ ਭਰੀ ਜ਼ਿੰਦਗੀ ਜਿਊਣ ਲਈ ਸਰਾਪਿਆ ਹੋਇਆ ਹੈ। ਪੰਜਾਬੀ ਲੋਕਾਂ ਦੀ ਸਿਹਤ ਤੇ ਪੰਜਾਬ ਅੰਦਰ ਬਦਲ ਰਹੇ ਸਿਹਤ ਦ੍ਰਿਸ਼ ਨੂੰ 2009 ਦੇ ਪੰਜਾਬ ਦੀ ਇਸ ਤਸਵੀਰ ਤੋਂ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ। ਇਨ੍ਹਾਂ ਜ਼ਮੀਨੀ ਹਕੀਕਤਾਂ ਦਾ ਘੇਰਾ ਏਨਾ ਵਸੀਹ ਹੈ ਕਿ ਇਕ ਇਕ ਵਿਸ਼ਾ ਵੱਖਰੇ ਲੇਖਾਂ ਦੀ ਮੰਗ ਕਰਦਾ ਹੈ।

ਬਿਮਾਰੀਆਂ ਦੇ ਇਤਿਹਾਸ 'ਤੇ ਪੰਛੀ ਝਾਤ ਮਾਰਿਆਂ ਇਹ ਗੱਲ ਸਾਫ ਨਜ਼ਰ ਆਉਂਦੀ ਹੈ ਕਿ ਇਤਿਹਾਸ ਦੇ ਕਿਸੇ ਵੀ ਸਮਾਂ ਵਿਸ਼ੇਸ਼ ਤੇ ਦੁਨੀਆਂ ਦੇ ਕਿਸੇ ਵੀ ਖਿੱਤਾ ਵਿਸ਼ੇਸ਼ ਵਿਚ, ਬਿਮਾਰੀਆਂ ਦਾ ਰੁਝਾਨ, ਉਸ ਸਮੇਂ ਦੀ ਪਦਾਰਥਕ ਜ਼ਿੰਦਗੀ, ਆਰਥਿਕ ਸਮਾਜਕ ਬਣਤਰ ਅਤੇ ਇਨ੍ਹਾਂ ਦੇ ਅਨੁਸਾਰੀ ਜੀਵਨ ਪੱਧਰ ਅਤੇ ਜੀਵਨ ਸ਼ੈਲੀ ਰਾਹੀਂ ਤੈਅ ਤੇ ਪ੍ਰਭਾਵਤ ਹੁੰਦਾ ਆਇਆ ਹੈ। ਇਤਿਹਾਸ ਗਵਾਹ ਹੈ ਕਿ 18ਵੀਂ ਤੇ 19ਵੀਂ ਸਦੀ ਦਾ ਯੂਰਪ ਭੁੱਖਮਰੀਆਂ, ਅਕਾਲਾਂ, ਮਹਾਮਾਰੀਆਂ ਤੇ ਲਾਗ ਰੋਗਾਂ ਦਾ ਯੂਰਪ ਸੀ। ਸਨਅਤੀ ਇਨਕਲਾਬਾਂ ਤੋਂ ਬਾਅਦ ਦਾ ਯੂਰਪ ਇਨ੍ਹਾਂ ਅਲਾਮਤਾਂ ਤੋਂ ਲਗਪਗ ਮੁਕੰਮਲ ਨਿਜਾਤ ਪਾ ਚੁੱਕਿਆ ਹੈ। ਇਹ ਨਹੀਂ ਕਿ ਉਹ ਦੇਸ਼ ਹੁਣ ਰੋਗ ਮੁਕਤ ਹੋ ਚੁੱਕੇ ਹਨ, ਪਰ ਉਥੇ ਹੁਣ ਭੁੱਖਮਰੀ, ਗੁਰਬਤ ਤੇ ਕੁਪੋਸ਼ਣ ਦੇ ਰੋਗਾਂ ਦੀ ਥਾਂ ਨਵੇਂ ਰੋਗਾਂ ਨੇ ਲੈ ਲਈ ਹੈ। ਇਨ੍ਹਾਂ ਮੁਲਕਾਂ ਅੰਦਰ ਥੋੜ੍ਹ ਚਿਰੇ ਇਕ ਸੰਗਰਾਦੀ ਦੌਰ ਵਿਚ, ਦੋਵੇਂ ਤਰ੍ਹਾਂ ਦੇ ਰੋਗ ਭਾਰੂ ਰਹੇ ਹਨ, ਪਰ ਪੁਰਾਣੇ ਰੋਗਾਂ ਦੇ ਸੰਤਾਪ ਤੇ ਤਬਾਹੀ ਤੋਂ ਛੁਟਕਾਰਾ ਪਾ ਲਿਆ ਗਿਆ ਹੈ।



ਭਾਰਤ ਸਮੇਤ ਬਹੁਤੇ ਵਿਕਾਸਸ਼ੀਲ ਏਸ਼ਿਆਈ, ਅਫਰੀਕੀ ਤੇ ਲਾਤੀਨੀ ਅਮਰੀਕੀ ਮੁਲਕਾਂ ਅੰਦਰ ਅਜਿਹਾ ਨਹੀਂ ਹੋਇਆ। ਇਥੇ ਇਕ ਪਾਸੇ ਲੋਕਾਈ ਦਾ ਵੱਡਾ ਹਿੱਸਾ ਗੁਰਬਤ, ਕੁਪੋਸ਼ਣ, ਛੂਤ ਤੇ ਲਾਗ ਦੇ ਰੋਗਾਂ ਦਾ ਸ਼ਿਕਾਰ ਹੈ ਅਤੇ ਦੂਜੇ ਪਾਸੇ ਲੋਕਾਈ ਦਾ ਇੱਕ ਹਿੱਸਾ ਨਵੇਂ ਰੋਗਾਂ ਦੀ ਗ੍ਰਿਫਤ ਵਿਚ ਆ ਚੁੱਕਿਆ ਹੈ। ਮਿਸਾਲ ਦੇ ਤੌਰ 'ਤੇ ਭਾਰਤ ਅੰਦਰ ਸਰਕਾਰ ਦੇ ਆਪਣੇ ਅੰਕੜਿਆਂ ਮੁਤਾਬਕ ਦੇਸ਼ ਵਿਚ ਤਪਦਿਕ ਦੇ 2 ਕਰੋੜ ਮਰੀਜ਼ ਹਨ। ਦੂਜੇ ਪਾਸੇ ਸੰਸਾਰ ਸਿਹਤ ਸੰਸਥਾ 2025 ਤੱਕ ਭਾਰਤ ਵਿਚ ਸੂਗਰ, ਬਲੱਡ ਪ੍ਰੈਸ਼ਰ ਤੇ ਹਾਰਟ ਅਟੈਕ ਵਰਗੇ ਰੋਗਾਂ ਦੇ ਮਾਮਲੇ ਵਿਚ ਮਹਾਮਾਰੀ ਵਰਗੀ ਹਾਲਤ ਪੈਦਾ ਹੋਣ ਦੀ ਚਿਤਾਵਨੀ ਦੇ ਰਹੀ ਹੈ। ਜ਼ਾਹਰ ਹੈ ਕਿ ਆਜ਼ਾਦੀ ਮਿਲਣ ਤੋਂ 60 ਸਾਲ ਬਾਅਦ ਵੀ ਅਚੰਭੇਜਨਕ ਵਿਗਿਆਨਕ ਲੱਭਤਾਂ, ਲੋੜੀਂਦੇ ਸਾਧਨ ਸਰੋਤਾਂ ਤੇ ਤਕਨੀਕ ਅਤੇ ਯੋਗ ਮਨੁੱਖੀ ਸ਼ਕਤੀ ਹਾਸਲ ਹੋਣ ਦੇ ਬਾਵਜੂਦ ਕੁਪੋਸ਼ਣ, ਪ੍ਰਦੂਸ਼ਤ ਪਾਣੀ ਤੋਂ ਪੈਦਾ ਹੋਣ ਵਾਲੇ ਰੋਗਾਂ ਹੈਜ਼ਾ, ਦਸਤ ਕੈਆਂ, ਟਾਈਫਾਈਡ, ਪੀਲੀਆ, ਤਪਦਿਕ ਵਰਗੇ ਮੁਕੰਮਲ ਇਲਾਜ ਤੇ ਬਚਾਅਯੋਗ ਰੋਗਾਂ ਤੋਂ ਛੁਟਕਾਰਾ ਪਾਇਆ ਨਹੀਂ ਗਿਆ, ਉਲਟਾ ਨਵੇਂ ਰੋਗਾਂ ਨੇ ਆ ਪੈਰ ਧਰਿਆ ਹੈ। ਪੰਜਾਬ ਅੰਦਰ ਅਜੇ ਪਿਛਲੇ ਹਫਤੇ ਹੀ ਇਕ ਪਾਸੇ ਪਟਿਆਲਾ ਸਮੇਤ ਚਾਰ ਸ਼ਹਿਰਾਂ ਵਿਚ ਟਾਈਫਾਈਡ, ਪੀਲੀਏ ਅਤੇ ਹੈਜ਼ੇ ਕਾਰਨ ਹਜ਼ਾਰਾਂ ਲੋਕਾਂ ਦੇ ਬਿਮਾਰ ਹੋਣ ਅਤੇ ਕੁਝ ਇਕ ਦੇ ਮਰਨ ਦੀਆਂ ਖ਼ਬਰਾਂ ਛਪੀਆਂ ਹਨ ਤੇ ਦੂਜੇ ਪਾਸੇ ਲੁਧਿਆਣਾ ਵਿਚ ਸ਼ੇਰਪੁਰ ਬਾਈਪਾਸ ਤੇ ਪੰਜਾਬ ਵਿਚ ਦਿਲ ਦੇ ਰੋਗਾਂ ਦੇ 14ਵੇਂ ਹਸਪਤਾਲ ਖੁੱਲ੍ਹਣ ਦੇ ਇਸ਼ਤਿਹਾਰ ਵੀ ਅਖ਼ਬਾਰਾਂ ਵਿਚ ਛਪੇ ਹਨ।

ਖੇਤੀ ਦੀ ਇਤਿਹਾਸਕ ਕਾਇਆਪਲਟੀ ਨੇ ਜਿੱਥੇ ਪੰਜਾਬ ਦੇ ਪਿੰਡਾਂ, ਮੰਡੀਆਂ, ਕਸਬਿਆਂ ਅਤੇ ਸ਼ਹਿਰਾਂ ਵਿਚ ਮੁਕਾਬਲਤਨ ਖੁਸ਼ਹਾਲੀ ਦਾ ਇਕ ਨਵਾਂ ਦੌਰ ਲੈ ਕੇ ਆਂਦਾ, ਉਥੇ ਬਾਅਦ ਵਿਚ ਥੋੜ੍ਹ ਚਿਰੇ ਸਾਬਤ ਹੋਏ ਇਸ ਦੌਰ ਨੇ ਪੰਜਾਬੀ ਲੋਕਾਂ ਦੇ ਰਹਿਣ-ਸਹਿਣ ਤੇ ਜੀਵਨ ਜਾਚ ਵਿਚ ਕਈ ਗੰਭੀਰ ਵਿਗਾੜ ਪੈਦਾ ਕੀਤੇ। ਵਿਆਪਕ ਮਸ਼ੀਨੀਕਰਨ ਨੇ ਜਿੱਥੇ ਵਿਹਲ ਪੈਦਾ ਕੀਤੀ ਉਥੇ ਪਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਪੇਂਡੂ ਮਜ਼ਦੂਰਾਂ ਤੇ ਗਰੀਬ ਕਿਸਾਨੀ ਨੂੰ ਛੱਡ ਕੇ ਕਿਸਾਨੀ ਦਾ ਵੱਡਾ ਹਿੱਸਾ ਸਰੀਰਕ ਕੰਮ ਨੂੰ ਮੁਕੰਮਲ ਤਿਲਾਂਜਲੀ ਦੇਣ ਦੀ ਹੱਦ ਤੱਕ ਚਲਾ ਗਿਆ। ਖਾਣ ਪੀਣ ਤੇ ਨਸ਼ਿਆਂ, ਵਿਸ਼ੇਸ਼ ਕਰਕੇ ਸ਼ਰਾਬ ਦੇ ਮਾਮਲੇ ਵਿਚ ਰੱਜ ਕੇ ਬਦਤਮੀਜੀ ਕੀਤੀ ਗਈ।

ਇਸ ਸਮੇਂ ਦੌਰਾਨ ਮੁਲਾਜ਼ਮਤ ਰਾਹੀਂ ਮੱਧ ਵਰਗ ਵਿਚ ਸ਼ਾਮਲ ਹੋਇਆ ਲੋਕਾਈ ਦਾ ਇਕ ਹੋਰ ਗਿਣਨਯੋਗ ਹਿੱਸਾ ਵੀ ਨਵੇਂ ਰੋਗਾਂ ਮੋਪਾਟੇ, ਬਲੱਡ ਪ੍ਰੈਸ਼ਰ, ਸੂਗਰ, ਹਾਰਟ ਅਟੈਕ ਆਦਿ ਦਾ ਸ਼ਿਕਾਰ ਹੋ ਚੁੱਕਿਆ ਹੈ। ਵਰਣਨਯੋਗ ਹੈ ਕਿ ਬਦਲੀ ਜ਼ਿੰਦਗੀ ਕਾਰਨ ਪੈਦਾ ਹੋਈਆਂ ਇਨ੍ਹਾਂ ਬਚਾਅਯੋਗ ਬਿਮਾਰੀਆਂ ਦੇ ਇਸ ਜਮ੍ਹਾਂ ਜੋੜ ਨੇ ਜਿੱਥੇ 50-60 ਸਾਲ ਪਹਿਲਾਂ ਸਮੁੱਚੇ ਯੂਰਪ, ਅਮਰੀਕਾ, ਜਪਾਨ ਤੇ ਹੋਰ ਵਿਕਸਿਤ ਮੁਲਕਾਂ ਨੂੰ ਆਪਣੀ ਗ੍ਰਿਫਤ 'ਚ ਲਿਆ ਸੀ, ਉਹ ਹੁਣ ਸਮੁੱਚੇ ਪੰਜਾਬ ਦੀ ਹਕੀਕਤ ਬਣ ਚੁੱਕਿਆ ਹੈ। ਇਥੇ ਇਹ ਜ਼ਿਕਰ ਕਰਨਾ ਵਾਜਬ ਹੋਵੇਗਾ ਕਿ ਵਿਕਸਿਤ ਮੁਲਕਾਂ ਅੰਦਰ ਸਰਕਾਰੀ ਦਖਲਅੰਦਾਜ਼ੀ, ਗੈਰ ਸਰਕਾਰੀ ਸੰਗਠਨਾਂ ਅਤੇ ਪ੍ਰਚਾਰ ਸਾਧਨਾਂ ਦੇ ਸਾਂਝੇ ਉੱਦਮਾਂ ਨਾਲ ਇਨ੍ਹਾਂ ਬਿਮਾਰੀਆਂ ਨੂੰ ਮੋੜਾ ਪੈ ਚੁੱਕਿਆ ਹੈ, ਪਰ ਪੰਜਾਬ ਵਿਚ ਅਜਿਹਾ ਕੋਈ ਉੱਦਮ, ਅਜਿਹੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਉਪਰੋਕਤ ਬਿਆਨੇ ਤੱਥਾਂ ਤੋਂ ਸਪਸ਼ਟ ਹੈ ਕਿ ਪੰਜਾਬ ਦੀ ਵਸੋਂ ਦਾ ਇਕ ਹਿੱਸਾ, ਜਿੱਥੇ ਘਾਟਾਂ, ਘੋਰ ਗੁਰਬਤ ਤੇ ਕੁਪੋਸ਼ਣ ਦੀਆਂ ਬਿਮਾਰੀਆਂ ਨਾਲ ਮਰ ਰਿਹਾ ਹੈ, ਉਥੇ ਇਕ ਹੋਰ ਹਿੱਸਾ ਬਹੁਲਤਾ, ਅਮੀਰੀ, ਬੇਢੰਗੇ ਖਾਣ ਤੇ ਕੁਢੱਬੇ ਜਿਉਣ ਢੰਗ ਦੀਆਂ ਬਿਮਾਰੀਆਂ ਨਾਲ ਮਰਨ ਲਈ ਸਰਾਪਿਆ ਜਾ ਰਿਹਾ ਹੈ।

ਹਰੇ ਇਨਕਲਾਬ ਤੇ ਜ਼ਰਈ ਖੇਤਰ ਵਿਚ ਪੈਦਾਵਾਰੀ ਢੰਗ ਤੇ ਰਿਸ਼ਤਿਆਂ ਵਿਚ ਆਈ ਤਬਦੀਲੀ ਨੇ ਪੰਜਾਬੀ ਸਮਾਜ ਦੀ ਸਮਾਜਕ ਤੇ ਮਾਨਸਿਕ ਸਿਹਤ ਦਾ ਜੋ ਹਸ਼ਰ ਕੀਤਾ ਹੈ ਉਹ ਬਹੁਤ ਹੀ ਦਿਲ ਕੰਬਾਊ ਤੇ ਭਿਆਨਕ ਹੈ। ਮੰਡੀ ਆਰਥਿਕਤਾ ਤੇ ਖਪਤਕਾਰੀ ਸਭਿਆਚਾਰ ਨੇ ਜ਼ਿੰਦਗੀ ਦੀ ਸਹਿਜ ਤੋਰ, ਹਾਂਦਰੂ ਕਦਰਾਂ ਕੀਮਤਾਂ, ਪਰਿਵਾਰਕ ਤੇ ਭਾਈਚਾਰਕ ਤੰਦਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਗੈਰ ਸਿਹਤਮੰਦ ਮੁਕਾਬਲੇਬਾਜ਼ੀ ਇਕ ਦੂਜੇ ਦੀ ਲਾਸ਼ 'ਤੇ ਪੈਰ ਧਰ ਕੇ ਉਪਰ ਚੜ੍ਹਨ ਦੇ ਸਿਰਵੱਢ ਸਰਮਾਏਦਾਰਾਨਾ ਸਭਿਆਚਾਰ ਨੇ ਪੰਜਾਬੀ ਸਮਾਜ ਨੂੰ ਕਰੂਪ ਕਰ ਛੱਡਿਆ ਹੈ। ਪੁਰਾਣੇ ਜ਼ਮੀਨੀ ਰਿਸ਼ਤੇ ਟੁੱਟਣ ਨਾਲ ਪਰਿਵਾਰ ਖਿੰਡ ਰਹੇ ਹਨ। ਸਾਂਝਾ-ਸੱਥਾਂ ਖਤਮ ਹੋ ਰਹੀਆਂ ਹਨ। ਰਿਸ਼ਤੇ ਸੁੰਗੜ ਰਹੇ ਹਨ। ਅਧਿਆਪਨ ਤੇ ਡਾਕਟਰੀ ਵਰਗੇ ਪਵਿੱਤਰ ਕਿੱਤਿਆਂ, ਯਾਰੀਆਂ ਦੋਸਤੀਆਂ, ਰਿਸ਼ਤੇ-ਨਾਤੇਦਾਰੀਆਂ ਵਿਚ ਵਪਾਰਕ ਸਭਿਆਚਾਰ ਦੀ ਸੜ੍ਹਿਆਂਦ ਆਉਂਦੀ ਹੈ। ਪਿਛਲਾ ਸਾਰਾ ਕੁਝ ਸਮੇਤ ਚੰਗੇ ਮਾੜੇ ਦੇ ਤੇਜ਼ੀ ਨਾਲ ਟੁੱਟਿਆ ਹੈ, ਪਰ ਨਵੇਂ ਸਾਰਥਕ ਤੇ ਤੰਦਰੁਸਤ ਦੀ ਅਣਹੋਂਦ ਕਾਰਨ ਹਰ ਪਾਸੇ ਭੰਬਲਭੂਸਾ ਹੈ। ਬਜ਼ੁਰਗ ਬੇਬਸ ਤੇ ਉਦਾਸ ਹਨ, ਨੌਜਵਾਨ ਬੇਚੈਨ ਤੇ ਬੱਚੇ ਦਿਸ਼ਾਹੀਣ। ਹਰ ਪੱਧਰ 'ਤੇ ਰਿਸ਼ਤਿਆਂ ਵਿਚ ਤਣਾਅ ਹੈ ਅਤੇ ਮਾਨਸਿਕ ਰੋਗਾਂ ਵਿਚ ਅਥਾਹ ਵਾਧਾ ਹੋ ਰਿਹਾ ਹੈ। ਸਹਿਯੋਗ, ਸਹਿਣਸ਼ੀਲਤਾ, ਸੰਵੇਦਨਸ਼ੀਲਤਾ, ਭਰਾਤਰੀਭਾਵ, ਮਿਲਵਰਤਨ ਅਤੇ ਸਾਂਝੇ ਸਮਾਜਕ ਉਦਮਾਂ ਵਰਗੇ ਸੁਨੱਖੇ ਸ਼ਬਦ ਲੋਕਾਂ ਦੇ ਸ਼ਬਦਕੋਸ਼ 'ਚੋਂ ਗਾਇਬ ਹੋ ਰਹੇ ਜਾਪਦੇ ਹਨ। ਇਉਂ ਲੱਗਦਾ ਹੈ ਕਿ ਪੰਜਾਬ ਸਰਮਾਏਦਾਰਾਂ

> ***ਹਰੇ ਇਨਕਲਾਬ ਤੇ ਜ਼ਰਈ ਖੇਤਰ ਵਿਚ ਪੈਦਾਵਾਰੀ ਢੰਗ ਤੇ ਰਿਸ਼ਤਿਆਂ ਵਿਚ ਆਈ ਤਬਦੀਲੀ ਨੇ ਪੰਜਾਬੀ ਸਮਾਜ ਦੀ ਸਮਾਜਕ ਤੇ ਮਾਨਸਿਕ ਸਿਹਤ ਦਾ ਜੋ ਹਸ਼ਰ ਕੀਤਾ ਹੈ ਉਹ ਬਹੁਤ ਹੀ ਦਿਲ ਕੰਬਾਊ ਤੇ ਭਿਆਨਕ ਹੈ। ਮੰਡੀ ਆਰਥਿਕਤਾ ਤੇ ਖਪਤਕਾਰੀ ਸਭਿਆਚਾਰ ਨੇ ਜ਼ਿੰਦਗੀ ਦੀ ਸਹਿਜ ਤੋਰ, ਪਰਿਵਾਰਕ ਤੇ ਭਾਈਚਾਰਕ ਤੰਦਾਂ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ।***

ਸਭਿਆਚਾਰ ਦੀ ਪ੍ਰਯੋਗਸ਼ਾਲਾ ਅਤੇ ਇਸ ਦੀ ਇੱਕ ਨੁਮਾਇੰਦਾ ਮਿਸਾਲ ਬਣਨ ਜਾ ਰਿਹਾ ਹੈ।

ਇਸ ਸਭ ਕਾਸੇ ਦਾ ਹੀ ਇਕ ਤਾਰਕਿਕ ਸਿੱਟਾ ਹੈ ਕਿ ਆਰਥਿਕ ਤੰਗੀਆਂ-ਤਰੁਸ਼ੀਆਂ ਦੀ ਮਾਰ ਹੇਠ ਆਈ ਅਤੇ ਮਾੜੀ ਸਰੀਰਕ ਤੇ ਮਾਨਸਿਕ ਸਿਹਤ ਹੰਢਾਉਂਦੀ, ਪੰਜਾਬੀ ਕੌਮ ਦਾ ਤਿੰਨ ਚੌਥਾਈ ਦੇ ਕਰੀਬ ਹਿੱਸਾ ਅੱਜ ਸ਼ਰਾਬ, ਭੁੱਕੀ, ਅਫੀਮ, ਨਸ਼ੇ ਜਾਂ ਨੀਂਦ ਵਾਲੀਆਂ ਗੋਲੀਆਂ ਖਾ ਕੇ ਸੌਂਦਾ ਹੈ। ਜ਼ਾਹਰ ਹੈ ਕਿ ਨਿੱਜੀ ਜ਼ਿੰਦਗੀ, ਪਰਿਵਾਰ, ਸਰਕਾਰ ਤੇ ਸਮਾਜ ਵਲੋਂ ਉਹ ਅਸੰਤੁਸ਼ਟ ਹੈ। ਉਸ ਦੀ ਜੰਮਣ ਭੋਇੰ ਉਸਨੂੰ ਸੰਭਾਲ ਨਹੀਂ ਰਹੀ। ਇਹੋ ਕਾਰਨ ਹੈ ਕਿ ਉਹ ਜੱਦੀ ਜ਼ਮੀਨ ਤੇ ਜਾਨ ਦੀ ਬਾਜ਼ੀ ਲਾ ਕੇ ਘਰੋਂ ਹਜ਼ਾਰਾਂ ਮੀਲ ਦੂਰ, ਯੱਖ ਠੰਢੇ ਸਮੁੰਦਰਾਂ 'ਚ ਡੁੱਬ ਕੇ ਵੀ ਵਿਦੇਸ਼ਾਂ ਦੀਆਂ ਹਰੀਆਂ ਚਰਾਗਾਹਾਂ 'ਚ ਜਾਣ ਲਈ ਕਾਹਲਾ ਹੈ। ਬੱਬਰ ਅਕਾਲੀਆਂ, ਕੂਕਿਆਂ, ਗ਼ਦਰੀ ਬਾਬਿਆਂ ਤੇ ਭਗਤ ਸਰਾਭਿਆਂ ਦਾ ਪੰਜਾਬ ਟਰੱਕਾਂ 'ਚ ਦੋਹਰੀਆਂ ਛੱਤਾਂ ਪਾ ਕੇ ਸਾਧਾਂ ਦੇ ਡੇਰਿਆਂ 'ਤੇ ਭੁੱਲਾਂ ਬਖਸ਼ਾਉਂਦਾ ਤੇ ਅਗਲਾ ਜਨਮ ਸੰਵਾਰਦਾ ਫਿਰਦਾ ਹੈ। ਪੰਜਾਬ ਦਾ ਇਹ ਹਸ਼ਰ ਆਰਥਿਕ ਅਤੇ ਸਮਾਜਕ ਰਿਸ਼ਤਿਆਂ ਦੀ ਇਕ ਇਤਿਹਾਸਕ ਕਾਇਆਪਲਟੀ ਕਾਰਨ ਹੋਇਆ ਹੈ ਅਤੇ ਇਸ ਦਾ ਹੱਲ ਵੀ ਇਕ ਹੋਰ ਇਤਿਹਾਸਕ ਕਾਇਆਪਲਟੀ ਰਾਹੀਂ ਹੀ ਸੰਭਵ ਹੋਣਾ ਹੈ।

# ਮੱਛੀ ਮੋਟਰਾਂ ਨੇ ਕਿਸਾਨਾਂ ਦਾ ਲਹੂ ਪੀ ਲਿਆ

**ਗੱਜਣਵਾਲਾ ਸੁਖਮਿੰਦਰ**

ਮੰਡੀ ਵਿਚ ਜਦ ਝੋਨਾ ਸੁੱਟਿਆ ਜਾਂਦਾ ਹੈ ਤਾਂ ਵੱਡੇ ਫੁੱਫੜ ਦੀ ਢੇਰੀ ਕੋਲ ਬੈਠਣ ਦੀ ਜ਼ਿੰਮੇਵਾਰੀ ਲੱਗ ਜਾਂਦੀ ਹੈ। ਬਰਨਾਲੇ ਵੱਲ ਉਸਦੇ ਪਿੰਡ ਕੋਲ ਇਕ ਛੋਟੇ ਜੇਹੇ ਕਸਬੇ ਵਿਚ ਇਕ ਅਨਾਜ ਮੰਡੀ ਹੈ ਜਿਥੇ ਆਲੇ ਦੁਆਲੇ ਦੇ ਕਈ ਪਿੰਡ ਫਸਲ ਵੇਚਦੇ ਹਨ। ਪਿਛਲੇ ਦਿਨੀਂ ਫੁੱਫੜ ਵੱਲ ਗਿਆ ਤਾਂ ਪਤਾ ਲੱਗਿਆ ਉਹ ਤਾਂ ਕਈ ਦਿਨਾਂ ਦਾ ਮੰਡੀ ਵਿਚ ਝੋਨੇ ਦੀ ਰਾਖੀ ਬਿਠਾਇਆ ਹੋਇਆ ਹੈ। ਮੈਂ ਰੋਟੀ ਫੜਾਉਣ ਮੰਡੀ ਚਲਿਆ ਗਿਆ। ਜਦ ਸ਼ਾਮ ਜੇਹੀ ਹੋ ਗਈ, ਸੂਰਜ ਡੁਬਦਾ ਜੇਹਾ ਲੱਗਿਆ ਤਾਂ ਝੋਨਾ ਵੇਚਣ ਆਏ ਕਿਸਾਨਾਂ ਨੇ ਢੇਰੀਆਂ ਤੇ ਮੰਜੇ ਡਾਹ ਲਏ ਤੇ ਫਿਰ ਦੁੱਖ-ਸੁੱਖ ਕਰਨ ਲਈ ਇਕੋ ਢੇਰੀ 'ਤੇ ਇਕੱਠੇ ਹੋਣ ਲੱਗ ਪਏ।

ਫੁੱਫੜ ਹੁਰਾਂ ਨੇ ਵੀ ਮੰਜੀਆਂ ਨੇੜੇ ਕਰਕੇ ਠੇਕੇ ਦੀ ਮੰਗਵਾ ਲਈ। ਫੁੱਫੜ ਨੂੰ ਪੁੱਛਿਆ-ਫੁੱਫੜ ਜੀ ਖੇਤੀਬਾੜੀ ਦਾ ਦੱਸੋ ਝਾੜ ਠੀਕ ਨਿਕਲ ਰਿਹਾ। ਬੱਸ ਪੁੱਛਣ ਦੀ ਦੇਰ ਸੀ, ਫੁੱਫੜ ਗਹਿਰਾ ਜੇਹਾ ਹੋ ਕੇ ਜਾਣੋਂ ਵੱਡੇ ਐਲ ਪੀ ਰਕਾਟ ਤੇ ਸੂਈ ਰੱਖ ਲਈ ਹੋਵੇ, ਦਿਲ ਦੀ ਭੜਾਸ ਹੀ ਕੱਢਣ ਲੱਗ ਪਿਆ। ਜੀਹਨੂੰ ਮਰਜ਼ੀ ਵੋਟਾਂ ਪਾ ਲੋ ਜੱਟ ਦਾ ਕੋਈ ਸੱਕਾ ਨਹੀਂ। ਏਹਦੇ ਕਰਮਾਂ 'ਚ ਧੂੜ ਫੱਕਣੀ ਹੀ ਲਿਖੀ ਹੈ। ਝਾੜ ਕਾਹਦਾ ਨਿਕਲਣਾ ਮੱਛੀ ਮੋਟਰਾਂ ਨੇ ਲਹੂ ਪੀ ਲਿਆ। ਸਾਲ ਬਾਅਦ ਧੂਰਲੀ ਜੇਹੀ ਮਾਰਨ ਲੱਗ ਪੈਂਦੀ ਆ। ਹਰ ਵਰ੍ਹੇ ਹੋਰ ਪਾਈਪ ਪਾਉਣਾ ਪੈ ਜਾਂਦਾ। ਭਾਅ ਅੱਜ ਲੱਗ ਜੂ ਕੱਲ੍ਹ ਨੂੰ ਲੱਗ ਜੂ ਸੁੱਕਣੇ ਪਾਏ ਪਏ ਹਾਂ।'

ਪਹਿਲਾਂ ਸ਼ੈਲਰਾਂ ਵਾਲਿਆਂ ਨੇ ਏਕਾ ਜੇਹਾ ਕਰਕੇ ਹੜਤਾਲ ਕਰੀ ਰੱਖੀ। ਧਾਨ ਕੇ ਆਉਂਦੇ ਕੜਛ ਜੇਹਾ ਮਾਰ ਕੇ ਉਡਾ ਜਾਂਦੇ। ਸਿੱਲ੍ਹ ਜਿਆਦਾ ਹੈ ਨਮੀ ਬਾਹਲੀ ਹੈ, ਝੋਨਾ ਰੁਲੀ ਜਾਂਦਾ। ਹੁਣ ਲਾਲਾ ਕਹੀ ਜਾਂਦਾ ਬਾਰਦਾਨਾ ਹੈ ਨੀ। ਮਾੜਾ ਜੇਹਾ ਪਿਸ਼ਾਬ ਕਰਨ ਜਾਈਦਾ ਗਊ ਮਾਤਾਵਾਂ ਬੁਰਕ ਮਾਰ ਜਾਂਦੀਆਂ। ਉਨ੍ਹਾਂ ਨੂੰ ਭਜਾਈ ਦਾ ਤਾਂ ਛੱਜ ਘਾੜੇ ਪਤਾ ਹੀ ਨਹੀਂ ਲੱਗਣ ਦਿੰਦੇ, ਪੋਟਲੀ ਜੇਹੀ 'ਚ ਦੋਨਾਂ ਹੱਥਾਂ ਨਾਲ ਪਾ ਕੇ ਉਡ ਜਾਂਦੇ। ਤੀਹ ਹਜ਼ਾਰ ਦੇ ਹਿਸਾਬ ਨਾਲ ਮਾਮਲੇ ਤੇ ਦਸ ਕਿੱਲੇ ਲਏ ਸੀ। ਉਧਰ ਮੀਂਹ ਵਾਲੇ ਨੇ ਬਦਲੇ ਲੈ ਲਏ, ਉਤੋਂ ਪਿਆ ਨਹੀਂ ਹੇਠਾਂ ਪਾਣੀ ਹੈ ਨਹੀਂ। ਬਿਜਲੀ ਨੇ ਅਲਹਿਦਾ ਤੌਬਾ ਕਰਵਾਤੀ। ਚਾਰ ਘੰਟੇ ਆਉਂਦੀ ਸੀ ਇਕ ਵਾਹਣ ਨਹੀਂ ਸੀ ਭਰਦੀ। ਬਈ ਸੱਚ ਜਾਣ ਗਲ ਪਿਆ ਢੋਲ ਵਜਾਉਣਾ ਪੈ ਰਿਹਾ। ਬਚਣਾ ਬਚਾਉਣਾ ਦੂਰ ਦੀ ਗੱਲ ਮਾਮਲੇ ਵਾਲੇ ਪੂਰੇ ਨਹੀਂ ਹੁੰਦੇ ਦਿਸਦੇ।

ਜੱਟ ਤਾਂ ਚੌਹਾਂ ਪਾਸਿਆਂ ਤੋਂ ਚੂੰਡਿਆਂ ਜਾ ਰਿਹਾ। ਛੱਜ ਘਾੜਨਾਂ ਜੇਹੀਆਂ ਦੋ ਵੇਲੇ ਝੋਨਾ ਚੋਰੀ ਕਰਨ ਆਉਂਦੀਆਂ, ਇਕ ਜਦ ਤਿੱਖੜ ਦਿਨ ਹੁੰਦਾ ਤੇ ਦੂਜਾ ਸਵੇਰ ਪੰਜ ਵਜੇ। ਤੇ ਜਿਹੜਾ ਔਹ ਤੰਬੂ ਵਿਚ ਚਾਹ ਬਣਾਉਂਦਾ ਉਦੋਂ ਹੀ ਉਸ ਨੂੰ ਵੇਚ ਦਿੰਦੀਆਂ। ਉਹ ਚਾਹ ਵਾਲਾ ਚੋਰੀ ਦੇ ਮਾਲ ਨੂੰ ਛੇ ਰੁਪਏ ਕਿਲੋ ਲਈ ਜਾਂਦਾ ਤੇ ਸਾਡੇ ਝੋਨੇ ਦੀਆਂ ਬੋਰੀਆਂ ਭਰ ਕੇ ਪੂਰੇ ਰੇਟ ਤੇ ਐਸੇ ਮੰਡੀ 'ਚ ਹੀ ਵੇਚੀ ਜਾਂਦਾ।

ਫੁੱਫੜ ਦਾ ਸੰਘਰਸ਼ ਭਰਿਆ ਰੋਣਾ ਅਜੇ ਵਿਚੇ ਹੀ ਸੀ ਕਿ ਉਸ ਦਾ ਵੱਡਾ ਮੁੰਡਾ ਗੋਰਾ ਸਾਡੇ ਵੱਲ ਭੱਜਿਆ ਆਇਆ ਤੇ ਸਾਹ ਚੜ੍ਹਿਆ ਹੋਇਆ, ਸਕੂਟਰ ਉਸ ਨੇ ਪਰਾਂ ਹੀ ਢੇਰੀ ਤੇ ਲਿਟਾ ਦਿੱਤਾ। ਆ ਕੇ ਕਹਿਣ ਲੱਗਿਆ, ''ਬਾਪੂ ਛੇਤੀ ਘਰੇ ਪਹੁੰਚ ਜਾ, ਬਿਜਲੀ ਵਾਲਿਆਂ ਨੇ ਕੁੰਡੀ ਲੱਗੀ ਫੜ ਲਈ ਹੈ। ਜੇ.ਈ. ਪੈਂਤੀ ਹਜ਼ਾਰ ਮੰਗੀ ਜਾਂਦਾ ਬੱਸ ਛੇਤੀ ਪਹੁੰਚ ਜਾਹ, ਬਾਹਲਾ ਵੈੜਾ। ਸਾਡੀ ਤਾਂ ਉਹ ਗੱਲ ਸੁਣਨ ਨੂੰ ਤਿਆਰ ਨਹੀਂ, ਤੂੰ ਛੇਤੀ ਚਲਿਆ ਜਾਹ।'' ਸਾਰਿਆਂ ਨੇ ਕਿਹਾ-ਗੁਰਮੁਖ ਸਿੰਹਾ ਮੁੰਡੇ ਨਾਲ ਬਹਿ ਜਾ ਸਕੂਟਰ 'ਤੇ, ਮਿੰਨਤ ਤਰਲਾ ਕਰਕੇ ਵੇਖ ਲੈ ਸ਼ਾਇਦ ਉਹਦਾ ਮਨ ਢੈਅਲਾ ਹੋ ਜੇ। ਤਾਂ ਫੁੱਫੜ ਗੁਰਮੁਖ ਸਿਹੁੰ ਜੁੱਤੀ 'ਚੋਂ ਝੋਨੇ ਦੇ ਦਾਣੇ ਝਾੜਦਾ ਹੋਇਆ ਬੋਲਿਆ-ਜਦ ਪੈਂਦੀ ਆ...ਚਾਰੇ ਪਾਸਿਉਂ ਈ ਆ ਪੈਂਦੀ ਆ। ਮੇਰੇ ਆਖੇ ਕਿਹੜਾ ਮਾਫ ਕਰਦੂ, ਜੱਟ ਨੂੰ ਤਾਂ ਇਹ ਮੁਲਾਜ਼ਮ ਤਬਕਾ ਸਾਬਤੇ ਨੂੰ ਹੀ ਲੰਘਾਉਣ ਨੂੰ ਫਿਰਦਾ। ਵੱਧ ਤੋਂ ਵੱਧ ਪੈਂਤੀ ਤੋਂ ਪੱਚੀ ਕਰਦੂ। ਬਥੇਰਾ ਐਹਨਾ ਜੁਆਕਾਂ ਨੂੰ ਕਹੀ ਦਾ ਉਏ ਐਲਟ-ਉਲਟ (ਆਈਲਟਸ) ਜੇਹੀ ਕਰਕੇ ਤੁਸੀਂ ਵੀ ਆਸਟਰੇਲੀਆ ਸਟੂਰਲੀਆ ਜਾ ਵੜੋ। ਹੋਟਲਾਂ ਹਾਟਲਾਂ 'ਚ ਭਾਂਡੇ ਮਾਂਝੀ ਜਾਇਓ। ਸੰਤਰੇ ਮਾਲਟੇ ਤੋੜੀ ਜਾਇਓ, ਐਥੇ ਨਾਲੋਂ ਤਾਂ ਕਈ ਗੁਣਾ ਚੰਗੇ ਰਹੋਂਗੇ।



ਐਥੇ ਤਾਂ ਤਸੀਲਾਂ ਕਚਹਿਰੀਆਂ ਵਾਲੇ ਥੋਨੂੰ ਖਾ ਜਾਣਗੇ। ਸਰਕਾਰੇ ਦਰਬਾਰੇ ਹਰੇਕ ਹੀ ਲੀੜੇ ਲਾਹੁਣ ਤਾਂਈ ਆਉਂਦਾ। ਉਏ ਨਾ ਥੋਨੂੰ ਏਥੇ ਕੋਈ ਨੌਕਰੀ ਮਿਲਣੀ ਤੇ ਨਾ ਹੀ ਥੋਡੇ ਕੋਲੋਂ ਕੋਈ ਕੰਮ ਹੋਣਾ। ਉਥੇ ਦੇ ਗੋਰਿਆਂ ਦੀਆਂ ਚਾਰ ਠੁੱਕੀਆਂ ਫੇਰ ਵੀ ਚੰਗੀਆਂ, ਕੁਝ ਨਹੀਂ ਥੋਨੂੰ ਹੋਣ ਲੱਗਿਆ, ਕਿਸੇ ਤਣ ਪੱਤਣ ਤਾਂ ਲੱਗ ਜੋਂ ਗੇ, ਰੋਟੀ ਦੇ ਸਿਰੇ ਤਾਂ ਹੋ ਜੋਂਗੇ। ਨਿਕਲ ਜੋ ਜੇ ਏਥੋਂ ਨਿਕਲੀ ਦਾ, ਵਾਹੀਆ ਖੇਤੀਆਂ 'ਚ ਥੋਡੇ ਪੱਲੇ ਕੁਝ ਨਹੀਂ ਪੈਣਾ ਤੰਗੀਆਂ ਤੁਰਸ਼ੀਆਂ ਹੀ ਮਿਲਣਗੀਆਂ।

## ਕਹਾਣੀ

# ਈਸ਼ਵਰ ਦਾ ਜਨਮ



–ਜਤਿੰਦਰ ਹਾਂਸ

ਅਮਨ ਜਦੋਂ ਦਾ 'ਸੈਮੀਨਾਰ' ਲਗਾ ਕੇ ਆਇਆ ਸੀ ਬਦਲਿਆ-ਬਦਲਿਆ ਲਗ ਰਿਹਾ ਸੀ।

ਸਵੇਰੇ ਜਦੋਂ ਬਾਪੂ ਗੜਵੀ ਵਿਚੋਂ ਵਡੇ ਕੱਪ ਵਿਚ ਚਾਹ-ਪਾ ਕੇ ਪੀ ਰਿਹਾ ਸੀ, ਉਹਦੇ ਪੈਰੀਂ ਹੱਥ ਲਾ ਕੇ ਅਮਨ ਨੇ ਕਿਹਾ, ''ਹੇ ਈਸ਼ਵਰ! ਈਸ਼ਵਰ ਤੇਰਾ ਧੰਨਵਾਦ ਕਰਨਾ ਚਾਹੁੰਦਾ ਹੈ।'' ਹੈਰਾਨੀ ਨਾਲ ਫੌਜੀ ਦੇ ਹੱਥੋਂ ਚਾਹ ਵਾਲਾ ਕੱਪ ਛੁੱਟਦਾ-ਛੁੱਟਦਾ ਬਚਿਆ। ਉਹਦੇ ਪੁੱਤ ਨੇ ਪਹਿਲੀ ਵਾਰ ਉਹਦੇ ਪੈਰੀਂ ਹੱਥ ਲਾਏ ਸੀ। 'ਈਸ਼ਵਰ' ਵਾਲੀ ਗਲ ਉਹਦੇ ਪੱਲੇ ਨਾ ਪਈ। ਈਸ਼ਵਰ ਸਿੰਘ ਤਾਂ ਉਹਦੇ ਬਾਪ ਦਾ ਨਾਂ ਸੀ। ਉਹ ਤਾਂ ਫੌਜੀ ਜੰਗ ਸਿੰਘ ਸੀ। ਗੱਲ-ਗੱਲ 'ਤੇ 'ਕਲਯੁਗ ਐ ਮਦਰ ਚੋ।' ਕਹਿਣ ਵਾਲੇ ਫੌਜੀ ਨੂੰ ਪਤਾ ਨਾ ਲਗੇ, ਇਹ ਸਤਯੁਗ ਕਿਧਰੋਂ ਸ਼ੁਰੂ ਹੋ ਗਿਆ ਤੇ ਪੈਰੀਂ ਹੱਥ ਲਾਉਣ 'ਤੇ ਕਿਹੜੀਆਂ ਅਸੀਸਾਂ ਦੇਈਦੀਆਂ ਨੇ।

ਫੌਜੀ ਦੇ ਪੈਰੀਂ ਹਥ ਲਾ ਕੇ ਅਮਨ ਰਸੋਈ 'ਚ ਜਾ ਵੜਿਆ। ਆਪਣੀ ਪਤਨੀ ਰਾਜੀ ਦੇ ਪੈਰਾਂ 'ਤੇ ਝੁਕਿਆ। ਉਹ ਡਰ ਕੇ ਪਿਛਾਂਹ ਨੂੰ ਡਿੱਗਣ ਲੱਗੀ ਸੀ ਪਰ ਪਿਛੇ ਕੰਧ ਸੀ ਤੇ ਦੂਜੇ ਪਾਸੇ ਫਰਿਜ ਪਈ ਸੀ ਨਹੀਂ ਤਾਂ ਉਹ ਛਾਲ ਮਾਰ ਕੇ ਇਕ ਪਾਸੇ ਨਿਕਲ ਜਾਂਦੀ ਆਖਦੀ, ''ਸ਼ਰਮ ਤਾਂ ਨੀਂ ਆਉਂਦੀ, ਬਾਪੂ ਜੀ ਵਿਹੜੇ 'ਚ ਬੈਠੇ ਨੇ।'' ਅਮਨ ਰਾਜੀ ਦੇ ਪੈਰਾਂ ਵਲ ਹੱਥ ਉਦੋਂ ਹੀ ਵਧਾਉਂਦਾ ਜਦੋਂ ਉਹਦੇ ਦਿਮਾਗ ਨੂੰ ਕੁਝ ਚੜ੍ਹਿਆ ਹੋਵੇ। ਰਾਜੀ ਦੇ ਦਿਮਾਗ 'ਚ ਆਈ...ਰਾਤ ਤਾਂ ਚੰਗਾ ਭਲਾ ਸੀ...ਹੁਣ ਇਹਦੇ ਦਿਮਾਗ ਨੂੰ ਕੀ ਚੜ੍ਹ ਗਿਆ।...ਕੀ ਕਰਾਂ, ਕੀ ਨਾ ਕਰਾਂ?'' ਉਹਨੇ ਵਾਪਰਨ ਵਾਲੇ 'ਭਾਣੇ' ਤੋਂ ਡਰਦੀ ਨੇ ਅੱਖਾਂ ਮੀਚ ਲਈਆਂ। ਉਹਦਾ ਦਿਲ ਤੇਜ਼-ਤੇਜ਼ ਧੜਕਣ ਲਗਿਆ। ਜਦੋਂ ਕੁਝ ਨਾ ਵਾਪਰਿਆ ਤੇ ਉਹਨੇ ਅੱਖਾਂ ਖੋਹਲ ਲਈਆਂ। ਅਮਨ ਉਹਦੇ ਪੈਰਾਂ 'ਚ ਸਿਰ ਰੱਖ ਕੇ ਬੋਲੀ ਜਾ ਰਿਹਾ ਸੀ, ''ਹੇ ਈਸ਼ਵਰ! ਇਹ ਈਸ਼ਵਰ ਤੇਰਾ ਧੰਨਵਾਦ ਕਰਨਾ ਚਾਹੁੰਦਾ ਹੈ।''

ਰਾਜੀ ਉਸ ਵਾਪਰਨ ਵਾਲੇ 'ਭਾਣੇ', ਜਿਸ ਦੀ ਉਹ ਆਦੀ ਸੀ ਨਾਲੋਂ ਇਸ ਵਾਪਰੇ 'ਭਾਣੇ' ਕਰਕੇ ਹੋਰ ਵੀ ਡਰ ਗਈ। ਉਹ ਬੁੜਬੁੜਾਈ, ''...ਈਸ਼ਵਰ?...ਧੰਨਵਾਦ?'' ਉਹ ਬਾਹੋਂ ਫੜ ਕੇ ਖੜਾ ਕਰਦੀ ਬੋਲੀ, ''ਕੀ ਹੋ ਗਿਆ ਤੁਹਾਨੂੰ...?'' ਅਮਨ ਨੇ ਸੱਜਾ ਹੱਥ ਖੱਬੀ ਛਾਤੀ 'ਤੇ ਰਖ ਕੇ ਸਿਰ ਝੁਕਾਇਆ।

ਫੌਜੀ ਜਿਹੜਾ ਪੈਰੀਂ ਹਥ ਲੱਗਣ ਦੀ ਖੁਸ਼ੀ 'ਚ ਖੀਵਾ ਹੋਇਆ ਬੈਠਾ ਸੀ, ਜਿਸ ਨੂੰ ਹੁਣੇ ਸਤਯੁਗ ਆਉਣ ਦਾ ਅਹਿਸਾਸ ਜਿਹਾ ਹੋਇਆ ਸੀ, ਪੁੱਤ ਨੂੰ ਨੂੰਹ ਦੇ ਪੈਰੀਂ ਡਿਗੇ ਦੇਖਦਿਆਂ ਉਹਦੀ ਸਾਰੀ ਖੁਸ਼ੀ ਜਾਂਦੀ ਰਹੀ। ''ਕਲਯੁਗ ਆ ਮਦਰ 'ਚੋ...ਆਪਣੀ ਹੀ ਤੀਵੀਂ ਦੇ ਪੈਰਾਂ 'ਚ ...ਕਿਤੇ ਇਹ ਹਿੱਲ ਤਾਂ ਨ੍ਹੀਂ ਗਿਆ..।'' ਬੁੜਬੁੜਾਉਂਦਾ ਉਹ ਚਾਹ ਉਥੇ ਹੀ ਛਡ ਕੇ ਬਾਹਰ ਨੂੰ ਨਿਕਲ ਗਿਆ।

ਫੌਜੀ ਨੂੰ 'ਰਣਤੱਤੇ' 'ਚ ਪਿੱਠ ਦਿਖਾਉਣ ਦੀ ਆਦਤ ਸੀ। ਉਹ ਤਾਂ ਉਸ ਸਮੇਂ ਵੀ, 'ਕਲਯੁਗ ਐ ਮਦਰ 'ਚੋ' ਕਹਿ ਕੇ ਬਾਹਰ ਨੂੰ ਤੁਰ ਜਾਂਦਾ ਜਦੋਂ ਘਰ 'ਮੈਦਾਨ ਏ ਜੰਗ' ਬਣਿਆ ਹੁੰਦਾ। ਫੌਜੀ ਉਸ ਲੜਾਈ ਨੂੰ 'ਤਮਾਸ਼ਾ' ਆਖਦਾ। ਉਹ ਬੁੜਬੁੜਾਉਂਦਾ ਹਮੇਸ਼ਾ ਬਹੂ ਨੂੰ ਹੀ ਮਾੜੀ ਆਖਦਾ। ਕਹਿੰਦਾ, ''ਮਦਰ 'ਚੋ ਨਿੱਤ ਦਾ ਤਮਾਸ਼ਾ...ਗਿਠ ਦੀ ਜ਼ੁਬਾਨ ਆ ਬਹੂ ਦੀ...ਗਿਚੀ ਪਿਛੇ ਮਤ ਹੁੰਦੀ ਆ ਤੀਵੀਆਂ ਦੀ।''

ਉਹ 'ਤਮਾਸ਼ਾ' ਲਗਭਗ ਹਰ ਰੋਜ਼ ਹੀ ਹੁੰਦਾ। ਅਮਨ ਰਾਜੀ ਨੂੰ ਕੁਟਦਾ ਉਹ ਕੁਟ ਖਾਂਦੀ ਰੋਂਦੀ, ਚੀਕਦੀ ਤੇ ਅਗੋਂ ਕਹਿੰਦੀ, ''ਹੁਣ ਮਾਰ ਕੇ ਦਿਖਾ ਕੰਜਰਾ, ਜੇ ਪਿਉ ਦਾ ਪੁਤ ਏਂ।''

ਅਮਨ ਕੁਟਣੋਂ ਨਾ ਹਟਦਾ ਤੇ ਰਾਜੀ, 'ਹੁਣ ਮਾਰ ਕੇ ਦਿਖਾ ਜੇ ਪਿਉ ਦਾ ਪੁਤ ਏਂ।' ਕਹਿਣੋ ਨਾ ਹਟਦੀ। ਨਿਤ ਦਾ 'ਤਮਾਸ਼ਾ' ਹੋਣ ਕਰਕੇ ਹੁਣ ਤਾਂ ਉਨ੍ਹਾਂ ਨੂੰ ਕੋਈ ਛੁਡਾਉਣ ਵੀ ਨਾ ਆਉਂਦਾ ਨਾ ਹੀ ਝੀਥਾਂ ਵਿਚੀਂ ਕੋਈ ਦੇਖਦਾ। ਕਿਸੇ ਨੂੰ ਪਤਾ ਨਹੀਂ ਸੀ ਇਹ ਨਿਤ ਦਾ 'ਤਮਾਸ਼ਾ' ਕਿਉਂ ਹੁੰਦਾ ਹੈ। ਸਾਰੇ ਆਪੋ ਆਪਣੇ ਕਿਆਸੇ ਲਾਉਂਦੇ।

ਕੋਈ ਕਹਿੰਦਾ, ''ਮਾਸਟਰ ਦਾ ਵਿਚਾਰ ਆ, ਔਰਤ ਤੇ ਖੁਰਪਾ ਜਿੰਨਾ ਚੰਡੋ ਓਨਾ ਠੀਕ ਰਹਿੰਦੇ ਨੇ।''

ਕੋਈ ਕਹਿੰਦਾ, ''ਮਾਸਟਰ ਦੀ ਤੀਵੀਂ ਠੰਢੀ ਆ। ਜਦੋਂ ਮਾਸਟਰ ਦੇ ਦਿਮਾਗ ਨੂੰ ਕੁਝ ਚੜ੍ਹਿਆ ਹੁੰਦਾ ਉਹ ਖੂੰਖਾਰ ਬਣ ਜਾਂਦਾ,''

ਜਿੰਨੇ ਮੂੰਹ ਉਨੀਆਂ ਹੀ ਗੱਲਾਂ।

ਰਬ ਜਾਣੇ ਇਹ ਲੜਾਈ ਕਿਹੜੇ ਸਮਝੌਤੇ ਨਾਲ ਖਤਮ ਹੁੰਦੀ। ਸਵੇਰੇ ਦੋਵੇਂ ਪਤੀ-ਪਤਨੀ ਆਮ ਵਾਂਗ ਵਿਚਰਨ ਲਗਦੇ।

ਅਮਨ ਜਦੋਂ ਦਾ ਸੈਮੀਨਾਰ ਲਗਾ ਕੇ ਆਇਆ ਸੀ। ਉਹ ਅਜੀਬ ਕਿਸਮ ਦੀਆਂ ਗੱਲਾਂ ਤੇ ਹਰਕਤਾਂ ਕਰਨ ਲੱਗਿਆ। ਘੰਟੇ ਕੁ ਬਾਅਦ ਅੱਖਾਂ ਬੰਦ ਕਰਕੇ ਸਮਾਧੀ ਜਿਹੀ ਲਗਾ ਕੇ ਬੈਠ ਜਾਂਦਾ। ਕਦੀ ਆਖਦਾ, ''ਮੈਂ ਅਜੇ ਵੀ ਸ਼ਿਵਰ 'ਚ ਹਾਂ...ਜੋ ਹੋਵੇਗਾ ਦੇਖਿਆ ਜਾਵੇਗਾ...ਜੋ ਵਾਪਰ ਰਿਹਾ ਹੈ ਸਭ ਸਵੀਕਾਰ ਹੈ...।''

ਰਾਜੀ ਨੂੰ ਸਭ ਤੋਂ ਅਜੀਬ ਗੱਲ ਉਦੋਂ ਲਗਦੀ ਜਦੋਂ ਉਹ ਕਹਿੰਦਾ, ''ਮੈਂ ਈਸ਼ਵਰ ਹਾਂ।''

ਉਹ ਬੋਲਦੀ, ''ਤੁਸੀਂ ਈਸ਼ਵਰ ਨਹੀਂ ਜਨਾਬ ਈਸ਼ਵਰ ਸਿੰਘ ਦੇ ਪੋਤੇ ਹੋ।''

ਕਦੀ ਬਿੰਦੀ ਦੀ ਘਰਵਾਲੀ ਬਾਰੇ ਸੋਚਦੀ, ''ਕੰਜਰੀ ਤੀਵੀਂ ਪਿਛੇ ਮੜ੍ਹੀਆਂ-ਮਸਾਣਾਂ 'ਚ ਘੁੰਮਦਾ ਫਿਰਦਾ ਹੁੰਦਾ ਸੀ। ਹੋ ਸਕਦਾ ਉਥੋਂ ਇਲ ਬਲਾ ਚਿੰਬੜ ਗਈ ਹੋਵੇ। ਸ਼ਾਇਦ ਇਹਦਾ ਦਾਦਾ ਚਿੰਬੜ ਗਿਆ ਹੋਵੇ ਤਾਹੀਓਂ ਆਪਣੇ ਆਪ ਨੂੰ ਈਸ਼ਵਰ ਕਹਿੰਦਾ...ਸ਼ਾਇਦ...।''

ਅਮਨ ਜਦੋਂ ਬਾਥਰੂਮ ਜਾਂਦਾ ਤਾਂ ਆਖਦਾ, ''ਈਸ਼ਵਰ ਹੁਣ ਨਹਾਉਣ ਜਾਵੇਗਾ।'' ਤਿਆਰ ਹੋ ਕੇ ਸਕੂਲ ਜਾਣ ਲਗਿਆ ਕਹਿਣ ਲੱਗਾ, ''ਈਸ਼ਵਰ ਹੁਣ ਸਕੂਲ ਜਾਵੇਗਾ।'' ਉਹਨੇ ਹੀਰੋ ਹੌਂਡਾ ਨੂੰ ਕਿੱਕ ਮਾਰੀ ਤੇ ਸਕੂਲ ਚਲਿਆ ਗਿਆ।

''ਦਿੱਲੀ ਤਾਂ ਸੌ ਵਾਰ ਲੁਟੀ ਗਈ ਆ, ਜਿਹਦੇ ਕਰਕੇ ਸੋਨੇ ਦੀ ਚਿੜੀ ਭਾਰਤ ਦਾ ਇਹ ਹਾਲ ਆ। ਵਿਚਾਰੇ ਅਮਨ ਦਾ ਕੀ ਹਾਲ ਹੋਣਾ ਜਿਹੜਾ ਹਰ ਰੋਜ਼ ਹਜ਼ਾਰ ਵਾਰ ਲੁੱਟ ਹੁੰਦਾ।'' ਅਮਨ ਦਾ ਸਾਥੀ ਮਾਸਟਰ ਜਸਵੀਰ ਇਹ ਅਕਸਰ ਆਖਦਾ। ਤੇ ਇਹ ਗੱਲ ਅਮਨ 'ਤੇ ਪੂਰੀ ਢੁਕਦੀ ਸੀ। ਹਰ ਲੰਡੀ-ਮੀਣੀ ਔਰਤ ਉਹਦਾ ਦਿਲ ਲੁੱਟ ਲਿਜਾਂਦੀ। ਸਭ ਤੋਂ ਜ਼ਿਆਦਾ ਡਾਕੇ ਮੈਡਮ ਮੋਨਿਕਾ ਮਾਰਦੀ। ਉਹ ਹਮੇਸ਼ਾ ਚਾਹੁੰਦਾ ਜਦੋਂ ਉਹ ਸਕੂਲ ਵੜੇ ਉਹਦੇ ਮੱਥੇ ਮੈਡਮ ਮੋਨਿਕਾ ਲੱਗੇ, ਦਿਨ ਚੰਗਾ ਲੰਘਦੈ। ਜਸਵੀਰ ਵਰਗਾ ਲੱਗੇ ਤਾਂ ਐਵੇਂ ਬੱਚੇ ਕੁੱਟਣ ਤੇ ਹਰ ਇਕ ਨਾਲ ਲੜਨ ਨੂੰ ਦਿਲ ਕਰਦਾ ਰਹਿੰਦਾ। ਉਹ ਜਦੋਂ ਮੋਨਿਕਾ ਨੂੰ 'ਗੁਡ ਮਾਰਨਿੰਗ' ਆਖਦਾ ਉਹ ਅੱਗੋਂ 'ਵੈਰੀ ਗੁਡ ਮਾਰਨਿੰਗ ਸਰ' ਕਹਿ ਕੇ ਲੁੱਟ ਪੁੱਟ ਲਿਜਾਂਦੀ। ਅਮਨ ਦਾ ਦਿਲ ਕਰਦਾ ਉਹ ਮੋਨਿਕਾ ਨੂੰ ਮਿੰਟ ਮਿੰਟ ਬਾਅਦ ਗੁਡ ਮਾਰਨਿੰਗ ਆਖਦਾ ਰਹੇ।

ਮੋਨਿਕਾ ਬਹੁਤ ਸੁਲਝੀ ਹੋਈ ਔਰਤ ਸੀ। ਉਸ ਕੋਲ ਕੋਈ ਅਜਿਹੀ ਚੀਜ਼ ਸੀ ਜਿਸ ਨਾਲ ਔਰਤਾਂ ਮਰਦ ਨੂੰ ਖੜ੍ਹੇ ਨੂੰ ਹੀ ਖਰੀਦ ਵੇਚ ਲੈਂਦੀਆਂ ਨੇ। ਉਹ ਇਹ ਜਾਣਦੀ ਸੀ ਕਿ ਕਿਸ ਤੋਂ ਕਿੰਨੀ ਕੁ ਦੂਰੀ ਬਣਾ ਕੇ ਰੱਖਣੀ ਹੈ। ਉਹਦਾ ਪੜ੍ਹਾਉਣ ਦਾ ਢੰਗ ਵੀ ਅਜਿਹਾ ਸੀ ਕਿ ਬੱਚੇ ਉਹਦੇ ਹੀ ਗੁਣ ਗਾਇਨ ਕਰਦੇ ਰਹਿੰਦੇ।

ਅੱਜ 'ਗੁਡ ਮਾਰਨਿੰਗ' ਕਹਿਣ ਦੀ ਥਾਂ ਕੁਰਸੀ 'ਤੇ ਬੈਠੀ ਮੋਨਿਕਾ ਦੇ ਪੈਰਾਂ 'ਚ ਇਸ ਤਰ੍ਹਾਂ ਡਿਗ ਪਿਆ, ਜਿਵੇਂ ਕਿਸੇ 'ਤੇ ਅਚਾਨਕ ਹਮਲਾ ਕਰੀਦਾ, ''ਈਸ਼ਵਰ, ਈਸ਼ਵਰ ਦਾ ਧੰਨਵਾਦ ਕਰਦਾ ਹੈ।''

ਮੋਨਿਕਾ ਨੂੰ ਕੁਰਸੀ ਤੋਂ ਉਠਣਾ ਔਖਾ ਹੋ ਗਿਆ। ਉਹਨੇ ਔਖੀ ਹੁੰਦੀ ਨੇ ਕੁਰਸੀ ਪਿਛਾਂਹ ਖਿਚ ਕੇ ਕਿਹਾ, ''ਸਰ ਜੀ, ਕਿਉ ਮੇਰੇ 'ਤੇ ਪਾਪ ਚੜ੍ਹਾਉਣ ਲਗੇ ਓ, ਪੈਰੀਂ ਹੱਥ ਤਾਂ ਬਜ਼ੁਰਗਾਂ ਦੇ ਲਾਈਦੇ ਨੇ...ਮੈਂ ਤਾਂ ਤੁਹਾਥੋਂ ਬਹੁਤ ਛੋਟੀ ਆਂ...।'' ਉਹ ਥੋੜਾ ਡਰ ਵੀ ਗਈ ਸੀ। ਕਿਸੇ ਹੋਰ ਅਧਿਆਪਕ ਨੇ ਇਹ ਸੀਨ ਦੇਖ ਲਿਆ ਤਾਂ ਹੁਣੇ ਖੰਭਾਂ ਦੀਆਂ ਡਾਰਾਂ ਬਣਨਗੀਆਂ। ਉਹਨੇ ਆਪਣੇ ਆਪ 'ਤੇ ਕਾਬੂ ਰੱਖਿਆ ਅਮਨ ਨੂੰ ਕੁਝ ਬੋਲਣਾ ਉਹਨੂੰ ਆਪਣੀ ਇਜ਼ਤ ਆਪ ਖ਼ਰਾਬ ਕਰਨ ਵਾਲੀ ਗੱਲ ਲੱਗੀ।

ਮੋਨਿਕਾ ਦੇ ਮੱਥੇ ਦੀ ਤਿਊੜੀ ਦੇਖ ਅਮਨ ਕਹਿਣ ਲੱਗਾ, ''ਮੈਂ ਤਾਂ ਤੁਹਾਡਾ ਧੰਨਵਾਦ ਕਰਨਾ ਚਾਹੁੰਨਾ।''

ਮੋਨਿਕਾ ਹੁਣ ਸੰਭਲ ਗਈ ਸੀ। ਉਹਨੇ ਵਿਅੰਗਮਈ ਮੁਸਕਰਾਹਟ ਬਖੇਰੀ। ਆਪਣੇ ਵਾਹੇ ਸੰਵਾਰੇ ਵਾਲਾਂ ਉਤੇ ਹੱਥ ਫੇਰ ਕੇ ਸੁਆਰਦੀ ਬੋਲੀ, ''ਧੰਨਵਾਦ ਲਈ ਧੰਨਵਾਦ ਸਰ ਜੀ, ਮੈਂ ਤਾਂ ਡਰ ਹੀ ਗਈ ਸਾਂ। ਗੁਡ ਮਾਰਨਿੰਗ ਕਹਿਣ ਵਾਲੇ ਸਰ ਇਕਦਮ ਪੈਰਾਂ 'ਚ...ਪਰ ਧੰਨਵਾਦ ਕਰ ਕਿਉਂ ਰਹੇ ਓ।''

''ਸਭ ਈਸ਼ਵਰ ਕਰ ਰਿਹਾ ਹੈ।'' ਉਹਨੇ ਖੱਬੀ ਛਾਤੀ ਜਿੱਥੇ ਦਿਲ ਹੁੰਦਾ ਹੈ, 'ਤੇ ਹੱਥ ਰੱਖ ਕੇ ਸਿਰ ਝੁਕਾਂਦਿਆਂ ਕਿਹਾ।

ਮੋਨਿਕਾ ਨੂੰ ਲੱਗਿਆ ਅਮਨ ਬੁਰੀ ਤਰ੍ਹਾਂ ਹਿੱਲ ਗਿਆ ਹੈ। ਉਹ ਸੋਚਣ ਲੱਗੀ, ਜਸਵੀਰ ਸਰ ਇਹਨੂੰ 'ਕਰੈਕ' ਕਹਿੰਦੇ ਹੁੰਦੇ ਸੀ ਪਰ ਇਹ ਤਾਂ ਪੂਰੀ ਤਰ੍ਹਾਂ 'ਤਿੜਕ' ਗਿਆ ਹੈ। ਛੇਤੀ ਹੀ ਕਿਸੇ ਪਾਗਲਖਾਨੇ...।''

''ਸਰ, ਤੁਸੀਂ ਪੂਨੇ ਗਏ ਸੀ ਕਿਸੇ ਸੈਮੀਨਾਰ 'ਚ। ਉਥੇ ਦੀ ਕੋਈ ਗੱਲ ਸੁਣਾਓ।'' ਮੋਨਿਕਾ ਨੇ ਛੇੜਿਆ।

ਅਮਨ ਚਾਹੁੰਦਾ ਹੁੰਦਾ ਸੀ ਕਿ ਮੋਨਿਕਾ ਨਾਲ ਗੱਲਾਂ ਕਰਦਾ ਰਹੇ, ਕਰਦਾ ਰਹੇ, ਉਹ ਗੱਲਾਂ ਕਦੀ ਨਾ ਮੁੱਕਣ। ਹਾਜ਼ਰੀ ਰਜਿਸਟਰ 'ਤੇ ਹਾਜ਼ਰੀ ਲਗਾਉਂਦਾ ਕਹਿਣ ਲਗਾ, ''ਨਹੀਂ ਮੋਨਿਕਾ ਜੀ, ਉਹ ਗੱਲਾਂ ਨਹੀਂ ਦਸ ਸਕਦਾ।'' ਉਹਨੇ ਆਪਣਾ ਸੱਜਾ ਹੱਥ ਖੱਬੀ ਛਾਤੀ 'ਤੇ ਰਖ ਕੇ ਅੱਖਾਂ ਮੀਚ ਕੇ ਕਿਹਾ, ''ਮੈਂ ਅਜੇ ਵੀ ਸ਼ਿਵਰ 'ਚ ਹਾਂ।''

ਮੋਨਿਕਾ ਸੋਚਣ ਲਗੀ, ''ਸੈਮੀਨਾਰ 'ਚ ਅਜਿਹਾ ਕੀ ਵਾਪਰਿਆ ਜਿਸ ਨੇ ਇਸ ਕਰੈਕ ਬੰਦੇ ਨੂੰ ਅਜਿਹਾ ਬਣਾ ਦਿਤਾ। ਇਹ ਤਾਂ ਘਰ ਦੀਆਂ ਸਾਰੀਆਂ ਉਸ ਅਗੇ ਦਸ ਦਿਆ ਕਰਦਾ ਸੀ। ਸੈਮੀਨਾਰ 'ਚ ਅਜਿਹਾ ਕੀ ਵਾਪਰਿਆ ਜਿਹੜਾ ਅਗੇ ਨਹੀਂ ਦਸਿਆ ਜਾ ਸਕਦਾ?''

***

ਸਿਖਿਆ ਮਹਿਕਮਾ ਪੰਜਾਬ 'ਚ ਸਿੱਖਿਆ ਦੇ ਪੱਧਰ ਤੋਂ ਚਿੰਤਤ ਸੀ। ਅਧਿਆਪਕਾਂ ਨੂੰ ਨਵੇਂ-ਨਵੇਂ ਪ੍ਰੋਗਰਾਮਾਂ ਅਧੀਨ ਟਰੇਂਡ ਕੀਤਾ ਜਾਂਦਾ। 'ਦਫਤਰ' ਵਲੋਂ ਮਹਿਕਮੇ ਨੂੰ ਚਿੱਠੀ ਆਈ ਸੀ, ਜਿਸ ਅਧੀਨ ਵੱਖ-ਵੱਖ ਜ਼ਿਲ੍ਹਿਆਂ ਵਿਚੋਂ ਇਕ-ਇਕ ਅਧਿਆਪਕ ਟ੍ਰੇਨਿੰਗ ਲਈ ਪੂਨੇ ਭੇਜਣਾ ਸੀ। ਲੁਧਿਆਣੇ ਜ਼ਿਲ੍ਹੇ ਵਿਚੋਂ ਰਾਕੇਸ਼ ਸ਼ਰਮਾ ਦੀ ਡਿਊਟੀ ਲੱਗੀ। ਉਹਨੂੰ ਅਚਾਨਕ ਕੋਈ ਅਜਿਹਾ ਕੰਮ ਆ ਪਿਆ ਇਸ ਲਈ ਉਹਨੇ ਅਮਨ ਦੀ ਡਿਊਟੀ ਲਗਾ ਦਿਤੀ, ''ਜਾ ਆ ਯਾਰ, ਸਕੂਲ ਦੇ ਗਧੀ ਗੇੜੇ ਕਢਦਿਆਂ ਹੀ ਮਰ ਜਾਣਾ...ਨਾਲੇ ਪੂਨੇ ਘੁੰਮ ਫਿਰ ਆਈਂ, ਅਜਿਹੇ ਮੌਕੇ ਵਾਰ ਵਾਰ ਥੋੜੇ ਮਿਲਦੇ ਨੇ। ਇਕ ਤੇਰੇ ਕੰਮ ਦੀ ਗਲ ਦਸਾਂ ਉਥੇ ਕੋਠੇ ਵਾਲੀਆਂ ਦਾ 'ਬੁੱਧਵਾਰ ਪੇਠ' ਬਾਜ਼ਾਰ ਆ। ਹਫਤਾ ਮੌਜਾਂ ਲੁਟੀਂ। ਦਿਨੇ ਸੈਮੀਨਾਰ ਲਗਾਇਆ ਰਾਤੀਂ ਬੁੱਧਵਾਰ ਪੇਠ 'ਚ ਸੈਮੀਨਾਰ ਲਾ ਲਿਆ...।'' ਉਹਨੇ ਸਬਜ਼ਬਾਗ ਦਿਖਾਏ। ਨਾਲ 'ਦਫਤਰ' ਦਾ ਡਰਾਵਾ ਵੀ ਦੇ ਦਿੱਤਾ ਅਖੇ, ''ਅਫ਼ਸਰ ਬੜੇ ਸਖਤ ਨੇ।''

ਵੱਖ-ਵੱਖ ਜ਼ਿਲ੍ਹਿਆਂ ਵਿਚੋਂ ਅੱਠ ਅਧਿਆਪਕ ਜਾ ਰਹੇ ਸਨ। ਸਾਰੇ ਅਧਿਆਪਕ ਫਿਰੋਜ਼ਪੁਰ ਇਕੱਠੇ ਹੋ ਗਏ ਉਥੋਂ ਪੂਨੇ ਨੂੰ ਰੇਲ ਗੱਡੀ ਚੜ੍ਹਨਾ ਸੀ। ਅੱਠ ਅਧਿਆਪਕਾਂ ਵਿਚੋਂ ਸਤਪਾਲ, ਤਰਸੇਮ, ਜਗਤਾਰ, ਜਸਵੀਰ ਸ਼ਾਇਰ ਸਨ। ਉਨ੍ਹਾਂ ਦੀਆਂ ਕਿਤਾਬਾਂ ਛਪੀਆਂ ਸਨ। ਉਹ ਆਪਸ ਵਿਚ ਇਕ ਦੂਸਰੇ ਨੂੰ ਪਹਿਲਾਂ ਹੀ ਜਾਣਦੇ ਸਨ। ਸਤਪਾਲ ਗਰੁੱਪ ਦਾ ਲੀਡਰ ਸੀ।

ਅਮਨ ਰੇਲ ਗੱਡੀ ਵਿਚ ਬੈਠ ਕੇ ਵੀ ਦੋਚਿਤੀ ਵਿਚ ਸੀ 'ਜਾਵੇ ਜਾਂ ਨਾ ਜਾਵੇ' ਪਰ ਉਹਨੂੰ 'ਬੁਧਵਾਰ ਪੇਠ' ਬੁਲਾ ਰਿਹਾ ਸੀ। ਰੇਲ ਗੱਡੀ ਦੇ ਡਬੇ 'ਚ ਬੈਠਿਆਂ ਸਾਰੇ ਰਾਹ ਸ਼ਾਇਰਾਂ ਦੀ ਸ਼ਾਇਰੀ, ਚੁਟਕਲੇ ਤੇ ਸਾਹਿਤਕ ਚੁਗਲੀਆਂ ਚਲਦੀਆਂ ਹਨ।

ਗੱਡੀ ਵਿਚੋਂ ਉਤਰ ਕੇ ''ਸਵੈ ਸੰਵਾਦ'' ਪ੍ਰੋਗਰਾਮ ਵਾਲਿਆਂ ਦੀ ਜੀਪ ਵਿਚ ਚੜ੍ਹ ਗਏ। ਜਿਹੜੀ ਉਨ੍ਹਾਂ ਨੂੰ ਲੈਣ ਆਈ ਹੋਈ ਸੀ। ਉਹ ਜੀਪ ਉਨ੍ਹਾਂ ਨੂੰ 'ਆਸ਼ਰਮ' ਲੈ ਗਈ। ਆਸ਼ਰਮ ਸ਼ਹਿਰ ਤੋਂ ਕਾਫੀ ਦੂਰ ਤਿੰਨ ਪਾਸਿਆਂ ਤੋਂ ਪਹਾੜਾਂ ਨਾਲ ਘਿਰਿਆ ਬਹੁਤ ਹੀ ਮਨਮੋਹਕ ਥਾਂ ਸੀ। ਉਹ ਅਜੇ ਆਬਾਦ ਹੋ ਰਿਹਾ ਸੀ।

ਉਥੇ ਰਹਿਣ ਲਈ ਦੋ ਵੱਡੇ ਹਾਲ ਬਣੇ ਹੋਏ ਸਨ। ਜਿਨ੍ਹਾਂ ਵਿਚ 500 ਦੇ ਕਰੀਬ ਬੰਦੇ ਬੈਠ ਸਕਦੇ ਸੀ। ਇਕ ਵੱਡਾ ਰਸੋਈ ਘਰ ਸੀ ਤੇ ਪੰਜਾਹ ਕੁ ਬੰਦਿਆਂ ਦੇ ਨਹਾਉਣ ਆਦਿ ਦਾ ਪ੍ਰਬੰਧ ਵੀ ਸੀ। ਕਿਉਂਕਿ ਉਹ ਇਕ ਰਾਤ ਪਹਿਲਾਂ ਪਹੁੰਚ ਗਏ ਸਨ, ਕੁਝ ਕੁ ਪ੍ਰਬੰਧਕਾਂ ਤੋਂ ਬਿਨਾ ਉਥੇ ਕੋਈ ਨਹੀਂ ਸੀ।

ਅਧਿਆਪਕ ਹੋਰ ਕਿਸਮ ਦੇ ਸੈਮੀਨਾਰ ਲਗਾਉਣ ਗਿਝੇ ਹੋਏ ਸਨ। ਉਨ੍ਹਾਂ ਘੁਸਰ-ਮੁਸਰ ਕੀਤੀ, ''ਯਾਰ ਇਹ ਤਾਂ ਕਿਸੇ ਸਾਧ ਦੇ ਡੇਰੇ ਵਰਗਾ ਲਗਦਾ, 'ਨਾਂ ਹੀ ਆਸ਼ਰਮ ਰਖਿਆ।''

ਅਮਨ ਸੋਚ ਰਿਹਾ ਸੀ, ''ਕਿਥੇ ਰੋਹੀ ਬੀਆਬਾਨ 'ਚ ਲਿਆ ਮਾਰਿਆ। ਏਥੋਂ ਤਾਂ ਬਹਾਨਾ ਬਣਾ ਕੇ 'ਬੁੱਧਵਾਰ ਪੇਠ' ਵੀ ਨਹੀਂ ਜਾ ਸਕਦੇ। ਕੋਈ ਹੀਲਾ ਤਾਂ ਕਰਨਾ ਹੀ ਪੈਣਾ...।''

***

### *ਪਹਿਲਾ ਦਿਨ*

ਅਧਿਆਪਕਾਂ ਦਾ ਸ਼ੱਕ ਸਹੀ ਨਿਕਲਿਆ। ਇਹ ਵੱਖਰੀ ਕਿਸਮ ਦਾ ਸੈਮੀਨਾਰ ਸੀ। ਵੱਖ-ਵੱਖ ਥਾਵਾਂ ਤੋਂ ਸ਼ਰਧਾਲੂ ਪਹੁੰਚਣੇ ਸ਼ੁਰੂ ਹੋ ਗਏ। ਬਹੁਤੇ ਅਨਪੜ੍ਹ-ਅੱਧਖੜ੍ਹ ਕਿਸਮ ਦੇ ਲੋਕ ਸਨ। ਸਭ ਤੋਂ ਪਹਿਲਾਂ ਰਜਿਸਟਰੇਸ਼ਨ ਹੋਈ। ਹਰ ਬੰਦੇ ਨੂੰ ਖੋਜੀ ਕਿਹਾ ਜਾਂਦਾ। ਉਹਨੂੰ ਉਹਦਾ ਖੋਜੀ ਨੰਬਰ ਮਿਲਿਆ ਜਿਹੜਾ ਉਨ੍ਹਾਂ ਛਾਤੀ 'ਤੇ ਲਗਾ ਕੇ ਰਖਣਾ ਸੀ। ਉਸ ਉਤੇ ਖੋਜੀ ਦਾ ਪੂਰਾ ਅਡਰੈਸ ਸੀ।

ਸਾਰੇ ਖੋਜੀ ਹਾਲ ਵਿਚ ਕੁਰਸੀਆਂ 'ਤੇ ਬੈਠ ਗਏ। ਖੱਬੇ ਪਾਸੇ ਬੀਬੀਆਂ ਤੇ ਸੱਜੇ ਪਾਸੇ ਆਦਮੀ ਬੈਠੇ ਸਨ। 'ਅਧਿਆਪਕ ਖੋਜੀ ਵੀ ਉਨ੍ਹਾਂ ਵਿਚ ਬੈਠ ਗਏ।'

ਅਚਾਰੀਆ ਸੀਤਾ ਜੀ ਨੇ ਮਾਇਕ 'ਤੇ ਆ ਕੇ ਕਿਹਾ, ''ਆਸ਼ਰਮ ਵਿਚ ਤੁਹਾਡਾ ਸੁਆਗਤ ਹੈ। ਤੁਸੀਂ ਵਡਭਾਗੇ ਹੋ ਤੁਹਾਨੂੰ ਉਹ ਕੁਝ ਮਿਲਣ ਵਾਲਾ ਹੈ ਜੋ ਬਹੁਤ ਤਪੱਸਿਆ ਤੋਂ ਬਾਅਦ ਮਿਲਦਾ ਹੈ। ਤੁਸੀਂ ਖੋਜੀ ਹੋ। ਖੋਜੀ ਉਹ ਹੁੰਦਾ ਹੈ ਜੋ ਸੱਚ ਦੀ ਖੋਜ ਕਰ ਰਿਹਾ ਹੈ। ਈਸ਼ਵਰ ਦੀ ਖੋਜ ਕਰ ਰਿਹਾ ਹੈ। ਤੁਸੀਂ ਏਥੋਂ ਬਹੁਤ ਕੁਝ ਪ੍ਰਾਪਤ ਕਰਕੇ ਜਾਵੋਗੇ।

ਕੁਝ ਨਿਯਮ ਹਨ ਜਿਨ੍ਹਾਂ ਦਾ ਤੁਸੀਂ ਪਾਲਣ ਕਰਨਾ ਹੈ। ਸਭ ਤੋਂ ਪਹਿਲੀ ਗੱਲ ਜੋ ਗਿਆਨ ਤੁਹਾਨੂੰ ਏਥੋਂ ਪ੍ਰਾਪਤ ਹੋਵੇਗਾ। ਉਹ ਬਾਹਰ ਜਾ ਕੇ ਕਿਸੇ ਨੂੰ ਦੱਸਣਾ ਨਹੀਂ। ਦੂਜੀ ਗੱਲ ਮੋਬਾਇਲ ਫੋਨ ਬੰਦ ਕਰ ਦੇਵੋ। ਪੰਜ ਦਿਨ ਤੁਸੀਂ ਬਾਹਰਲੀ ਦੁਨੀਆਂ ਨਾਲ ਕੋਈ ਸੰਬੰਧ ਨਹੀਂ ਰਖੋਗੇ, ਤੀਜੀ ਤੇ ਸਭ ਤੋਂ ਮਹਤਵਪੂਰਨ ਗੱਲ ਤੁਸੀਂ ਪੂਰੀ ਤਰ੍ਹਾਂ ਮੋਨ ਦਾ ਪਾਲਣ ਕਰੋਗੇ।

ਅਚਾਰੀਆ ਸੀਤਾ ਜੀ ਦੇ ਪ੍ਰਵਚਨਾਂ ਤੋਂ ਬਾਅਦ ਸੀ.ਡੀ. ਚਲਾ ਦਿਤੀ ਗਈ। ਪ੍ਰੋਜੈਕਟਰ ਦੀ ਸਹਾਇਤਾ ਨਾਲ ਪਰਦੇ 'ਤੇ ਪਿਤਾ ਸ਼੍ਰੀ ਦੀ ਤਸਵੀਰ ਮੁਸਕਰਾਉਂਦੀ ਹੋਈ ਨਜ਼ਰ ਆਈ। ਜਦੋਂ ਪਿਤਾ ਸ਼੍ਰੀ ਪਰਦੇ ਉਤੇ ਆਉਂਦੇ ਪੰਡਾਲ ਵਿਚ ਬੈਠੇ 'ਖੋਜੀ' ਖੜ੍ਹੇ ਹੋ ਜਾਂਦੇ। ਪਿਤਾ ਸ਼੍ਰੀ ਬਹੁਤ ਵਧੀਆ ਕੁਰਸੀ 'ਤੇ ਬੈਠ ਕੇ ਪ੍ਰਵਚਨ ਕਰਨ ਲਗੇ।

ਉਨ੍ਹਾਂ ਦੇ ਪ੍ਰਵਚਨਾਂ ਦੇ ਮੁੱਖ ਵਿਚਾਰ ਸਨ, ''ਆਉ ਦੇਖੀਏ ਕੀ ਹੁੰਦਾ ਹੈ। ਸਾਨੂੰ ਕੁਝ ਕਰਨ ਦੀ ਲੋੜ ਨਹੀਂ ਸਭ ਕੁਝ ਆਪਣੇ ਆਪ ਵਾਪਰਦਾ ਹੈ। ਜੋ ਹੋ ਰਿਹਾ, ਉਹ ਚੰਗਾ ਹੋ ਰਿਹਾ। ਉਹਨੂੰ ਸਵੀਕਾਰ ਕਰੋ। ਮਨ ਦੀਆਂ ਸੱਤ ਟੰਗਾਂ ਨੇ ਉਹ ਅਸੀਂ ਤੋੜਨੀਆਂ ਨੇ। ਸਭ ਤੋਂ ਪਹਿਲਾਂ ਮੈਂ ਨੂੰ ਮਾਰੋ। ਮਨ ਦੀਆਂ ਕਲਾਬਾਜ਼ੀਆਂ ਰੋਕੋ। ਛਲ-ਕਪਟ ਨਹੀਂ ਕਰਨਾ...।''

ਘੰਟੇ ਕੁ ਲੰਮੇ ਪ੍ਰਵਚਨ ਬਾਅਦ ਅਚਾਰੀਆ ਸੀਤਾ ਜੀ ਪੰਜ ਸੱਤ ਮਿਟਾਂ ਦੀ ਪਾਣੀ ਪੀਣ, ਚਾਹ ਪੀਣ, ਖਾਣਾ ਖਾਣ ਦੀ ਬਰੇਕ ਦਾ ਐਲਾਨ ਕਰਦੀ। ਪੰਜ ਸੌ ਦੇ ਕਰੀਬ 'ਖੋਜੀ' ਚੁਪ ਚਾਪ ਲਾਸ਼ਾਂ ਵਾਂਗ ਫਿਰਦੇ। ਉਨ੍ਹਾਂ ਦੇ ਹੁਕਮਾਂ ਦਾ ਪਾਲਣਾ ਕਰਦੇ। ਜੇ ਕਿਸੇ ਦਾ ਮੂੰਹ ਹਿੱਲਦਾ ਦਿਸਦਾ ਤਾਂ ਚੱਪੇ ਚੱਪੇ 'ਤੇ ਖੜ੍ਹੇ 'ਸੇਵਕ' ਮੁਸਕਰਾਹਟਾਂ ਬਖੇਰਦੇ। 'ਕਿਰਪਾ ਮੌਨ ਰਹੀਏ' ਕਹਿ ਕੇ ਚੁਪ ਕਰਾ ਦਿੰਦੇ। ਜਦੋਂ ਹਾਲ ਵਿਚ ਭਜਨ ਦੀ ਕੈਸਿਟ ਵੱਜਦੀ ਖੋਜੀ ਝੱਟ ਕੁਰਸੀਆਂ 'ਤੇ ਆ ਕੇ ਬੈਠ ਜਾਂਦੇ। ਉਹ ਜਿਵੇਂ ਕਠਪੁਤਲੀਆਂ ਹੋਣ। ਉਨ੍ਹਾਂ ਉਤੇ ਕੋਈ ਜਾਦੂ ਹੋ ਗਿਆ ਹੋਵੇ। ਅਮਨ ਨੂੰ ਫੌਜੀ ਲਾਈਲਗ ਆਖਦਾ ਹੁੰਦਾ ਪਰ ਅਜੇ ਉਸ ਤੇ ਪ੍ਰਵਚਨਾਂ ਦਾ ਬਹੁਤਾ ਅਸਰ ਨਹੀਂ ਸੀ ਹੋਇਆ। ਉਹਦਾ ਬਹੁਤ ਧਿਆਨ ਖੱਬੇ ਪਾਸੇ ਬੈਠੀਆਂ 'ਖੋਜਣਾਂ' ਵਲ ਸੀ। ਉਹਨੇ ਪੰਜਾਬ ਵਿਚ ਇਕ 'ਡੇਰੇ' ਬਾਰੇ ਸੁਣ ਰਖਿਆ ਸੀ ਜਿਥੇ ਪ੍ਰਵਚਨਾਂ ਤੋਂ ਬਾਅਦ ਲਾਈਟ ਬੰਦ ਕਰਕੇ ਖੁੱਲ੍ਹ ਦਿਤੀ ਜਾਂਦੀ ਹੈ। ਅਮਨ ਨੂੰ ਸਾਹਮਣੇ ਬੈਠੀ ਤਿਖੇ ਨੈਣ ਨਕਸ਼ਾਂ ਵਾਲੀ ਕੁੜੀ ਚੰਗੀ ਲਗ ਰਹੀ ਸੀ। ਉਹਦੀ ਛਾਤੀ 'ਤੇ 'ਖੋਜੀ ਨੰਬਰ 307' ਲਿਖਿਆ ਹੋਇਆ ਸੀ। 307 ਦਾ ਮਤਲਬ ਇਰਾਦਾ ਕਤਲ। ਉਹ ਅਮਨ ਨੂੰ ਵਾਰ ਵਾਰ ਕਤਲ ਕਰ ਰਹੀ ਸੀ। ਉਹ ਇਸ ਸਭ ਕਾਸੇ ਤੋਂ ਬੇਖਬਰ ਸੀ। ਉਹਦਾ ਧਿਆਨ ਤਾਂ ਪਿਤਾ ਸ਼੍ਰੀ ਦੇ ਪ੍ਰਵਚਨਾਂ ਵਲ ਸੀ। ਅਮਨ ਸੋਚਦਾ ਜਦੋਂ ਲਾਈਟ ਬੰਦ ਕਰਕੇ ਖੁੱਲ੍ਹ ਮਿਲੀ ਤਾਂ ਇਹਦੇ ਨੇੜੇ ਹੀ ਬੈਠਾਂਗਾ।

ਪਿਤਾ ਸ਼੍ਰੀ ਦੱਸ ਰਹੇ ਸੀ, 'ਮਨ ਦੀਆਂ ਟੰਗਾਂ' ਜਿਹੜੀਆਂ ਸਾਡੇ ਜੀਵਨ 'ਚ ਜ਼ਹਿਰ ਘੋਲ ਰਹੀਆਂ ਨੇ ਉਹ ਕਿਵੇਂ ਤੋੜਨੀਆਂ ਨੇ। ਉਹ ਨਿੱਕੀਆਂ-ਨਿੱਕੀਆਂ ਕਹਾਣੀਆਂ ਸੁਣਾ ਕੇ ਰੰਗ ਬੰਨ੍ਹ ਰਹੇ ਸਨ। ਉਨ੍ਹਾਂ ਸਾਰੇ ਖੋਜੀਆਂ ਨੂੰ ਕਿਹਾ ਜੋ ਅੱਜ ਤੱਕ 'ਛਲ-ਕਪਟ' ਕੀਤੇ ਨੇ ਉਹ ਯਾਦ ਕਰੋ।

ਅਮਨ ਛਲ-ਕਪਟ ਸੋਚਣ ਲਗਾ, ''ਪਾਪਾ ਨੂੰ ਫੌਜ ਵਿਚੋਂ ਪੈਨਸ਼ਨ ਲੈ ਕੇ ਆਏ ਨੂੰ ਕਈ ਸਾਲ ਹੋ ਗਏ ਸਨ। ਮੰਮੀ ਨੇ ਉਸੇ ਸਾਲ ਰਿਟਾਇਰ ਹੋ ਜਾਣਾ ਸੀ। ਮੰਮੀ ਨੂੰ ਉਹਦੇ ਬੀ.ਐਡ ਕਰਕੇ ਵਿਹਲੇ ਫਿਰਨ ਦਾ ਬਹੁਤ ਦੁੱਖ ਸੀ। ਹਰ ਰੋਜ਼ ਉਲਾਂਭਾ ਵੀ ਕੋਈ ਨਾ ਕੋਈ ਖੱਟ ਲਿਆਉਂਦਾ। ਇਕ ਦਿਨ ਦੁਖੀ ਮੰਮੀ ਕਿਸੇ ਸਹੇਲੀ ਕੋਲ ਰੋਣੇ ਰੋ ਰਹੀ ਸੀ, ''ਅਮਨ ਨੇ ਤਾਂ ਮੈਨੂੰ ਖਾ ਲਿਆ। ਅੰਗਰੇਜ਼ੀ ਸਕੂਲ 'ਚ ਪੜ੍ਹਾਇਆ? ਪੜ੍ਹੀ ਵੀ ਇਹਦੀ ਥਾਂ ਮੈਂ ਹੀ ਆਂ। ਹਰ ਸਾਲ ਫਰਮਾਇਸ਼ਾਂ ਪਵਾ-ਪਵਾ ਪਾਸ ਕਰਵਾਇਆ। ਹੁਣ ਇਹਨੂੰ ਨੌਕਰੀ 'ਤੇ ਲਗਵਾਉਣ ਲਈ ਵੀ ਮੈਨੂੰ ਮਰਨਾ ਪੈਣਾ ਖਬਰੈ ਤਰਸ ਦੇ ਆਧਾਰ 'ਤੇ ਨੌਕਰੀ ਮਿਲ ਜੇ...।''

ਮੰਮੀ ਦਾ ਹਾਸੇ ਮਜ਼ਾਕ 'ਚ 'ਮਰਨਾ ਪੈਣਾ' ਕਿਹਾ, ਅਮਨ ਦਿਲ 'ਤੇ ਲਾ ਬੈਠਾ। ਉਹ ਰਿਟਾਇਰਮੈਂਟ ਦੀਆਂ ਤਿਆਰੀਆਂ ਕਰ ਰਹੀ ਸੀ ਕਿ ਭਾਣਾ ਵਰਤ ਗਿਆ। ਵਿਚਾਰੀ ਮੰਜੇ 'ਤੇ ਪਈ ਹੀ ਰਹਿ ਗਈ। ਅਮਨ ਗੁਨਾਹ ਭਾਵ ਨਾਲ ਕੁਰਸੀ 'ਤੇ ਅੱਖਾਂ ਮੀਚੀ ਬੈਠਾ ਰਿਹਾ ਸੀ। ਸੇਵਕ ਨੇ ਉਹਦਾ ਮੋਢਾ ਹਲੂਣਿਆ। ਸੇਵਕ ਕਿਸੇ ਨੂੰ ਸੌਣ ਨਹੀਂ ਦਿੰਦੇ, ਕਿਤੇ ਪਿਤਾ ਸ਼੍ਰੀ ਦੇ ਕੀਮਤੀ ਪ੍ਰਵਚਨ ਸੁਣਨ ਤੋਂ ਰਹਿ ਨਾ ਜਾਣ।

ਪਿਤਾ ਸ਼੍ਰੀ ਦੇ ਪ੍ਰਵਚਨਾਂ ਦੀ ਸੀ.ਡੀ.ਚਲ ਰਹੀ ਸੀ, ''ਮੈਂ ਨਹੀਂ ਕਰਤਾ। ਭਾਵ ਮੈਂ ਕੁਝ ਨਹੀਂ ਕਰਦਾ। ਸਭ ਕੁਝ ਆਪਣੇ ਆਪ ਹੋ ਰਿਹਾ ਹੈ। ਕੋਈ ਸ਼ਕਤੀ ਕਰ ਰਹੀ ਹੈ...।''

ਪਿਤਾ ਸ਼੍ਰੀ ਦੇ ਪ੍ਰਵਚਨ ਸੁਣ ਕੇ ਅਮਨ ਜਿਵੇਂ ਗੁਨਾਹ ਭਾਵ ਤੋਂ ਮੁਕਤ ਹੋ ਗਿਆ ਹੋਵੇ। ਉਸ ਦਿਨ ਜੋ ਕੁਝ ਹੋਇਆ ਸੀ ਕਿਸੇ ਹੋਰ ਸ਼ਕਤੀ ਨੇ ਕੀਤਾ ਸੀ। ਹੁਣ ਉਹ ਪ੍ਰਵਚਨਾਂ ਵਲ ਵੱਧ ਧਿਆਨ ਦੇਣ ਲੱਗਿਆ।

***

ਸਵੇਰੇ ਅੱਠ ਵਜੇ ਤੋਂ ਸ਼ਾਮ ਦੇ 9 ਵਜੇ ਤੱਕ ਪਿਤਾ ਸ਼੍ਰੀ ਦੇ ਪ੍ਰਵਚਨਾਂ ਦੀਆਂ ਸੀਡੀਆਂ ਚੱਲਦੀਆਂ ਰਹੀਆਂ। ਸਭ ਨੇ ਰਾਤ ਦਾ ਖਾਣਾ ਖਾਧਾ। ਬਾਰਾਂ ਘੰਟਿਆਂ ਦੇ ਪ੍ਰਵਚਨ ਅਤੇ ਚੁੱਪ ਨੇ ਸਾਰਿਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਥਕਾ ਦਿੱਤਾ ਸੀ। ਖਾਣਾ ਖਾਂਦਿਆਂ ਅਧਿਆਪਕਾਂ ਨੂੰ ਸੰਗੀਤਾ ਸ਼ਰਮਾ ਮਿਲ ਗਈ। ਸੰਗੀਤਾ ਸ਼ਰਮਾ ਨੇ ਹੀ ਦਫ਼ਤਰ ਨਾਲ ਰਾਬਤਾ ਕਾਇਮ ਕਰਕੇ ਅਧਿਆਪਕਾ ਨੂੰ ਉਥੇ ਬੁਲਾਇਆ ਸੀ। ਸਤਪਾਲ ਉਹਦੇ ਗਲ ਪੈ ਗਿਆ ਕਹਿਣ ਲੱਗਾ, ''ਤੁਸੀਂ 'ਦਫਤਰ' ਨੂੰ ਝੂਠ ਬੋਲ ਕੇ ਸਾਨੂੰ ਏਥੇ ਬੁਲਾਇਆ।''

ਦਨੇਸ਼ ਸਿੰਘ ਕਹਿਣ ਲੱਗਾ, ''ਏਥੇ ਸਿੱਖਿਆ ਨਾਲ ਸੰਬੰਧਿਤ ਕੋਈ ਗੱਲ ਨਹੀਂ ਅਸੀਂ ਸਰਕਾਰੀ ਡਿਊਟੀ 'ਤੇ ਆਂ, ਇਹ ਧਾਰਮਿਕ ਪ੍ਰੋਗਰਾਮ ਆ।'' ਸੰਗੀਤਾ ਸ਼ਰਮਾ ਵਾਰ-ਵਾਰ ਕਹੀ ਜਾ ਰਹੀ ਸੀ, ''ਤੁਹਾਨੂੰ ਬਹੁਤ ਕੁਝ ਮਿਲਣ

ਵਾਲਾ ਹੈ। ਤੁਸੀਂ ਭਾਗਾਂ ਵਾਲੇ ਹੋ, ਤੁਹਾਨੂੰ ਮੌਕਾ ਮਿਲਿਆ ਹੈ। ਇਨ੍ਹਾਂ ਪੰਜ ਦਿਨਾਂ ਵਿਚ ਤੁਹਾਡੀ ਜ਼ਿੰਦਗੀ ਬਦਲ ਜਾਵੇਗੀ ਤੁਸੀਂ ਵਧੀਆ ਅਧਿਆਪਕ ਬਣੋਗੇ।''

ਅਮਨ ਤੋਂ ਬਿਨਾ ਬਾਕੀ ਦੇ ਅਧਿਆਪਕ ਜੇ 'ਦਫਤਰ' ਵਲੋਂ ਨਾ ਭੇਜੇ ਹੁੰਦੇ ਤਾਂ ਵਾਪਸ ਮੁੜ ਆਉਂਦੇ। ਖਾਣੇ ਤੋਂ ਬਾਅਦ ਜਿਹੜੇ ਹਾਲ ਵਿਚ ਕੁਰਸੀਆਂ 'ਤੇ ਬੈਠੇ ਪ੍ਰਵਚਨ ਸੁਣ ਰਹੇ ਸਨ ਉਥੇ ਦਰੀਆਂ ਵਿਛਾ ਦਿੱਤੀਆਂ, ਉਥੇ ਆਦਮੀਆਂ ਨੇ ਸੌਣਾ ਸੀ। ਔਰਤਾਂ ਨੇ ਨਾਲ ਲੱਗਦੇ ਹਾਲ ਵਿਚ ਸੌਣਾ ਸੀ। ਤਰਸੇਮ ਸ਼ਾਇਰ ਦੁਖੀ ਹੋਇਆ ਬੋਲਿਆ, ''ਯਾਰ ਇਹ ਪ੍ਰੋਗਰਾਮ ਆਪਣੇ ਕੰਮ ਦੀ ਚੀਜ਼ ਨੀ।''

ਸਤਪਾਲ ਉਹਤੋਂ ਵੀ ਵੱਧ ਦੁਖੀ ਸੀ। ਉਹਦੇ ਅੰਦਰਲਾ ਕਾਮਰੇਡ ਹੁਣੇ ਹੀ ਉਥੋਂ ਤੁਰ ਜਾਣ ਲਈ ਜ਼ੋਰ ਪਾਉਂਦਾ ਪਰ ਬਚਪਨ ਦੀ ਹੰਢਾਈ ਗਰੀਬੀ ਅਤੇ ਮਸੀਂ-ਮਸੀਂ ਮਿਲੀ ਨੌਕਰੀ ਉਹਨੂੰ ਸਖ਼ਤ ਕਦਮ ਚੁੱਕਣ ਤੋਂ ਰੋਕਦੀ। ਬੋਲਿਆ; ''ਮਰਦੀ ਨੂੰ ਅੱਕ ਚੱਬਣਾ ਪੈਣਾ।''

''ਮਨ ਜੀਤੇ ਜਗਿ ਜੀਤ'' ਤਾਂ ਬਾਬਾ ਨਾਨਕ ਕਈ ਸੌ ਸਾਲ ਪਹਿਲਾਂ ਦੱਸ ਗਿਆ ਇਹ ਹੋਰ ਡੇਰਿਆਂ ਵਾਲਿਆਂ ਵਾਂਗੂੰ ਬਾਬੇ ਦੀ ਬਾਣੀ ਚੋਰੀ ਕਰ ਕਰ ਦੁਕਾਨਾਂ ਚਲਾਉਂਦੇ ਨੇ।'' ਦਨੇਸ਼ ਸਿੰਘ ਦਾ ਸਿੱਖ ਮਨ ਤੜਫ ਰਿਹਾ ਸੀ।

''ਇਹ ਕਾਂ ਦੇ ਪਿੱਛੇ ਮੋਰ ਦਾ ਖੰਭ ਫਸਾ ਕੇ ਉਹਨੂੰ ਮੋਰ ਬਣਾਉਣ ਲੱਗੇ ਨੇ...।'' ਜਗਤਾਰ ਪਿਤਾ ਸ੍ਰੀ ਦੇ ਪ੍ਰਵਚਨਾਂ ਨੇ ਭੰਨਿਆ ਪਿਆ ਸੀ।

ਸੇਵਕ ਨੇ ਆ ਕੇ ਉਨ੍ਹਾਂ ਨੂੰ ਚੁੱਪ ਕਰਾਉਂਦਿਆਂ ਕਿਹਾ, ''ਕਿਰਪਾ ਮੌਨ ਰਹੀਏ।''

''ਹੁਣ ਤਾਂ ਬੋਲ ਲੈਣ ਦਿਓ ਯਾਰ।'' ਤਰਸੇਮ ਨੇ ਉਲਾਂਭੇ ਵਾਂਗ ਕਿਹਾ।

ਅਮਨ ਬਾਕੀ ਅਧਿਆਪਕਾਂ ਤੋਂ ਦੂਰ ਪਿਆ। ਆਪਣੇ ਛਲ ਕਪਟ ਯਾਦ ਕਰ ਰਿਹਾ ਸੀ।

''ਨੀਵੇਂ ਹੋ ਕੇ ਕੱਟ ਲਵੋ ਬਾਕੀ ਦੇ ਦਿਨ? ਇਹ ਲੋਕ ਬੜੇ ਜਨੂੰਨੀ ਹੁੰਦੇ ਨੇ।'' ਤਰਸੇਮ ਬੋਲਿਆ ਤੇ ਸਾਰੇ ਅੱਖਾਂ ਮੀਚ ਕੇ ਪੈ ਗਏ।

### ਦੂਜਾ ਦਿਨ

ਦੂਜੇ ਦਿਨ ਸਾਰੇ ਤਿੰਨ ਕੁ ਵਜੇ ਉਠਣੇ ਸ਼ੁਰੂ ਹੋ ਗਏ ਸਨ। ਦੇਰ ਨਾਲ ਉਠਣ ਵਾਲਾ ਨਹਾਣ ਧੋਣ ਤੋਂ ਰਹਿ ਸਕਦਾ ਸੀ। ਪਹਾੜੀ ਇਲਾਕਾ ਸੀ, ਪਾਣੀ ਦੇ ਟੈਂਕਰ ਸ਼ਹਿਰ ਤੋਂ ਆਉਂਦੇ ਸਨ। ਤਰਸੇਮ ਜਗਤਾਰ, ਦਨੇਸ਼ ਸਿੰਘ ਨਹਾ ਕੇ ਘੁੰਮਣ ਲੱਗੇ। ਖੋਜੀ ਕੁਝ ਕੁ ਮੀਟਰ ਦੇ ਦਾਇਰੇ ਵਿਚ ਹੀ ਘੁੰਮ ਸਕਦੇ ਸਨ। ਜੋ ਦਾਇਰੇ ਤੋਂ ਬਾਹਰ ਨਿਕਲਦਾ ਸਕਿਉਰਿਟੀ ਵਾਲਾ ਝੱਟ ਸੀਟੀ ਮਾਰ ਕੇ ਆਲੇ-ਦੁਆਲੇ ਜਾਣ ਤੋਂ ਰੋਕ ਦਿੰਦਾ।

ਸਵੇਰੇ-ਸਵੇਰੇ ਪਹਾੜੀਆਂ ਦਾ ਦ੍ਰਿਸ਼ ਬਹੁਤ ਮਨਮੋਹਕ ਸੀ। ਹਾਲ ਅੰਦਰ 7.45 'ਤੇ ਹੀ ਸ਼ਬਦਾਂ ਵਾਲੀ ਰੀਲ ਵੱਜਣ ਲੱਗੀ। ਜਿਸ ਦਾ ਮਤਲਬ ਸੀ ਸਾਰੇ ਖੋਜੀ ਹਾਲ 'ਚ ਪਿਤਾ ਸ੍ਰੀ ਦੇ ਪ੍ਰਵਚਨ ਸੁਣਨ ਆ ਜਾਣ। ਜੇ ਕਿਸੇ ਮੋਟੀ ਬੁੱਧੀ ਨੂੰ ਇਹ ਗੱਲ ਸਮਝ ਨਾ ਲੱਗਣੀ ਤਾਂ ਥਾਂ-ਥਾਂ ਖੜੇ ਸੇਵਕ 'ਨਿਮਰਤਾ ਸਹਿਤ' ਮੁਸਕਰਾਹਟਾਂ ਬਖੇਰਦੇ ਬਾਹਰ ਫਿਰ ਰਹੇ ਖੋਜੀਆਂ ਨੂੰ ਸ਼ਿਵਰ 'ਚ ਜਾਣ ਦੇ ਆਦੇਸ਼ ਦਿੰਦੇ ਸਨ।

ਖੋਜੀ ਦਾਜ ਕੁਰਸੀਆਂ 'ਤੇ ਆ ਬੈਠੇ। ਅਚਾਰੀਆਂ ਸੀਤਾ ਜੀ ਨੇ 'ਸ਼ੁਭ ਸਵੇਰ' ਕਿਹਾ ਕਿ ਸ਼ਿਵਰ ਦੀਆਂ ਗੱਲਾਂ ਬਾਹਰ ਨਹੀਂ ਦੱਸਣੀਆਂ 'ਮੌਨ' ਰਹਿਣਾ ਹੈ। ਤੁਹਾਨੂੰ ਸ਼ਿਵਰ 'ਚੋਂ ਸ਼ਕਤੀਆਂ ਮਿਲਣ ਵਾਲੀਆਂ ਨੇ ਜਿਹੜੀਆਂ ਤੁਹਾਡੀ ਜ਼ਿੰਦਗੀ ਬਦਲ ਦੇਣਗੀਆਂ ਆਦਿ ਸ਼ਬਦ ਦੁਹਰਾਏ।

ਪਿਤਾ ਸ੍ਰੀ ਦੇ ਪ੍ਰਵਚਨਾਂ ਦੀ ਸੀ.ਡੀ. ਚਲਾ ਦਿੱਤੀ। ਉਹ ਅੱਜ ਵੀ ਪ੍ਰਵਚਨ ਮਨ 'ਤੇ ਕਾਬੂ ਪਾਉਣ ਬਾਰੇ ਹੀ ਕਰ ਰਹੇ ਸੀ, ''...ਜਿਹੜਾ ਮਨ ਹੈ ਉਹ ਤੋਲੂ ਮਨ ਹੈ ਜੋ ਹਰ ਗੱਲ ਦੀ ਤੁਲਨਾ ਕਰਦਾ ਹੈ। 'ਉਹ ਤੋਂ ਬਚੋ' ਹਰ ਪਲ ਦਾ ਆਨੰਦ ਲਉ। ਅਸੀਂ ਕੁਝ ਨਹੀਂ ਕਰ ਰਹੇ। ਗਲਤ ਠੀਕ ਸਭ ਆਪੇ ਹੋ ਰਿਹਾ ਹੈ।'' ਜੋ ਤੁਹਾਡਾ ਸਹਿਜ ਮਨ ਹੈ ਉਹ ਤੁਹਾਡਾ ਅਸਲੀ ਸਾਥੀ ਹੈ। ਉਹਨੂੰ ਆਪਣੇ ਕੋਲ ਰੱਖੋ।''

ਸੇਵਕ ਨੇ ਸਾਰੇ ਖੋਜੀਆਂ ਨੂੰ ਕਾਗਜ਼ ਵੰਡ ਦਿੱਤੇ ਜਿਨ੍ਹਾਂ ਕੋਲ ਪੈਨ ਨਹੀਂ ਸਨ ਉਨ੍ਹਾਂ ਨੂੰ ਪੈਨ ਵੀ ਵੰਡ ਦਿੱਤੇ।

ਅਮਨ ਨੇ 'ਤੋਲੂ ਮਨ' ਦੀ ਪਾਨ ਦੇ ਪੱਤੇ ਵਰਗੀ ਤਸਵੀਰ ਬਣਾ ਕੇ ਉਸ ਵਿਚੀਂ ਤੀਰ ਕੱਢ ਕੇ ਦਿੱਤੀ। ਇਹੋ ਜਿਹੀ ਤਸਵੀਰ ਦਿਲ ਜਲੇ ਆਸ਼ਕ ਆਪਣੀ ਮਾਸੂਕਾ ਨੂੰ ਭੇਟ ਕਰਦੇ ਹਨ।

ਅਮਨ ਨੂੰ ਯਾਦ ਆਇਆ ਇਸੇ ਤਰ੍ਹਾਂ ਪਾਨ ਦੇ ਪੱਤੇ ਵਰਗਾ ਦਿਲ ਬਣਾ ਕੇ ਉਸ ਵਿਚੀਂ ਤੀਰ ਕੱਢ ਕੇ ਉਤੇ ਆਈ ਲਵ ਯੂ ਲਿਖ ਕੇ ਉਹਨੇ ਰਾਜੀ ਨੂੰ ਵੀ ਦਿੱਤਾ ਸੀ ਮਰ ਤਾਂ ਉਹ ਹਰ ਕੁੜੀ 'ਤੇ ਹੀ ਜਾਂਦਾ ਪਰ ਰਾਜੀ ਨੂੰ ਦੇਖ ਕੇ ਉਹਦੇ ਦਿਮਾਗ



ਨੂੰ ਕੁਝ ਚੜ੍ਹ ਜਾਂਦਾ। ਰਾਜੀ ਉਹਦੇ ਮਾਮੇ ਦੇ ਮੁੰਡੇ ਦੀ ਸਾਲੀ ਸੀ। ਜੋ ਆਪਣੀ ਭੈਣ ਦਾ ਸਿਲਾ ਕਟਵਾਉਣ ਆਈ ਹੋਈ ਸੀ। ਜਦੋਂ ਅਮਨ ਨੇ ਉਹ ਆਈ ਲਵ ਯੂ ਵਾਲਾ ਕਾਗਜ਼ ਰਾਜੀ ਨੂੰ ਫੜਾਇਆ ਤਾਂ ਉਹਨੇ ਦੇਖ ਕੇ ਉਹਦੇ ਟੁਕੜੇ ਕਰਕੇ ਚੁੱਲ੍ਹੇ ਵਿਚ ਸੁੱਟ ਦਿੱਤੇ। ਉਹਦੇ ਮਨ ਵਿਚ ਤਾਂ ਉਹਦੇ ਨਾਲ ਪੜ੍ਹਦਾ ਮੁੰਡਾ ਸੀ। ਉਹ ਇਸੇ ਲਈ ਭੈਣ ਦਾ ਜਣੇਪਾ ਕਟਵਾਉਣ ਆਈ ਸੀ ਤਾਂ ਜੋ ਉਸ ਬਾਰੇ ਉਸ ਨਾਲ ਗੱਲ ਕਰ ਸਕੇ। ਭੈਣ ਆਪੇ ਮੰਮੀ-ਡੈਡੀ ਨੂੰ ਮਨਾ ਲਵੇਗੀ। ਅਮਨ ਆਪਣਾ ਰੇੜਕਾ ਪਾ ਬੈਠਾ। ਰਾਜੀ ਮੰਨ ਨਹੀਂ ਸੀ ਰਹੀ। ਗੱਲ ਏਨੀ ਵਧ ਗਈ ਕਿ ਅਮਨ ਨੇ ਕੋਈ ਜ਼ਹਿਰੀਲੀ ਦਵਾਈ ਪੀ ਲਈ ਜਾਂ ਪੀਣ ਦਾ ਢੌਂਗ ਰਚ ਲਿਆ। ਭੈਣ-ਜੀਜਾ ਤੇ ਹੋਰ ਰਿਸ਼ਤੇਦਾਰਾਂ ਨੇ ਰਾਜੀ ਨੂੰ ਮਨਾ ਲਿਆ। ਵਿਆਹ ਤੋਂ ਬਾਅਦ ਵੀ ਨਿੱਤ ਹੀ ਕਲੇਸ਼ ਰਹਿੰਦਾ। ਰਾਜੀ ਨੂੰ ਦੇਖਦਿਆਂ ਹੀ ਅਮਨ ਦੇ ਸਿਰ ਨੂੰ ਕੁਝ ਚੜ੍ਹ ਜਾਂਦਾ।

ਸਾਰੇ ਖੋਜੀ ਕੁਰਸੀਆਂ 'ਤੇ ਨਿਢਾਲ ਹੋਏ ਬੈਠੇ ਸਨ। ਪਿਤਾ ਸ੍ਰੀ ਪ੍ਰਵਚਨ ਕਰੀ ਜਾ ਰਹੇ ਸੀ। ਸਾਰੇ ਚੁੱਪ ਚਾਪ ਸੁਣੀ ਜਾ ਰਹੇ ਸਨ। ਜੇ ਕਿਸੇ ਥੱਕੇ-ਟੁੱਟੇ ਦੀ ਅੱਖ ਲੱਗ ਜਾਂਦੀ ਤਾਂ ਸੇਵਕ ਉਹਨੂੰ ਝੱਟ ਜਗਾ ਦਿੰਦੇ।

ਬਾਰਾਂ ਘੰਟੇ ਪ੍ਰਵਚਨ ਸੁਣ ਕੇ ਸਾਰੇ ਅਧਿਆਪਕ ਸਰੀਰਕ ਅਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਗਏ ਸਨ। ਅਮਨ ਨੂੰ ਲੱਗਿਆ ਉਹ ਸਾਰੇ ਅੱਜ ਬਗਾਵਤ ਕਰ ਦੇਣਗੇ। ਪਰ ਉਹ ਉਨ੍ਹਾਂ ਨਾਲ ਨਹੀਂ ਰਲੇਗਾ ਪਿਤਾ ਸ੍ਰੀ ਦੇ ਦੱਸੇ ਰਾਹ 'ਤੇ ਚੱਲੇਗਾ ਜਿਹੜਾ ਈਸ਼ਵਰ ਤੱਕ ਜਾਂਦਾ ਹੈ ਇਨ੍ਹਾਂ ਅਧਿਆਪਕਾਂ ਦੀ ਚੇਤਨਾ ਦਾ ਸਤਰ ਨੀਵਾਂ ਹੈ।

***

ਜਿਸ ਦਾ ਅਮਨ ਨੂੰ ਡਰ ਸੀ ਉਹੀ ਹੋਇਆ। ਉਹ ਸੱਤੇ ਜਣੇ ਸੰਗੀਤਾ ਸ਼ਰਮਾ ਨੂੰ ਘੇਰੀਂ ਖੜ੍ਹੇ ਸਨ। ਅੱਜ ਸੰਗੀਤਾ ਨਾਲ ਇੱਕ ਹੋਰ ਕੁੜੀ ਸੀ ਜਿਹੜੀ ਇੰਜੀਨੀਅਰ ਸੀ, ਕਿਸੇ ਫੌਜੀ ਅਫ਼ਸਰ ਦੀ ਕੁੜੀ ਸੀ ਜੋ ਕਿਸੇ ਕੰਪਨੀ 'ਚ ਪੰਜਾਹ ਹਜ਼ਾਰ ਮਹੀਨਾ ਦੀ ਤਨਖਾਹ ਛੱਡ ਕੇ ਸਾਧਣੀ ਬਣ ਗਈ ਸੀ। ਆਸ਼ਰਮ ਵਿਚ ਹੋਰ ਵੀ ਸਾਧਣੀਆਂ ਸਨ। ਅੱਜ ਜਦੋਂ ਸਤਪਾਲ ਨੇ ਸੰਗੀਤਾ ਸ਼ਰਮਾ ਨੂੰ ਕਿਹਾ, ''ਤੁਸੀਂ ਦਫ਼ਤਰ ਨੂੰ ਗੁੰਮਰਾਹ ਕੀਤਾ ਹੈ।''

ਤਾਂ ਉਹ ਇੰਜੀਨੀਅਰ ਸਾਧਣੀ ਸਮਝਾਉਂਦੀ ''ਤੁਹਾਨੂੰ ਨਹੀਂ ਪਤਾ ਤੁਹਾਨੂੰ ਕੀ ਮਿਲਣ ਵਾਲਾ ਹੈ, ਇਕ ਵਾਰ ਇਹ ਸ਼ਿਵਰ ਪੂਰਾ ਕਰ ਲਵੋ।''

***

ਸਾਰੇ ਥੱਕੇ ਟੁੱਟੇ ਦਰੀਆਂ 'ਤੇ ਪਏ ਸਨ।

ਦਨੇਸ਼ ਸਿੰਘ ਕਹਿਣ ਲੱਗਾ, ''ਯਾਰ ਤਿੰਨ ਕੁ ਘੰਟੇ ਤਾਂ ਕੁਰਸੀਆਂ 'ਤੇ ਬੈਠੇ ਹੁੰਦੇ ਆਂ ਫਿਰ ਕੁਰਸੀਆਂ ਸਾਡੇ 'ਤੇ ਬੈਠ ਜਾਂਦੀਆਂ ਨੇ।

''ਇਹ ਇਲਾਹੀ ਸੱਤਾ ਦਾ ਪ੍ਰਵਚਨ ਤਿੰਨ ਦਿਨ ਹੋਰ ਸੁਣਨਾ ਪੈਣਾ।'' ਸੱਤਪਾਲ ਬੋਲਿਆ।

''ਉਹ ਇੰਜੀਨੀਅਰ ਕੁੜੀ ਜਿਹੜੀ ਸੰਗੀਤਾ ਸ਼ਰਮਾ ਨਾਲ ਫਿਰ ਰਹੀ ਸੀ ਮੈਨੂੰ ਬੜੀ ਪਿਆਰੀ ਲੱਗੀ। ਮੈਂ ਤਾਂ ਉਹਨੂੰ ਭੈਣ ਬਣਾ ਲਿਆ।'' ਤਰਸੇਮ ਬੋਲਿਆ।

''ਅਸੀਂ ਉਸ ਕੁੜੀ ਨੂੰ ਕਿਹਾ ਕੁੜੀਏ ਤੂੰ ਇੱਥੇ ਕਿਉਂ ਰੁਲਦੀ ਫਿਰਦੀ ਏਂ, ਵਿਆਹ ਕਰਵਾ ਲੈ।''

ਉਹ ਕਹਿੰਦੀ, ''ਮੇਰਾ ਵਿਆਹ ਤਾਂ ਪਿਤਾ ਸ੍ਰੀ ਨਾਲ ਹੋਇਆ। ਇਸ ਹਿਸਾਬ ਨਾਲ ਪਿਤਾ ਸ੍ਰੀ ਤਰਸੇਮ ਦਾ ਰਿਸ਼ਤੇਦਾਰ ਬਣ ਗਿਆ।'' ਜਗਤਾਰ ਹੱਸਣ ਲੱਗਾ ਤੇ ਤਰਸੇਮ ਗਾਲ੍ਹਾਂ ਕੱਢਣ ਲੱਗਾ।

''ਇਹ ਸਾਲਾ ਸਿਸਟਮ ਹੀ ਏਦਾਂ ਦਾ ਉਤੋਂ ਸਰਕਾਰੀ ਨੌਕਰੀ ਬੰਦੇ ਨੂੰ ਨਿਪੁੰਸ਼ਕ ਬਣਾ ਦਿੰਦੀ ਆ। ਅਸੀਂ ਕੁਝ ਬੋਲ ਵੀ ਨਹੀਂ ਸਕਦੇ।'' ਸਤਪਾਲ ਅੰਦਰਲਾ ਕਾਮਰੇਡ ਤੜਫਦਾ।

''ਕਿਰਪਾ ਮੌਨ ਦਾ ਪਾਲਣ ਕਰੋ।'' ਸੇਵਕ ਨੇ ਆ ਕੇ ਚੁੱਪ ਕਰਾਇਆ।

ਅਮਨ ਨੂੰ ਅਧਿਆਪਕਾਂ ਦੀਆਂ ਗੱਲਾਂ ਛੁਰੀਆਂ ਲੱਗ ਰਹੀਆਂ ਸਨ। ਉਹ ਉਠ ਕੇ ਉਨ੍ਹਾਂ ਤੋਂ ਦੂਰ ਦੂਜੇ ਖੋਜੀਆਂ ਵਿਚ ਪੈ ਗਿਆ।

### ਤੀਜਾ ਦਿਨ

ਅੱਜ ਫਿਰ ਖੋਜੀ ਤਿੰਨ ਕੁ ਵਜੇ ਹੀ ਉਠਣੇ ਸ਼ੁਰੂ ਹੋ ਗਏ ਤਾਂ ਜੋ ਪਾਣੀ ਮੁੱਕਣ ਤੋਂ ਪਹਿਲਾਂ ਨਹਾ ਲੈਣ। ਪਹਾੜੀ ਇਲਾਕਾ ਕਰਕੇ ਪਾਣੀ ਦੀ ਕਿੱਲਤ ਸੀ। ਪਾਣੀ ਦੇ ਟੈਂਕਰ ਸ਼ਹਿਰ ਤੋਂ ਆਉਂਦੇ ਸੀ। ਅਚਾਰੀਆ ਸੀਤਾ ਜੀ ਨੇ ਪ੍ਰਵਚਨ ਵਿਚ ਉਹੀ ਗੱਲਾਂ ਦੁਹਰਾਈਆਂ, ਫਿਰ ਪਿਤਾ ਸ੍ਰੀ ਦੇ ਪ੍ਰਵਚਨ ਬਾਰੇ ਸੰਖੇਪ ਜਾਣਕਾਰੀ ਦਿੱਤੀ।

ਸਕਰੀਨ ਉੱਤੇ ਪਿਤਾ ਸ੍ਰੀ ਆਏ। ਸਾਰੇ ਖੋਜੀ ਸਤਿਕਾਰ ਨਾਲ ਖੜ੍ਹੇ ਹੋ ਗਏ। ਪਿਤਾ ਸ੍ਰੀ ਪ੍ਰਵਚਨ ਕਰਨ ਲੱਗੇ, ''ਮੈਂ ਨਹੀਂ ਉਪਭੋਗਤਾ, ਭੋਗਣ ਵਾਲਾ ਮੈਂ ਨਹੀਂ ਹਾਂ, ਜੋ ਕੁਝ ਅਸੀਂ ਭੋਗ ਰਹੇ ਹਾਂ ਅਸਲ ਵਿਚ ਭੋਗ ਨਹੀਂ ਰਹੇ ਹੁੰਦੇ। ਪਿਤਾ ਸ੍ਰੀ ਮੈਡੀਟੇਸ਼ਨ ਕਰਨ ਲਈ ਕਹਿ ਰਹੇ ਸੀ। ਸਾਹ ਅੰਦਰ ਨੂੰ ਖਿੱਚਣਾ ਹੈ ਅੰਗਰੇਜ਼ੀ ਦੇ ਬਾਵਲ ਅੱਖਰ ਏ.ਈ.ਆਈ.ਓ.ਯੂ.ਦਾ ਵਾਰੀ-ਵਾਰੀ ਉਚਾਰਨ ਕਰਦਿਆ ਸਾਹ ਬਾਹਰ ਨੂੰ ਛੱਡਣਾ ਹੈ। ਘੰਟੇ-ਘੰਟੇ ਬਾਅਦ ਅੱਖਾਂ ਬੰਦ ਕਰਕੇ ਮੌਨ ਧਾਰਨ ਕਰਨਾ ਹੈ ਇਹ ਸੋਚਣਾ ਹੈ, ਮੈਂ ਕੌਣ ਹਾਂ? ਮੈਂ ਕਿੱਥੇ ਹਾਂ? ਮੈਂ ਕਿਉਂ ਹਾਂ? ਮੈਂ ਕੀ ਹਾਂ?

ਮੈਂ ਕੌਣ ਹਾਂ? ਕੀਹਨਾ ਦਾ ਹਾਂ? ਇਹ ਸਵਾਲ ਤਾਂ ਅਮਨ ਦੇ ਮਨ ਵਿਚ ਉਦੋਂ ਵੀ ਆਏ ਸੀ ਜਦੋਂ ਉਹ ਛੋਟਾ ਸੀ, ਫੌਜੀ ਛੁੱਟੀ ਆਇਆ ਹੋਇਆ ਸੀ। ਐਤਵਾਰ ਸੀ, ਅਮਨ ਨੂੰ ਛੁੱਟੀ ਸੀ, ਉਹਦੀ ਮੰਮੀ ਨੂੰ ਵੀ ਛੁੱਟੀ ਸੀ। ਅਮਨ ਸਿਖ਼ਰ ਦੁਪਹਿਰੇ ਖੇਡ ਕੇ ਮੁੜਿਆ। ਦਰਵਾਜ਼ਾ ਖੜਕਾਇਆ। ਫੌਜੀ ਨੇ ਦਰਵਾਜ਼ਾ ਖੋਹਲਿਆ। ਸਾਹਮਣੇ ਅਮਨ ਨੂੰ ਦੇਖ ਕੇ ਬੋਲਿਆ, ''ਕਿਥੋਂ ਆਇਆ ਮਦਰ 'ਚੋ।''

''ਖੇਡ ਕੇ...।'' ਉਹਨੇ ਡਰੇ ਸਹਿਮੇ ਨੇ ਕਿਹਾ।

''ਜਾਹ ਹੋਰ ਖੇਡ ਆ।'' ਕਹਿ ਕੇ ਉਹਨੇ ਦਰ ਬੰਦ ਕਰ ਲਿਆ।

ਖੇਡਣ ਕਿੱਥੇ ਜਾਂਦਾ ਉਹਦੇ ਯਾਰ ਦੋਸਤ ਤਾਂ ਘਰਾਂ ਨੂੰ ਚਲੇ ਗਏ ਸੀ। ਜਿੰਨਾ ਚਿਰ ਦਰਵਾਜ਼ਾ ਨਹੀਂ ਖੁੱਲ੍ਹਿਆ ਉਹ ਬੀਹੀ 'ਚ ਧੁੱਪੇ ਹੀ ਘੁੰਮਦਾ ਰਿਹਾ। ਮੈਂ ਕੌਣ ਹਾਂ। ਕੀ ਮੈਂ ਇਨ੍ਹਾਂ ਦਾ ਹੀ ਹਾਂ। ਉਹਦੇ ਮਨ 'ਚ ਬਿਗਾਨੇਪਣ ਦੀ ਭਾਵਨਾ ਜਾਗਣ ਲੱਗੀ ਸੀ। ਜਦੋਂ ਮੰਮੀ ਨੂੰ ਪਤਾ ਲੱਗਿਆ ਉਹ ਫੌਜੀ ਨਾਲ ਬਹੁਤ ਲੜੀ ਸੀ।

ਸਾਰੇ ਕੁਰਸੀਆਂ 'ਤੇ ਨਿਢਾਲ ਹੋਏ ਬੈਠੇ ਸਨ। ਪਿਤਾ ਸ੍ਰੀ ਪ੍ਰਵਚਨ 'ਤੇ ਪ੍ਰਵਚਨ ਕਰੀ ਜਾ ਰਹੇ ਸਨ, ''ਤੁਸੀਂ ਮਹਾਂਬਲੀ ਬਣਨਾ ਹੈ ਜਾਂ ਮਤਲਬੀ। ਆਪਣੇ ਅੰਦਰ ਝਾਤੀ ਮਾਰੋ ਕਿਉਂ ਤੇ ਕਿਵੇਂ ਮਤਲਬੀ ਬਣ ਜਾਂਦੇ ਹਾਂ ਅਸੀਂ। ਕਿਸੇ ਗੱਲ ਦਾ ਮਤਲਬ ਨਾ ਕੱਢੋ ਖੁਸ਼ ਰਹੋਗੇ। ਇਹ ਨਾ ਸੋਚੋ ਜਦੋਂ ਸਤਯੁੱਗ ਆਵੇਗਾ ਅਸੀਂ ਖੁਸ਼ ਹੋਵਾਂਗੇ। ਸਾਡਾ ਸਤਯੁੱਗ ਅੱਜ ਹੀ ਹੈ...।'' ਰਾਤੀ ਨੌਂ ਵਜੇ ਤੱਕ ਪ੍ਰਵਚਨ ਚੱਲਦੇ ਰਹੇ।

***

ਖਾਣਾ ਖਾਣ ਬਾਅਦ ਹਾਲ 'ਚ ਦਰੀਆਂ 'ਤੇ ਆ ਡਿੱਗੇ। ਅਗਲੇ ਦੋ ਦਿਨ ਮਹਾ-ਅਸਮਾਨੀ ਸ਼ਿਵਰ ਦੇ ਸਨ। ਉਸ ਵਿਚ ਉਹ ਭਾਗ ਲੈ ਸਕਦੇ ਸਨ ਜਿਨ੍ਹਾਂ ਨੇ ਪਹਿਲੇ ਤਿੰਨ ਦਿਨ ਸਫਲਤਾ ਪੂਰਵਕ ਲਗਾ ਲਏ ਸਨ। ਜਿਨ੍ਹਾਂ ਉਤੇ ਪਿਤਾ ਸ੍ਰੀ ਦੀ ਮਿਹਰ ਦੀ ਨਜ਼ਰ ਹੋਵੇ। ਬਾਕੀ ਸੱਤਾਂ ਨੂੰ ਯਕੀਨ ਸੀ ਉਨ੍ਹਾਂ ਨੂੰ ਅਗਲੇ ਦੋ ਦਿਨਾਂ ਵਿਚ ਸ਼ਿਵਰ ਚੋਂ ਫਾਰਗ ਕਰ ਦਿੱਤਾ ਜਾਵੇਗਾ, ਕਿਉਂਕਿ ਉਨ੍ਹਾਂ ਨੇ ਪਹਿਲੇ ਤਿੰਨ ਦਿਨ ਰੋਂਦਿਆ ਕੁਰਲਾਉਂਦਿਆ ਲਗਾਏ ਸੀ। ਇਸ ਲਈ ਸਾਰੇ ਮੌਨ ਦਾ ਪਾਲਣ ਕਰਦੇ ਹੋਏ ਸੌਂ ਗਏ। ਅਮਨ ਨੂੰ ਲੱਗ ਰਿਹਾ ਸੀ ਉਹਨੂੰ ਈਸ਼ਵਰ ਦੀ ਪ੍ਰਾਪਤੀ ਹੋ ਜਾਵੇਗੀ।

### ਚੌਥਾ ਦਿਨ

ਅਚਾਰੀਆ ਸੀਤਾ ਜੀ ਨੇ ਕਿਹਾ, ''ਤੁਸੀਂ ਭਾਗਾਂ ਵਾਲੇ ਹੋ ਤੁਹਾਨੂੰ ਮਹਾਅਸਮਾਨੀ ਸ਼ਿਵਰ 'ਚ ਭਾਗ ਲੈਣ ਦਾ ਮੌਕਾ ਮਿਲਿਆ ਹੈ। ਤੁਸੀਂ ਗਿਆਨ ਪ੍ਰਾਪਤ ਕਰਨ ਜਾ ਰਹੇ ਹੋ ਜਿਵੇਂ ਮਹਾਵੀਰ ਗਿਆਨ ਪ੍ਰਾਪਤ ਕਰਕੇ ਬੁੱਧ ਹੋ ਗਿਆ ਸੀ...।'' ਤੁਸੀਂ ਮੌਨ ਦਾ ਪਾਲਣ ਕਰਨਾ ਹੈ ਇਹ ਗਿਆਨ ਦੀਆਂ ਗੱਲਾਂ ਸ਼ਿਵਰ 'ਚੋਂ ਬਾਹਰ ਜਾ ਕੇ ਆਮ ਲੋਕਾਂ ਨੂੰ ਨਹੀਂ ਦੱਸਣੀਆਂ...।''

ਪਰਦੇ ਉੱਤੇ ਪਿਤਾ ਸ੍ਰੀ ਦੇ ਪ੍ਰਵਚਨ ਚੱਲਣ ਲੱਗ ਪਏ। ਉਹ ਵਿਅਕਤੀ ਦੇ ਪਾਗਲਪਣ ਬਾਰੇ ਪ੍ਰਵਚਨ ਕਰ ਰਹੇ ਸਨ।...ਵਿਸ਼ੇ ਵਿਕਾਰ ਵਿਅਕਤੀ ਦਾ ਪਾਗਲਪਣ ਹੁੰਦਾ ਹੈ, ਵਿਸ਼ੇ ਵਿਕਾਰਾਂ ਤੋਂ ਛੁਟਕਾਰਾ ਪਾਉਣਾ ਹੈ। ਅਸੀਂ ਸੁਰੰਗ ਕੱਢਣੀ ਹੈ ਸਿਰ ਤੋਂ ਦਿਲ ਤੱਕ, ਸਿਰ ਕਲਯੁਗ ਹੈ ਕਲਾਬਾਜ਼ੀਆਂ ਲਗਾਉਣ ਵਾਲਾ ਭਟਕਾਉਣ ਵਾਲਾ, ਦਿਲ ਸਤਯੁਗ ਹੈ ਤੇਜ ਸਥਾਨ ਸਾਡੇ ਦਿਲ ਵਿਚ ਹੈ, ਜਿਥੇ ਈਸ਼ਵਰ ਦਾ ਵਾਸਾ ਹੈ। ਸਿਰ ਮੇਰਾ ਹੈ, ਦਿਲ ਤੇਰਾ ਹੈ। ਸਿਰਫ ਤੇਰਾਂ ਇੰਚ ਦੀ ਸੁਰੰਗ ਹੈ ਕਿਉਂਕਿ ਸਿਰ ਤੋਂ ਦਿਲ ਦਾ ਰਸਤਾ ਸਿਰਫ਼ ਤੇਰਾ ਇੰਚ ਹੈ...।''

ਅਚਾਰੀਆ ਸੀਤਾ ਜੀ ਸਟੇਜ ਉਤੇ ਆਏ। ਉਨ੍ਹਾਂ ਐਲਾਨ ਕੀਤਾ ਅੱਜ ਤੁਸੀਂ ਪਿਤਾ ਸ੍ਰੀ ਨੂੰ ਤਨ ਮਨ ਅਤੇ ਧਨ ਅਰਪਣ ਕਰਨਾ ਹੈ। ਤੁਹਾਨੂੰ ਗੁਰਮੰਤਰ ਦਿੱਤਾ ਜਾ ਰਿਹਾ ਹੈ ਜਿਸ ਦਾ ਤੁਸੀਂ ਜਾਪ ਕਰਿਆ ਕਰਨਾ ਹੈ ਉਹ ਗੁਰਮੰਤਰ ਹੈ, ''ਮੈਨੂੰ ਤੇਜ਼ ਸੱਤਿਆ ਚਾਹੀਏ।'' ਜਦੋਂ ਮਨ ਵਿਸ਼ੇ ਵਿਕਾਰਾਂ ਵਿਚ ਘਿਰਦਾ ਹੈ ਤਾਂ ਇਹਦਾ ਜਾਪ ਕਰਨਾ ਹੈ। ਲਗਭਗ ਸਾਰੇ ਖੋਜੀਆਂ ਵਾਂਗ ਅਮਨ ਨੇ ਵੀ ਤਨ-ਮਨ-ਧਨ ਪਿਤਾ ਸ੍ਰੀ ਨੂੰ ਅਰਪਣ ਕਰ ਦਿੱਤਾ।

''ਧੰਨਵਾਦ-ਧੰਨਵਾਦ'' ਦਾ ਸੰਗੀਤ ਚੱਲਣ ਲੱਗਾ।

ਪਰਦੇ ਉਤੇ ਪਿਤਾ ਸ੍ਰੀ ਨ੍ਰਿਤ ਕਰ ਰਹੇ ਸਨ। ਸਾਰੇ ਖੋਜੀ ਵੀ ਨੱਚਣ ਲੱਗੇ। ਸਾਰੇ ਗਿੱਧਾ ਜਿਹਾ ਪਾ ਕੇ ਨੱਚ ਰਹੇ ਸਨ ਆਖ ਰਹੇ ਸਨ। 'ਧੰਨਵਾਦ-ਧੰਨਵਾਦ।'

ਪਿਤਾ ਸ੍ਰੀ ਹੋਰ ਪ੍ਰਵਚਨ ਕਰਨ ਲੱਗੇ, ''ਪਲਕ ਝਪਕ ਕੇ ਜੀਵਨ ਯਾਤਰਾ ਪੂਰੀ ਹੋ ਜਾਂਦੀ ਹੈ। ਤੁਹਾਡੀ ਜੀਵਨ ਯਾਤਰਾ ਪੂਰੀ ਹੋ ਗਈ। ਅੱਜ ਤੋਂ ਤੁਹਾਡਾ ਨਵਾਂ ਜਨਮ ਹੋਇਆ ਹੈ। ਤੁਸੀਂ ਸੋਚਣਾ ਹੈ ਮੈਂ ਹਾਂ ਹੀ ਨਹੀਂ। ਸਾਡੇ ਹਿਰਦੇ ਵਿਚ ਤੇਜ਼ ਸਥਾਨ 'ਤੇ ਈਸ਼ਵਰ ਦਾ ਵਾਸਾ ਹੈ। ਤੁਸੀਂ ਆਪਣੇ ਆਪ ਨੂੰ ਮਾਰਨਾ ਹੈ, ਆਪਣੀ ਮੈਂ ਨੂੰ ਮਾਰਨਾ ਹੈ ਸਭ ਕੁਝ ਈਸ਼ਵਰ ਹੈ। ਤੁਸੀਂ ਹੀ ਈਸ਼ਵਰ ਹੋ। ਜੋ ਕੁਝ ਕਰ ਰਿਹਾ ਹੈ ਉਹ ਈਸ਼ਵਰ ਕਰ ਰਿਹਾ ਹੈ ਤੁਸੀਂ ਹੀ ਈਸ਼ਵਰ ਹੋ। ਤੁਹਾਡੀਆਂ ਸਾਰੀਆਂ ਕਿਰਿਆਵਾਂ ਈਸ਼ਵਰ ਨੂੰ ਸਮਰਪਤ ਹੋਣਗੀਆਂ।''

ਸਾਰੇ ਖੋਜੀਆਂ ਦੀਆਂ ਜੋੜੀਆਂ ਬਣਾਈਆਂ ਗਈਆਂ। ਦੋ-ਦੋ ਬੰਦੇ ਆਹਮੋ-ਸਾਹਮਣੇ ਕੁਰਸੀਆਂ 'ਤੇ ਬਿਠਾ ਦਿੱਤੇ ਗਏ। ਇੱਕ ਖੋਜੀ ਨੇ ਦੂਸਰੇ ਖੋਜੀ ਨੂੰ ਪੰਦਰਾਂ ਮਿੰਟ ਸੁਆਲ ਪੁੱਛਣੇ ਸਨ। ਸਰੀਰਕ ਤੇ ਮਾਨਸਿਕ ਤੌਰ 'ਤੇ ਥੱਕੇ ਪਏ ਅਮਨ ਦੇ ਸਾਹਮਣੇ ਪੂਨੇ ਦਾ ਹੀ ਖੋਜੀ ਬੈਠਾ ਸੀ। ਉਹ ਅਮਨ ਨੂੰ ਸਵਾਲ ਪੁੱਛਣ ਲੱਗਾ।

ਕਿਰਪਾ ਦੱਸੋ ਤੁਸੀਂ ਕੌਣ ਹੋ?

-ਮੈਂ ਅਮਨ ਹਾਂ।

ਕਿਰਪਾ ਦੱਸੋ ਤੁਸੀਂ ਕੌਣ ਹੋ?

-ਮੈਂ ਅਧਿਆਪਕ ਹਾਂ।

ਕਿਰਪਾ ਦੱਸੋ ਤੁਸੀਂ ਕੌਣ ਹੋ?

-ਮੈਂ ਆਦਮੀ ਹਾਂ?

ਕਿਰਪਾ ਦੱਸੋ ਤੁਹਾਨੂੰ ਆਦਮੀ ਹੋਣ ਦਾ ਕੀ ਅਨੁਭਵ ਹੈ?

-ਹਾਂ ਮੈਨੂੰ ਅਨੁਭਵ ਹੈ।

ਇਸ ਤਰ੍ਹਾਂ ਉਹ ਲਗਾਤਾਰ ਸੁਆਲ ਪੁੱਛੀ ਜਾ ਰਿਹਾ ਸੀ। ਦਸ ਕੁ ਮਿੰਟ ਬਾਅਦ ਅਮਨ ਦੇ ਜੁਆਬ ਬਦਲ ਗਏ ਸੀ।

ਕਿਰਪਾ ਦੱਸੋ ਤੁਸੀਂ ਕੌਣ ਹੋ?

-ਮੈਂ ਈਸ਼ਵਰ ਹਾਂ

ਕਿਰਪਾ ਦੱਸੋ ਤੁਸੀਂ ਕੌਣ ਹੋ?

-ਮੈਂ ਈਸ਼ਵਰ ਹਾਂ

ਕਿਰਪਾ ਕਰਕੇ ਦੱਸੋ ਤੁਸੀਂ ਕੌਣ ਹੋ?

-ਮੈਂ ਈਸ਼ਵਰ ਹਾਂ

ਕੀ ਤੁਹਾਨੂੰ ਆਦਮੀ ਹੋਣ ਦਾ ਅਨੁਭਵ ਹੈ?

-ਨਹੀਂ ਮੈਂ ਈਸ਼ਵਰ ਹਾਂ

ਇਸ ਤਰ੍ਹਾਂ ਦੇ ਅਭਿਆਸ ਤੋਂ ਬਾਅਦ ਉਹ ਫਿਰ ਕੁਰਸੀਆਂ 'ਤੇ ਬੈਠ ਗਏ। ਅਮਨ ਨੂੰ 'ਈਸ਼ਵਰ ਆਏ ਦਲਿਦਰ ਜਾਏ।' ਗਾਉਂਦੀ ਮੰਮੀ ਯਾਦ ਆਈ। ਲੋਹੜੀ ਵਾਲੇ ਦਿਨ ਅਮਨ ਦਾ ਜਨਮ ਹੋਇਆ ਸੀ। ਮੰਮੀ ਉਹਨੂੰ ਧੂਮਧਾਮ ਨਾਲ ਮਨਾਉਂਦੀ। ਦਿਨੇ ਕੇਕ ਕੱਟਿਆ ਜਾਂਦਾ। ਰਾਤ ਨੂੰ ਧੂਣੀ ਧੁਖਾ ਕੇ ਉਸ ਉਤੇ ਤਿਲ, ਗੁੜ ਤੇ ਰਿਉੜੀਆਂ ਸੁੱਟਦੀ ਗਾਉਂਦੀ ਰਹਿੰਦੀ।

''ਈਸ਼ਵਰ ਆਏ ਦਲਿੱਦਰ ਜਾਏ
ਦਲਿਦਰ ਦੀ ਜੜ੍ਹ ਚੁੱਲ੍ਹੇ ਪਾਏ।''

ਫੌਜੀ ਦਾ ਰੰਮ ਦਾ ਪੈਗ ਲਗਾਇਆ ਹੁੰਦਾ ਉਹ ਆਖਦਾ, ਜਨਮ ਦਿਨ ਮਨਾਉਂਦੀ ਆਂ ਲਾਟ ਸਾਹਬ ਦਾ। ਮੈਂ ਤਾਂ ਮਦਰ 'ਚੋ ਕਲਯੁਗ ਦੇ ਉਲਾਂਭੇ ਸੁਣਦਾ ਥੱਕ ਗਿਆ, ਜੀਹਦਾ ਜਨਮ ਦਿਨ ਮਨਾਉਂਦੀ ਏ, ਇਹੀ ਦਲਿੱਦਰ ਆ। ਇਹਨੇ ਕਿੱਥੇ ਜਾਣਾ ਲਾਈਲੱਗ ਨੇ। ਆਪਣਾ ਹੀ ਖ਼ੂਨ ਪੀਣਾ ਏ। ਬਾਪੂ ਈਸ਼ਵਰ ਸਿਉਂ ਰੱਬ ਕੋਲ ਪਹੁੰਚਿਆ ਕਿੰਨੇ ਸਾਲ ਹੋ ਗਏ। ਉਹਨੇ ਕਿੱਥੇ ਮੁੜਨਾ।'' ਕਹਿੰਦਾ ਉਹ ਬਾਹਰ ਨਿਕਲ ਜਾਂਦਾ।

ਅਮਨ ਸੋਚਣ ਲੱਗਾ ਹੁਣ ਮੈਂ ਬਾਪੂ ਨੂੰ ਜਾ ਕੇ ਦੱਸ ਦੇਵਾਂਗਾ ਮੈਂ ਈਸ਼ਵਰ ਹਾਂ ਦਲਿੱਦਰ ਨਹੀਂ।

***

ਮੌਨਧਾਰ ਕੇ ਤੇ ਕੁਰਸੀਆਂ ਦੀ ਬੈਠਕ ਦੇ ਥਕਾਏ ਸਾਰੇ ਮੁਰਦਿਆਂ ਵਾਂਗ ਚਾਰ ਦਿਨਾਂ ਤੋਂ ਕਠਪੁਤਲੀਆਂ ਵਾਂਗ ਨੱਚਦੇ। ਰਾਤ ਨੂੰ ਦਰੀਆਂ 'ਤੇ ਸੌਣ ਜਾ ਰਹੇ ਸਨ। ਦਨੇਸ਼ ਸਿੰਘ ਦਾ ਗੁੱਸਾ ਦੇਖਣ ਵਾਲਾ ਸੀ, ਬੋਲਿਆ, ''ਮਾਮੇ ਤੇਜ਼ ਗਿਆਨ ਦੇ, ਅਸੀਂ ਕੀ ਜਾਣੀਏ ਤੇਜ਼ ਗਿਆਨ ਨੂੰ, ਅਸੀਂ ਪੰਜਾਬੀ ਮਿਰਚ ਨੂੰ ਤੇਜ਼ ਕੌਰ ਤੇ ਰੇਲ ਦੇ ਇੰਜਣ ਨੂੰ ਤੇਜਾ ਸਿੰਘ ਕਹਿੰਦੇ ਆਂ। ਜੇ ਇਨ੍ਹਾਂ ਨੂੰ ਇਸ ਗੱਲ ਦਾ ਨਹੀਂ ਪਤਾ ਫਿਰ ਅਸੀਂ ਵੀ ਤੇਜ਼ ਗਿਆਨ ਤੋਂ ਕੀ ਲੈਣਾ।''

ਸਤਪਾਲ ਬੋਲਿਆ, ''ਏਨੇ ਦਿਨ ਹੋ ਗਏ ਮੈਂ ਘਰੇ ਫੋਨ ਨਹੀਂ ਕੀਤਾ। ਸਾਈਲੈਂਟ 'ਤੇ ਲਾਇਆ ਹੋਇਆ ਸੀ। ਘਰੋਂ ਪੰਜਾਹ ਮਿਸ ਕਾਲਾਂ ਆਈਆਂ ਹੋਈਆਂ ਸੀ ਜਦੋਂ ਫੋਨ ਇਨ੍ਹਾਂ ਤੋਂ ਚੋਰੀ ਕੀਤਾ ਘਰ ਆਲੀ ਗੁੱਸੇ 'ਚ ਕਹਿੰਦੀ, ਮੈਂ ਪੇਕੇ ਚਲੀ ਜਾਣਾ। ਮੈਂ ਉਹਨੂੰ ਕਿਹਾ, ''ਈਸ਼ਵਰ ਦੀ ਪਤਨੀ ਰੁਸ ਕੇ ਪੇਕੇ ਜਾ ਰਹੀ ਆ'' ਤਾਂ ਉਹ ਹੋਰ ਗੁੱਸੇ ਹੋ ਗਈ। ਤਰਸੇਮ ਬਾਗੀ ਸੁਰ ਵਾਲੀ ਕਵਿਤਾ ਸੁਣਾਉਣਾ ਚਾਹੁੰਦਾ ਸੀ।

ਜਗਤਾਰ ਹੱਸਣ ਲੱਗਾ, ''ਜਦੋਂ ਸਾਰੇ ਖੋਜੀ ਜਾਪ ਕਰ ਰਹੇ ਸੀ। ਮੈਨੂੰ ਤੇਜ ਸੱਤਿਆ ਚਾਹੀਏ।'' ਤਾਂ ਮੈਂ ਜਾਪ ਕਰ ਰਿਹਾ ਸੀ, ''ਮੈਨੂੰ ਮਿਰਚ ਵਰਗੀ ਤੇਜ ਕੁੜੀ ਚਾਹੀਏ।''

''ਕਿਰਪਾ ਮੌਨ ਰਹੀਏ'' ਕਹਿਣ ਸੇਵਕ ਆ ਪਹੁੰਚਿਆ।

ਅਮਨ ਉਨ੍ਹਾਂ ਤੋਂ ਦੂਰ ਪਿਆ ਸੀ। ਉਸਨੂੰ ਲੱਗ ਰਿਹਾ ਸੀ ਇਨ੍ਹਾਂ ਸੱਤਾ ਬੰਦਿਆਂ ਦੀ ਚੇਤਨਾ ਦਾ ਸਤਰ ਨੀਵਾਂ ਹੈ। ਇਸੇ ਲਈ ਇਨ੍ਹਾਂ ਨੂੰ ਪਿਤਾ ਸ੍ਰੀ ਦੇ ਪਰਵਚਨਾਂ ਦੀ ਸਮਝ ਨਹੀਂ ਆ ਰਹੀ।

### ਪੰਜਵਾਂ ਦਿਨ

ਸਾਰੇ ਹਾਲ ਵਿਚ ਕੁਰਸੀਆਂ 'ਤੇ ਬੈਠੇ ਸਨ। ਅਚਾਰੀਆ ਸੀਤਾ ਜੀ ਨੇ ਉਹੀ ਪੁਰਾਣੀਆਂ ਗੱਲਾਂ ਜਿਵੇਂ ਸ਼ਿਵਰ ਦੀਆਂ ਗੱਲਾਂ ਬਾਹਰ ਨਹੀਂ ਦੱਸਣੀਆਂ। ਮੌਨ ਦਾ ਪਾਲਣ ਕਰਨਾ ਆਦਿ ਕਿਹਾ।

ਪਿਤਾ ਸ੍ਰੀ ਦੇ ਪ੍ਰਵਚਨ ਦੀ ਸੀ.ਡੀ. ਚੱਲ ਪਈ, ''...ਇੱਕ ਬੰਦਾ ਕਹਿੰਦਾ ਮੇਰੇ ਕੋਲ ਕੋਈ ਪੈਸਾ ਨਹੀਂ ਪਰ ਮੈਂ ਮੰਦਰ ਬਣਾਉਣਾ ਚਾਹੁੰਦਾ ਹਾਂ। ਉਹ ਬਿਨਾ ਪੈਸੇ ਖਰਚਿਆਂ ਮੰਦਰ ਬਣਾ ਸਕਦਾ ਹੈ। ਆਪਣੇ ਸਰੀਰ ਦਾ ਮੰਦਰ ਬਣਾਓ। ਮਨੁੱਖ ਦੇ ਅੰਦਰ ਤੇਜ਼-ਮਨ ਵਿਚ ਈਸ਼ਵਰ ਦਾ ਵਾਸਾ ਹੁੰਦੈ। ਤੁਹਾਡਾ ਸਰੀਰ ਮੰਦਰ ਹੈ, ਤੁਸੀਂ ਈਸ਼ਵਰ ਹੋ ਜੋ ਇਸ ਵਿਚ ਵਸ ਰਹੇ ਹੋ...।''

ਪਿਤਾ ਸ੍ਰੀ ਨੇ ਕਿਹਾ, ਹੁਣ ਫੈਂਸੀ ਡਰੈਸ ਮੁਕਾਬਲੇ ਹੋਣਗੇ। ਇਹ ਆਮ ਫੈਂਸੀ ਡਰੈਸ ਮੁਕਾਬਲੇ ਨਹੀਂ ਹਨ। ਤੁਸੀਂ ਆਪਣਾ ਸਰੀਰ ਛੱਡ ਕੇ ਦੂਜੇ ਦੇ ਸਰੀਰ 'ਚ ਦਾਖਲ ਹੋਣਾ ਹੈ ਹੋਰ ਦੇ ਸਰੀਰ ਨੂੰ ਕਿਸੇ ਹੋਰ ਦਾ ਸਰੀਰ ਸਮਝਣਾ ਹੈ। ਕਿਸੇ ਜਾਨਵਰ ਦਾ, ਪੰਛੀ ਦਾ ਸਰੀਰ ਵੀ ਸਮਝ ਸਕਦੇ ਹੋ। ਸਾਰੇ ਖੋਜੀ ਹਾਲ 'ਚੋਂ ਬਾਹਰ ਚਲੇ ਗਏ। ਕਿਸੇ ਨੇ ਪਾਣੀ ਪੀਤਾ। ਕੋਈ ਬਾਥਰੂਮ ਗਿਆ।

ਅਮਨ ਨੂੰ ਫੈਂਸੀ ਡਰੈਸ ਵਿਚ ਦਿਖਣ ਦੀ ਥਾਂ ਨੰਗੇ ਦਿਖਾਈ ਦੇ ਰਹੇ ਸਨ। ਉਹ ਆਦਮੀਆਂ ਵਲੋਂ ਧਿਆਨ ਹਟਾ ਕੇ ਔਰਤਾਂ ਵੱਲ ਧਿਆਨ ਦੇਣ ਲੱਗਿਆ। ਉਹਨੂੰ ਇਹ ਗੱਲ ਮਾੜੀ ਲੱਗੀ ਪਿਤਾ ਸ੍ਰੀ ਨਾਲ ਛਲ ਕਪਟ ਕਰਨ ਵਾਂਗ ਲੱਗੀ।

ਅਮਨ ਨੂੰ ਬਿੰਦੀ ਦੀ ਘਰਵਾਲੀ ਯਾਦ ਆਈ। ਮੜ੍ਹੀਆਂ 'ਚ ਨੰਗਿਆਂ ਘੁੰਮਦੀ। ਬਿੰਦੀ ਉਹਦਾ ਜਿਗਰੀ ਯਾਰ ਸੀ। ਸਮੈਕ ਦਾ ਆਦੀ ਹੋ ਗਿਆ। ਨਸ਼ੇ ਦੀ ਵਾਧ-ਘਾਟ ਕਾਰਨ ਸੜਕ ਹਾਦਸੇ 'ਚ ਮਾਰਿਆ ਗਿਆ। ਬੜੀ ਕਹਿਰ ਦੀ ਮੌਤ ਸੀ ਉਹ ਜਵਾਨ ਜਹਾਨ ਪਤਨੀ ਤੇ ਛੋਟਾ ਜਿਹਾ ਬੱਚਾ ਰੋਂਦੇ ਵਿਲਕਦੇ ਛੱਡ ਗਿਆ ਸੀ। ਪਿਉ ਦਾ ਇਕਲੌਤਾ ਪੁੱਤਰ ਸੀ। ਜਵਾਨ ਜਹਾਨ ਪਤਨੀ ਅੱਗੇ ਸਾਰੀ

(ਬਾਕੀ ਸਫਾ 34 'ਤੇ)

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਕਰਮਜੀਤ ਸਿੰਘ ਕੁੱਸਾ

ਭਾਗ – 1

ਪ੍ਰੋਗਰਾਮ ਸ਼ੁਰੂ ਹੋਣ 'ਤੇ ਨਿਰਦੇਸ਼ਕ ਨੇ ਲੰਬਾ-ਚੌੜਾ ਭਾਸ਼ਣ ਝਾੜਿਆ, ਫਿਰ ਗੀਤ-ਨਾਟਕ ਦਿਖਾਏ ਗਏ, ਜਿਨ੍ਹਾਂ ਵਿਚ ਸਰਕਾਰ ਦੀਆਂ ਮਾਰੂ ਨੀਤੀਆਂ, ਚੋਰ ਬਜ਼ਾਰੀ, ਭ੍ਰਿਸ਼ਟਾਚਾਰ, ਕਾਮੇ ਮਨੁੱਖ ਦੀ ਈਮਾਨਦਾਰੀ ਨਾਲ ਕਮਾਈ ਦਾ ਸਹੀ ਮੁੱਲ ਨਾ ਪੈਣ ਵਰਗੇ ਦ੍ਰਿਸ਼ ਪੇਸ਼ ਕਰਕੇ ਉਨ੍ਹਾਂ ਰਾਤ ਧੂਹ ਕੇ ਸਵੇਰ ਦੇ ਨੇੜੇ ਕਰ ਦਿੱਤੀ। ਪ੍ਰੋਗਰਾਮ ਖ਼ਤਮ ਹੋਣ ਉਪਰੰਤ ਲੋਕ ਚਲੇ ਗਏ, ਪਿੱਛੋਂ ਵਰਕਰ ਆਪਣਾ ਸਾਜ਼ੋ-ਸਾਮਾਨ ਸਾਂਭਣ ਲੱਗ ਪਏ। ਘੰਟਾ ਕੁ ਪਹਿਲਾਂ ਲੋਕਾਂ ਨਾਲ ਗਹਿ-ਗਹਿ ਕਰਦਾ ਪੰਡਾਲ ਹੁਣ ਭਾਂ ਭਾਂ ਕਰ ਰਿਹਾ ਸੀ। ਚਮਕਦੇ ਚਾਨਣ ਵਿਚ ਸੁੰਨੇ ਪੰਡਾਲ ਵਿਚ ਦਰੀਆਂ ਉੱਤੇ ਇਕ ਬੰਦਾ ਖੜਾ ਵੇਖਿਆ, ਜਦੋਂ ਉਹਨੂੰ ਉਸ ਦੇ ਖੜੋਨ ਦੀ ਮੁਦਰਾ ਦਿੱਸੀ, ਖੂੰਡਾ ਵੇਖਦਿਆਂ, ਬਹਾਦਰ ਨੂੰ ਕੱਲ੍ਹ ਆਥਣ ਵਾਲਾ ਬਜ਼ੁਰਗ ਯਾਦ ਆ ਗਿਆ, ਉਹ ਬਜ਼ੁਰਗ ਕੋਲ ਚਲਿਆ ਗਿਆ, ਬਾਬਾ ਪਹਿਲਾਂ ਹੀ ਬੋਲ ਪਿਆ, "ਭਾਈ ਕਾਕਾ, ਮੈਂ ਤਾਂ ਥੋਡੇ ਓਸ ਭਾਈ ਤੋਂ ਮਾਫੀ ਲੈਣੀ ਐਂ!"

ਬਹਾਦਰ ਹੱਸ ਪਿਆ, "ਕੀ ਗੱਲ ਬਾਬਾ ਜੀ!"

"ਆ-ਜਾ ਹੋ!" ਉਸ ਬਾਬੇ ਦੀ ਬਾਂਹ ਫੜ੍ਹ ਲਈ, ਨਿਰਦੇਸ਼ਕ ਆਪਣੀਆਂ ਚੀਜ਼ਾਂ ਸਾਂਭਦਾ ਗੱਲਾਂ ਵਿਚ ਰੁੱਝਾ ਹੋਇਆ ਸੀ, ਬਹਾਦਰ ਦੇ ਦੱਸਣ 'ਤੇ ਉਹ ਬੋਲਿਆ, "ਆ ਜੋ ਬਾਬਾ ਜੀ, ਆ ਜੋ! ਸਾਡਾ ਪ੍ਰੋਗਰਾਮ ਥੋਨੂੰ ਕਿਵੇਂ ਲੱਗਿਐ, ਕੰਜਰਖਾਨਾ ਈ ਐ ਜਾਂ...?"

ਬਜ਼ੁਰਗ ਨੇ ਕੱਚਾ ਜੇਹਾ ਹੁੰਦਿਆਂ ਖਸਿਆਨੀ ਜਿਹੀ ਹੀਂ ਹੀਂ ਕੀਤੀ, ਪਰ ਬਲਬਾਂ ਦੇ ਦੂਧੀਏ ਚਾਨਣ ਵਿਚ ਡਰਾਮੇ ਵਾਲੇ ਦੇ ਚਿਹਰੇ ਉੱਤੇ ਉਸ ਮਿੰਨੀ ਜਿਹੀ ਮੁਸ਼ਕਣੀ ਵੇਖੀ।

"ਭਾਈ ਕਾਕਾ, ਮੈਂ ਥੋਡਾ ਜਲਸਾ ਵੇਖੇ ਬਿਨਾਂ ਈ ਮਾੜਾ ਚੰਗਾ ਪਰਖ ਤਾ, ਮੈਨੂੰ ਮਾਫੀ ਦੇਹ।"

"ਬਾਬਾ ਜੀ ਬਹਿ ਜੋ, ਚਾਹ ਪੀਓ।" ਨਿਰਦੇਸ਼ਕ ਨੇ ਅੰਤਾਂ ਦੀ ਮਿਠਾਸ ਨਾਲ ਆਖਿਆ, "ਮਾਫੀ ਅਸੀਂ ਥੋਡੇ ਵਰਗੇ ਬਜ਼ੁਰਗ ਨੂੰ ਦੇਣੀ ਨ੍ਹੀਂ, ਲੈਣੀ ਐਂ, ਸਗੋਂ ਅਸ਼ੀਰਵਾਦ ਦਿਉ।"

ਦੋ ਤਿੰਨ ਮੁੰਡਿਆਂ ਨੇ ਥਾਂ ਖਾਲੀ ਕਰਕੇ ਬਜ਼ੁਰਗ ਨੂੰ ਬੈਠਣ ਲਈ ਜ਼ੋਰ ਪਾਇਆ, ਪਰ ਉਹ ਬੈਠਿਆ ਨਹੀਂ। ਇਕ ਜਣਾ ਚਾਹ ਦਾ ਗਲਾਸ ਲੈ ਆਇਆ, ਉਹਨੇ ਗਲਾਸ ਫੜਦਿਆਂ, ਕੰਬਦੇ ਹੱਥਾਂ ਨਾਲ ਖੂੰਡਾ ਸਾਂਭਿਆ, "ਸੀਸ ਭਾਈ ਮੈਂ ਕੀ ਦੇ ਸਕਦਾ ਆਂ।"

ਨਿਰਦੇਸ਼ਕ ਆਪਣਾ ਲਟਾ-ਪਟਾ ਸਾਂਭਦਾ ਉਹਦੇ ਵਲ ਝਾਕ ਕੇ ਮੁਸਕਰਾਇਆ। ਬਜ਼ੁਰਗ ਖੇਸ ਵਿਚ ਉਲਝਿਆ, ਕੰਬਦੇ ਹੱਥਾਂ ਨਾਲ ਚਾਹ ਪੀਣ ਲੱਗ ਪਿਆ, ਪਿੰਡ ਦੇ ਮੁੰਡੇ ਬਾਬੇ ਨੂੰ ਰੜਕਵੀਆਂ ਜਿਹੀਆਂ ਗੱਲਾਂ ਆਖਣ ਲੱਗ ਪਏ।

"ਬਾਬਾ, ਅਸੀਂ ਬਲੈਕੀਏ ਸਭ ਫੂਕ ਦੇਣੇ ਐ।"

ਨਿਰਦੇਸ਼ਕ ਨੇ ਨਜ਼ਰ ਉੱਪਰ ਚੁੱਕ ਕੇ ਉਨ੍ਹਾਂ ਵਲ ਵੇਖਿਆ, ਉਹ ਛਿੱਥੇ ਜਿਹੇ ਪੈਂਦੇ ਪਿਛਾਂਹ ਹਟ ਗਏ, ਬਹਾਦਰ ਨੇ ਉਨ੍ਹਾਂ ਮੁੰਡਿਆਂ ਨੂੰ ਪਰਾਂਹ ਕਰਕੇ ਆਖਿਆ, "ਸਾਥੀਉ ਆਪਾਂ ਬੰਦੇ ਜੋੜਨੇ ਆ, ਤੋੜਨੇ ਨ੍ਹੀਂ, ਸਮਝੇ।"

"ਬਾਈ ਜੀ, ਥੋਨੂੰ ਏਸ ਲਾਣੇ ਬਾਰੇ ਨ੍ਹੀਂ ਪਤਾ! ਕਿੰਨੇ ਗੰਦੇ ਐ, ਇਹ!"

ਬਹਾਦਰ ਦਾ ਮਮੂਲੀ ਜੇਹਾ ਹਾਸਾ ਨਿਕਲ ਗਿਆ, ਉਸ ਆਸੇ ਪਾਸੇ ਵੇਖਿਆ, "ਅਸਲ ਦੁਸ਼ਮਣ ਕੋਈ ਹੋਰ ਐ। ਪਿੰਡ ਵਿਚ ਤਕੜੇ ਤੋਂ ਤਕੜਾ ਜ਼ਿਮੀਂਦਾਰ ਵੀ ਓਨਾ ਭਿਆਨਕ ਨਹੀਂ, ਜਿੰਨਾ ਸ਼ਹਿਰ 'ਚ ਬੈਠਾ ਧਨਾਢ ਬਾਣੀਆ।"

ਗੱਲਾਂ ਕਰਦਿਆਂ ਉਹ ਚੜ੍ਹਦੀ ਉਮਰ ਦੇ ਮੁੰਡਿਆਂ ਦੇ ਗੁਲਾਬੀ ਭਾਅ ਮਾਰਦੇ ਚਿਹਰਿਆਂ ਦੀ ਨੁਹਾਰ ਜਾਚਦਾ ਰਿਹਾ, ਮੁੰਡੇ ਉਸ ਨੂੰ ਜ਼ਿੰਦਗੀ ਨਾਲ ਲੁਸ ਲੁਸ ਕਰਦੇ ਜਾਪੇ! ਮੰਚ ਨੂੰ ਉਥੋਂ ਤੁਰਦਿਆਂ ਕਰਦਿਆਂ ਦੁਪਹਿਰਾ ਹੋ ਗਿਆ, ਬਹਾਦਰ ਨੇ ਅੱਗੇ ਜਾਣ ਲਈ ਦਬਾਦਬ ਲੰਗਰ ਵਿਚੋਂ ਰੋਟੀ ਖਾਧੀ, ਸਿਆਲ ਦੀ ਠਰੀ ਜਿਹੀ ਧੁੱਪ ਵਲ ਵੇਖਦਾ ਸਭ ਨੂੰ ਫਤਹਿ ਬੁਲਾਉਂਦਾ ਬੱਸ ਅੱਡੇ ਵਲ ਤੇਜ ਕਦਮੀਂ ਤੁਰ ਪਿਆ, ਬੱਸ ਚੜ੍ਹਨ ਵਾਲੀਆਂ ਸਵਾਰੀਆਂ ਰਾਤ ਦੇ ਪ੍ਰੋਗਰਾਮ ਦੀਆਂ ਗੱਲਾਂ ਚਾਅ ਨਾਲ ਕਰਦੀਆਂ ਸੁਣ ਕੇ ਬਹਾਦਰ ਦਾ ਚਿੱਤ ਖਿੜ ਉੱਠਿਆ, ਉਸ ਨੂੰ ਖੁਰਦੀ ਜਾਪਦੀ ਸਾਖ ਜਿਉਂਦੀ ਖੇਡਦੀ ਮਹਿਸੂਸ ਹੋਈ, ਉਸ ਨੇ ਐਵੇਂ ਹੀ ਅੱਡੇ ਵਿਚ ਇਕ ਗੇੜਾ ਦਿੱਤਾ। ਹਨੇਰਾ ਪੈਣ ਤੋਂ ਪਹਿਲਾਂ ਹੀ ਮਿੱਥੇ ਹੋਏ ਪਿੰਡ ਪਹੁੰਚ ਗਿਆ, ਘਰ ਵਾਲਾ ਸੱਜਣ ਉਹਨੂੰ ਮੂਲੋਂ ਹੀ ਜ਼ਿਆਦਾ ਬੀਬਾ ਬੰਦਾ ਲੱਗਿਆ। ਸਾਰੀ ਰਾਤ ਮੀਟਿੰਗ ਹੁੰਦੀ ਰਹੀ, ਲੋਕਾਂ ਨੂੰ ਜੋੜਨ ਲਈ ਕੀ ਕੀਤਾ ਜਾਵੇ। ਵਿਚਕਾਰ ਦੀ ਧਰਮ ਸਬੰਧੀ ਚੱਲੀ ਲਹਿਰ ਦੀ ਗੱਲ ਛਿੜੀ, ਬਹੁਤਿਆਂ ਦਾ ਖਿਆਲ ਸੀ, "ਇਹ ਕੋਈ ਖਾਸ ਗੱਲ ਨ੍ਹੀਂ! ਐਵੇਂ ਸਾਧ ਦਾ ਪਖੰਡ ਐ! ਲੋਕਾਂ ਨੂੰ ਉੱਲੂ ਬਣਾਉਂਦਾ ਐ! ਕਾਂਗਰਸ ਨੇ ਖ਼ੁਦ ਉਹਨੂੰ ਏਸ ਕੰਮ ਲਈ ਸ਼ਿੰਗਾਰਿਐ!"

"ਨਿਰਾਪੁਰਾ ਪਖੰਡ ਵੀ ਆਪਾਂ ਨਹੀਂ ਕਹਿ ਸਕਦੇ।" ਇਕ ਵੀਹ-ਬਾਈ ਸਾਲ ਦੇ ਗੱਭਰੂ ਨੇ ਅੱਖਾਂ ਫਰਕਾਉਂਦਿਆਂ ਆਖਿਆ, ਜਿਸ ਦੇ ਗੋਲ ਭਰਵੇਂ ਰੱਤ-ਮਸੈਲੇ ਚਿਹਰੇ 'ਤੇ ਬਰੀਕ ਕੱਟਵੀਂ ਦਾਹੜੀ ਤੋਂ ਲੱਗਦਾ ਸੀ, ਜਿਵੇਂ ਉਹ ਆਪਣੀ ਹੋਂਦ ਜਤਾਉਣੀ ਚਾਹੁੰਦਾ ਹੋਵੇ, ਸਾਰਿਆਂ ਦਾ ਧਿਆਨ ਉਸ ਆਪਣੇ ਵਲ ਵੇਖਦਿਆਂ ਫਿਰ ਕਿਹਾ, "ਲੋਕ ਤਾਂ ਯਾਰ ਆਪ ਮੁਹਾਰੇ ਸੰਤਾਂ ਦੇ ਮਗਰ ਲਗਦੇ



ਜਾਂਦੇ ਐ।"

"ਲੋਕ ਇਕ ਕਿਸਮ ਦਾ ਹੜ ਹੁੰਦਾ ਐ।" ਇਕ ਸਿਆਣੇ ਜਾਪਦੇ ਕਾਮਰੇਡ ਨੇ ਘੰਗੂਰਾ ਮਾਰ ਕੇ ਠੰਰ੍ਹਮੇ ਨਾਲ ਉੱਤਰ ਦਿੱਤਾ। "ਪਾਣੀ ਨੂੰ ਨਿਵਾਣ ਨਾਲ ਚੱਲਣ ਦੀ ਬਾਣ ਹੁੰਦੀ ਐ। ਇਹੀ ਹਾਲ ਲੋਕਾਂ ਦਾ ਐ। ਬਾਕੀ ਧਰਮ ਅਜਿਹੀ ਚੀਜ਼ ਐ, ਜਿਹੜੀ ਉਨ੍ਹਾਂ ਦੇ ਹੱਡਾਂ ਵਿਚ ਰਚੀ ਪਈ ਐ।"

"ਪਰ ਕਾਮਰੇਡ ਮੇਰਾ ਤਾਂ ਸੁਆਲ ਈ ਇਹ ਐ ਬਈ ਲੋਕ ਉਨ੍ਹਾਂ ਮਗਰ ਲਗਦੇ ਈ ਕਿਉਂ ਐ?"

"ਯਾਰ ਇਹੀ ਤਾਂ ਸਮਝਣ ਵਾਲੀ ਗੱਲ ਐ।" ਸਿਆਣੇ ਜਾਪਦੇ ਬੰਦੇ ਨੇ ਥੋੜਾ ਜੇਹਾ ਖਿੱਝ ਕੇ ਆਖਿਆ, "ਧਰਮ ਫੀਮ ਵਾਂਗੂ ਅਸਰ ਕਰਦਾ ਐ।"

"ਜੇ ਧਰਮ ਫੀਮ ਐ ਤਾਂ ਲੋਕ ਇਹਦੇ ਨਾਲ ਨਸ਼ਈ ਹੋ ਜਾਂਦੇ ਐ! ਫੇਰ ਆਪਣੇ ਕੋਲ ਇਹਦਾ ਕੋਈ ਬਦਲ ਕਿਉਂ ਨ੍ਹੀਂ? ਜੀਹਦੇ ਨਾਲ ਅਸੀਂ ਲੋਕਾਂ ਨੂੰ ਮਗਰ ਲਾ ਸਕੀਏ!"

"ਲੋਕਾਂ ਨੂੰ ਨਵੇਂ ਪੈਂਤੜੇ ਮੁਤਾਬਕ ਮਗਰ ਲਾਉਣਾ ਸੌਖੀ ਗੱਲ ਨ੍ਹੀਂ! ਕਿਉਂਕਿ ਸਮਾਜਵਾਦੀ ਵਿਚਾਰਧਾਰਾ ਦਾ ਵਿਰੋਧ ਤਾਂ ਨਜ਼ਾਮ ਨੇ ਵੀ ਕਰਨਾ ਹੁੰਦਾ ਐ ਤੇ ਧਰਮ ਏਸੇ ਨਜ਼ਾਮ ਦੀ ਨੀਂਹ ਪੱਕੀ ਕਰਦਾ ਐ!"

"ਪਰ ਬਾਬੇ ਤਾਂ ਧਰਮ ਨੂੰ ਸਰਕਾਰ ਦੇ ਵਿਰੁਧ ਵਰਤਦੇ ਐ! ਏਥੇ ਆਪਾਂ ਕਿਵੇਂ ਕਹਿ ਸਕਦੇ ਆਂ ਕਿ ਧਰਮ ਸਰਕਾਰ ਦੇ ਹਿੱਤ ਪੂਰਦਾ ਐ!"

"ਸਾਥੀ ਇਹੀ ਤਾਂ ਸਮਝਣ ਵਾਲੀ ਗੱਲ ਐ।" ਸਿਆਣੇ ਜਾਪਦੇ ਆਦਮੀ ਨੇ ਆਪਣੇ ਆਪ ਨੂੰ ਜਬਤ ਵਿਚ ਰੱਖਿਆ ਹੋਇਆ ਸੀ, "ਧਰਮ ਬਹੁਤ ਵਾਰ ਸਗੋਂ ਹਰ ਸਮੇਂ ਆਪਣੇ ਦੁਸ਼ਮਣ ਦੀ ਵਿਰੋਧਤਾ ਉਹਦੀ ਪਕਿਆਈ ਕਰਨ ਵਿਚ ਸਹਾਈ ਹੁੰਦੀ ਐ।"

"ਕਿਵੇਂ?" ਮੁੰਡੇ ਨੇ ਅੱਖਾਂ ਫੈਲਾਅ ਕੇ ਪੁੱਛਿਆ।

"ਇਵੇਂ!" ਕਾਮਰੇਡ ਨੇ ਵੀ ਉਸੇ ਲਹਿਜੇ ਵਿਚ ਆਖਿਆ, "ਜਿਵੇਂ ਹੁਣ ਹੋਈ ਜਾਂਦਾ ਐ।"

"ਛੱਡੋ ਯਾਰ ਪੈ-ਜੋ ਹੁਣ!" ਬਹਾਦਰ ਨੇ ਰਜਾਈ ਖੋਹਲਦਿਆਂ ਪਾਸਾ ਮਾਰ ਕੇ ਘੜੀ ਵੇਖੀ, "ਦੋ ਵੱਜਣ ਵਾਲੇ ਐ, ਸਵੇਰੇ ਚਲੋ ਚਾਲ ਐ!"

ਉਹਨੇ ਬਿਨਾ ਉਨ੍ਹਾਂ ਦਾ ਉੱਤਰ ਉਡੀਕਿਆਂ ਰਜਾਈ ਲਪੇਟ ਲਈ, ਰਜਾਈ ਦੀ ਮੋਟੀ ਤਹਿ ਵਿਚ ਦੀ ਵੀ ਉਹਨੂੰ ਉਨ੍ਹਾਂ ਦੀਆਂ ਗੱਲਾਂ ਸੁਣਾਈ ਦੇ ਰਹੀਆਂ ਸਨ, ਇਕ ਵਾਰ ਉਸ ਦਾ ਹਾਸਾ ਨਿਕਲਿਆ, ਕਿੰਨਾ ਚਿਰ ਉਸ ਦਾ ਢਿੱਡ ਹੁਲਕਦਾ ਰਿਹਾ, ਫੇਰ ਉਸਨੂੰ ਨੀਂਦ ਨੇ ਦੱਬ ਲਿਆ ਤੇ ਉਸਦੀਆਂ ਅੱਖਾਂ ਵਿਚ ਮਿੱਠੀ ਮਿੱਠੀ ਅਲਸਾਈ ਜਿਹੀ ਸੁਗੰਧੀ ਸਹਿਲਾਉਂਦੀ ਜਾਂਦੀ ਸੀ।

ਸਵੇਰੇ ਸਾਝਰੇ ਉਹ ਹੜਬੜਾ ਕੇ ਉੱਠਿਆ, ਘਰ ਵਾਲਾ ਸੱਜਣ ਉਸ ਦੇ ਸਿਰਹਾਣੇ ਖੜਾ ਸੀ। ਨੀਂਦ ਵਿਚ ਗੁਆਚਿਆ ਹੋਣ ਕਰਕੇ ਉਹਨੂੰ ਪਤਾ ਤੱਕ ਨਾ ਲੱਗਾ ਕਿ ਕੀ ਗੱਲ ਸੀ? ਬਾਹਰ ਵਿਹੜੇ ਵਿਚੋਂ ਸਵੇਰ ਹੋਣ ਦੀ ਬਿੜਕ ਆ ਰਹੀ ਸੀ, ਬਹਾਦਰ ਅਜੇ ਵੀ ਨੀਂਦ ਦੀਆਂ ਘੁਮੇਟਣੀਆਂ ਵਿਚ ਗੁਆਚਿਆ ਹੋਇਆ ਸੀ, ਉਸ ਦੇ ਕੰਨੀ ਫਿਰ ਬੋਲ ਪਿਆ, "ਕੋਈ ਬੰਦਾ ਤੇਰੇ ਮਗਰ ਆਇਐ, ਸ਼ਕੰਦਰ ਨਾ ਦੱਸਦਾ ਐ।"

"ਕਿੱਥੇ ਐ?" ਬਹਾਦਰ ਦਾ ਮੱਥਾ ਠਣਕਿਆ।

"ਉਹਨੂੰ ਮੈਂ ਉਧਰ ਬਿਠਾ ਆਇਆਂ, ਮਖਿਆ ਕੀ ਐ, ਕੋਈ ਹੋਰ ਗੱਲ ਹੁੰਦੀ ਐ।"

"ਸ਼ਕਲ-ਸੂਰਤੋਂ ਕਿਹੋ ਜਿਐ?" ਬਹਾਦਰ ਦੇ ਮਨ ਵਿਚ ਕੋਈ ਸ਼ੱਕ ਆ ਬੈਠੀ, "ਲੰਮੇ-ਜੇ ਕੱਦ ਦਾ, ਪਤਲੇ ਜੁ ਅੰਗ ਦਾ, ਉਮਰ ਹੋਊ ਕੋਈ ਚਵੀ-ਪੱਚੀ ਦੀ!"

ਬਹਾਦਰ ਕੁਝ ਨਾ ਬੋਲਿਆ, ਕਾਹਲੀ ਨਾਲ ਪਜਾਮਾ ਕੁੜਤਾ ਪਾ ਕੇ, ਜੁੱਤੀ ਘਸੀਟਦਾ, ਉਹ ਉਹਦੇ ਮਗਰ ਹੀ ਸਕੰਦਰ ਕੋਲ ਆ ਗਿਆ, ਚਾਹ ਪੀਂਦਾ ਸ਼ਕੰਦਰ ਉਹਨੂੰ ਵੇਖ ਕੇ ਇਕ ਦਮ ਉੱਠ ਖੜ੍ਹਾ ਹੋ ਗਿਆ, ਹੱਥ ਮਿਲਾਉਂਦਿਆਂ ਉਹਨੇ ਸ਼ਕੰਦਰ ਦੇ ਚਿਹਰੇ ਦਾ ਰੰਗ ਉਡਿਆ ਹੋਇਆ ਲੱਗਿਆ।

"ਪਿੰਡ ਠੀਕ ਠਾਕ ਐ?"

"ਠੀਕ-ਠਾਕ ਕਾਹਦਾ।" ਝਿਜਕ ਜਿਹੀ ਮੰਨਦਾ ਸ਼ਕੰਦਰ ਆਸੇ-ਪਾਸੇ ਝਾਕਿਆ, ਖੁੱਲ੍ਹੀ ਜਿਹੀ ਸਬਾਤ ਵਿਚ ਹੋਰ ਕੋਈ ਨਹੀਂ ਸੀ। ਘਰ ਵਾਲਾ ਬਾਈ ਉਨ੍ਹਾਂ ਨੂੰ ਖਿੜਕੇ ਵੇਖ ਕੇ ਖੁਦ ਹੀ ਬਾਹਰ ਚਲਿਆ ਗਿਆ ਸੀ।

"ਗੱਲ ਕੀ, ਪੁਲਸ ਫੇਰ ਤਾਂ ਨੀ ਆਈ?"

"ਆਈ ਛੱਡ, ਉਨ੍ਹਾਂ ਭੈਣ ਦੇਣਿਆਂ ਤਾਈ-ਤਾਏ ਦੀ ਉਹ ਲਾਹ-ਪਾਹ ਕੀਤੀ। ਜਿਹੜੀ ਰਹੇ ਰੱਬ ਦਾ ਨਾਂ! ਪੰਚੈਤ 'ਚ ਈ ਤਾਏ ਦੀ ਦਾਹੜੀ ਥਾਣੇਦਾਰ ਨੇ ਪੱਟੀ।

"ਪੰਚੈਤ ਨੇ ਨਾ ਕੁਸ਼ ਆਖਿਆ?"

"ਪੰਚੈਤ ਤਾਂ ਕਹਿੰਦੀ ਸੀ ਬਈ ਇਨ੍ਹਾਂ ਦਾ ਕੀ ਕਸੂਰ ਐ! ਤੁਸੀਂ ਬਹਾਦਰ ਨੂੰ ਫੜ-ਲੋ, ਜਿਥੋਂ ਫੜ੍ਹ ਹੁੰਦਾ ਐ! ਪੰਚੈਤ ਪੁਲਸ ਨੂੰ ਕਹਿ ਈ ਸਕਦੀ ਐ, ਹੱਥ ਤਾਂ ਫੜਨੋ ਰਹੀ।"

"ਫੇਰ...?" ਬਹਾਦਰ ਨੂੰ ਆਪਣੇ ਅੰਦਰ ਕੁਝ ਰਿਝਦਾ ਮਹਿਸੂਸ ਹੋਇਆ।

"ਫੇਰ ਕੀ?- ਮੈਂ ਤਾਂ ਤੈਨੂੰ ਤਿੰਨਾਂ ਦਿਨਾਂ ਦਾ ਲੱਭਦਾ ਫਿਰਦਾਂ, ਥੋਡਾ ਕਾਮਰੇਡਾਂ ਦਾ ਓਡਾਂ ਦੀ ਗਧੀ ਵਾਂਗੂੰ ਪਤਾ ਵੀ ਕੁਸ਼ ਨੀ ਲੱਗਦਾ। ਜਿਥੇ ਵੀ ਜਾਵਾਂ, ਆਖਣ ਫਲਾਣੇ ਪਿੰਡ ਆ, ਉਥੇ ਆਵਾਂ, ਪਤਾ ਲੱਗੇ, ਚੱਲਿਆ ਗਿਆ! ਇਕ ਭੈਣ ਦੇਣਾ ਸੈਂਕਲ ਰਿੱਗਲ ਪੇਸ਼ ਪੈ ਗਿਆ, ਮੇਰੀਆਂ ਤਾਂ ਬਾਈ ਖੱਲੀਆਂ ਚੜ੍ਹੀਆਂ ਪਈਆਂ!"

ਬਹਾਦਰ ਦੇ ਚਿਹਰੇ ਉੱਤੇ ਕੌੜੀ ਜਿਹੀ ਮੁਸ਼ਕਾਨ ਨਿੱਤਰੀ।

"ਕੋਈ ਗੱਲ ਨਹੀਂ, ਆਪਾਂ ਚੱਲਦੇ ਆਂ, ਤੂੰ ਦਿਲਗੀਰ ਨਾ ਹੋ।"

"ਦਿਲਗੀਰ ਹੋਣ ਆਲੀ ਤਾਂ ਗੱਲ ਐ! ਬੁੜਾ-ਬੁੜੀ ਦੇ ਥਾਂ ਕੁ ਥਾਂ ਲੱਗੀ, ਉਨ੍ਹਾਂ ਤਾਂ ਪਾਣੀ ਵੀ ਨ੍ਹੀਂ ਮੰਗਣਾ!"

ਬਹਾਦਰ ਨੇ ਸ਼ਕੰਦਰ ਦੇ ਚਿਹਰੇ 'ਤੇ ਤਿਰਛੀ ਨਜ਼ਰ ਨਾਲ ਵੇਖਿਆ, ਉਹ ਅੱਕਿਆ-ਥੱਕਿਆ ਤਾਂ ਸੀ ਹੀ, ਪਰ ਹੁਣ ਬਹਾਦਰ ਨੂੰ ਮਹਿਸੂਸ ਹੋਇਆ, ਜਿਵੇਂ ਉਹ ਸਾਰੇ ਫਸਾਦਾਂ ਦੀ ਜੜ੍ਹ ਹੀ ਬਹਾਦਰ ਨੂੰ ਸਮਝ ਰਿਹਾ ਹੋਵੇ, ਸ਼ਕੰਦਰ ਅਜੇ ਵੀ ਬੋਲੀ ਜਾਂਦਾ ਸੀ, "ਇਕ ਥਾਂ ਗਿਆ, ਆਂਹਦੇ ਏਥੇ ਸਭਚਾਰ ਮੇਲਾ ਸੀ। ਮਖਿਆ, ਉਧਰ ਪੁਲਸ ਵਾਲੇ ਬੁੜੇ-ਬੁੜੀ ਦੇ ਕੁੱਟ ਕੁੱਟ ਕੇ ਲੱਲ੍ਹੇ ਪਾਈ ਜਾਂਦੇ ਐ, ਇਹਨੂੰ ਮੇਲੇ ਵੇਖਣ ਦੀ ਪਈ ਐ!"

"ਤੂੰ ਚਾਹ-ਚੂਹ ਪੀ ਲੀ ਕਿ...।" ਬਹਾਦਰ ਨੇ ਉਹਨੂੰ ਠੰਢਾ ਕਰਨ ਲਈ ਗੱਲ ਦਾ ਰੁਖ਼ ਬਦਲਣ ਖਾਤਰ ਐਵੇਂ ਉੱਠ ਕੇ ਇਧਰ ਉਧਰ ਦੇਖਿਆ, ਪੈਰ ਜਿਹੇ ਮਲਦਾ ਸਬਾਤ ਵਿਚੋਂ ਬਾਹਰ ਚੱਲਿਆ, ਸ਼ਕੰਦਰ ਦੀ ਹਾਲ-ਦੁਹਾਈ ਵੇਖ ਕੇ ਇਕ ਵਾਰ ਤਾਂ ਉਸ ਦਾ ਦਿਲ ਘਟਣ ਲੱਗ ਪਿਆ, ਚਾਹ ਪੀਂਦੇ ਗੱਲੀਂ ਪਏ ਹੋਏ ਦੂਸਰੇ, ਉਸ ਨੂੰ ਅਚਾਨਕ ਘਬਰਾਇਆ ਵੇਖ ਕੇ ਚੁੱਪ ਹੋ ਗਏ, ਉਹਨੇ ਉਨ੍ਹਾਂ ਦੇ ਚਿਹਰਿਆਂ ਵਲ ਖਾਲੀ ਜੇਹਾ ਝਾਕ ਕੇ ਆਪਣੀ ਆਵਾਜ਼ ਵਿਚ ਤਾਅ ਭਰ ਕੇ ਆਖਿਆ, "ਮਿੱਤਰੋ, ਮੈਨੂੰ ਦਿਉ ਛੁੱਟੀ! ਮੈਨੂੰ ਜ਼ਰੂਰੀ ਕੰਮ ਐ! ਮਗਰ ਪਿੰਡੋਂ ਬੰਦਾ ਆਇਐ!"

ਉਹ ਸਾਰੇ ਇਕਦਮ ਬੋਲੇ, "ਜਿਹੜਾ ਪਿੰਡੋਂ ਬੰਦਾ ਐਡੀ ਦੂਰ ਮਗਰ ਆਇਐ, ਕਿਤੇ ਕੋਈ ਭਾਰੀ ਮੁਸੀਬਤ ਤਾਂ ਨ੍ਹੀਂ।"

"ਨਹੀਂ...।" ਆਖਦਿਆਂ ਬਹਾਦਰ ਨੇ ਸਾਰਿਆਂ 'ਤੇ ਨਿਗਾਹ ਮਾਰੀ ਅਤੇ ਕਾਹਲੇ ਕਦਮੀਂ ਬਾਹਰ ਸਾਈਕਲ ਲਈ ਖਲੋਤੇ ਸ਼ਕੰਦਰ ਕੋਲ ਆ ਗਿਆ। ਸਾਈਕਲ ਸੱਚੀਂ-ਮੁੱਚੀਂ ਜਰਖ਼ਲਿਆ ਹੋਇਆ ਸੀ, ਦੋ ਜਣਿਆਂ ਦੇ ਭਾਰ ਨਾਲ ਹਿਚਕੋਲੇ ਖਾਂਦਾ ਚੀਕ ਰਿਹਾ ਸੀ। ਕਿੰਨੀ ਵਾਟ ਉਹ ਚੁਪ-ਚੁਪੀਤੇ ਚੱਲਦੇ ਗਏ। ਬਹਾਦਰ ਦੇ ਅੰਦਰ ਸੋਚਾਂ ਦੀ ਘੜਮੱਸ ਪਈ ਹੋਈ ਸੀ, ਅਚਾਨਕ ਉਸਨੇ ਪੁੱਛਿਆ, "ਹੁਣ ਕਿੱਥੇ ਐ?"

"ਕੌਣ...?" ਸ਼ਕੰਦਰ ਨੇ ਮਗਰ ਧੌਣ ਮੋੜੀ।

"ਬਾਪੂ ਹੋਰੀਂ...?"

"ਹੋਣਾ ਕਿੱਥੇ ਐ, ਥਾਣੇ ਬਿਠਾਏ ਐ।"

ਬਹਾਦਰ ਨੇ ਹੋਰ ਗੱਲ ਨਾ ਪੁੱਛੀ, ਉਸਨੂੰ ਸ਼ਕੰਦਰ ਦੀ ਹਰ ਗੱਲ ਸੂਲ-ਵਾਂਗ ਚੁੱਭਦੀ ਸੀ। ਜਵਾਬ ਦੇਣ ਦੀ ਥਾਂ ਉਹ ਆਲਾ-ਦੁਆਲਾ ਵੇਖਣ ਲੱਗ ਪਿਆ। ਸਾਈਕਲ ਦੀ ਚੂਕ ਜਾਗ ਰਹੀ ਸਵੇਰ ਵਿਚ ਨਿਖਰਵੀਂ ਸੁਣ ਰਹੀ ਸੀ, ਪੱਕੀ ਸੜਕ ਚੜ੍ਹਨ ਸਾਰ ਬਹਾਦਰ ਨੇ ਪੁੱਛਿਆ, "ਥੱਕ ਗਿਆ, ਤਾਂ ਮੈਂ ਚਲਾਵਾਂ!"

ਇਸ ਵਾਰ ਸ਼ਕੰਦਰ ਨੇ ਮਗਰ ਭਉਂ ਕੇ ਗੜਕੇ ਨਾਲ ਆਖਿਆ, "ਬਾਈ, ਜੇ ਐਸ ਉਮਰ 'ਚ ਥੱਕਣ ਲੱਗੇ, ਫੇਰ ਪਾ-ਲਈਆਂ ਪੂਰੀਆਂ!"

"ਸੈਂਕਲ ਫੜਾਉਣੈ, ਹੁਣ ਉਨ੍ਹਾਂ ਦਾ?"

"ਆਹੋ, ਫੜਾ ਕੇ ਜਾਵਾਂਗੇ! ਫੇਰ ਏਨੀ ਦੂਰ ਕੌਣ ਆਊ, ਲੱਤਾਂ ਘੜਾਉਂਦਾ!"

"ਨਿਰਵੈਰ ਨ੍ਹੀਂ ਆਇਆ?"

ਸ਼ਕੰਦਰ ਨੇ ਪੈਂਡਲ ਮਾਰਨੇ ਛੱਡ ਕੇ ਬਹਾਦਰ ਵਲ ਵੇਖਿਆ, ਉਹ ਕੈਰੀਅਰ ਉੱਤੇ ਨੀਵੀਂ ਪਾਈ ਬੈਠਾ ਸੀ, ਬਹਾਦਰ ਨੇ ਹੌਲੀ ਹੁੰਦਾ ਤੇ ਡੋਲਦਾ ਸਾਈਕਲ ਭਾਂਪ ਕੇ ਅਚਨਚੇਤ ਸ਼ਕੰਦਰ ਦੀ ਪਿੱਠ ਨੂੰ ਕਾਹਲੀ ਨਾਲ ਹੱਥ ਪਾਇਆ, ਤਾਂ ਉਸਦੀਆਂ ਨਜ਼ਰਾਂ ਹੈਰਾਨੀ ਨਾਲ ਮਿਲੀਆਂ।

"ਤੈਨੂੰ ਦੱਸਿਆ ਤਾਂ ਸੀ, ਉਹ ਵੀ ਰੈਕੋਟ ਅੰਦਰ ਨੇ! ਕਈ ਦਿਨ ਥਾਣੇ ਨੂੰ ਘੇਰਾ ਵੀ ਪਾਈ ਰੱਖਿਐ! ਉਲਟਾ ਪੁਲਸ ਨੇ ਮੌਲਕ 'ਤੇ ਛਿੱਤਰ ਫੇਰਿਆ!"

ਬਹਾਦਰ ਨੂੰ ਆਪਣਾ ਸਰੀਰ ਸੁੰਨ ਹੁੰਦਾ ਜਾਪਿਆ, ਸਵੇਰੇ ਆਉਣ ਸਾਰ ਸ਼ਕੰਦਰ ਨੇ ਉਹਨੂੰ ਸਭ ਕੁਝ ਦੱਸਿਆ ਸੀ। ਜਿਥੋਂ ਸਾਈਕਲ ਫੜਿਆ ਸੀ, ਉਹ ਪਿੰਡ ਆ ਗਿਆ ਸੀ। ਘਰ ਵਾਲਿਆਂ ਨੇ ਉਨ੍ਹਾਂ ਦੇ ਨਾਂਹ-ਨੁੱਕਰ ਕਰਦਿਆਂ ਵੀ ਚਾਹ ਪੀਣ ਲਈ ਬਿਠਾ ਲਿਆ, ਇਸ ਸਮੇਂ ਵੀ ਬਹਾਦਰ ਸੋਚਾਂ ਵਿਚ ਡੁੱਬਿਆ ਰਿਹਾ। ਸ਼ਕੰਦਰ ਉਸ ਦੇ ਤਣਾਅ ਵਿਚ ਆਏ ਚਿਹਰੇ ਨੂੰ ਗਹੁ ਨਾਲ ਵੇਖਦਾ ਰਿਹਾ, ਪਿੰਡੋਂ ਬਾਹਰ ਨਿਕਲਦਿਆਂ ਬਹਾਦਰ ਨੇ ਹੌਲੀ ਜਿਹੀ ਗੱਲ ਤੋਰੀ, "ਤੇਰਾ ਕੀ ਖਿਆਲ ਐ ਸ਼ਕੰਦਰ, ਥਾਣੇ ਆਲੇ ਇਉਂ ਬਾਪੂ ਹੋਰਾਂ ਨੂੰ ਛੱਡ ਦੇਣਗੇ?"

"ਜੇ ਬਾਈ ਉਨ੍ਹਾਂ ਨੇ ਛੱਡਣੇ ਈ ਹੁੰਦੇ, ਪੰਚਾਇਤ ਦੇ ਆਖੇ ਈ ਛੱਡ ਦਿੰਦੇ! ਤੇਰੇ ਚਿੱਤ 'ਚ ਹੋਣੀ ਐ ਬਈ ਅਸੀਂ ਆਪਦੀ ਵਾਹ ਨ੍ਹੀਂ ਲਾਈ।"

"ਨਹੀਂ, ਏਸ ਤਰ੍ਹਾਂ ਦੀ ਕੋਈ ਗੱਲ ਨ੍ਹੀਂ! ਮੈਂ ਆਹਨਾਂ...ਹੁਣ ਆਪਾਂ ਕਰੀਏ ਕੀ?"

"ਇਹ ਤਾਂ ਬਾਈ ਤੂੰ ਈ ਦੇਖਣਾ ਐਂ, ਸਾਡੇ ਨਾਲੋਂ ਸਿਆਣੈਂ ਫਿਰਿਐਂ, ਤੁਰਿਐਂ।"

ਜਦੋਂ ਵੀ ਸ਼ਕੰਦਰ ਸੁਭਾਵਕ ਗੱਲ ਕਰਦਾ, ਬਹਾਦਰ ਦਾ ਅੰਦਰ ਦੂਬ ਜਾਂਦਾ, ਉਹਨੂੰ ਕੁਝ ਵੀ ਨਹੀਂ ਔੜਦਾ ਸੀ। ਰਾਜਨੀਤੀ ਵਾਲੀ ਇਕ ਹੀ ਗੱਲ ਉਸ ਕੋਲ ਬਾਕੀ ਬੱਚਦੀ ਸੀ ਕਿ ਇਕੱਠ ਕਰਕੇ ਥਾਣੇ ਵਾਲਿਆਂ ਨੂੰ ਦੱਬ ਲਿਆ ਜਾਵੇ। ਬੱਸ ਚੜ੍ਹ ਕੇ ਉਹ ਰਾਏਕੋਟ ਆ ਗਏ। ਬੱਸੋਂ ਉਤਰ ਕੇ ਬਹਾਦਰ ਨੇ ਕੀੜਿਆਂ ਦੇ ਭੌਣ ਵਾਂਗ ਇਧਰ ਉਧਰ ਫਿਰਦੀਆਂ ਸਵਾਰੀਆਂ ਵਲ ਵਿਹੰਦਿਆਂ ਮਲਵੀਂ ਜੀਭ ਨਾਲ ਕਿਹਾ, "ਚਾਹ ਨਾ ਪੀ ਲਈਏ?"

"ਲੋੜ ਤਾਂ ਹੈ-ਨੀ!" ਸ਼ਕੰਦਰ ਨੇ ਉਹਦੇ ਉਦਾਸ ਚਿਹਰੇ ਵਲ ਵੇਖਿਆ, "ਊਂ ਤੇਰੀ ਮਰਜ਼ੀ!"

"ਚਲ ਆ ਜਾ, ਘੁਟ ਘੁਟ ਚਾਹ ਨਾਲ ਸਰੀਰ ਕੈਮ ਹੋ ਜੂ!"

ਸ਼ਕੰਦਰ ਨਿੰਕਾ ਜੇਹਾ ਹੱਸਿਆ। ਦਰਅਸਲ ਬਹਾਦਰ ਉਥੋਂ ਨਿਰਵੈਰ ਹੋਰਾਂ ਬਾਰੇ ਪਤਾ ਕਰਨਾ ਚਾਹੁੰਦਾ ਸੀ। ਚਾਹ ਪੀਂਦਿਆਂ, ਜਦੋਂ ਉਸ ਆਪਣੀ ਇਹ ਸਲਾਹ ਦੱਸੀ, ਸ਼ਕੰਦਰ ਨੇ ਡਰ ਕੇ ਜਿਹੇ ਆਖਿਆ, "ਇਹ ਨਾ ਹੋਵੇ, ਬਾਈ ਕਿਤੇ ਥਾਣੇ ਆਲੇ ਤੈਨੂੰ ਫੜ ਕੇ ਅੰਦਰ ਕਰ ਦੇਣ!"

ਬਹਾਦਰ ਨੇ ਉਸ ਵਲ ਵੇਖਿਆ, ਸ਼ਕੰਦਰ ਉਸ ਦੇ ਚਿਹਰੇ 'ਤੇ ਲਿਸ਼ਕਵੀਂ ਪਸਰੀ ਮੁਸਕਰਾਹਟ ਵਲ ਵੇਖਦਾ ਰਿਹਾ, ਸੜਕ ਦੇ ਸਾਹਮਣੇ ਵਲ ਖੁੱਲ੍ਹਦੀ ਇਹ ਸਸਤੀ ਜਾਪਦੀ ਦੁਕਾਨ ਵਿਚੋਂ ਸਲਾਬੀ ਗੰਧ ਆ ਰਹੀ ਸੀ, ਘਸਮੈਲੇ ਮੇਜ਼ ਕੁਰਸੀਆਂ ਵਿਚ ਟਾਂਵੇਂ ਟਾਂਵੇਂ ਗਾਹਕ ਬੈਠੇ ਸਨ। ਭੱਦੇ ਜਿਹੇ ਜਾਪਦੇ ਢਲੇ ਨਕਸ਼ਾਂ ਵਾਲੇ ਦੁਕਾਨਦਾਰ ਨੂੰ ਪੈਸੇ ਫੜਾਉਂਦਿਆਂ, ਸਰਸਰੀ ਸ਼ਕੰਦਰ ਵਲ ਨਜ਼ਰ ਮਾਰੀ, ਮੁੰਡਾ ਤਾਂ ਉਸ ਨੂੰ ਐਵੇਂ ਜੁਆਕ ਜੇਹਾ ਜਾਪਿਆ, ਸਵੇਰ ਤੋਂ ਲੈ ਕੇ ਹੁਣ ਤੱਕ ਕੀਤੀਆਂ ਗੱਲਾਂ ਵੀ ਉਸ ਨੂੰ ਉਸ ਦੇ ਛੋਟੇ ਜਿਹੇ ਮੂੰਹ ਵਰਗੀਆਂ ਮਹਿਸੂਸ ਹੋਈਆਂ, ਅੰਦਰੋਂ ਆਪਣੇ ਆਪ ਮੁਸ਼ਕਾਣ ਉੱਠ ਕੇ ਉਤਾਂਹ ਉਸਦੇ ਚਿਹਰੇ ਉੱਤੇ ਪਸਰ ਗਈ, ਦੁਕਾਨ ਵਿਚੋਂ ਨਿਕਲ ਕੇ ਦਰਵਾਜ਼ੇ ਤੱਕ ਬਹਾਦਰ ਤੇਜ਼ ਕਦਮ ਭਰਦਾ ਚੁੱਪ-ਚਾਪ ਵਗਿਆ ਗਿਆ, ਬਾਜ਼ਾਰ ਵਿਚ ਵਾਹਵਾ ਗਹਿਮਾ ਗਹਿਮੀ ਸੀ, ਆਉਂਦੇ ਜਾਂਦੇ ਲੋਕਾਂ ਦੇ ਚਿਹਰੇ ਅੱਧਖਿੜੇ ਹੋਏ ਜਾਪ ਰਹੇ ਸਨ। ਦਰਵਾਜ਼ੇ ਕੋਲ ਪਹੁੰਚ ਕੇ, ਅਚਾਨਕ ਬਹਾਦਰ ਨੇ ਮਗਰ ਮੁੜ ਕੇ ਵੇਖਿਆ, ਸ਼ਕੰਦਰ ਦੀ ਘਬਰਾਈ ਸੂਰਤ ਉਸ ਨੂੰ ਦਿੱਸੀ, ਜਿਹੜਾ ਉਸਦੇ ਮਗਰ ਉਸੇ ਚਾਲ ਵੱਗਿਆ ਆਉਂਦਾ ਸੀ। ਸ਼ਕੰਦਰ ਦੀਆਂ ਉਸ ਨਾਲ ਅੱਖਾਂ ਮਿਲੀਆਂ, ਕੁਝ ਆਖਣ ਦੀ ਥਾਂ ਉਸ ਦੀ ਮੱਠੀ ਹੋਈ ਚਾਲ ਤੇਜੀ ਫੜ ਗਈ। ਕਈ ਮੋੜ ਮੁੜ ਕੇ, ਬਹਾਦਰ ਨੂੰ ਦੂਰੋਂ ਨਿੱਕੀ ਇੱਟ ਦੀ ਦਿਉ-ਕੱਦ ਇਮਾਰਤ ਡਰਾਉਣੇ ਰੂਪ ਝਾਕਦੀ ਨਜ਼ਰ ਪਈ। ਥਾਣੇ ਦੀ ਪਿਛਵਾੜਿਉਂ ਦਿੱਸ ਰਹੀ ਤੇ ਪੁਰਾਣੀ ਪੈ ਕੇ ਕਿਰਦੀ ਕੰਧ ਨੂੰ ਵੇਖਦਿਆਂ ਉਨ੍ਹਾਂ ਦੋਵਾਂ ਦਾ ਸਾਹ-ਸਤ ਸੂਤਿਆ ਗਿਆ। ਜਦੋਂ ਥਾਣੇ ਦੇ ਸਾਹਮਣੇ ਵਾਲੀ ਸੜਕ 'ਤੇ ਆਏ, ਇਥੇ ਲੋਕਾਂ ਦੀ ਆਵਾਜਾਈ ਸੰਘਣੀ ਸੀ, ਪਰ ਲੋਕਾਂ ਦਾ ਰੌਲਾ ਕਿਤੇ ਨਾ ਦਿੱਸਿਆ, ਸਿਰਫ ਥਾਣੇ ਦੇ ਨੇੜੇ ਇਕ ਸੇਬਾਂ ਦੀ ਰੇਹੜੀ ਲਾਈ ਭਾਈ ਖਲੋਤਾ ਸੀ, ਬਹਾਦਰ ਨੇ ਕੋਲ ਜਾ ਕੇ ਹੌਲੀ ਜਿਹੀ ਪੁੱਛਿਆ, "ਭਲਾ ਬਾਈ, ਐਥੇ ਥਾਣੇ ਆਲਿਆਂ ਨਾਲ ਕੀ ਅਲਸੇਟ ਪੈ ਗਿਆ ਸੀ।"

ਰੇਹੜੀ ਵਾਲਾ ਜਿਸ ਦਾ ਸਿਰ ਰਗੜ ਕੇ ਮੁੰਨਿਆ ਹੋਣ ਕਰਕੇ ਲੰਬੂਤਰੇ ਸੇਬ ਵਾਂਗ ਉੱਭਰਿਆ ਹੋਇਆ ਸੀ, ਉਸ ਵਲ ਝਾਕਿਆ, "ਅਲਸੇਟ ਜਿਹਾ ਅਲਸੇਟ।" ਤੇ ਉਹ ਨਾਲ ਦੀ

(ਅਗਲੇ ਸਫੇ 'ਤੇ ਜਾਰੀ)

'ਇੱਕ ਬਾਬਾ ਨਾਨਕ ਸੀ, ਜੀਹਨੇ ਤੁਰ ਕੇ ਦੁਨੀਆ ਗਾਹ'ਤੀ, ਇੱਕ ਅੱਜ ਕੱਲ੍ਹ ਬਾਬੇ ਨੇ, ਬੱਤੀ ਲਾਲ ਗੱਡੀ 'ਤੇ ਲਾ'ਤੀ'

**ਚਰਚਾ**

# ਬਾਬੇ ਨਾਨਕ ਨਾਲ ਅਜੋਕੇ ਬਾਬਿਆਂ ਦੀ ਤੁਲਨਾ ਕਰਨੀ ਕਿੰਨੀ ਕੁ ਜਾਇਜ਼?

**ਸਵਰਨ ਸਿੰਘ ਟਹਿਣਾ***

ਜਨਾਬ ਜੀ, ਪਿਛਲੇ ਕਈ ਹਫ਼ਤਿਆਂ ਤੋਂ ਬਾਬਿਆਂ ਵਾਲਾ ਗੀਤ ਗਾਉਣ ਕਰਕੇ ਬੱਬੂ ਮਾਨ ਦੀ ਚਰਚਾ ਛਿੜੀ ਹੋਈ ਹੈ। ਭਾਵੇਂ ਉਹ ਸਟੇਜਾਂ 'ਤੇ ਮੰਦਾ ਬੋਲਣ ਕਰਕੇ ਪਹਿਲਾਂ ਵੀ ਚਰਚਾ ਵਿਚ ਰਹਿੰਦੈ, ਪਰ ਇਸ ਵਾਰ ਹੋਈ ਚਰਚਾ ਤੇ ਪਹਿਲਾਂ ਵਾਲੀ ਚਰਚਾ ਵਿਚ ਵਾਹਵਾ ਫ਼ਰਕ ਐ। ਏਸ ਵਾਰ ਉਹਨੇ ਆਪਣੇ ਗੀਤ ਵਿਚ ਉਨ੍ਹਾਂ ਬਾਬਿਆਂ ਵੱਲ ਉਂਗਲ ਕੀਤੀ ਐ, ਜਿਹੜੇ ਰੱਬ ਨਾਲ ਆੜੀ ਪੁਆਉਣ ਦੀ ਵਿਚੋਲਗੀ ਕਰਦੇ ਨੇ, ਜਿਹੜੇ ਖੁਦ ਮਹਿੰਗੀਆਂ ਕਾਰਾਂ ਵਿਚ ਸਫ਼ਰ ਕਰਦੇ ਨੇ, ਪਰ ਲੋਕਾਂ ਨੂੰ ਜ਼ਮੀਨ ਨਾਲ ਜੁੜ ਕੇ ਰਹਿਣ ਦੀ ਨੇਕ ਸਲਾਹ ਦਿੰਦੇ ਨੇ, ਜਿਹੜੇ ਲੋਕਾਂ ਨੂੰ ਹੱਕ-ਹਲਾਲ ਦੀ ਕਮਾਈ ਖਾਣ ਲਈ ਪ੍ਰੇਰਦੇ ਨੇ, ਪਰ ਖੁਦ ਮੋਟੀ ਕਮਾਈ ਕਰਦੇ ਨੇ।

ਇਹੋ ਜਿਹੇ ਗੀਤ ਸਮੇਂ-ਸਮੇਂ 'ਤੇ ਆਉਂਦੇ ਰਹੇ ਨੇ ਤੇ ਆਉਂਦੇ ਵੀ ਰਹਿਣਗੇ। ਇੱਕ ਵਾਰ ਗਿੱਲ ਹਰਦੀਪ ਨੇ ਗਾਇਆ ਸੀ, 'ਚੋਰਾਂ ਦੇ ਵੱਸ ਪੈ ਕੇ ਭਾਰਤ ਮਾਂ ਕੁਰਲਾਉਂਦੀ ਐ...', ਪਰ ਉਦੋਂ 'ਯੂ ਟਿਊਬ' ਦਾ ਬਹੁਤਾ ਬੋਲਬਾਲਾ ਨਾ ਹੋਣ ਕਰਕੇ ਉਹ ਗੀਤ ਓਨੀ ਚਰਚਾ ਨਹੀਂ ਸੀ ਕਰਾ ਸਕਿਆ, ਜਿੰਨੀ ਦਾ ਉਹ ਹੱਕਦਾਰ ਸੀ। ਜੇ ਉਦੋਂ ਅੱਜ ਵਾਲਾ ਵੇਲ਼ਾ ਹੁੰਦਾ ਤੇ ਗੀਤ ਦੇ ਵੀਡੀਓ ਵਿਚ ਭ੍ਰਿਸ਼ਟ ਮੰਤਰੀਆਂ ਦੀਆਂ ਫੋਟੋਆਂ ਪਾ ਦਿੱਤੀਆਂ ਜਾਂਦੀਆਂ ਤਾਂ ਗਿੱਲ ਦੀ ਵੀ ਤੂਤੀ ਬੋਲਣ ਲੱਗ ਜਾਣੀ ਸੀ। ਹੁਣ ਜਦੋਂ ਇੰਟਰਨੈੱਟ ਦਾ ਜਾਲ਼ ਚਾਰੇ ਪਾਸੇ ਵਿਛ ਗਿਐ ਤਾਂ ਬੱਬੂ ਦਾ ਬਾਬਿਆਂ ਵਾਲਾ ਗੀਤ ਕੈਸਿਟ ਆਉਣ ਤੋਂ ਪਹਿਲਾਂ ਹੀ ਚਰਚਾ ਵਿਚ ਆ ਗਿਆ। ਉਸ ਨੇ ਪਬਲੀਸਿਟੀ ਸਟੰਟ ਲਈ ਇਹ ਗੀਤ 'ਯੂ ਟਿਊਬ' 'ਤੇ ਖੁਦ ਪਾਇਆ ਜਾਂ ਕਿਸੇ ਜਾਅਲਸਾਜ਼ ਨੇ ਪਾ ਦਿੱਤਾ, ਇਹ ਤਾਂ ਰੱਬ ਜਾਣੇ, ਪਰ ਹਕੀਕਤ ਪਸੰਦ ਲੋਕਾਂ ਨੂੰ ਉਸ ਦਾ ਇਹ ਗੀਤ ਖੂਬ ਪਸੰਦ ਆ ਰਿਹੈ।

'ਯੂ ਟਿਊਬ' ਵਾਲੇ ਗੀਤ ਦੇ ਵੀਡੀਓ ਤੇ ਚੈਨਲਾਂ 'ਤੇ ਦਿਸਦੇ ਵੀਡੀਓ ਵਿਚ ਢੇਰ ਸਾਰਾ ਅੰਤਰ ਐ। 'ਯੂ ਟਿਊਬ' ਵਾਲੇ ਗੀਤ ਦੇ ਵੀਡੀਓ ਵਿਚ ਢੱਡਰੀਆਂ ਵਾਲੇ ਬਾਬੇ ਰਣਜੀਤ ਸਿੰਘ ਨੂੰ ਵੀ ਦਿਖਾਇਆ ਗਿਐ, ਸਿਰਸੇ ਵਾਲੇ ਨੂੰ ਵੀ, ਲਾਲ ਬੱਤੀ ਵਾਲੀਆਂ ਮਹਿੰਗੀਆਂ ਗੱਡੀਆਂ ਨੂੰ ਵੀ ਤੇ ਹੋਰ ਕਾਫੀ ਕੁੱਝ ਨੂੰ ਵੀ। ਉਹ ਨੇ ਗਾਇਐ, 'ਇੱਕ ਬਾਬਾ ਨਾਨਕ ਸੀ ਜੀਹਨੇ ਤੁਰ ਕੇ ਦੁਨੀਆਂ ਗਾਹ'ਤੀ, ਇੱਕ ਅੱਜ ਕੱਲ੍ਹ ਬਾਬੇ ਨੇ ਬੱਤੀ ਲਾਲ ਗੱਡੀ 'ਤੇ ਲਾ'ਤੀ।'

ਨੌਜਵਾਨ ਤਬਕਾ ਬੱਬੂ ਨਾਲ ਵੱਡੀ ਗਿਣਤੀ ਵਿਚ ਜੁੜਿਆ ਹੋਇਆ ਹੈ ਤੇ ਬੱਬੂ ਦੀ ਏਸ ਗੱਲੋਂ ਵਾਹਵਾ ਤਾਰੀਫ਼ ਕਰ ਰਿਹੈ ਕਿ ਉਹ ਨੇ ਕਾਮਰੇਡੀ ਸੋਚ ਵਾਲਾ ਗੀਤ ਗਾਇਐ। ਜਾਅਲੀ ਬਾਬਿਆਂ ਨੇ ਸਾਡੇ ਮੁਲਕ ਦਾ ਦੀਵਾਲਾ ਕੱਢ ਛੱਡਿਐ, ਏਸ ਗੱਲ ਵਿਚ ਕੋਈ ਸ਼ੱਕ ਨਹੀਂ। ਇਨ੍ਹਾਂ ਬਾਬਿਆਂ ਨੇ ਬੀਬੀਆਂ ਸਮੇਤ ਮੁਲਕ ਦੇ ਸਾਰੇ ਲੀਡਰਾਂ ਨੂੰ ਪਿੱਛੇ ਲਾਇਆ ਹੋਇਐ, ਇਹ ਵੀ ਸੱਚ ਹੈ ਤੇ ਧਰਮ ਦੇ ਨਾਂ ਹੇਠ ਹੋਣ ਵਾਲੇ ਕੁਕਰਮ ਕਿਸੇ ਤੋਂ ਲੁਕੇ-ਛੁਪੇ ਨਹੀਂ, ਏਸ ਗੱਲ ਤੋਂ ਵੀ ਪੱਲਾ ਨਹੀਂ ਝਾੜਿਆ ਜਾ ਸਕਦਾ ਪਰ ਜੇ ਗਹੁ ਨਾਲ ਤੱਕੀਏ ਤਾਂ ਏਸ ਹਮਾਮ ਵਿਚ ਸਾਰੇ ਹੀ ਨੰਗੇ ਨੇ।

ਬੱਬੂ ਸਿੱਖੀ ਵਿਚ ਆਏ ਨਿਘਾਰ ਦੀ ਗੱਲ ਕਰਦੈ, ਇਹ ਵਧੀਆ ਗੱਲ ਹੈ। ਉਹ ਭੜਕੀਲਾ ਬੋਲਣ 'ਚ ਮਾਹਰ ਹੈ, ਇਹ ਵੀ ਸੱਚ ਹੈ, ਪਰ ਸੱਚ ਜਾਣਿਓਂ ਬੱਬੂ ਦੀ ਸੋਚ ਵੀ ਤਿਲਕਵੀਂ ਹੈ। ਕਿਸੇ ਵੇਲ਼ੇ ਉਹ ਚਰਚਾ ਖਾਤਰ ਇਹ ਵੀ ਗਾ ਛੱਡਦੈ ਕਿ ਮੁਟਿਆਰ ਨੂੰ ਮਿਲਣ ਲਈ ਕਮਾਦ ਵਰਗੀ ਸੇਫ਼ ਜਗ੍ਹਾ ਕੋਈ ਨਹੀਂ। ਕਿਸੇ ਵੇਲ਼ੇ ਗਾਉਂਦੈ ਕਿ ਚੌਥਾ ਪੈੱਗ ਲਾ ਕੇ ਬਾਂਹ ਫੜ ਲੈਣੀ ਚਾਹੀਦੀ ਐ, ਕਿਸੇ ਵੇਲ਼ੇ 'ਰਾਤੀਂ ਮਿਲਣ ਨਾ ਆਈਂ ਓਏ' ਗਾ ਛੱਡਦੈ ਤੇ ਕਿਸੇ ਵੇਲ਼ੇ ਨੌਜਵਾਨ ਪੀੜ੍ਹੀ ਨੂੰ ਪਿੱਛੇ ਲਾਉਣ ਲਈ 'ਚੱਕ ਲਓ ਰਿਵਾਲਵਰ ਰਫ਼ਲਾਂ' ਵਰਗਾ ਗੀਤ ਵੀ ਗਾ ਦਿੰਦੈ। ਉਸ ਦੇ ਗੀਤ ਹਿੱਟ ਹੋ ਜਾਂਦੇ ਨੇ ਤੇ ਖੇਡਿਆ ਪੱਤਾ ਕਾਮਯਾਬ ਹੋ ਜਾਂਦੈ। ਹੁਣ ਵੀ ਉਸ ਦਾ ਪੱਤਾ ਚੱਲ ਗਿਐ ਤੇ ਚੱਲਿਆ ਵੀ ਵੱਡੀ ਪੱਧਰ 'ਤੇ ਹੈ।

ਪਰ ਸਾਡੀ ਜਾਚੇ ਅਜੋਕੇ ਬਾਬਿਆਂ ਦੀ ਤੁਲਨਾ ਬਾਬੇ ਨਾਨਕ ਨਾਲ ਕਰਨੀ ਕਿਸੇ ਪਾਸਿਓਂ ਵੀ ਉੱਚਿਤ ਨਹੀਂ। ਬਾਬਾ ਨਾਨਕ ਮਹਾਨ ਹਸਤੀ ਸੀ, ਉਸ ਨੇ ਹਰ ਗੱਲ ਤਰਕ ਦੇ ਆਧਾਰ 'ਤੇ ਕੀਤੀ, ਸਾਰੀ ਉਮਰ ਲੋਕਾਂ ਨੂੰ ਸਿੱਧੇ ਰਾਹ ਪਾਉਣ ਦੇ ਲੇਖੇ ਲਗਾ ਦਿੱਤੀ...ਉਸ ਤੋਂ ਬਾਅਦ ਨਾ ਕੋਈ ਬਾਬਾ ਨਾਨਕ ਪੈਦਾ ਹੋਇਆ ਅਤੇ ਨਾ ਹੀ ਆਉਂਦੇ ਸਮੇਂ ਵਿਚ ਹੋਵੇਗਾ, ਇਸ ਕਰਕੇ ਅਜੋਕੇ ਗੱਡੀਆਂ ਵਾਲੇ ਬਾਬਿਆਂ ਦੀ ਤੁਲਨਾ ਸਿੱਖਾਂ ਦੇ ਪਹਿਲੇ ਗੁਰੂ ਨਾਲ ਕਰਨੀ ਕਿਸੇ ਪਾਸਿਓਂ ਵੀ ਸਿਆਣੀ ਗੱਲ ਨਹੀਂ। ਅੱਜ ਦੇ ਬਹੁਤੇ ਬਾਬੇ ਦੁਨਿਆਵੀ ਨੇ, ਰੋਟੀ ਦੇ ਆਹਰ ਵਿਚ ਲੱਗੇ ਹੋਏ, ਜ਼ਿੰਦਗੀ ਦੀਆਂ ਉੱਚੀਆਂ ਸਹੂਲਤਾਂ ਮਾਣ ਰਹੇ ਨੇ, ਇਹ ਬਾਬੇ ਨਾ ਹੋ ਕੇ ਸਿਰਫ਼ ਪ੍ਰਚਾਰਕ ਹਨ, ਪਰ ਜਿਹੜੇ ਲੋਕ ਇਨ੍ਹਾਂ ਦੇ ਪਿੱਛੇ ਲੱਗੇ ਹੋਏ ਨੇ, ਉਹ ਵੀ ਓਨੇ ਹੀ ਗ਼ਲਤ ਨੇ, ਜਿੰਨੇ ਕਿ ਇਹ ਬਾਬੇ।

ਜੇ ਹੁਣ ਬੱਬੂ ਦੀ ਤੁਲਨਾ ਬੜੇ ਗੁਲਾਮ ਅਲੀ ਖ਼ਾਨ ਨਾਲ ਕੀਤੀ ਜਾਵੇ, ਤਾਂ ਇਹ ਵੀ ਮੂਰਖਤਾ ਹੀ ਹੋਵੇਗੀ ਕਿਉਂਕਿ ਬੜੇ ਗੁਲਾਮ ਅਲੀ ਖ਼ਾਨ ਦਾ ਸਾਰਾ ਜੀਵਨ ਸੁਰ ਸੰਗੀਤ ਨੂੰ ਪ੍ਰਣਾਇਆ ਹੋਇਆ ਸੀ ਤੇ ਬੱਬੂ ਵਪਾਰੀ ਗਾਇਕ ਬਣ ਕੇ ਵਿਚਰ ਰਿਹੈ। ਬੜੇ ਗੁਲਾਮ ਅਲੀ ਖ਼ਾਨ ਵਰਗਿਆਂ ਨੇ ਫੱਕਰਾਂ ਵਾਲਾ ਜੀਵਨ ਬਤੀਤ ਕੀਤਾ, ਕਦੇ ਵੀ ਮਾਇਆਮੁਖੀ ਹੋ ਕੇ ਨਹੀਂ ਗਾਇਆ, ਆਖਰੀ ਸਾਹ ਤੱਕ ਸਿਰਫ਼ ਸੰਗੀਤ ਦੀ ਇਬਾਦਤ ਕੀਤੀ, ਪਰ ਅੱਜ ਦੇ ਗਾਇਕਾਂ ਵਿਚੋਂ ਕੋਈ ਵੀ ਅਜਿਹਾ ਨਹੀਂ ਜਿਸ ਦੀ ਤੁਲਨਾ ਬੜੇ ਗੁਲਾਮ ਅਲੀ ਖਾਨ ਨਾਲ ਕੀਤੀ ਜਾ ਸਕੇ।

ਅਸਲ ਗੱਲ ਇਹ ਹੈ ਕਿ ਇਹੋ ਜਿਹਾ ਭਖਦੇ ਮੁੱਦੇ ਵਾਲਾ ਗੀਤ ਅੱਜ ਤੱਕ ਕਿਸੇ ਨੇ ਗਾਉਣ ਦਾ ਆਹਰ ਨਹੀਂ ਸੀ ਕੀਤਾ ਤੇ ਜਦੋਂ ਬੱਬੂ ਨੇ ਗਾ ਦਿੱਤਾ ਤਾਂ ਮੁੰਡਿਆਂ-ਖੁੰਡਿਆਂ ਨੇ ਇਸ ਨੂੰ ਮੋਬਾਈਲਾਂ 'ਚ ਭਰਾਉਣ ਦੀ ਹਨੇਰੀ ਲਿਆ ਦਿੱਤੀ। 'ਟਾਈਮ ਟੀ.ਵੀ' 'ਤੇ ਜਦੋਂ ਇਸ ਗੀਤ ਨੂੰ ਵਿਸ਼ਾ ਬਣਾ ਕੇ ਸਟੋਰੀ ਚਲਾਈ ਗਈ ਅਤੇ ਉਸ ਵਿਚ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਟਿੱਪਣੀ ਕੀਤੀ ਗਈ ਤਾਂ ਮਾਮਲਾ ਹੋਰ ਭਖ ਗਿਆ। ਬਾਬੇ ਨੇ ਆਖਿਐ, 'ਮੈਨੂੰ ਕਿਸੇ ਸ਼ਰਧਾਲੂ ਨੇ ਫੋਨ 'ਤੇ ਦੱਸਿਆ ਕਿ ਇੱਕ ਗਾਇਕ ਨੇ ਗੀਤ ਗਾਇਐ...ਤੁਹਾਡੇ 'ਤੇ ਕਈ ਵਿਅੰਗ ਕਸੇ ਨੇ...।'

ਨਾਲ ਹੀ ਉਨ੍ਹਾਂ ਆਖਿਐ, 'ਛੱਜ ਤਾਂ ਬੋਲੇ... ਛਾਣਨੀ ਕੀ ਬੋਲੇ, ਜੀਹਦੇ ਵਿਚ ਛੱਤੀ ਸੌ ਛੇਕ ਨੇ...ਜੇ ਕੋਈ ਪੰਥਕ ਸ਼ਖ਼ਸੀਅਤ ਸਾਡੇ 'ਤੇ ਕਿੰਤੂ ਕਰੇ ਤਾਂ ਮੰਨ ਵੀ ਲਈਏ, ਪਰ ਇੱਕ ਰੋਡਾ-ਭੋਡਾ ਜਿਹਾ ਗਾਇਕ ਇਹੋ ਜਿਹੀਆਂ ਗੱਲਾਂ ਕਰੇ ਤਾਂ ਬਾਤ ਹਜ਼ਮ ਨਹੀਂ ਹੁੰਦੀ...।' ਗੀਤ ਦੇ ਹਵਾਲੇ ਜ਼ਰੀਏ ਅੱਗੇ ਆਖਿਆ ਗਿਐ, 'ਗਾਉਣ ਵਾਲਾ ਬਾਬੇ ਨਾਨਕ ਦੇ ਵੇਲ਼ੇ ਦੀ ਗੱਲ ਕਰਦਾ ਕਹਿੰਦਾ ਹੈ ਕਿ ਉਹ ਪੈਦਲ ਯਾਤਰਾ ਕਰਕੇ ਲੋਕਾਂ 'ਚ ਪ੍ਰਚਾਰ ਕਰਦੇ ਸਨ, ਪਰ ਹੁਣ ਵਾਲੇ ਬਾਬੇ ਗੱਡੀਆਂ 'ਤੇ ਫਿਰਦੇ ਨੇ...ਬਾਬਾ ਨਾਨਕ ਵੇਲ਼ੇ ਗੱਡੀਆਂ ਹੁੰਦੀਆਂ ਹੀ ਨਹੀਂ ਸਨ...ਉਦੋਂ ਪ੍ਰਚਾਰ ਕਰਨ ਵਾਲੇ ਵੀ ਪੈਦਲ ਜਾਂਦੇ ਸਨ ਤੇ ਸੁਣਨ ਵਾਲੇ ਵੀ ਪੈਦਲ ਚੱਲਦੇ ਸਨ। ਫੇਰ ਘੋੜਿਆਂ ਦਾ ਜ਼ਮਾਨਾ ਆਇਆ...ਫੇਰ ਰਥਾਂ ਵਾਲਾ ਆ ਗਿਆ ਤੇ ਹੁਣ ਗੱਡੀਆਂ ਦਾ ਆ ਗਿਐ...ਹੁਣ ਜਦੋਂ ਸੁਣਨ ਵਾਲੇ ਗੱਡੀਆਂ 'ਤੇ ਆਉਂਦੇ ਨੇ ਤਾਂ ਪ੍ਰਚਾਰ ਕਰਨ ਵਾਲਿਆਂ ਨੂੰ ਕੀ ਗੱਡੀਆਂ ਵੱਢਦੀਆਂ ਨੇ...?'

ਬਾਬਾ ਰਣਜੀਤ ਸਿਉਂ ਨੇ ਬਾਕੀ ਗੱਲਾਂ ਤਾਂ ਤਰਕ ਦੇ ਆਧਾਰ 'ਤੇ ਕਰ ਛੱਡੀਆਂ, ਪਰ ਇੱਕ ਗੱਲ ਦੀ ਸਫ਼ਾਈ ਉਨ੍ਹਾਂ ਨਹੀਂ ਦਿੱਤੀ ਕਿ ਮੁੱਖ ਗੱਲ ਲਾਲ ਬੱਤੀ ਦੀ ਹੋ ਰਹੀ ਹੈ। ਜਿਹੜੇ ਬਾਬਿਆਂ ਨੇ ਮਹਿੰਗੀਆਂ ਗੱਡੀਆਂ 'ਤੇ ਲਾਲ ਬੱਤੀਆਂ ਲਾਈਆਂ ਨੇ, ਉਹ ਕੋਈ ਵੀ.ਆਈ.ਪੀ ਤਾਂ ਹੈ ਨਹੀਂ...ਲੋਕਾਂ ਦੇ ਸੇਵਕ ਨੇ...ਰੱਬ ਲੜ ਲੱਗਣ ਦਾ ਰਾਹ ਦੱਸਣ ਵਾਲੇ।'

ਸਾਡਾ ਨਾ ਬੱਬੂ ਨਾਲ ਕੋਈ ਰੋਸਾ ਹੈ ਅਤੇ ਨਾ ਹੀ ਕਿਸੇ ਬਾਬੇ ਨਾਲ। ਪਰ ਨਾ ਅਸੀਂ ਉਨ੍ਹਾਂ ਗਾਇਕਾਂ ਦੇ ਹੱਕ ਵਿਚ ਹਾਂ, ਜਿਹੜੇ ਦੋ ਕੈਸਿਟਾਂ ਹਿੱਟ ਹੋਣ 'ਤੇ ਆਪਣੇ ਨਾਲ ਚਾਰ-ਚਾਰ ਗੰਨਮੈਨ ਰੱਖ ਲੈਂਦੇ ਨੇ, ਰੱਬ ਨੂੰ ਟੱਬ ਦੱਸਣਾ ਸ਼ੁਰੂ ਕਰ ਦਿੰਦੇ ਨੇ, ਘਰਵਾਲੀ ਬਦਲਣ 'ਚ ਬਹੁਤੀ ਦੇਰ ਨਹੀਂ ਲਾਉਂਦੇ, ਲੋਕ ਮਸਲਿਆਂ, ਲੋਕ ਭਾਵਨਾਵਾਂ ਦੀ ਪ੍ਰਵਾਹ ਕਰਨੀ ਛੱਡ ਦਿੰਦੇ ਨੇ, ਗੱਡੀ 'ਤੇ ਲਾਲ ਬੱਤੀ ਇਉਂ ਲਾਉਣ ਲੱਗ ਜਾਂਦੇ ਨੇ, ਜਿਵੇਂ ਉਹ ਸਿਰਫ਼ ਰਾਸ਼ਟਰਪਤੀ ਭਵਨ ਦੇ ਗਾਇਕ ਹੋਣ ਅਤੇ ਨਾ ਹੀ ਅਸੀਂ ਉਨ੍ਹਾਂ ਬਾਬਿਆਂ ਦੇ ਝੋਲੀ ਚੁੱਕ ਹਾਂ ਜਿਹੜੇ ਮਾਇਆਧਾਰੀ ਬਣ ਚੁੱਕੇ ਨੇ, ਜਿਹੜੇ ਸਿਰਫ਼ ਪੈਸੇ ਲਈ ਪ੍ਰਚਾਰ ਕਰਦੇ ਨੇ, ਜਿਹੜੇ ਕਹਿਣੀ ਤੇ ਕਰਨੀ ਦੇ ਪੂਰੇ ਨਹੀਂ।

ਭਾਵੇਂ ਬੱਬੂ ਨੇ ਕਿਸੇ ਬਾਬੇ ਦਾ ਨਾਂ ਨਹੀਂ ਲਿਆ, ਪਰ ਉਸ ਵੱਲੋਂ ਚਿਮਟਿਆਂ, ਢੋਲਕੀਆਂ ਵਾਲੀ ਗੱਲ ਕਰਨ ਕਰਕੇ ਸਭ ਸਮਝ ਗਏ ਨੇ ਕਿ ਉਹਨੇ ਗੱਲ ਕਿਸ ਵਿਚੋਂ ਕੱਢੀ ਹੈ। ਜੇ ਬੱਬੂ ਦੀ ਮੰਨ ਲਈਏ ਕਿ ਉਸ ਬਾਬੇ ਨੇ ਮਹਿੰਗੀ ਗੱਡੀ ਲੈ ਲਈ, ਬੱਤੀ ਲਾ ਲਈ ਤਾਂ ਇਹ ਵੀ ਸੱਚ ਹੈ ਕਿ ਉਸ ਬਾਬੇ ਵੱਲੋਂ ਹਜ਼ਾਰਾਂ ਸੰਗਤਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ ਗਿਆ, ਇਹ ਵੀ ਸੱਚ ਹੈ ਕਿ ਉਸ ਵੱਲੋਂ ਸੈਂਕੜੇ ਗ਼ਰੀਬ ਕੁੜੀਆਂ ਦੇ ਵਿਆਹ ਕੀਤੇ ਗਏ ਨੇ, ਇਹ ਵੀ ਸੱਚ ਹੈ ਕਿ ਉਸ ਵੱਲੋਂ ਬਿਮਾਰਾਂ ਦੇ ਇਲਾਜ ਲਈ ਯਤਨ ਕੀਤੇ ਜਾਂਦੇ ਨੇ, ਜਦੋਂਕਿ ਬੱਬੂ ਨੇ ਅਨੇਕਾਂ ਕੈਸਿਟਾਂ ਹਿੱਟ ਹੋਣ ਅਤੇ ਵਿਦੇਸ਼ਾਂ ਵਿਚ ਅਨੇਕਾਂ ਸ਼ੋਅ ਲਗਾਉਣ ਤੋਂ ਬਾਅਦ ਨਾ ਕਿਸੇ ਗ਼ਰੀਬ ਦੀ ਧੀ ਦੇ ਹੱਥ ਪੀਲੇ ਕਰਨ 'ਚ ਯੋਗਦਾਨ ਪਾਇਐ, ਨਾ ਇਲਾਜ ਲਈ ਵਿਲਕ ਰਹੇ ਕਿਸੇ ਮਰੀਜ਼ ਦਾ ਇਲਾਜ ਕਰਵਾਇਐ ਤੇ ਨਾ ਹੀ ਸਮਾਜ ਸੇਵਾ ਦਾ ਕੋਈ ਹੋਰ ਕੰਮ ਕੀਤੈ। ਸੋ ਜੇ ਤਾਂ ਸਿਰਫ਼ ਝੂਮਣ ਲਈ ਉਸ ਦਾ ਬਾਬਿਆਂ ਵਾਲਾ ਗੀਤ ਸੁਣਿਆ ਜਾਵੇ ਤਾਂ ਬੱਬੂ ਹੀਰੋ ਹੈ ਤੇ ਜੇ ਤਰਕ ਆਧਾਰਤ ਗੱਲ ਕੀਤੀ ਜਾਵੇ ਤਾਂ ਦੋਹਾਂ ਧਿਰਾਂ ਦੀਆਂ ਕਈ ਗੱਲਾਂ ਸਾਹਮਣੇ ਆਉਂਦੀਆਂ ਨੇ।

ਦੋਹਾਂ ਧਿਰਾਂ ਦੀਆਂ ਗੱਡੀਆਂ ਦੀ ਗੱਲ ਹੀ ਕਰ ਲਵੋ। ਬਾਬੇ ਕੋਲ ਵੀ ਮਹਿੰਗੀ ਗੱਡੀ ਐ ਤੇ ਬੱਬੂ ਮਾਨ ਵੀ ਮੋਟਰ ਸਾਈਕਲ 'ਤੇ ਨਹੀਂ ਜਾਂਦਾ...ਸੁੱਖ ਨਾਲ ਉਹ ਵੀ ਪੰਜ-ਛੇ ਲੱਖ ਰੁਪਿਆ ਇੱਕ ਪ੍ਰੋਗਰਾਮ ਦਾ ਲੈਂਦਾ ਏ...ਮਹਿੰਗੀ ਗੱਡੀ 'ਚ ਜਾਂਦੈ...। ਜੇ ਬਾਬੇ ਨੇ ਚਿਮਟੇ ਵਜਾ ਕੇ ਗੱਡੀ ਲਈ ਹੋ ਸਕਦੀ ਹੈ ਤਾ ਬੱਬੂ ਨੇ 'ਮਿੱਤਰਾਂ ਦੀ ਛਤਰੀ ਤੋਂ ਉੱਡ ਗਈ' ਵਾਲੀਆਂ ਗੱਲਾਂ-ਬਾਤਾਂ ਕਰਕੇ ਹੀ ਲਈ ਹੋਵੇਗੀ।

ਬੱਬੂ ਅਕਲਵਾਨ ਗੀਤਕਾਰ ਹੈ, ਉਸ ਦੇ ਗਲੇ ਵਿਚ ਦਰਦ ਬਹੁਤ ਹੈ, ਪਰ ਹੁਣ ਉਸ ਦੇ ਗੀਤ ਨਾਲ ਜਿਨ੍ਹਾਂ-ਜਿਨ੍ਹਾਂ ਦੇ ਦਰਦ ਛਿੜਿਐ, ਉਹ ਵੀ ਛੇਤੀ ਨਹੀਂ ਰੁਕ ਸਕਣਾ। ਜਿਹੜੇ ਬਾਬੇ ਬੋਲ ਨਹੀਂ ਰਹੇ, ਗੀਤ ਉਨ੍ਹਾਂ ਨੇ ਵੀ ਸੁਣਿਆ ਹੋਇਐ...ਨਾ ਬੋਲਣ ਵਿਚ ਉਹ ਏਸ ਕਰਕੇ ਫ਼ਾਇਦਾ ਸਮਝ ਰਹੇ ਨੇ ਕਿ ਲੋਕਾਂ ਨੂੰ ਜਾਪੇਗਾ ਬਾਬੇ ਸਿਰਫ਼ ਗੁਰੂ ਦੀਆਂ ਗੱਲਾਂ ਨਾਲ ਜੁੜੇ ਨੇ, ਗੀਤਾਂ ਨਾਲ ਨਹੀਂ ਤੇ ਘੋਨੇ-ਮੋਨੇ ਗਾਇਕਾਂ ਦੇ ਗੀਤਾਂ ਨਾਲ ਤਾਂ ਬਿਲਕੁਲ ਹੀ ਨਹੀਂ।

ਬੱਬੂ ਦੇ ਗੀਤ 'ਤੇ ਜਿਉਂ-ਜਿਉਂ ਤਵਾ ਲੱਗੇਗਾ, ਉਹਦੀ ਓਨੀ ਹੀ ਚਰਚਾ ਵਧੇਗੀ। ਬਾਬਿਆਂ ਦੇ ਸ਼ਰਧਾਲੂਆਂ ਨੂੰ ਨਾ ਕੋਈ ਫ਼ਰਕ ਗੀਤ ਆਉਣ ਨਾਲ ਪੈਣਾ ਏ ਤੇ ਨਾ ਹੀ ਪਹਿਲਾਂ ਕਦੇ ਪਿਐ, ਇਹ ਗੱਲ ਵੀ ਪੱਕੀ ਹੈ। ਜਿਹੜਾ ਮਰਜ਼ੀ ਬਾਬਾ ਹੋਵੇ, ਉਸ ਦੇ ਅੱਧੋਂ ਵੱਧ ਚੇਲੇ ਅਜਿਹੇ ਹੋਣਗੇ, ਜਿਹੜੇ ਇਹੋ ਜਿਹੇ ਗੀਤਾਂ ਨੂੰ ਵੀ ਸੁਣਦੇ ਹੋਣਗੇ ਤੇ ਬਾਬਿਆਂ ਦੇ ਦੀਵਾਨ ਵੀ। ਉਨ੍ਹਾਂ ਦੀ ਆਪਣੀ ਸੋਚਣੀ ਕੰਮ ਨਹੀਂ ਕਰਦੀ ਹੋਵੇਗੀ, ਉਹ ਅਪੰਗ ਸੋਚ ਦੇ ਮਾਲਕ ਨੇ, ਉਨ੍ਹਾਂ ਨੂੰ ਚੰਗੇ-ਮੰਦੇ, ਝੂਠੇ-ਸੱਚੇ ਵਿਚ ਕੋਈ ਅੰਤਰ ਨਹੀਂ ਦਿਸਦਾ ਹੋਵੇਗਾ, ਏਸ ਗੱਲ ਦੀ ਗਾਰੰਟੀ ਹੈ।

ਸਿਰਸੇ ਵਾਲੇ ਸਾਧ ਦੀ ਗੱਲ ਹੀ ਕਰ ਲਵੋ, ਸ਼ਰ੍ਹੇਆਮ ਉਸ ਬਾਰੇ ਖ਼ਬਰਾਂ ਆਈਆਂ ਕਿ ਉਹ ਬਲਾਤਕਾਰੀ ਹੈ, ਪਰ ਉਸ ਨੂੰ ਪੂਜਣ ਵਾਲਿਆਂ ਦੀ ਗਿਣਤੀ ਨਹੀਂ ਘਟੀ। ਸ਼ਰ੍ਹੇਆਮ ਉਸ ਨੇ ਗੁਰੂ ਗੋਬਿੰਦ ਸਿੰਘ ਦੀ ਨਕਲ ਕਰ ਦਿਖਾਈ, ਪਰ ਚਾਰ ਦਿਨ ਦੰਗੇ ਹੋਣ ਤੋਂ ਬਾਅਦ ਲੋਕ ਫੇਰ ਸਿਰਸੇ ਜਾ ਕੇ ਨਾਮ ਚਰਚਾ ਵਿਚ ਹਿੱਸਾ ਲੈਣ ਲੱਗ ਗਏ। ਇਹ ਭੀੜਾਂ ਬਿਨਾ ਸਮਝ ਵਾਲੀਆਂ ਨੇ, ਇਨ੍ਹਾਂ ਦਾ ਕੋਈ ਨਿਸ਼ਾਨਾ ਨਹੀਂ, ਕੋਈ ਮਕਸਦ ਨਹੀਂ, 'ਗੰਗਾ ਗਏ ਤਾਂ ਗੰਗਾ ਰਾਮ, ਜਮਨਾ ਗਏ ਤਾਂ ਜਮਨਾ ਦਾਸ' ਵਾਲਾ ਹਾਲ ਏ ਇਨ੍ਹਾਂ ਦਾ।




*ਬਾਬਾ ਰਣਜੀਤ ਸਿੰਘ ਢੱਡਰੀਆਂ ਅਤੇ ਗਾਇਕ ਬੱਬੂ ਮਾਨ*

ਗਾਇਕ ਸਟੇਜਾਂ 'ਤੇ ਨੱਚ ਕੇ ਰੋਟੀ ਕਮਾ ਰਹੇ ਨੇ ਤੇ ਜਾਅਲੀ ਬਾਬੇ ਲੋਕਾਂ ਨੂੰ ਹਨੇਰੇ ਵਿਚ ਰੱਖ ਕੇ। ਸਮਾਜ ਸੇਵਕ ਤਾਂ ਇੱਥੇ ਕੋਈ ਵੀ ਨਹੀਂ, ਕੋਈ ਰੱਬ ਦੀ ਗੱਲ ਕਰਕੇ ਰੋਟੀਆਂ ਸੇਕਦੈ ਤੇ ਕੋਈ ਜੇਬਾਂ ਕੱਟ ਕੇ ਢਿੱਡ ਭਰਦੈ।

ਲੋਕਾਂ ਨੂੰ ਸਮਝ ਦੇਣੀ ਕੋਈ ਸੌਖੀ ਗੱਲ ਨਹੀਂ, ਬਾਬਾ ਨਾਨਕ ਤਾਂ ਮੂਰਤੀ ਪੂਜਾ ਦੇ ਵੀ ਸਖ਼ਤ ਖਿਲਾਫ਼ ਸੀ, ਪਰ ਅਸੀਂ ਉਸੇ ਕ੍ਰਾਂਤੀਕਾਰੀ ਬਾਬੇ ਦੀਆਂ ਫੋਟੋਆਂ ਦੀ ਪੂਜਾ ਕਰ ਰਹੇ ਹਾਂ। ਬਾਬੇ ਨਾਨਕ ਨੇ ਆਖਿਆ ਸੀ, 'ਹਰ ਬੰਦੇ ਦੇ ਮਨ ਅੰਦਰ ਰੱਬ ਵਸਦੈ, ਪਰ ਅਸੀਂ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ 'ਤੇ ਨੱਕ ਰਗੜ ਕੇ ਮੁਰਾਦਾਂ ਪੂਰੀਆਂ ਕਰਨ ਦੀ ਤਾਕ 'ਚ ਹਾਂ।'

ਨਾ ਬੱਬੂ ਨੈਤਿਕ ਕਦਰਾਂ-ਕੀਮਤਾਂ 'ਤੇ ਪਹਿਰਾ ਦੇ ਰਿਹੈ ਤੇ ਨਾ ਹੀ ਅੱਜ-ਕੱਲ੍ਹ ਦੇ ਭਨਿਆਰੀਏ ਤੇ ਸਿਰਸੀਏ ਜਾਂ ਹੋਰ ਅਖੌਤੀ ਬਾਬੇ। ਪਿੱਛੇ ਜਿਹੇ ਬੱਬੂ ਨੇ ਨਵੇਂ ਸਾਲ ਦੇ ਪ੍ਰੋਗਰਾਮ 'ਤੇ ਗੀਤ ਗਾਇਆ ਸੀ, 'ਹਾਰੇ ਹੋਏ ਹਾਂ ਜ਼ਿੰਦਗੀ ਤੋਂ ਬਹੁਤੇ ਲਾਚਾਰ ਹਾਂ, ਬਾਕੀ ਗੱਲਾਂ ਬਾਅਦ 'ਚ ਆਪਾਂ ਪਹਿਲਾਂ ਸਰਦਾਰ ਹਾਂ...।' ਪਰ ਸੱਚ ਇਹੋ ਹੈ ਕਿ ਬੱਬੂ ਖੁਦ ਵੀ ਸਰਦਾਰ ਨਹੀਂ, ਉਹ ਵੀ ਦਿਲਜੀਤ, ਰਵਿੰਦਰ ਗਰੇਵਾਲ ਤੇ ਹੋਰਨਾਂ ਕਈ ਗਾਇਕਾਂ ਵਾਂਗ ਘੋਨਾ-ਮੋਨਾ ਹੈ, ਉਸ ਦੀ ਕਹਿਣੀ ਤੇ ਕਰਨੀ ਇੱਕ ਨਹੀਂ, ਸਗੋਂ ਬੜਾ ਅੰਤਰ ਹੈ ਇਸ ਵਿਚ।

ਬਾਬਿਆਂ ਵਾਲੇ ਗੀਤ ਜ਼ਰੀਏ ਬੱਬੂ ਨੇ ਜਿਹੜੀ ਸੋਚ ਦਿਖਾਈ ਹੈ, ਅਸੀਂ ਉਸ ਦੇ ਸਮਰਥਕ ਹਾਂ ਪਰ ਉਹ ਖੁਦ ਵੀ ਫੱਕਰ ਬਣੇ, ਉਹ ਸਟੇਜਾਂ 'ਤੇ ਚੜ੍ਹ ਕੇ ਲੋਕਾਂ ਨੂੰ ਇਹ ਨਾ ਆਖਿਆ ਕਰੇ ਕਿ ਫ਼ਲਾਣੇ ਦੀ ਭੈਣ ਮੇਰੇ 'ਤੇ ਸੈਂਟੀ ਹੋ ਗਈ, ਅਮਰੀਕਾ ਤੇ ਆਸਟ੍ਰੇਲੀਆ ਜਾ ਕੇ ਲੋਕਾਂ ਨੂੰ ਮੰਦਾ ਨਾ ਬੋਲਿਆ ਕਰੇ ਤੇ ਬਾਬਿਆਂ ਬਾਰੇ ਵੀ ਅਸੀਂ ਇਹੀ ਕਹਾਂਗੇ ਕਿ ਉਹ ਧਰਮ ਦੀ ਆੜ ਵਿਚ ਮਨਆਈਆਂ ਨਾ ਕਰਨ, ਸਗੋਂ ਸੱਚੇ ਦਿਲੋਂ ਸਿੱਖੀ ਦਾ ਪ੍ਰਚਾਰ ਕਰਨ। ਜਿਹੜੇ ਬਾਬੇ ਸੱਚੇ ਮਨੋਂ ਸਿੱਖੀ ਨੂੰ ਪ੍ਰਫੁਲਿਤ ਕਰ ਰਹੇ ਨੇ, ਉਨ੍ਹਾਂ ਅੱਗੇ ਸਾਡਾ ਸੀਸ ਝੁਕਦਾ ਹੈ ਤੇ ਜਿਹੜੇ ਕਹਿੰਦੇ ਕੁੱਝ ਹੋਰ ਨੇ ਤੇ ਕਰਦੇ ਹੋਰ ਨੇ, ਉਨ੍ਹਾਂ ਨਾਲ ਸਾਨੂੰ ਸਖ਼ਤ ਨਫ਼ਰਤ ਹੈ।

ਇੱਕ ਗੱਲ ਹੋਰ ਕਿ ਗਾਇਕ ਭਾਈਚਾਰਾ ਚਰਚਾ 'ਚ ਰਹਿਣ ਲਈ ਬੜਾ ਕੁੱਝ ਕਰਦਾ ਹੈ ਤੇ ਹੁਣ ਬੱਬੂ ਦੀ ਰੀਸੇ ਹੋਰ ਗਾਇਕ ਵੀ ਆਪਣੀ ਕੈਸਿਟ ਵਿਚ ਇੱਕ-ਦੋ ਗੀਤ ਅਜਿਹੇ ਜ਼ਰੂਰ ਪਾਇਆ ਕਰਨਗੇ, ਜਿਹੜੇ ਭਸੂੜੀ ਖੜ੍ਹੀ ਕਰਦੇ ਹੋਣ, ਪਰ ਸਾਡੀ ਉਨ੍ਹਾਂ ਨੂੰ ਵੀ ਗੁਜਾਰਿਸ਼ ਹੈ ਕਿ ਉਹ ਹਰ ਗੀਤ, ਹਰ ਗੱਲ ਤਰਕ ਆਧਾਰਤ ਪੇਸ਼ ਕਰਨ, ਨਾ ਕਿ ਹਵਾ 'ਚ ਡਾਂਗਾਂ ਮਾਰਨ।

***ਫੋਨ:98141-78883**

## ਜ਼ਖ਼ਮੀ ਦਰਿਆ

ਨਾਲ ਸੇਬਾਂ ਨੂੰ ਮੈਲੇ ਜਿਹੇ ਕਪੜੇ ਨਾਲ ਸਲੀਕੇ ਨਾਲ ਪੂੰਝਦਾ ਬੋਲਿਆ, "ਏਥੇ ਤਾਂ ਕਈ ਦਿਨ ਕੀੜੀ 'ਤੇ ਕਟਕ ਚੜ੍ਹਿਐ ਰਿਹਾ।"

"ਹੱਛਿਆ!" ਬਹਾਦਰ ਨੇ ਬਣਾਵਟੀ ਹੈਰਾਨੀ ਆਪਣੇ ਚਿਹਰੇ ਉੱਤੇ ਲਿਆਂਦੀ, "ਫੇਰ ਕੀ ਬਣਿਐ?"

"ਬਣਨਾ-ਬੁਣਨਾ ਕੀ ਸੀ!" ਭਾਈ ਨੇ ਆਪਣੇ ਸੁੱਕੇ-ਸੜੇ ਸਰੀਰ ਵਿਚ ਐਵੇਂ ਭਾਅ ਭਰਿਆ, "ਪੁਲਸ ਨਾਲ ਕੀ ਬਰਾਬਰੀ ਐ!-ਕਈ ਦਿਨ ਜੁੱਤੀਆਂ ਖਾ ਕੇ ਲੋਕ ਘਰਾਂ ਨੂੰ ਮੁੜ ਗੇ! ਦੋ ਤਿੰਨ ਵਿਚਾਰੇ ਐਵੇਂ ਛੁਲਕੇ ਗਏ! ਮਗਰੋਂ ਅੰਦਰ ਕਰ-ਤੇ!"

ਬਹਾਦਰ ਦਾ ਮੂੰਹ ਉਤਰ ਗਿਆ, ਉਹਨੇ ਸ਼ਕੰਦਰ ਵਲ ਦੇਖਿਆ, ਜਿਹੜਾ ਉਹਦੇ ਮਗਰ ਚੁਪ-ਚਾਪ ਖਲੋਤਾ ਸੀ। ਭਾਈ ਸੇਬਾਂ ਨੂੰ ਅਜੇ ਵੀ ਚਿਣ-ਸੰਵਾਰ ਰਿਹਾ ਸੀ, ਉਨ੍ਹਾਂ ਨੂੰ ਸ਼ਸ਼ੋਪੰਜ ਵਿਚ ਖੜੇ ਵੇਖ ਕੇ ਉਹ ਬੋਲਿਆ, "ਥੋਨੂੰ ਭਾਈ ਉਨ੍ਹਾਂ ਤੱਕ ਕੋਈ ਕੰਮ ਸੀ!"

"ਕੰਮ ਈ ਸੀ!" ਬਹਾਦਰ ਮੱਧਮ ਆਵਾਜ਼ ਵਿਚ ਬੋਲਿਆ, ਫੇਰ ਉਸ ਉਸਦੀ ਗੱਲ ਅਣਗੌਲਦਿਆਂ ਪੁੱਛਿਆ, "ਅੰਦਰ ਕੀਤੇ ਬੰਦੇ ਏਥੇ ਈ ਐ, ਜਾਂ ਲੁਧਿਆਣੇ ਭੇਜ-ਤੇ!"

"ਇਹ ਤਾਂ ਠਾਣੇ ਵਾਲਿਆਂ ਤੋਂ ਈ ਪਤਾ ਲੱਗੂ।"

ਬਹਾਦਰ ਨੇ ਉਸ ਵਲ ਛੇਤੀ ਦੇ ਕੇ ਦੇਖਿਆ, ਉਸਦੇ ਬੋਲ ਵਿਚ ਬਰੀਕ ਜਿਹੀ ਹਾਸੀ ਰਲੀ ਲਗਦੀ ਸੀ, ਅੰਦਰ ਰਤਾ ਕੁ ਤਪਿਆ, ਪਰ ਅਗਲੇ ਪਲ ਹੀ ਉਸਦੇ ਦਿਮਾਗ ਵਿਚ ਸਿਆਣਪ ਆ ਗਈ, ਇਹਨੂੰ ਕੀ ਪਤਾ ਐ?" ਉਹਨੇ ਭਾਈ ਦੇ ਨਾਸ਼ਪਤੀ ਵਰਗੇ ਸਿਰ ਵਲ ਘੂਰ ਕੇ ਦੇਖਿਆ।

"ਹੁਣ ਫੇਰ?" ਉਸ ਇਹ ਸ਼ਬਦ ਖਲਾਅ ਵਿਚ ਅੱਖਾਂ ਸੁਕੇੜਦਿਆਂ ਆਪਣੇ ਆਪ ਨੂੰ ਆਖੇ, ਸ਼ਕੰਦਰ ਨੇ ਇੱਕ ਦਮ ਭਰ ਕੇ ਬਰਾਬਰ ਹੁੰਦਿਆਂ ਹੌਲੀ ਜਿਹੀ ਕਿਹਾ, "ਬਾਈ ਆਪਾਂ ਪਿੰਡ ਨੂੰ ਚੱਲੀਏ, ਏਥੇ ਆਪਾਂ ਨੂੰ ਕਾਨਿਆਂ ਦੀ ਸੁਆਹ 'ਚੋਂ ਕੀ ਥਿਆ-ਜੂ!"

"ਚਲੀਏ ਫਿਰ!" ਸਿਰ ਮਾਰਦਾ ਬਹਾਦਰ ਬਿਨਾ ਹੋਰ ਕੁਝ ਆਖੇ, ਬੱਸਾਂ ਦੇ ਅੱਡੇ ਵਲ ਮੁੜ ਪਿਆ, ਉਸਦੇ ਅੰਦਰ ਖਿਆਲਾਂ ਦੀ ਝੜੀ ਲੱਗੀ ਹੋਈ ਸੀ। ਬੱਸ ਵਿਚ ਵੀ ਉਹ ਸਾਰੇ ਰਾਹ ਬਾਰੀ ਵਿਚਦੀ ਬਾਹਰ ਵੇਖਦਾ ਰਿਹਾ, ਖੇਤਾਂ ਵਿਚ ਕਾਲੀ-ਸ਼ਾਵੀਂ ਕਣਕ ਦਾ ਇੱਕ ਵਿਸ਼ਾਲ ਠਾਠਾਂ ਮਾਰਦਾ ਸਮੁੰਦਰ ਵੀ ਉਹਨੂੰ ਖਿਝ ਜਿਹੀ ਚਾੜ੍ਹ ਰਿਹਾ ਸੀ।

**(ਬਾਕੀ ਅਗਲੇ ਅੰਕ 'ਚ)**

# ਭਾਰਤੀ ਹਾਕੀ ਟੀਮ ਦੀ ਖਿਡਾਰਨ ਤੇ ਕੋਚ ਸਰੋਜ ਬਾਲਾ

**ਇੱਕਬਾਲ ਜੱਬੋਵਾਲੀਆ**

ਸਰੋਜ ਬਾਲਾ ਪਹਿਲੀ ਭਾਰਤੀ ਮਹਿਲਾ ਖਿਡਾਰੀ ਹੈ ਜਿਸ ਨੂੰ ਫੈਡਰੇਸ਼ਨ ਆਫ ਇੰਟਰਨੈਸ਼ਨਲ ਹਾਕੀ (ਐਫ.ਆਈ.ਐਚ.) ਦੇ ਮੈਂਬਰ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ। ਸਰੋਜ 1980 ਤੋਂ 1988 ਤੱਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹਾਕੀ ਟੀਮ ਦੀ ਪਲੇਇੰਗ ਮੈਂਬਰ ਰਹੀ ਹੈ। ਉਹ ਹਮੇਸ਼ਾ ਹੀ ਟੀਮ ਦੀ ਸੱਜੀ ਵਿੰਗ ਪੁਜ਼ੀਸ਼ਨ 'ਤੇ ਖੇਡੀ। ਅੱਠ ਸਾਲ ਖੇਡਣ ਤੋਂ ਇਲਾਵਾ ਚਾਰ ਸਾਲ ਭਾਰਤੀ ਹਾਕੀ ਕੋਚ ਵਜੋਂ ਸੇਵਾ ਨਿਭਾਈ।

ਸਰੋਜ ਦਾ ਜਨਮ ਮਾਤਾ ਅੰਮ੍ਰਿਤ ਕੌਰ ਅਤੇ ਪਿਤਾ ਮਰਹੂਮ ਬੇਅੰਤ ਰਾਏ ਦੇ ਵੱਡੇ ਪਰਿਵਾਰ 'ਚ ਪਟਿਆਲਾ ਵਿਖੇ ਹੋਇਆ। ਮੁੱਢਲੀ ਪੜ੍ਹਾਈ ਪਟਿਆਲਾ ਦੇ ਸੀਨੀਅਰ ਸਕੂਲ ਰਾਜਪੁਰਾ ਕਾਲੋਨੀ ਤੋਂ ਕਰਨ ਉਪਰੰਤ ਗਰੈਜੂਏਸ਼ਨ ਵੀ ਪਟਿਆਲੇ ਤੋਂ ਕੀਤੀ।

ਹਾਕੀ ਖੇਡਣੀ ਤੇਰਾਂ ਸਾਲ ਦੀ ਉਮਰ ਵਿਚ ਸੱਤਵੀਂ ਕਲਾਸ ਦੀ ਪੜ੍ਹਾਈ ਕਰਦਿਆਂ ਡੀ.ਪੀ.ਆਈ. ਰਾਜਿੰਦਰ ਕੌਰ ਗਿੱਲ ਦੀ ਹੱਲਾਸ਼ੇਰੀ ਨਾਲ ਸ਼ੁਰੂ ਕੀਤੀ। ਪੰਜਾਬ ਸਰਕਾਰ ਵਲੋਂ ਦਿੱਤੇ ਗਏ ਹਾਕੀ ਕੋਚ ਮਾਸਟਰ ਪ੍ਰੀਤਮ ਸਿੰਘ ਵੀ ਨਾਲੋ ਨਾਲ ਸਿਖਲਾਈ ਅਤੇ ਨਵੀਂ ਜਾਣਕਾਰੀ ਦਿੰਦੇ ਰਹੇ। ਸ. ਅਵਤਾਰ ਸਿੰਘ ਵੀ ਕਾਫੀ ਮਿਹਨਤ ਕਰਾਉਂਦੇ ਰਹੇ ਅਤੇ ਕੋਚ ਬਾਲ ਕ੍ਰਿਸ਼ਨ ਨੇ ਹਾਕੀ ਦੀਆਂ ਮਹੀਨ ਤਕਨੀਕਾਂ ਦੱਸ ਕੇ ਆਪ ਦੀ ਖੇਡ 'ਚ ਹੋਰ ਨਿਖਾਰ ਲਿਆਂਦਾ

ਸਰੋਜ ਨੇ ਪਬਲਿਕ ਐਡਮਿਨਿਸਟਰੇਸ਼ਨ ਦੀ ਐਮ.ਏ. ਕਰਨ ਤੋਂ ਬਾਅਦ ਹਾਕੀ ਦਾ ਡਿਪਲੋਮਾ ਕੀਤਾ। 1980 'ਚ ਹਾਕੀ ਦੀ ਸ਼ੁਰੂਆਤ ਕਰਨ ਬਾਅਦ ਏਸ਼ੀਆ ਗੇਮਜ਼, ਵਰਲਡ ਕੱਪ, ਜੂਨੀਅਰ ਏਸ਼ੀਆ ਕੱਪ 'ਚ ਉਹ ਚੋਟੀ ਦੀ ਖਿਡਾਰਨ ਰਹੀ।

ਚੀਨ, ਜਪਾਨ, ਕੋਰੀਆ, ਆਸਟ੍ਰੇਲੀਆ, ਜਰਮਨੀ, ਯੂ.ਐਸ.ਐਸ, ਮਲੇਸ਼ੀਆ, ਅਰਜਨਟਾਈਨਾਂ ਤੋਂ ਇਲਾਵਾ ਕਈ ਹੋਰ ਮੁਲਕਾਂ 'ਚ ਵੀ ਸਰੋਜ ਖੇਡ ਚੁੱਕੀ ਹੈ। 1990 ਤੋਂ 1998 ਤੱਕ ਅੱਠ ਸਾਲ ਇੰਦਰਾ ਗਾਂਧੀ ਅੰਤਰਰਾਸ਼ਟਰੀ ਟੂਰਨਾਮੈਂਟ ਗੋਲਡ ਕੱਪ ਖੇਡੇ।

1990 ਤੋਂ 98 ਤੱਕ ਏਸ਼ੀਅਨ ਗੇਮਜ਼-ਵਰਲਡ ਕੱਪ ਜੂਨੀਅਰ, ਕਾਮਨ ਵੈਲਥ ਗੇਮਜ਼, 1994 ਦੀ ਹੀਰੋਸ਼ੀਮਾ ਏਸ਼ੀਆ ਗੇਮਜ਼, 2008



ਦਾ ਮਲੇਸ਼ੀਆ ਕਾਮਨ ਵੈਲਥ, ਜਪਾਨ-ਇੰਡੋ-ਜਰਮਨ ਅਤੇ ਇੰਡੋ-ਯੂ.ਕੇ. ਵਿਚ ਅੰਪਾਇਰਿੰਗ ਕੀਤੀ।

1988 'ਚ ਸਰੋਜ ਦੀ ਸ਼ਾਦੀ ਨੈਸ਼ਨਲ ਅਥਲੈਟਿਕਸ ਦੇ ਸਹਾਇਕ ਕੋਚ ਨਰਿੰਦਰ ਸਿੰਘ ਨਾਲ ਹੋ ਗਈ ਜੋ ਇਸ ਵਕਤ ਪਟਿਆਲਾ ਬਿਜਲੀ ਬੋਰਡ ਦੇ ਸੀਨੀਅਰ ਸਪੋਰਟਸ ਅਫ਼ਸਰ ਹਨ। ਸੱਸ ਮਹਿੰਦਰ ਕੌਰ ਅਤੇ ਪਤੀ ਨਰਿੰਦਰ ਸਿੰਘ ਦੇ ਚਾਚਾ ਪ੍ਰਿਥੀ ਰਾਜ ਬਾਂਸਲ ਨੇ ਵਿਆਹ ਤੋਂ ਬਾਅਦ ਸਰੋਜ ਨੂੰ ਬਹੁਤ ਉਤਸ਼ਾਹ ਅਤੇ ਸਾਥ ਦਿੱਤਾ। ਉਨ੍ਹਾਂ ਕੋਲ ਦੋ ਮਹੀਨੇ ਦੀ ਬੇਟੀ ਛੱਡ ਕੇ ਵੱਖ-ਵੱਖ ਏਸ਼ੀਅਨ ਖੇਡਾਂ 'ਚ ਸਰੋਜ ਨੇ ਭਾਗ ਲਿਆ।

ਜਾਣਕਾਰੀ ਲਈ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਨਰਿੰਦਰ ਸਿੰਘ ਦਾ ਪਿਛਲਾ ਪਿੰਡ ਸਰਹਾਲ ਕਾਜ਼ੀਆਂ ਜ਼ਿਲ੍ਹਾ ਨਵਾਂਸ਼ਹਿਰ ਹੈ। ਨਰਿੰਦਰ 1978-79 'ਚ ਸਿੱਖ ਨੈਸ਼ਨਲ ਕਾਲਜ ਬੰਗਾ ਦਾ ਬੈਸਟ ਅਥਲੀਟ ਰਹਿ ਚੁੱਕੈ। 1980-81 ਦਰਮਿਆਨ ਨਰਿੰਦਰ ਨੇ ਪੰਜਾਬ ਪੁਲਿਸ ਦੀ ਨੌਕਰੀ ਸ਼ੁਰੂ ਕੀਤੀ। ਪੰਜਾਬ ਪੁਲਿਸ ਦੀਆਂ ਖੇਡਾਂ ਵਿਚ ਡਿਕੈਥਲਨ ਦਾ ਰਿਕਾਰਡ ਕਾਇਮ ਕੀਤਾ। ਡਿਕੈਥਲਨ 'ਚ ਦਸ ਈਵੈਂਟ ਹੁੰਦੇ ਹਨ ਜਿਵੇਂ 100 ਮੀ. ਦੌੜ, 400 ਮੀ. ਦੌੜ, 110 ਮੀ. ਹਰਡਲ, 1500 ਮੀ. ਦੌੜ, ਲਾਂਗ ਜੰਪ, ਹਾਈ ਜੰਪ, ਪੋਲ ਵਾਲਟ, ਸ਼ਾਟ ਪੁੱਟ, ਡਿਸਕਸ ਥਰੋ ਅਤੇ ਜੈਵਲਨ ਥਰੋ ਵਗੈਰਾ। 1981 ਦਾ ਸੀਨੀਅਰ ਬੁਆਏ ਪੰਜਾਬ ਡਿਕੈਥਲਨ ਦਾ ਇਹ ਰਿਕਾਰਡ ਹਾਲੇ ਤੱਕ ਕਿਸੇ ਤੋਂ ਨਹੀਂ ਟੁੱਟਾ। ਜਦੋਂ ਵਧੀਆ ਮੌਕਾ ਮਿਲਿਆ ਤਾਂ ਉਸ ਨੇ ਡੀ.ਸੀ.ਐਮ. ਜੁਆਇਨ ਕਰ ਲਈ ਅਤੇ 1982 ਦੀਆਂ ਏਸ਼ੀਅਨ ਗੇਮਾਂ ਵਾਸਤੇ ਚੁਣਿਆ ਗਿਆ। ਪਰ ਬਦਕਿਸਮਤੀ ਨਾਲ ਗਿੱਟੇ 'ਤੇ ਸੱਟ ਲੱਗਣ ਕਰਕੇ ਇਨ੍ਹਾਂ ਖੇਡਾਂ 'ਚ ਭਾਗ ਨਹੀਂ ਸੀ ਲੈ ਸਕਿਆ।

ਕਈ ਹੋਰ ਅਦਾਰਿਆਂ ਲਈ ਖੇਡਦਿਆਂ ਪੂਨੇ ਖੇਡਾਂ ਦਾ ਨੈਸ਼ਨਲ ਚੈਂਪੀਅਨ ਬਣਿਆ ਅਤੇ ਆਲ ਇੰਡੀਆ ਡਿਕੈਥਲਨ ਦਾ ਰਿਕਾਰਡ ਬਣਾਉਂਦੇ ਹੋਏ ਨਰਿੰਦਰ ਸਿੰਘ ਨੇ 1983 'ਚ ਪੰਜਾਬ ਬਿਜਲੀ ਬੋਰਡ ਪਟਿਆਲਾ ਦੇ ਸੀਨੀਅਰ ਸਪੋਰਟਸ ਅਫ਼ਸਰ ਦੀ ਨੌਕਰੀ ਦਾ ਅਹੁੱਦਾ ਸੰਭਾਲ ਲਿਆ। ਉਸ ਦੀ ਦੇਖ ਰੇਖ ਹੇਠ ਨੈਸ਼ਨਲ ਅਤੇ ਇੰਟਰਨੈਸ਼ਨਲ ਖਿਡਾਰੀ ਪੈਦਾ ਹੋਏ।

ਐਥਲੈਟਿਕ ਕੋਚ ਨਰਿੰਦਰ ਸਿੰਘ ਆਪਣੀ ਜ਼ਿੰਦਗੀ ਤੋਂ ਪੂਰਾ ਖੁਸ਼ ਹੈ। ਉਸ ਦੇ ਇਕ ਬੇਟੀ ਅਤੇ ਇਕ ਬੇਟਾ ਹੈ ਜਿਨ੍ਹਾਂ ਨੂੰ ਚੰਗੇ ਸ਼ਹਿਰੀ ਅਤੇ ਵਧੀਆ ਸਪੋਰਟਸਮੈਨ ਬਣਾਉਣ ਦੀ ਦਿਲੀ ਤਮੰਨਾ ਹੈ। ਬੇਟਾ ਕਰਨ ਸਿੰਘ ਚੰਗਾ ਸਵਿੰਮਰ (ਤੈਰਾਕ) ਹੈ।

ਸਰੋਜ ਬਾਲਾ ਨਰਿੰਦਰ ਸਿੰਘ ਵਰਗੇ ਨੇਕ ਇਨਸਾਨ ਨੂੰ ਜੀਵਨ ਸਾਥੀ ਚੁਣ ਕੇ ਬਹੁਤ ਖੁਸ਼ ਹੈ। ਹੱਸਮੁਖ ਨੇਕ ਇਨਸਾਨ ਨਰਿੰਦਰ ਸਿੰਘ ਖੇਡਾਂ ਦੇ ਨਾਲ ਨਾਲ ਗਾਉਣ ਦਾ ਸ਼ੌਕੀ ਵੀ ਹੈ। ਅਗਰ ਨਰਿੰਦਰ ਸਿੰਘ ਖਿਡਾਰੀ ਨਾ ਬਣਦਾ ਤਾਂ ਅੱਜ ਤਕੜਾ ਗਾਇਕ ਹੁੰਦਾ। ਪ੍ਰਸਿੱਧ ਗਾਇਕਾ ਸਤਵਿੰਦਰ ਬਿੱਟੀ ਦਾ ਉਨ੍ਹਾਂ ਦੇ ਪਰਿਵਾਰ ਨਾਲ ਗੂੜ੍ਹਾ ਰਿਸ਼ਤਾ ਹੈ। ਗਾਇਕੀ 'ਚ ਆਉਣ ਤੋਂ ਪਹਿਲਾਂ ਬਿੱਟੀ ਸਰੋਜ ਬਾਲਾ ਕੋਲ ਹਾਕੀ ਖੇਡਦੀ ਰਹੀ ਹੈ।

ਅਨੇਕਾਂ ਮੁਲਕਾਂ 'ਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖੇਡਾਂ 'ਚ ਹਿੱਸਾ ਲੈ ਚੁੱਕੀ ਸਰੋਜ ਬਾਲਾ ਸੰਨ 2000 ਵਿਚ ਖੇਡਣਾ ਬੰਦ ਕਰਕੇ ਪੰਜਾਬ ਦੇ ਪਿੰਡਾਂ 'ਚ ਬਚਿਆਂ ਨੂੰ ਖੇਡਾਂ ਵਲ ਲਗਾ ਰਹੀ ਹੈ ਅਤੇ ਖਾਸ ਕਰਕੇ ਹਾਕੀ ਨੂੰ ਉਤਸ਼ਾਹਤ ਕਰ ਰਹੀ ਹੈ।

ਉਸ ਦੀਆਂ ਚੰਗੀਆਂ ਪ੍ਰਾਪਤੀਆਂ ਨੂੰ ਦੇਖਦੇ ਹੋਏ ਹਿੰਦੋਸਤਾਨ ਪੈਟਰੋਲੀਅਮ ਕੰਪਨੀ ਨੇ ਸਰੋਜ ਨੂੰ ਹੁਸ਼ਿਆਰਪੁਰ ਵਿਖੇ ਪੈਟਰੋਲ ਸਟੇਸ਼ਨ ਲਗਾ ਕੇ ਦਿੱਤਾ। ਇਥੇ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਖੇਡਾਂ ਦੇ ਨਾਲ ਨਾਲ ਆਪਣੇ ਕਾਰੋਬਾਰ ਦੀ ਦੇਖਭਾਲ ਵੀ ਕਰ ਰਹੀ ਹੈ। ਹੁਸ਼ਿਆਰਪੁਰ ਵਿਖੇ ਹੀ ਰੈਣ ਬਸੇਰਾ ਕਰਕੇ ਸੱਸ, ਪਤੀ ਅਤੇ ਬੱਚਿਆਂ ਨਾਲ ਸਰੋਜ ਚੰਗੀ ਜ਼ਿੰਦਗੀ ਬਸਰ ਕਰ ਰਹੀ ਹੈ। ਭਾਰਤੀ ਹਾਕੀ ਨੂੰ ਬੁਲੰਦੀਆਂ 'ਤੇ ਪਹੁੰਚਣ ਵਾਲੀ ਅਤੇ ਹਾਕੀ ਨੂੰ ਨਵੀਂ ਰੂਹ ਬਖਸ਼ਣ ਵਾਲੀ ਪੰਜਾਬਣ ਮੁਟਿਆਰ ਸਰੋਜ ਬਾਲਾ ਨੂੰ ਫਰਵਰੀ 2008 ਵਿਚ ਦੋਆਬੇ ਦੇ ਮਿੰਨੀ ਉਲੰਪਿਕ ਹਕੀਮਪੁਰ ਦੇ ਪੁਰੇਵਾਲ ਖੇਡ ਮੇਲੇ 'ਤੇ ਸਨਮਾਨਤ ਕੀਤਾ ਗਿਆ।

## *ਇਕ ਸੱਚ*

ਜੇ ਦੇਸ਼ ਆਪਣਾ ਛੱਡ ਅਸੀਂ ਪ੍ਰਦੇਸੀ ਹੋ ਗਏ
ਪ੍ਰਦੇਸ ਨੂੰ ਦੇਸ਼ ਆਪਣਾ ਸਮਝਣਾ ਚਾਹੀਦਾ
ਜਿਸ ਦੇਸ਼ ਵਿਚ ਅਸੀਂ ਰਹੀਏ ਹੁਣ ਸਾਰੇ
ਉਸ ਦੇਸ਼ ਦਾ ਕਦੇ ਬੁਰਾ ਨਹੀਂ ਤਕਾਈ ਦਾ
ਜਿਸ ਰੁੱਖ ਦੀ ਛਾਂ ਬੈਠ ਕੇ ਅਰਾਮ ਮਿਲਦਾ।
ਉਸ ਦੀਆਂ ਜੜ੍ਹਾਂ 'ਚ ਆਰਾ ਨਹੀਂ ਚਲਾਈਦਾ
ਪ੍ਰਦੇਸਾਂ ਦੀ ਬੋਲੀ ਸਿੱਖਣੀ ਵੀ ਜ਼ਰੂਰੀ ਏ
ਪਰ ਆਪਣੀ ਮਾਂ ਬੋਲੀ ਨੂੰ ਨਹੀਂ ਭੁੱਲ ਜਾਈਦਾ

ਇਥੇ ਸੱਦ ਕੇ ਮਾਪਿਆਂ ਦੀ ਕਰੋ ਪੂਰੀ ਸੇਵਾ
ਬੇਬੇ-ਬਾਪੂ ਨੂੰ ਨਹੀਂ ਗਰਾਜ਼ ਵਿਚ ਬਿਠਾਈਦਾ
ਬੱਚੇ ਕਹਾਣੀਆਂ ਸੁਣਨ ਦਾਦੀ-ਦਾਦੇ ਕੋਲੋਂ
ਓ-ਅ ਦਾ ਅਰਥ ਬੱਚਿਆਂ ਨੂੰ ਸਮਝਾਈ ਦਾ

ਜ਼ਮਾਨੇ ਦੇ ਨਾਲ ਚੱਲਣਾ ਅਸੀਂ ਸਿੱਖੇ ਸਾਰੇ
ਪਰ ਆਪਣਾ ਪਿਛੋਕੜ ਨਹੀਂ ਭੁੱਲ ਜਾਈਦਾ
ਜੇ ਯਾਰ ਬਣ ਕੇ ਪੈਰ ਪੈਰ 'ਤੇ ਝੂਠ ਬੋਲੇ
ਉਸ ਯਾਰ 'ਤੇ ਨਹੀਂ ਕਦੇ ਹੱਕ ਜਤਾਈਦਾ

ਜਵਾਨ ਪੁੱਤ ਨੂੰ ਆਪਣੇ ਤੋਂ ਵੱਖ ਕਰ ਕੇ
ਧੀ-ਜਵਾਈ ਨੂੰ ਨਹੀਂ ਕਦੇ ਘਰੇ ਬਿਠਾਈਦਾ
ਮੰਗਣਾਂ ਜੇ ਕੁਝ ਮੰਗੋ ਦਾਤੇ ਦਾਤਾਰ ਕੋਲੋਂ
ਕਿਸੇ ਅੱਗੇ ਨਹੀਂ ਕਦੇ ਹੱਥ ਫੈਲਾਈਦਾ

ਜੇ ਲੱਗੀ ਅੱਗ ਨਹੀਂ ਬੁਝਾ ਸਕਦੇ
ਫਿਰ ਮੱਚਦੀ 'ਤੇ ਤੇਲ ਨਹੀਂ ਪਾਈਦਾ
ਜੇਕਰ ਕਿਸੇ ਦੇ ਕੰਮ ਆ ਸਕਦੇ ਹੋ
ਕਦੇ ਅਹਿਸਾਨ ਕੀਤਾ ਨਹੀਂ ਜਤਾਈਦਾ

ਆਪਣੇ ਘਰੇ ਪਹਿਲਾਂ ਝਾਤ ਲਈਏ
ਕਿਸੇ ਦੇ ਘਰੇ ਕਲੇਸ਼ ਨਹੀਂ ਪਾਉਣਾ ਚਾਹੀਦਾ
ਆਪਾਨਿਆਂ ਦਾ ਫੁੱਲ ਵੱਜੇ ਪੱਥਰ ਬਣ ਕੇ
'ਮੇਜਰਾ' ਗੈਰਾਂ ਦਾ ਪੱਥਰ ਫੁੱਲ ਬਣ ਜਾਈਦਾ।

***-ਮੇਜਰ ਕੁਲਾਰ, ਬੋਪਾਰਾਏ ਕਲਾਂ***

# ਈਸ਼ਵਰ ਦਾ ਜਨਮ

ਉਮਰ ਰੋਣ ਲਈ ਪਈ ਸੀ। ਸਾਰੇ ਕਹਿ ਰਹੇ ਸੀ, ''ਹੁਣ ਇਸ ਵਿਚਾਰੀ ਨੇ ਰੁਲ ਜਾਣਾ।'

ਮਹੀਨੇ ਕੁ ਬਾਅਦ ਸਾਰੇ ਪਿੰਡ 'ਚ ਦਹਿਸ਼ਤ ਫੈਲ ਗਈ। ਰਾਤ ਨੂੰ ਪਿੰਡ ਦੀਆਂ ਗਲੀਆਂ 'ਚ ਭੂਤਨੀ ਫਿਰਦੀ ਸੀ।

ਚਿੱਟਾ ਲਿਬਾਸ ਹੁੰਦਾ। ਜਦੋਂ ਉਹ ਤੁਰਦੀ, ਜਿਵੇਂ ਝਾਂਜਰਾ ਦੀ ਛਣ-ਛਣ ਹੋ ਰਹੀ ਹੋਵੇ। ਹੱਥ ਵਿਚ ਡਾਂਗ ਹੁੰਦੀ। ਕਮ ਦਿਲੇ ਰਾਤ ਬਰਾਤੇ ਘਰਾਂ 'ਚੋਂ ਬਾਹਰ ਜਾਣੇ ਬੰਦ ਹੋ ਗਏ। ਉਹ ਭੂਤਨੀ ਕਿਸੇ ਨੂੰ ਕਹਿੰਦੀ ਕੁਝ ਨਹੀਂ ਸੀ। ਮੂੰਹ ਸਿਰ ਲਪੇਟਿਆ ਹੁੰਦਾ। ਲੰਮੀ ਬੀਹੀ 'ਚੋਂ ਹੁੰਦੀ ਹੋਈ ਮੜੀਆਂ ਵਲ ਚਲੀ ਜਾਂਦੀ।

ਜਦੋਂ ਗੱਲ ਦਾ ਪੋਲ ਖੁੱਲ੍ਹਿਆ ਤਾਂ ਅਮਨ ਦੇ ਘਰੇ ਲੜਾਈ ਪੈਣ ਲੱਗੀ। ਅਮਨ ਕਹਿਣ ਲੱਗਾ, ''ਲੋਕ ਸਾਲੇ ਦੋ-ਮੂੰਹੇ ਨੇ ਪਹਿਲਾਂ ਕਹਿੰਦੇ ਸੀ ਇਹਨੇ ਵਿਚਾਰੀ ਨੇ ਰੁਲ ਜਾਣਾ। ਹੁਣ ਮੈਂ ਸਹਾਰਾ ਦੇਣ ਲੱਗਿਆ ਤਾਂ ਉਲਟ ਬੋਲਦੇ ਨੇ...।''

ਅਮਨ ਨੇ ਸਾਰੇ ਪਾਸਿਆਂ ਤੋਂ ਮਨ ਮੋੜ ਕੇ ਤੇਜ ਸਥਾਨ ਤੋਂ ਜਿਥੇ ਈਸ਼ਵਰ ਦਾ ਵਾਸਾ ਹੈ, ਲਗਾ ਲਿਆ। ਹੁਣ ਸਭ ਨੇ ਧੰਨਵਾਦ ਕਰਨਾ ਸੀ। ਜਿਹੜੀ ਜ਼ਰੂਰੀ ਰਸਮ ਸੀ। ਪਹਿਲਾਂ ਪਿਤਾ ਸ਼੍ਰੀ ਦਾ ਧੰਨਵਾਦ ਕਰਨਾ ਸੀ ਜਿਹੜਾ ਗਿਆਨ ਦਿੱਤਾ ਸੀ ਫਿਰ ਉਥੇ ਹਰ ਸਾਥੀ ਦਾ ਪੈਰੀਂ ਹੱਥ ਲਗਾ ਕੇ ਧੰਨਵਾਦ ਕਰਨਾ ਸੀ ਭਾਵੇਂ ਉਮਰ ਵਿਚ ਵੱਡਾ ਹੋਵੇ ਜਾਂ ਛੋਟਾ। ਅਮਨ ਸਭ ਦਾ ਧੰਨਵਾਦ ਕਰ ਰਿਹਾ ਸੀ।

ਅਮਨ ਨੂੰ ਵਿਸ਼ਵਾਸ ਹੋ ਗਿਆ ਸੀ। ਉਹਦੇ ਤੇਜ ਸਥਾਨ 'ਤੇ ਈਸ਼ਵਰ ਦਾ ਵਾਸਾ ਹੈ। ਉਹ ਆਪ ਹੀ ਈਸ਼ਵਰ ਹੈ। ਜਿਵੇਂ ਮਹਾਂਵੀਰ ਗਿਆਨ ਪ੍ਰਾਪਤ ਕਰਕੇ ਬੁੱਧ ਬਣ ਗਿਆ ਸੀ। ਉਹ ਵੀ ਤੇਜ਼ ਗਿਆਨ ਪ੍ਰਾਪਤ ਕਰਕੇ ਬੁੱਧ ਬਣ ਗਿਆ। ਦੂਜੇ ਅਧਿਆਪਕਾਂ ਬਾਰੇ ਸੋਚਦਾ ਇਹ ਬੁੱਧੂ ਦੇ ਬੁੱਧੂ ਹੀ ਰਹੇ। ਸ਼ਿਵਰ ਪੂਰਾ ਹੋ ਗਿਆ ਸੀ ਪਰ ਪਿਤਾ ਸ਼੍ਰੀ ਨੇ ਕਿਹਾ ਸੀ ਤੁਸੀਂ ਸਦਾ ਹੀ ਸ਼ਿਵਰ 'ਚ ਰਹਿਣਾ ਹੈ।

***

ਉਪਰੋਕਤ ਗੱਲਾਂ ਨੂੰ ਮਹੀਨੇ ਬੀਤ ਗਏ। ਅਮਨ ਘੰਟੇ ਕੁ ਬਾਅਦ ਸਮਾਧੀ ਲਗਾ ਕੇ ਬੈਠ ਜਾਂਦਾ। ਹਰ ਗੱਲ ਨਾਲ ਆਪਣੇ ਆਪ ਨੂੰ ਈਸ਼ਵਰ ਆਖਦਾ। ਫੌਜੀ, ਰਾਜੀ, ਪਿੰਡ ਦੇ ਲੋਕ ਤੇ ਸਕੂਲ ਦਾ ਸਟਾਫ ਉਹਦੀਆਂ ਇਨ੍ਹਾਂ ਹਰਕਤਾਂ ਨੂੰ ਅਚੰਭੇ ਨਾਲ ਦੇਖਦੇ। ਇਕ ਦਿਨ ਰਾਜੀ ਨੂੰ ਪਤਾ ਨਹੀਂ ਕੀ ਸੁਝੀ। ਉਹਨੇ ਝਾਂਵਾਂ ਫੜ ਕੇ ਅੱਡੀਆਂ ਕੂਚ ਲਈਆਂ ਨਹਾ ਕੇ ਕੇਸ ਸੁਕਾ ਡੋਰੀ ਪਾ ਕੇ ਚੀਰਮੀ 'ਚ ਸੰਧੂਰ ਦੀ ਚੁਟਕੀ ਪਾਈ। ਮੱਥੇ 'ਤੇ ਸੂਟ ਦੇ ਰੰਗ ਵਰਗੀ ਬਿੰਦੀ ਲਗਾ। ਲਿਪ ਲਾਇਨ ਲਗਾ ਕੇ, ਸੁਰਖੀ ਲਗਾ, ਸੈਂਟ ਛਿੜਕਾਇਆ। ਸ਼ੀਸ਼ੇ ਅੱਗੇ ਖੜ੍ਹ ਕੇ ਆਪਣੇ ਆਪ ਨਾਲ ਗੱਲਾਂ ਕੀਤੀਆਂ।

ਅਮਨ ਕੋਲ ਗਈ। ਚੁੰਨੀ ਨੂੰ ਉਂਗਲ ਤੇ ਲਪੇਟਦੀ ਕਹਿਣ ਲੱਗੀ ''ਦੇਖਿਓ ਮੇਰਾ ਸੂਟ ਕਿਹੋ ਜਿਹਾ ਲੱਗਦਾ?'' ਉਹ ਕੁਝ ਨਹੀਂ ਬੋਲਦਾ। ਸ਼ਾਇਦ ਸਮਾਧੀ ਲਗਾਈ ਬੈਠਾ ਸੀ।

''ਮੈਂ ਕਿਹਾ ਜੀ...।''

''......।''

ਰਾਜੀ ਨੇ ਮੋਢੇ ਤੋਂ ਫੜ ਕੇ ਹਲੂਣਿਆ ''ਮੈਂ ਕਿਹਾ ਜੀ...।'' ਉਹ ਉਸੇ ਤਰ੍ਹਾਂ ਅੱਖਾਂ ਮੀਚੀ ਸ਼ਾਂਤ ਚਿੱਤ ਬੈਠਾ ਰਿਹਾ। ਰਾਜੀ ਦਾ ਦਿਲ ਕਰ ਰਿਹਾ ਸੀ ਉਹ ਮਾਰੇ ਕੁੱਟੇ ਹੱਡ-ਹੱਡ ਪੋਲਾ ਕਰ ਦੇਵੇ। ਉਹਨੇ ਉਹਦਾ ਮੋਢਾ ਥੋੜ੍ਹਾ ਜ਼ੋਰ ਨਾਲ ਹਲੂਣ ਕੇ ਕਿਹਾ, ''ਮੈਂ ਕਿਹਾ ਜੀ ਗੱਲ ਤਾਂ ਸੁਣੋ...।'' ਉਹਨੂੰ ਪੱਥਰ ਬਣਿਆ ਦੇਖ ਰਾਜੀ ਨੂੰ ਜਿਵੇਂ ਕੁਝ ਹੋ ਗਿਆ। ਉਹਨੇ ਅਮਨ ਦੀ ਛਾਤੀ ਦੇ ਦੁਹੱਥੜਾ ਮਾਰਿਆ। ''ਅੱਗ ਲੱਗ ਜੇ ਤੇਰੇ ਈਸ਼ਵਰ ਨੂੰ, ਨਾਲ ਤੈਨੂੰ...। ਸਾਨੂੰ ਤਾਂ ਤੇਰਾ ਬੋਲਣ ਦਾ ਭਾਅ ਨੀ...ਚੋਦਿਆ ਸ਼ਿਵਰ ਦਾ...।''

ਅਮਨ ਨੂੰ ਗੁੱਸਾ ਆ ਗਿਆ। ਉਹਨੇ ਹੱਥ ਉਤਾਂਹ ਚੁੱਕਿਆ। ''ਜਮ੍ਹਾਂ ਕੁੱਤੀਆਂ ਆਲੇ ਕੰਮ ਨੇ ਤੇਰੇ...'' ਫਿਰ ਉਹਨੇ ਆਪਣੇ-ਆਪ 'ਤੇ ਕਾਬੂ ਪਾ ਲਿਆ। ਮਾਰਨ ਲਈ ਚੁੱਕਿਆ ਹੱਥ ਨੀਵਾਂ ਕਰ ਲਿਆ।

ਰਾਜੀ ਕਹਿ ਰਹੀ ਸੀ, ''ਨਾ ਮਾਰ ਕੇ ਦਿਖਾ ਜੇ ਪਿਉ ਦਾ ਪੁੱਤ ਏਂ...।''

ਉਹ ਬੋਲੀ ਜਾ ਰਹੀ ਸੀ। ਫੌਜੀ ਨੂੰ ਅੱਜ ਪਹਿਲੀ ਵਾਰ ਬਹੂ ਦੀ ਥਾਂ ਅਮਨ 'ਤੇ ਗੁੱਸਾ ਆਇਆ ਸੀ, ਬੋਲਿਆ, ''ਮਦਰ ਚੋ ਕਲਯੁਗ...ਲਾਈਲੱਗ ਮਦਰ 'ਚੋ। ਬਿੰਦੀ ਦੀ ਤੀਵੀਂ ਤਾਂ ਬਿੰਦੀ ਮਰੇ ਤੇ ਰੁਲੀ ਸੀ, ਮਦਰ 'ਚੋ ਤੇਰੀ...। ਅੱਜ ਉਹ ਅੰਦਰ ਬੈਠਾ ਹੀ ਬੁੜ-ਬੁੜ ਕਰੀ ਜਾ ਰਿਹਾ ਸੀ।

ਅਮਨ ਬੈਠਕ 'ਚ ਵੜ ਗਿਆ। ਅੰਦਰੋਂ ਕੁੰਡਾ ਬੰਦ ਕਰ ਲਿਆ, ਕਹਿਣ ਲੱਗਾ,

''ਮੈਂ ਸ਼ਿਵਰ 'ਚ ਹਾਂ।''

# 84 ਦਾ ਸਿੱਖ ਕਤਲੇਆਮ ਅਤੇ ਸਿਆਸਤਦਾਨਾਂ ਦਾ ਦੋਗਲਾਪਨ

ਦਿੱਲੀ ਅਤੇ ਭਾਰਤ ਦੇ ਕਈ ਹੋਰਨਾਂ ਸ਼ਹਿਰਾਂ ਵਿਚ ਸਿੱਖਾਂ ਦੇ ਹੋਏ ਕਤਲੇਆਮ ਨੂੰ 25 ਸਾਲ ਬੀਤ ਗਏ ਹਨ। ਇਸ ਕਤਲੇਆਮ ਵਿਚ ਇਕਪਾਸੜ ਤੌਰ ਉਤੇ ਇਕੋ ਫਿਰਕੇ ਦੇ ਬੱਚਿਆਂ, ਬੁੱਢਿਆਂ, ਮਰਦਾਂ ਅਤੇ ਔਰਤਾਂ ਦਾ ਪਿੱਛਾ ਕਰ ਕਰ ਕੇ ਮਾਰਿਆ, ਕੁੱਟਿਆ ਅਤੇ ਸਾੜਿਆ ਗਿਆ। ਬਲਾਤਕਾਰ ਕੀਤੇ ਗਏ। ਇਹ ਵੀ ਸ਼ਰਮ ਦੀ ਗੱਲ ਹੈ ਕਿ ਇਸ ਇਕਪਾਸੜ ਵਹਿਸ਼ੀਪੁਣੇ ਨੂੰ ਅੱਜ ਤੱਕ ਦੰਗਿਆਂ ਦਾ ਨਾਂ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕੁਰਸੀਆਂ ਦੀ ਸਿਆਸੀ ਖੇਡ ਵਿਚ ਹਾਲੇ ਤੱਕ ਇਹ ਫੈਸਲਾ ਨਹੀਂ ਹੋ ਸਕਿਆ ਕਿ ਆਖਰ ਇਹ ਸ਼ਰਮਨਾਕ ਵਰਤਾਰਾ ਕਰਨ ਵਾਲੇ ਕੌਣ ਲੋਕ ਸਨ? ਸਜ਼ਾ ਦਿਵਾਉਣ ਦੀ ਗੱਲ ਤਾਂ ਇਕ ਪਾਸੇ ਹੈ।

ਇਕ ਸਦੀ ਦਾ ਚੌਥਾਈ ਹਿੱਸਾ ਬੀਤ ਜਾਣ ਮਗਰੋਂ ਵੀ ਜੇਕਰ ਉਹ ਲੋਕ ਜਾਂ ਉਨ੍ਹਾਂ ਨਾਲ ਦਿਲੀ ਹਮਦਰਦੀ ਰੱਖਣ ਵਾਲੇ ਇਹ ਗੱਲ ਕਹਿ ਰਹੇ ਹਨ ਕਿ ਹਾਲੇ ਤੱਕ ਇਨਸਾਫ ਨਹੀਂ ਮਿਲਿਆ, ਕਸੂਰਵਾਰਾਂ ਨੂੰ ਸਜ਼ਾਵਾਂ ਨਹੀਂ ਮਿਲੀਆਂ ਤਾਂ ਇਹ ਸੱਚ ਵੀ ਹੈ ਅਤੇ ਪ੍ਰਤੱਖ ਵੀ-ਪਰ ਜਦੋਂ ਸੁਖਬੀਰ ਬਾਦਲ ਜਾਂ ਇੰਦਰ ਕੁਮਾਰ ਗੁਜ਼ਰਾਲ ਵੀ ਇਹੋ ਗੱਲ ਆਖੇ ਕਿ ਅਜੇ ਤੱਕ ਇਨਸਾਫ ਨਹੀਂ ਮਿਲਿਆ ਤਾਂ ਇਹ ਗੱਲ ਸਮਝਣ ਵਾਲੇ ਨੂੰ ਓਪਰੀ ਓਪਰੀ ਲੱਗਦੀ ਹੈ।

ਸੁਖਬੀਰ ਹੁਣ ਸ. ਮਨਮੋਹਨ ਸਿੰਘ ਅਤੇ ਦੇਸ਼ ਦੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਨੂੰ ਦੰਗਾ ਪੀੜਤਾਂ ਨੂੰ ਇਨਸਾਫ ਦਿਵਾਉਣ ਅਤੇ ਕਸੂਰਵਾਰਾਂ ਨੂੰ ਸਜ਼ਾਵਾਂ ਦਿਵਾਉਣ ਲਈ ਵਿਸ਼ੇਸ਼ ਅਦਾਲਤਾਂ ਦੇ ਗਠਨ ਦੀ ਬੇਨਤੀ ਕਰ ਰਿਹਾ ਹੈ। ਜਨ ਸਾਧਾਰਨ ਮਨੁੱਖ ਦੀਆਂ ਕੋਮਲ ਭਾਵਨਾਵਾਂ ਨਾਲ ਖਿਲਵਾੜ ਕਰਨਾ ਇਨ੍ਹਾਂ ਸਿਆਸੀ ਲੋਕਾਂ ਦੀ ਫਿਤਰਤ ਹੈ। ਕਹਿਣ ਨੂੰ ਇਹ ਲੋਕ 84 ਦੇ ਇਨ੍ਹਾਂ ਪੀੜਤਾਂ ਨਾਲ ਦਿਲੀ ਹਮਦਰਦੀ ਜਤਾ ਰਹੇ ਹਨ ਪਰ ਅਸਲ ਵਿਚ ਇਹ ਉਨ੍ਹਾਂ ਦੇ ਅੱਲ੍ਹੇ ਜ਼ਖ਼ਮਾਂ ਦੀ ਕੀਮਤ ਉਤੇ ਆਪੋ ਆਪਣੇ ਸਿਆਸੀ ਭਵਿੱਖ ਦੀਆਂ ਰੋਟੀਆਂ ਸੇਕ ਰਹੇ ਹਨ ਅਤੇ ਸੱਤਾ ਉਤੇ ਆਪਣੀ ਪਕੜ ਹੋਰ ਮਜ਼ਬੂਤ ਕਰਨ ਦੇ ਆਹਰ ਪਾਹਰ ਕਰ ਰਹੇ ਹਨ।

ਸ. ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਇਨ੍ਹਾਂ ਦੇ ਸਾਥੀਆਂ ਦੀ ਕੇਂਦਰ ਵਿਚ ਕਿੰਨੀ ਦੇਰ ਸਰਕਾਰ ਰਹੀ ਹੈ। ਅਟੱਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਅਤੇ ਲਾਲ ਕ੍ਰਿਸ਼ਨ ਅਡਵਾਨੀ ਗ੍ਰਹਿ ਮੰਤਰੀ ਰਿਹਾ ਹੈ। ਖੁਦ ਸੁਖਬੀਰ ਬਾਦਲ ਵੀ ਕੇਂਦਰੀ ਮੰਤਰੀ ਰਿਹਾ ਹੈ। ਉਦੋਂ ਰਾਸ਼ਟਰਪਤੀ ਵੀ ਉਨ੍ਹਾਂ ਦੀ ਆਪਣੀ ਪਾਰਟੀ ਦਾ ਹੀ ਬਣਾਇਆ ਹੋਇਆ ਸੀ। ਜੇਕਰ ਇਹ ਲੋਕ ਚਾਹੁੰਦੇ ਤਾਂ ਉਦੋਂ ਹੀ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਿਵਾ ਸਕਦੇ ਸਨ। ਦੋਸ਼ੀਆਂ ਨੂੰ ਸਜ਼ਾਵਾਂ ਦਿਵਾ ਸਕਦੇ ਸਨ। ਜੋ ਅਪੀਲਾਂ ਹੁਣ ਇਹ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨੂੰ ਕਰ ਰਹੇ ਹਨ ਕਿ ਵਿਸ਼ੇਸ਼ ਅਦਾਲਤਾਂ ਦਾ ਗਠਨ ਕਰਕੇ 84 ਦੇ ਕਤਲੇਆਮ ਦਾ ਸ਼ਿਕਾਰ ਹੋਏ ਲੋਕਾਂ ਨੂੰ ਇਨਸਾਫ ਦਿਵਾਇਆ ਜਾਵੇ-ਇਹ ਅਪੀਲਾਂ ਤਾਂ ਉਹ ਆਪਣੀ

## ਸੰਪਾਦਕ ਦੀ ਡਾਕ

ਸਰਕਾਰ ਵੇਲੇ ਵੀ ਕਰ ਸਕਦੇ ਸਨ ਅਤੇ ਜੇ ਚਾਹੁੰਦੇ ਤਾਂ ਮੰਨੀਆਂ ਵੀ ਜਾ ਸਕਦੀਆਂ ਸਨ। ਹੁਣ ਇਹ ਅਪੀਲਾਂ ਲੋਕਾਂ ਨੂੰ ਬੇਵਕੂਫ ਬਣਾਉਣ ਤੋਂ ਵੱਧ ਕੁਝ ਨਹੀਂ।

ਉਂਜ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜ਼ਰਾਲ ਦਾ ਸਿੱਖਾਂ ਨੂੰ ਇਨਸਾਫ ਨਾ ਮਿਲਣ ਉਤੇ ਹੰਝੂ ਕੇਰਨਾ ਵੀ ਮਗਰ ਮੱਛ ਦੇ ਹੰਝੂ ਹੀ ਜਾਪਦੇ ਹਨ। ਉਹ ਖੁਦ ਪ੍ਰਧਾਨ ਮੰਤਰੀ ਰਹੇ ਹਨ, ਜੇ ਚਾਹੁੰਦੇ ਤਾਂ ਉਦੋਂ ਹੀ ਕੋਈ ਠੋਸ ਕਦਮ ਉਠਾ ਸਕਦੇ ਸਨ ਜਿਸ ਨਾਲ ਵਲੂੰਧਰੇ ਹਿਰਦਿਆਂ 'ਤੇ ਮਲ੍ਹਮ ਲੱਗ ਸਕਦੀ ਸੀ।

ਜਿਸ ਤਰ੍ਹਾਂ ਅਸੀਂ ਸਾਧਾਰਨ ਲੋਕ ਸੋਚਦੇ ਹਾਂ ਉਸ ਤਰ੍ਹਾਂ ਨਹੀਂ ਹੋ ਸਕਦਾ। ਕਿਉਂਕਿ ਇਹ ਸਿਆਸਤਦਾਨ ਲੋਕ ਜਨ ਸਾਧਾਰਨ ਦੀਆਂ ਭਾਵਨਾਵਾਂ ਜਾਂ ਦੁਖੀ ਲੋਕਾਂ ਦੇ ਦੁੱਖ ਦੀ ਗੱਲ ਉਦੋਂ ਹੀ ਕਰਦੇ ਹਨ ਜਦੋਂ ਆਪਣੀਆਂ ਕੁਰਸੀਆਂ ਨਾਲ ਚੰਬੜੇ ਰਹਿਣ ਦੀ ਉਮਰ ਵਧਾਉਣੀ ਹੁੰਦੀ ਹੈ ਜਾਂ ਦੂਜੇ ਤੋਂ ਕੁਰਸੀ ਖੋਹਣੀ ਹੁੰਦੀ ਹੈ। ਅਸਲ ਗੱਲ ਤਾਂ ਇਹ ਹੈ ਕਿ ਇਹ ਲੋਕ ਇਹੋ ਜਿਹੀਆਂ ਸਮੱਸਿਆਵਾਂ ਦਾ ਹੱਲ ਕਰਨਾ ਹੀ ਨਹੀਂ ਚਾਹੁੰਦੇ ਹੁੰਦੇ। ਇਹ ਸਮੱਸਿਆ ਭਾਵੇਂ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਹੋਵੇ, ਪਾਣੀਆਂ ਦੀ ਹੋਵੇ, ਭਾਸ਼ਾਈ ਮਸਲਿਆਂ ਦੀ ਹੋਵੇ, ਕਿਸਾਨਾਂ-ਮਜ਼ਦੂਰਾਂ ਦੀਆਂ ਸਮੱਸਿਆਵਾਂ ਦੀ ਹੋਵੇ-ਮੌਕੇ ਦੇ ਹੁਕਮਰਾਨ ਇਨ੍ਹਾਂ ਨੂੰ ਹੱਲ ਕਰਨਾ ਹੀ ਨਹੀਂ ਚਾਹੁੰਦੇ। ਜੇਕਰ ਇਹ ਲੋਕ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰ ਦਿੰਦੇ ਹਨ ਤਾਂ ਇਨ੍ਹਾਂ ਨੂੰ ਆਪਣੀਆਂ ਗੱਦੀਆਂ ਬਚਾਉਣ ਲਈ ਹੋਰ ਤਿਕੜਮਾਂ ਲੜਾਉਣੀਆਂ ਪੈਣਗੀਆਂ। ਹੋਰ ਭਿਆਨਕ ਕਾਂਡ ਵਰਤਾਉਣ ਲਈ ਹੋਰ ਮੌਕੇ ਪੈਦਾ ਕਰਨੇ ਪੈਣਗੇ।

ਅਖੀਰ ਗੱਲਾਂ ਦੀ ਗੱਲ ਇਹ ਹੈ ਕਿ ਇਨ੍ਹਾਂ ਦੋਮੂੰਹਿਆਂ ਲੋਕਾਂ ਦੀਆਂ ਛਲਾਵੇ ਭਰੀਆਂ ਗੱਲਾਂ ਤੋਂ ਮੁਕਤ ਹੋਣ ਲਈ ਲੋਕਾਂ ਨੂੰ ਸਿਆਸੀ ਅਤੇ ਧਾਰਮਿਕ ਤੌਰ 'ਤੇ ਸੁਚੇਤ ਹੋਣ ਦੀ ਲੋੜ ਹੈ ਤਾਂ ਜੋ ਕੋਈ ਵੀ ਰਿਸਦੇ ਜ਼ਖ਼ਮਾਂ ਦੀਆਂ ਗੱਲਾਂ ਕਰਕੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਮੁੱਲ ਨਾ ਵੱਟ ਸਕੇ।

***-ਕਰਮਜੀਤ ਕੰਗ, ਬੇਕਰਜ਼ਫੀਲਡ***

---

### *ਬਲਜੀਤ ਬਾਸੀ ਦੀਆਂ ਲਿਖਤਾਂ*

ਬਲਜੀਤ ਬਾਸੀ ਪੰਜਾਬ ਟਾਈਮਜ਼ ਦੇ ਕਲਮੀ ਕਾਫਲੇ ਵਿਚ ਕਾਫੀ ਪਿਛੋਂ ਆ ਕੇ ਸ਼ਾਮਲ ਹੋ ਕੇ ਵੀ ਕਾਫੀ ਅਗਾਂਹ ਲੰਘ ਗਿਆ ਹੈ। ਉਸ ਦੀਆਂ ਲਿਖਤਾਂ ਦੇ ਵਿਸ਼ੇ, ਲਿਖਣ ਸ਼ੈਲੀ ਮੁੱਢੋਂ ਹੀ ਭਿੰਨ ਅਤੇ ਰਸਮਈ ਹੈ। ਉਸ ਦੀਆਂ ਲਿਖਤਾਂ ਵਿਚ ਅਨੇਕਾਂ ਹੀ ਅਜਿਹੇ ਸ਼ਬਦ ਪੜ੍ਹਨ ਨੂੰ ਮਿਲ ਜਾਂਦੇ ਹਨ ਜਿਹੜੇ ਸਾਨੂੰ ਚਿਰੋਕਣੇ ਭੁੱਲ ਚੁੱਕੇ ਹਨ ਪਰ ਜੋ ਪੁਰਾਣੇ ਪੰਜਾਬੀ ਸਭਿਆਚਾਰ ਦੀ ਝਲਕ ਦਿੰਦੇ ਹਨ। ਅਜਿਹੇ ਸ਼ਬਦ ਪੰਜਾਬੀ ਲਿਖਤਾਂ ਵਿਚੋਂ ਦਿਨੋਂ ਦਿਨ ਗੁੰਮ ਹੁੰਦੇ ਜਾਪਦੇ ਹਨ। ਉਸ ਦਾ ਠੇਠ ਪੰਜਾਬੀ ਲਹਿਜ਼ਾ ਜਿਥੇ ਠੁੱਕਦਾਰ ਸ਼ਬਦਾਵਲੀ ਨਾਲ ਲੈਸ ਹੁੰਦਾ ਹੈ ਉਥੇ ਹਾਸਰਸ ਨਾਲ ਵੀ ਭਰਪੂਰ ਹੁੰਦਾ ਹੈ। ਸਹੀ ਥਾਂ 'ਤੇ ਸਹੀ ਅਲੰਕਾਰ, ਵਿਸ਼ਲੇਸ਼ਣ ਅਤੇ ਉਪਮਾ ਦੀ ਵਰਤੋਂ ਉਸ ਦੀ ਹੁਨਰਮਈ ਜੁਗਤ ਦੇ ਗਹਿਣੇ ਹਨ। ਉਹ ਵੱਡੀਆਂ ਤੇ ਸੂਖਮ ਗੱਲਾਂ ਨੂੰ ਬੜੀ ਸਹਿਜ ਤੇ ਸਾਧਾਰਣ ਗੱਲਬਾਤ ਰਾਹੀਂ ਸਮਝਾ ਜਾਂਦਾ ਹੈ। ਕਈ ਵਾਰ ਇਹ ਜਾਨਣ ਨੂੰ ਚਿੱਤ ਕਰਦਾ ਹੈ ਕਿ ਉਸ ਦੀਆਂ ਲਿਖਤਾਂ ਦੇ ਪਾਤਰ ਭੂਆ, ਫੁੱਫੜ, ਸਾਂਢੂ, ਸਾਲੇ, ਸਾਲੀਆਂ ਤੇ ਭਰਜਾਈਆਂ ਅਸਲੀ ਹਨ ਜਾਂ ਨਹੀਂ। ਵੈਸੇ ਉਸ ਦਾ ਲੇਖ ਭੂਆ ਹੋਵੇ ਜਾਂ ਸੁਹਾਵਣਾ ਸਫਰ ਜਾਂ ਫਿਰ ਤਿੰਨ ਖੋਖਿਆਂ ਦੀ ਸੁਪਰਵਾਈਜ਼ਰ ਜਾਂ ਸਾਡਾ ਮਾਰਕੋਨੀ, ਜੇ ਅਸੀਂ ਆਪਣੇ ਆਲੇ ਦੁਆਲੇ ਨਿਗਾਹ ਮਾਰੀਏ ਤਾਂ ਇਨ੍ਹਾਂ ਦੇ ਪਾਤਰ ਸਾਡੇ ਸਭ ਦੇ ਆਸੇ-ਪਾਸੇ ਹੀ ਖਿਲਰੇ ਪਏ ਹਨ। ਬਾਸੀ ਦਿਲਚਸਪ ਰਚਨਾਵਾਂ ਦੇਣ ਲਈ ਪੰਜਾਬ ਟਾਈਮਜ਼ ਦੇ ਪਾਠਕਾਂ ਤੋਂ ਵਧਾਈ ਲੈਣ ਦਾ ਹੱਕਦਾਰ ਹੈ।

***ਗੁਰਬਖ਼ਸ਼ੀਸ਼ ਸਿੰਘ ਗਰੇਵਾਲ***
***ਸੈਕਰਾਮੈਂਟੋ।***

# ਨਵੇਂ ਚਿਹਰਿਆਂ ਨੂੰ ਸਥਾਪਤ ਕਰ ਰਹੀ ਫਿਲਮ-ਹੀਰ ਰਾਂਝਾ

ਐਚ ਐਂਡ ਐਚ ਤੇ ਐਪਲੌਸ ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਨਾਮਵਰ ਫਿਲਮਸਾਜ਼ ਤੇ ਨਾਇਕ ਹਰਭਜਨ ਮਾਨ ਅਤੇ ਡਾ. ਅਮਿੰਦਰ ਗਰੇਵਾਲ ਦੀ ਅਗਵਾਈ ਵਾਲੀ ਟੀਮ ਵਲੋਂ ਬਣਾਈ ਗਈ ਵੱਡੇ ਬਜਟ ਦੀ ਪੰਜਾਬੀ ਫਿਲਮ 'ਹੀਰ ਰਾਂਝਾ' ਨੇ ਕਈ ਨਵੇਂ ਸੰਘਰਸ਼ਸ਼ੀਲ ਅਦਾਕਾਰਾਂ ਦਾ ਭਵਿੱਖ ਤੈਅ ਕੀਤਾ ਹੈ। 13 ਨਵੰਬਰ ਨੂੰ ਰਿਲੀਜ਼ ਹੋਈ ਇਸ ਫਿਲਮ ਨੂੰ ਸਮੁੱਚੀ ਟੀਮ ਨੇ ਸਖ਼ਤ ਮਿਹਨਤ ਨਾਲ ਤਿਆਰ ਕੀਤਾ ਹੈ ਅਤੇ ਇਸ ਦੇ ਸੰਗੀਤ ਨੂੰ ਵੀ ਵੱਡਾ ਹੁੰਗਾਰਾ ਮਿਲਿਆ ਹੈ। ਇਸ ਫਿਲਮ 'ਚ ਜਿਥੇ ਹਰਭਜਨ ਮਾਨ, ਗੁੱਗੂ ਗਿੱਲ, ਦਿਲਜੀਤ ਕੌਰ, ਨੀਰੂ ਬਾਜਵਾ ਤੇ ਸ਼ਿਵੇਂਦਰ ਮਾਹਲ ਵਰਗੇ ਸਥਾਪਤ ਅਦਾਕਾਰ ਦਿਖਾਈ ਦਿੱਤੇ, ਉਥੇ ਕਈ ਅਜਿਹੇ ਚਿਹਰੇ ਵੀ ਹਨ, ਜੋ ਹੋਰਨਾਂ ਖੇਤਰਾਂ 'ਚ ਚੰਗਾ ਨਾਮਣਾ ਖੱਟ ਚੁੱਕੇ ਹਨ ਅਤੇ ਇਸ ਫਿਲਮ ਰਾਹੀਂ ਵੱਡੇ ਪਰਦੇ 'ਤੇ ਪਹਿਲੀ ਵਾਰ ਦਿਖਾਈ ਦਿੱਤੇ।



'ਦਿਲ ਲੈ ਗਈ ਕੁੜੀ ਗੁਜਰਾਤ ਦੀ' ਗੀਤ ਦੀ ਪ੍ਰਸਿੱਧੀ ਵਾਲਾ ਸਥਾਪਤ ਗਾਇਕ ਜੱਸੀ ਗੁਰਦਾਸਪੁਰੀਆ ਨੇ 'ਹੀਰ ਰਾਂਝਾ' ਫਿਲਮ ਰਾਹੀਂ ਵੱਡੇ ਪਰਦੇ 'ਤੇ ਆਪਣੇ ਕੈਰੀਅਰ ਦੀ ਸ਼ੁਰੂਆਤ ਕਰਨ ਵਲ ਪਹਿਲਾ ਕਦਮ ਰੱਖਿਆ। ਇਸ ਫਿਲਮ 'ਚ ਉਸ ਨੇ ਮੁਰਾਦ ਦਾ ਅਹਿਮ ਕਿਰਦਾਰ ਨਿਭਾਇਆ ਹੈ। ਇਸ 'ਤੇ ਫਿਲਮ 'ਚ ਇਕ ਗੀਤ ਵੀ ਫਿਲਮਾਇਆ ਗਿਆ ਹੈ ਅਤੇ ਫਿਲਮ 'ਚ ਸਹਿ ਨਾਇਕ ਵਜੋਂ ਸਾਹਮਣੇ ਆਇਆ ਹੈ।

ਇਸ ਫਿਲਮ ਦੇ ਨਿਰਦੇਸ਼ਕ ਸ਼ਿਤਿਜ ਚੌਧਰੀ ਦੀ ਇਹ ਪਹਿਲੀ ਫਿਲਮ ਹੈ। 'ਜੱਗ ਜਿਉਂਦਿਆਂ ਦੇ ਮੇਲੇ' ਵਰਗੀ ਸਫਲ ਫਿਲਮ 'ਚ ਸਹਾਇਕ ਨਿਰਦੇਸ਼ਕ ਵਜੋਂ ਅਹਿਮ ਜ਼ਿੰਮੇਵਾਰੀ ਨਿਭਾਅ ਚੁੱਕੇ ਸ਼ਿਤਿਜ ਦੇ ਫਿਲਮੀ ਕੈਰੀਅਰ ਦੀ ਸ਼ੁਰੂਆਤ 'ਚ ਇਹ ਫਿਲਮ ਚੰਗੀ ਭੂਮਿਕਾ ਨਿਭਾ ਰਹੀ ਹੈ। ਸ਼ਿਤਿਜ ਦਾ ਕਹਿਣਾ ਹੈ, 'ਹੀਰ ਰਾਂਝਾ' ਫਿਲਮ 'ਚ ਸੀਨੀਅਰ ਨਿਰਦੇਸ਼ਕ ਹਰਜੀਤ ਸਿੰਘ ਨਾਲ ਸਾਂਝੇ ਤੌਰ 'ਤੇ ਨਿਰਦੇਸ਼ਨਾ ਦੀ ਜ਼ਿੰਮੇਵਾਰੀ ਨਿਭਾਅ ਕੇ ਬਹੁਤ ਸੰਤੁਸ਼ਟੀ ਮਿਲੀ। ਅਸੀਂ ਫਿਲਮ ਦੇ ਇਕ ਇਕ ਅੰਗ 'ਤੇ ਸਖ਼ਤ ਮਿਹਨਤ ਕੀਤੀ ਹੈ। ਹਰਭਜਨ ਮਾਨ ਤੇ ਡਾ. ਅਮਿੰਦਰ ਗਰੇਵਾਲ ਹੋਰਾਂ ਵਲੋਂ ਖੁਲ੍ਹਦਿਲੀ ਨਾਲ ਬਣਾਈ ਇਹ ਫਿਲਮ ਮੇਰੇ ਨਿਰਦੇਸ਼ਕ ਜੀਵਨ ਨੂੰ ਚੰਗੀ ਸ਼ੁਰੂਆਤ ਦੇਣ ਦੀ ਸਮਰੱਥਾ ਰੱਖਦੀ ਹੈ।'

'ਹੀਰ-ਰਾਂਝਾ' ਫਿਲਮ 'ਚ ਹੀਰ ਦੀ ਨਣਦ ਦੇ ਰੂਪ 'ਚ 'ਸਹਿਤੀ' ਦਾ ਕਿਰਦਾਰ ਕੈਨੇਡਾ ਵਾਸੀ ਮਿੱਕੀ ਦੁਗਾ ਨੇ ਨਿਭਾਇਆ ਹੈ। ਟੀ.ਵੀ. ਤੇ ਥੀਏਟਰ 'ਚ ਪਹਿਚਾਣ ਬਣਾ ਚੁੱਕੀ ਇਹ ਖ਼ੂਬਸੂਰਤ ਮੁਟਿਆਰ ਇਸ ਫਿਲਮ ਤੋਂ ਬਹੁਤ ਉਮੀਦਾਂ ਰੱਖਦੀ ਹੈ। ਰੇਡੀਓ/ਟੀ.ਵੀ. ਅਦਾਕਾਰ ਤੇ ਕੈਨੇਡਾ ਵਾਸੀ ਗੁਰਸ਼ਰਨ ਮਾਨ ਇਸ ਫਿਲਮ ਰਾਹੀਂ ਪਹਿਲੀ ਵਾਰ ਵੱਡੇ ਪਰਦੇ 'ਤੇ ਆਇਆ ਹੈ। ਮਾਨ ਦਾ ਕਹਿਣਾ ਹੈ, ''ਉਹ ਲੰਬੇ ਅਰਸੇ ਤੋਂ ਟੀ.ਵੀ. ਤੇ ਰੇਡੀਓ ਰਾਹੀਂ ਠੁਣੀਆ ਰਾਮ ਦੇ ਕਿਰਦਾਰ ਰਾਹੀਂ ਕੈਨੇਡਾ ਵਸਦੇ ਪੰਜਾਬੀਆਂ 'ਚ ਚੰਗੀ ਪਹਿਚਾਣ ਬਣਾ ਚੁੱਕਿਆ ਹੈ।''

ਇਹ ਚਾਰੇ ਕਲਾਕਾਰਾਂ ਤੋਂ ਇਲਾਵਾ ਇਹ ਫਿਲਮ ਸੰਗੀਤਕਾਰ ਗੁਰਮੀਤ ਸਿੰਘ ਦੀ ਵੱਡੇ ਪਰਦੇ 'ਤੇ ਚੰਗੀ ਸ਼ੁਰੂਆਤ ਕਰਵਾ ਚੁੱਕੀ ਹੈ। ਇਸ ਫਿਲਮ ਦਾ ਸੁਰੀਲਾ ਸੰਗੀਤ ਪਹਿਲਾਂ ਹੀ ਸਰੋਤਿਆਂ ਵਲੋਂ ਪ੍ਰਵਾਨ ਕੀਤਾ ਜਾ ਚੁੱਕਿਆ ਹੈ।

## ਜਦੋਂ ਕਿਸ਼ੋਰ ਨੇ ਵਿੱਤੀ ਮਦਦ ਦੀ ਪੇਸ਼ਕਸ਼ ਕੀਤੀ



ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਸਦਾ ਬਹਾਰ ਗਾਇਕ ਕਿਸ਼ੋਰ ਕੁਮਾਰ ਨੇ ਆਪਣੇ ਮਾਮਾ ਸੱਤਿਆਜੀਤ ਰੇਅ ਨੂੰ 'ਪੱਥਰ ਪੰਚਾਲੀ' ਬਣਾਉਣ ਦੇ ਸਮੇਂ ਵਿੱਤੀ ਮੱਦਦ ਦੀ ਪੇਸ਼ਕਸ਼ ਕੀਤੀ ਸੀ ਕਿਉਂਕਿ ਉਨ੍ਹਾਂ ਦਿਨਾਂ, 1955 ਵਿਚ ਫਿਲਮ ਦੀ ਸ਼ੂਟਿੰਗ ਸਮੇਂ ਸੱਤਿਆਜੀਤ ਰੇਅ ਵਿੱਤੀ ਸੰਕਟ ਵਿਚੋਂ ਗੁਜ਼ਰ ਰਹੇ ਸਨ।

1970 ਅਤੇ 80 ਦੇ ਦਹਾਕੇ ਵਿਚ ਬੰਬਈ ਫਿਲਮ ਆਕਾਸ਼ ਅਤੇ ਗਾਇਨ ਖੇਤਰ ਵਿਚ ਛਾਏ ਰਹਿਣ ਵਾਲੇ ਕਿਸ਼ੋਰ ਨੇ ਸੱਤਿਆਜੀਤ ਰੇਅ ਦੀ ਇਕ ਹੋਰ ਫਿਲਮ ਚਾਰੂਲਤਾ ਵਿਚ ਗਾਣਾ ਗਾਉਣ ਲਈ ਮਿਹਨਤਾਨਾ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਇਸ ਫਿਲਮ ਦਾ ਹਿੱਸਾ ਹੋਣਾ ਹੀ ਉਨ੍ਹਾਂ ਲਈ ਖੁਸ਼ਕਿਸਮਤੀ ਦੀ ਗੱਲ ਹੈ। ਸੱਤਿਆਜੀਤ ਰੇਅ ਦੇ ਬੇਟੇ ਅਤੇ ਫਿਲਮ ਨਿਰਮਾਤਾ ਸੰਦੀਪ ਰੇਅ ਨੇ ਕਿਸ਼ੋਰ ਕੁਮਾਰ ਦੇ ਜੀਵਨ 'ਤੇ ਇਕ ਬਿਹਤਰੀਨ ਫਿਲਮ ਦਾ ਨਿਰਮਾਣ ਕੀਤਾ ਹੈ। ਸਦਾਬਹਾਰ ਗਾਇਕ ਕਿਸ਼ੋਰ ਕੁਮਾਰ ਦੇ ਗਾਣੇ ਅੱਜ ਵੀ ਅਣਗਿਣਤ ਸੰਗੀਤ ਪ੍ਰੇਮੀਆਂ ਦੇ ਕੰਨਾਂ ਵਿਚ ਗੂੰਜਦੇ ਰਹਿੰਦੇ ਹਨ। ਕਿਸ਼ੋਰ ਦੇ ਜੀਵਨ 'ਤੇ ਵੱਖ ਵੱਖ ਅਣਛੂਹੇ ਪਹਿਲੂਆਂ ਨੂੰ ਬਹੁਤ ਹੀ ਬਾਰੀਕੀ ਨਾਲ ਅਤੇ ਬਾਖੂਬੀ ਦਿਖਾਇਆ ਗਿਆ ਹੈ। ਉਦਾਹਰਣ ਲਈ ਉਨ੍ਹਾਂ ਨੂੰ ਦੁਨੀਆਂ ਭਰ ਦੇ ਫਿਲਮਾਂ ਦੇ ਕੈਸੇਟ ਇਕੱਠੇ ਕਰਨਾ ਬਹੁਤ ਪਸੰਦ ਸੀ। ਉਨ੍ਹਾਂ ਨੇ 3500 ਤੋਂ ਜ਼ਿਆਦਾ ਫਿਲਮਾਂ ਦੇ ਵੀਡੀਓ ਕੈਸੇਟਾਂ ਦਾ ਸੰਗ੍ਰਹਿ ਬਣਾ ਰੱਖਿਆ ਸੀ। ਡਾਕੂਮੈਂਟਰੀ ਫਿਲਮ ਵਿਚ ਕਿਸ਼ੋਰ ਬਾਰੇ ਸੱਤਿਆਜੀਤ ਦਾ ਇੰਟਰਵਿਊ ਹੈ। ਇਸਦੇ ਨਾਲ ਨਾਲ ਉਸ ਵਿਚ ਉਨ੍ਹਾਂ ਦਾ ਇਕ ਅਹਿਮ ਫੋਟੋ ਹੈ ਅਤੇ ਸੁਪ੍ਰਸਿੱਧ ਪਲੇਅਬੈਕ ਗਾਇਕਾ ਲਤਾ ਮੰਗੇਸ਼ਕਰ, ਆਸ਼ਾ ਭੋਂਸਲੇ ਦੇ ਨਾਲ ਨਾਲ ਆਰ.ਡੀ. ਬਰਮਨ, ਅਮਿਤਾਭ ਬੱਚਨ, ਸ਼ਾਹਰੁਖ ਖਾਨ ਅਤੇ ਗਾਇਕ ਸ਼ਾਨ ਦੁਆਰਾ ਦਿੱਤੀ ਗਈ ਸ਼ਰਧਾਂਜਲੀ ਵੀ ਹੈ। ਸੰਦੀਪ ਨੇ ਕਿਹਾ ਕਿ ਡਾਕੂਮੈਂਟਰੀ ਦਾ ਨਿਰਮਾਣ ਕਿਸ਼ੋਰ ਕੁਮਾਰ ਦੇ ਬੇਟੇ ਅਮਿਤ ਕੁਮਾਰ ਅਤੇ ਦੂਰਦਰਸ਼ਨ ਦੀ ਮਦਦ ਤੋਂ ਬਿਨਾ ਨਹੀਂ ਹੋ ਸਕਦਾ, ਜਿਨ੍ਹਾਂ ਨੇ ਉਨ੍ਹਾਂ ਨਾਲ ਸੰਬੰਧਤ ਜਾਣਕਾਰੀ ਦਿੱਤੀ ਅਤੇ ਵੀਡੀਓ ਉਪਲਬਧ ਕਰਵਾਏ।

ਉਨ੍ਹਾਂ ਨੇ ਦੱਸਿਆ ਕਿ ਇਹ ਡਾਕੂਮੈਂਟਰੀ ਕਿਸ਼ੋਰ ਕੁਮਾਰ ਦੀ ਮੌਤ ਦੇ ਇਕ ਸਾਲ ਬਾਅਦ 1989 ਵਿਚ ਹੀ ਤਿਆਰ ਹੋ ਗਈ ਸੀ ਪਰ ਇਹ ਪਹਿਲੇ ਵੀਡੀਓ ਕੈਸੇਟ ਦੇ ਰੂਪ ਵਿਚ ਸੀ, ਜਿਸਨੂੰ ਬਦਲ ਕੇ ਡੀ.ਵੀ.ਡੀ. ਦੇ ਰੂਪ ਵਿਚ ਕਰ ਦਿੱਤਾ ਗਿਆ ਹੈ, ਜਿਸ ਨਾਲ ਉਸਦੀ ਮਿਆਦ ਚਾਰ ਘੰਟੇ ਦੀ ਹੋ ਗਈ ਹੈ।

## ਗੱਬਰ ਸਿੰਘ ਵਾਂਗ ਦਹਿਸ਼ਤਮਈ ਰੋਲ 'ਚ ਸੰਜੇ



ਫਿਲਮੀ ਦੁਨੀਆਂ ਵਿਚ ਅਸਲ ਖਲਨਾਇਕ ਤਾਂ ਸੰਜੇ ਬਾਬਾ ਨੂੰ ਕਿਹਾ ਜਾਂਦਾ ਹੈ ਪਰ ਉਸ ਨੂੰ ਆਪਣੀ 'ਭਾਈ' ਦੀ ਦਿੱਖ ਕਰਕੇ ਵੀ ਜਾਣਿਆ ਜਾਂਦਾ ਹੈ। ਵੱਖਰੇ ਵੱਖਰੇ ਰੋਲ ਕਰ ਚੁੱਕਾ ਸੰਜੇ ਦੱਤ ਅੱਜ ਕਲ੍ਹ ਨਵੇਂ ਨਵੇਂ ਮਜ਼ਾਕੀਆ ਕਿਰਦਾਰ ਨਿਭਾਉਂਦਾ ਨਜ਼ਰ ਆ ਰਿਹਾ ਹੈ।

ਬਿੱਗ ਬੀ 'ਅਮਿਤਾਭ ਬੱਚਨ' ਨਾਲ ਅਨੇਕਾਂ ਫਿਲਮਾਂ ਕਰ ਚੁੱਕਾ ਖਲਨਾਇਕ ਸੰਜੇ ਦੱਤ 7 ਸਾਲਾਂ ਬਾਅਦ ਇਕ ਵਾਰ ਫਿਰ ਆਹਮੋ ਸਾਹਮਣੇ ਫਿਲਮ 'ਅਲਾਦੀਨ' ਵਿਚ ਦਿਖਾਈ ਦਿੱਤਾ ਹੈ। ਨਿਰਮਾਤਾ ਸੁਜਾਏ ਘੋਸ਼ ਦੀ ਫਿਲਮ 'ਅਲਾਦੀਨ' ਵਿਚ ਸੰਜੇ ਦੱਤ ਨਾਲ ਬਿੱਗ ਬੀ, ਰਿਤੇਸ਼ ਦੇਸ਼ਮੁਖ ਤੇ ਜੈਕਲੀਨ ਫਰਨਾਡਿਜ਼ ਮੁੱਖ ਕਿਰਦਾਰਾਂ ਵਿਚ ਹਨ। ਸੰਜੇ ਦੱਤ ਦਾ ਕਹਿਣਾ ਹੈ ਕਿ ਇਸ 'ਚ ਮੈਂ ਰਿੰਗਮਾਸਟਰ ਦਾ ਕਿਰਦਾਰ ਨਿਭਾਅ ਰਿਹਾ ਹੈ, ਜਿਸ ਨੂੰ ਆਪਣੇ ਹਰ ਕੰਮ ਕਰਨ 'ਚ ਸਕੂਨ ਮਿਲਦਾ ਹੈ। ਮੈਂ ਬੁਰਾ ਹੋਣ ਦੇ ਨਾਲ ਕਾਫੀ ਚੰਗਾ ਇਨਸਾਨ ਵੀ ਹਾਂ, ਜਿਸ ਦਾ ਇਕੋ ਹਾਸਾ ਦੂਜਿਆਂ ਦੇ ਦਿਲਾਂ ਤੇ ਦਿਮਾਗ 'ਚ ਡਰ ਪੈਦਾ ਕਰ ਦਿੰਦਾ ਹੈ। ਮੇਰੇ ਸਾਹਮਣੇ ਵੱਡੇ ਤੋਂ ਵੱਡਾ ਤਾਕਤਵਰ ਜਿੰਨੀ ਵੀ ਬੇਜਾਨ ਹੋ ਜਾਂਦਾ ਹੈ। ਮੈਨੂੰ ਉਮੀਦ ਹੈ ਕਿ ਰੋਮਾਂਸ ਅਤੇ ਐਕਸ਼ਨ ਨਾਲ ਭਰੀ ਹੋਈ ਇਸ ਫਿਲਮ ਦਾ ਜਾਦੂ ਦਰਸ਼ਕਾਂ ਦੇ ਦਿਲਾਂ 'ਤੇ ਜ਼ਰੂਰ ਚੱਲੇਗਾ।

ਹੁਣ ਵੇਖਣਾ ਇਹ ਹੈ ਕਿ ਗੱਬਰ ਤੇ ਮੋਗੈਂਬੋ ਤੋਂ ਬਾਅਦ ਰਿੰਗਮਾਸਟਰ ਖੌਫ ਤੇ ਡਰ ਬਣਾਉਣ 'ਚ ਸਫਲ ਹੁੰਦਾ ਹੈ ਜਾਂ ਨਹੀਂ।



## ਆਪਣੇ ਹੀ ਕਿਰਦਾਰ 'ਚ ਰਿਸ਼ੀ ਕਪੂਰ

ਰਿਸ਼ੀ ਕਪੂਰ, ਯਾਨਿ ਕਿ ਚਿੰਟੂ ਜੀ ਇਨ੍ਹੀਂ ਦਿਨੀਂ ਕਾਫੀ ਚਰਚਿਤ ਹੈ। ਕਿਉਂਕਿ ਉਸ ਦੀ ਨਵੀਂ ਫਿਲਮ ਉਸ ਦੇ ਹੀ ਨਾਂ 'ਤੇ ਰਿਲੀਜ਼ ਹੋਈ ਹੈ। ਫਿਲਮ ਹੈ 'ਚਿੰਟੂ ਜੀ।' ਇਸ ਫਿਲਮ 'ਚ ਉਹ ਖ਼ੁਦ ਆਪਣਾ ਹੀ ਰੋਲ ਨਿਭਾਅ ਰਹੇ ਹਨ। ਨੈਕਸਟ ਜੈਨਰੇਸ਼ਨ ਐਂਡ ਕਲਾਈਡੋਸਕੋਪ ਇੰਟਰਟੇਨਮੈਂਟ ਦੀ ਪੇਸ਼ਕਸ਼ 'ਚਿੰਟੂ ਜੀ' ਦੇ ਨਿਰਮਾਤਾ ਬੌਬੀ ਬੇਦੀ ਤੇ ਨਿਰਦੇਸ਼ਕ ਰਣਜੀਤ ਕਪੂਰ ਹੈ। ਰਿਸ਼ੀ ਕਪੂਰ ਨੇ ਕਿਹਾ ਕਿ ''ਮੈਂ ਇਹ ਫਿਲਮ ਕਰਕੇ ਖ਼ੁਸ਼ ਹਾਂ ਕਿਉਂਕਿ ਮੈਂ ਪਹਿਲੀ ਵਾਰ ਅਜਿਹਾ ਰੋਲ ਕੀਤਾ ਹੈ, ਜੋ ਮੇਰੀ ਅਸਲ ਜ਼ਿੰਦਗੀ ਨਾਲ ਮੇਲ ਖਾਂਦਾ ਹੈ। ਇਹ ਰੋਲ ਮੇਰੇ ਵਿਅਕਤੀਤਵ ਦੇ ਕਾਫੀ ਨੇੜੇ ਹੈ। ਹਾਸੇ ਤੇ ਭਾਵਨਾਵਾਂ ਨੂੰ ਬੜੀ ਹੀ ਖ਼ੂਬਸੂਰਤੀ ਨਾਲ ਵਿਖਾਇਆ ਹੈ। ਇਹ ਫਿਲਮ ਵਾਸਤਵਿਕਤਾ ਤੇ ਕਲਪਨਾ ਦਾ ਸੁੰਦਰ ਮਿਸ਼ਰਣ ਹੈ। ਮੇਰੇ ਪਿਤਾ ਸ੍ਰੀ ਰਾਜ ਕਪੂਰ ਦੇ ਪਸੰਦੀਦਾ ਗੀਤ 'ਆਧੀ ਹਕੀਕਤ... ਦੀ ਤਰ੍ਹਾਂ ਹੈ। ਇਸ ਫਿਲਮ 'ਚ ਰਿਸ਼ੀ ਨੂੰ ਰੂਸ ਦੀ ਅਭਿਨੇਤਰੀ ਕੇਸੇਨਿਆ ਰੀਬਿੰਕਨਾ ਦੇ ਨਾਲ ਵੀ ਕੰਮ ਕਰਨ ਦਾ ਮੌਕਾ ਮਿਲਿਆ ਹੈ, ਜੋ ਉਸ ਦੇ ਪਿਤਾ ਰਾਜ ਕਪੂਰ ਵਲੋਂ ਬਣਾਈ ਗਈ ਸੁਪਰਹਿੱਟ ਫਿਲਮ 'ਮੇਰਾ ਨਾਮ ਜੋਕਰ' ਵਿਚ ਕੰਮ ਕਰ ਚੁੱਕੀ ਹੈ ਤੇ ਰਿਸ਼ੀ ਨੇ ਉਸ ਵਿਚ ਆਪਣੇ ਬਾਪ ਦੇ ਬਚਪਨ ਦਾ ਕਿਰਦਾਰ ਨਿਭਾਇਆ ਸੀ।''

ਨਿਰਦੇਸ਼ਕ ਰਣਜੀਤ ਦੇ ਕੰਮ ਨੂੰ ਪ੍ਰਭਾਵਸ਼ਾਲੀ ਦੱਸਦਾ ਰਿਸ਼ੀ ਆਖਦਾ ਹੈ ਕਿ ਫਿਲਮ 'ਚਿੰਟੂ ਜੀ' ਦਾ ਹਰ ਇਕ ਦ੍ਰਿਸ਼ ਉਸ ਨੂੰ ਮਨੋਰੰਜਨ ਭਰਪੂਰ ਲਗਦਾ ਹੈ। ਕੀ ਇਸ ਫਿਲਮ 'ਚ ਨੇਤਾ ਬਣਿਆ ਰਿਸ਼ੀ ਦੀ ਅਸਲ ਜ਼ਿੰਦਗੀ 'ਚ ਵੀ ਇਸੇ ਰੂਪ 'ਚ ਜਨਤਾ ਸਾਹਮਣੇ ਆਉਣਾ ਚਾਹੁੰਦਾ ਹੈ, ਦੇ ਜਵਾਬ ਵਿਚ ਉਹ ਕਹਿੰਦਾ ਹੈ, ''ਨਾ... ਬਾਬਾ ...ਨਾ, ਮੇਰਾ ਨੇਤਾ ਬਣਨ ਦਾ ਕੋਈ ਇਰਾਦਾ ਨਹੀਂ ਹੈ। ਮੈਨੂੰ ਪਤਾ ਹੈ ਕਿ ਇਸ ਖੇਡ 'ਚ ਮੈਂ ਕਾਮਯਾਬ ਨਹੀਂ ਹੋ ਸਕਦਾ।

## ਤੇਰੇ ਪਿਆਰ ਦੇ ਬਹੁਤ ਢੋਲ ਵਜਾਏ ਪਰ ਲੋਕ ਫਿਰ ਵੀ ਤਮਾਸ਼ਾ ਵੇਖਣ ਨਾ ਆਏ

ਇਨ੍ਹੀਂ ਦਿਨੀਂ ਕਰੀਨਾ ਕਪੂਰ ਦੀ ਉਦਾਸੀ ਦੀ ਖ਼ੂਬ ਚਰਚਾ ਹੈ। ਇਸ ਦਾ ਕਾਰਨ ਸਾਫ਼ ਹੈ। ਦਰਅਸਲ ਪਿਛਲੇ ਦਿਨੀਂ ਮੁੰਬਈ 'ਚ ਕਰਵਾਏ ਫੈਸ਼ਨ ਵੀਕ 'ਚ ਕਰੀਨਾ ਨੇ ਸੋਚਿਆ ਸੀ ਕਿ ਸੈਫ਼ ਨਾਲ ਰੈਂਪ 'ਤੇ ਚਲਣ ਨਾਲ ਉਸ ਨੂੰ ਕਾਫ਼ੀ ਪ੍ਰਸਿੱਧੀ ਹਾਸਲ ਹੋਵੇਗੀ। ਰੈਂਪ 'ਤੇ ਹਿੰਦੀ ਫਿਲਮ ਇੰਡਸਟਰੀ ਦੀ ਇਸ ਖਿੱਚਪਾਊ ਜੋੜੀ ਨੇ ਦਰਸ਼ਕਾਂ ਦਾ ਧਿਆਨ ਤਾਂ ਖਿੱਚਿਆ ਪਰ ਉਨ੍ਹਾਂ ਦੇ ਸ਼ੋਅ ਤੋਂ ਜ਼ਿਆਦਾ ਚਰਚਾ ਸਲਮਾਨ ਖ਼ਾਨ ਦੇ ਸ਼ੋਅ ਦੀ ਹੋਈ। ਸਲਮਾਨ ਦੇ ਸ਼ੋਅ 'ਚ ਅਜੇ ਦੇਵਗਨ, ਸੰਜੇ ਦੱਤ, ਆਮਿਰ ਖ਼ਾਨ ਅਤੇ ਕੈਟਰੀਨਾ ਕੈਫ਼ ਖਿੱਚ ਦਾ ਕੇਂਦਰ ਸਨ। ਇਕ ਸ਼ੋਅ 'ਚ ਇੰਨੇ ਸਾਰੇ ਸਿਤਾਰਿਆਂ ਦੀ ਮੌਜੂਦਗੀ ਸਾਰੇ ਅਖ਼ਬਾਰਾਂ ਅਤੇ ਖ਼ਬਰ ਚੈਨਲਾਂ ਦੀ ਸੁਰਖੀਆਂ ਰਹੀ।



ਸਲਮਾਨ ਦੇ ਸ਼ੋਅ ਨੂੰ ਮਿਲੀ ਪ੍ਰਸਿੱਧੀ ਤੋਂ ਕਰੀਨਾ ਨਾਰਾਜ਼ ਨਹੀਂ ਹੈ ਪਰ ਉਸ ਨੂੰ ਇਸ ਗੱਲ ਦਾ ਰੰਜ ਹੈ ਕਿ ਰੈਂਪ 'ਤੇ ਸੈਫ਼ ਅਤੇ ਉਸ ਦੀ ਹਾਜ਼ਰੀ ਦੀ ਚਮਕ ਫਿੱਕੀ ਪੈ ਗਈ। ਦਰਅਸਲ ਕਰੀਨਾ ਨਹੀਂ ਚਾਹੁੰਦੀ ਸੀ ਕਿ ਸੈਫ਼ ਨਾਲ ਉਸ ਦੇ ਪ੍ਰੇਮ ਸਬੰਧ ਨੂੰ ਨਜ਼ਰਅੰਦਾਜ਼ ਕੀਤਾ ਜਾਵੇ। ਇਹੀ ਕਾਰਨ ਹੈ ਕਿ ਉਹ ਜਨਤਕ ਸਮਾਰੋਹਾਂ 'ਚ ਸੈਫ਼ ਨਾਲ ਅਪਣੇ ਪ੍ਰੇਮ ਦਾ ਖ਼ੂਬ ਪ੍ਰਦਰਸ਼ਨ ਕਰਦੀ ਹੈ। ਕਰੀਨਾ ਕਹਿੰਦੀ ਹੈ ਕਿ ਸੈਫ਼ ਮੇਰੇ ਜੀਵਨ ਦਾ ਅਹਿਮ ਹਿੱਸਾ ਹੈ। ਉਸ ਨਾਲ ਰਹਿਣਾ ਮੈਨੂੰ ਚੰਗਾ ਲਗਦਾ ਹੈ। ਇਸ ਸਾਲ ਉਸ ਦੀਆਂ ਦੋ ਫਿਲਮਾਂ ਪ੍ਰਦਰਸ਼ਤ ਹੋਈਆਂ 'ਕੰਬਖ਼ਤ ਇਸ਼ਕ' ਅਤੇ 'ਮੈਂ ਔਰ ਮਿਸਿਜ਼ ਖੰਨਾ'। ਦੋਵੇਂ ਹੀ ਫਿਲਮਾਂ ਬਾਕਸ ਆਫਿਸ 'ਤੇ ਅਸਫਲ ਰਹੀਆਂ। ਦੋਵਾਂ ਫਿਲਮਾਂ 'ਚ ਉਨ੍ਹਾਂ ਨੂੰ ਦਰਸ਼ਕਾਂ ਨੇ ਪਸੰਦ ਨਹੀਂ ਕੀਤਾ ਪਰ ਸਫਲਤਾ ਦੀ ਰਾਹ 'ਤੇ ਚਲ ਰਹੀ ਕਰੀਨਾ ਲਈ ਇਨ੍ਹਾਂ ਫਿਲਮਾਂ ਦੀ ਅਸਫਲਤਾ ਸੁਖਮਈ ਸੰਕੇਤ ਨਹੀਂ ਹੈ। ਉਮੀਦ ਹੈ ਕਿ 'ਕੁਰਬਾਨ' ਕਪੂਰ ਖ਼ਾਨਦਾਨ ਦੀ ਲਾਡਲੀ ਬੇਬੋ ਲਈ ਸੁਖਮਈ ਸਾਬਤ ਹੋਵੇਗੀ ਅਤੇ ਨਿੱਜੀ ਜ਼ਿੰਦਗੀ 'ਚ ਸੈਫ਼ ਨਾਲ ਉਸ ਦਾ ਪ੍ਰੇਮ ਵੀ ਪਰਵਾਨ ਚੜੇਗਾ।

## ਵਿਆਹ ਵਾਲੀ ਗੱਡੀ 'ਚ ਬੈਠਣ ਤੋਂ ਡਰ ਲਗਦੈ ਸ਼ਿਲਪਾ ਨੂੰ



ਅਦਾਕਾਰਾ ਸ਼ਿਲਪਾ ਸ਼ੈਟੀ ਅਤੇ ਉਸ ਦਾ ਮੰਗੇਤਰ ਰਾਜ ਕੁੰਦਰਾ ਇਕ ਨਿੱਜੀ ਸਮਾਰੋਹ 'ਚ ਇਥੇ 22 ਨਵੰਬਰ ਨੂੰ ਖੰਡਾਲਾ 'ਚ ਵਿਆਹ ਕਰਾਉਣਗੇ। ਸ਼ਿਲਪਾ ਦੇ ਬੁਲਾਰੇ ਨੇ ਦਸਿਆ ਕਿ ਇਹ ਦੋਵੇਂ ਸ਼ਿਲਪਾ ਦੇ ਦੋਸਤ ਅਤੇ ਵਪਾਰਕ ਸਹਿਯੋਗੀ ਕਿਰਨ ਬਾਵਾ ਦੇ ਬੰਗਲੇ 'ਚ ਵਿਆਹ ਬੰਧਨ 'ਚ ਬੱਝਣਗੇ। ਵਿਆਹ ਤੋਂ ਪਹਿਲਾਂ ਹੋਣ ਵਾਲਾ ਸੰਗੀਤ ਅਤੇ ਮਹਿੰਦੀ ਦਾ ਪ੍ਰੋਗ੍ਰਾਮ ਇਸੇ ਸਥਾਨ 'ਤੇ ਹੋਵੇਗਾ।

ਉਧਰ ਸ਼ਿਲਪਾ ਨੇ ਆਪਣੇ ਬਲਾਗ ਵਿਚ ਲਿਖਿਆ ਹੈ ਕਿ ਵਿਆਹ ਦਾ ਦਿਨ ਨੇੜੇ ਆਉਣ ਕਾਰਨ ਉਸ ਨੂੰ ਇਕ ਲਾੜੀ ਵਾਂਗ ਘਬਰਾਹਟ ਹੋ ਰਹੀ ਹੈ। ਉਸ ਨੇ ਕਿਹਾ ਕਿ ਉਹ ਵੀ ਇਕ ਲਾੜੀ ਵਾਂਗ ਅੱਜ ਕੱਲ੍ਹ ਖ਼ੁਸ਼ੀ ਤੇ ਗ਼ਮ ਦੇ ਨਾਲ ਘਬਰਾਹਟ ਮਹਿਸੂਸ ਕਰ ਰਹੀ ਹੈ। ਵਿਆਹ ਸਮਾਰੋਹ ਪੰਜਾਬੀ ਅਤੇ ਦਖਣੀ ਭਾਰਤੀ ਰੀਤੀਆਂ ਅਨੁਸਾਰ ਹੋਵੇਗਾ। ਵਿਆਹ ਤੋਂ ਬਾਅਦ 24 ਨਵੰਬਰ ਨੂੰ ਰਿਸੈਪਸ਼ਨ ਹੋਵੇਗੀ।

ਡਿਜ਼ਾਈਨਰ ਤਰੁਣ ਤਹਿਲਿਆਨੀ 34 ਸਾਲਾ ਲਾੜੀ ਦੇ ਕੱਪੜੇ ਡਿਜ਼ਾਈਨ ਕਰ ਰਹੇ ਹਨ। ਅਦਾਕਾਰਾ ਨੇ ਪਿਛਲੇ ਮਹੀਨੇ ਰਾਜ ਦੇ ਜੂਹੂ ਸਥਿਤ ਘਰ 'ਚ ਮੰਗਣੀ ਕੀਤੀ ਸੀ। ਪਰਵਾਸੀ ਭਾਰਤੀ ਕੁੰਦਰਾ ਲੰਡਨ ਦਾ ਨਿਵਾਸੀ ਹੈ। ਉਸ ਨੇ ਜੂਹੂ 'ਚ ਮਕਾਨ ਖ਼ਰੀਦਿਆ ਹੈ ਅਤੇ ਵਿਆਹ ਤੋਂ ਬਾਅਦ ਦੋਵੇਂ ਉਥੇ ਰਹਿਣਗੇ। ਜ਼ਿਕਰਯੋਗ ਹੈ ਕਿ ਸ਼ਿਲਪਾ ਸ਼ੈਟੀ ਨੇ 1993 'ਚ ਸ਼ਾਹਰੁਖ਼ ਖ਼ਾਨ ਦੀ ਫਿਲਮ ਬਾਜ਼ੀਗਰ ਨਾਲ ਫਿਲਮੀ ਜਗਤ 'ਚ ਕਦਮ ਰਖਿਆ ਸੀ।

# REVISITING 1984
## YEAR OF SIKH GENOCIDE

*"You do not know the might of our armed forces. We will eliminate 10,000 Sikh youths and the world will know nothing about it."*

Chander Shekhar
former Prime Minister of India
CK, 21st October, 1991

WHAT?
WHEN?
WHERE?
WHY?
HOW?

**84 ਦਾ ਸਿੱਖ ਕਤਲੇਆਮ ਸਿੱਖ ਹਿਰਦਿਆਂ ਦਾ ਰਿਸਦਾ ਨਾਸੂਰ**






## November 21, 2009
Saturday 1PM-3PM
Watch "The Widow Colony" at Naz Theater, Fremont, CA

## November 22, 2009
Sunday 2PM-6PM
Conference at Hotel Crown Plaza
32083 Alvarado-Niles Road, Union City, CA 94587

**KHALSA FOUNDATION**

For more information
visit: http://www.khalsafoundationusa.org/1984
E-mail: info@khalsafoundationusa.org
Call: 510-621-3430